ਸ੍ਰੀ ਗੁਰੂ ਗ੍ਰੰਥ ਸਾਹਿਬ
ਅਧਿਆਤਮ ਤੇ ਵਿਵਹਾਰ

ਡਾ. ਰਾਜਿੰਦਰ ਕੌਰ ਰੋਹੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

SHRI GURU GRANTH SAHIB :
ADHIATAM TE VIVHAR *(Punjabi)*

by

DR. RAJINDER KAUR ROHI

ISBN : 978-81-302-0160-3

2012
ਕਾਪੀਆਂ : 1100
ਕੀਮਤ : 280/- ਰੁਪਏ

ਡਾ. ਏ. ਐਸ. ਚਾਵਲਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਕੀਤੀ
ਅਤੇ ਮੈ/ਸ. ਪ੍ਰਿੰਟਵੈਲ ਪ੍ਰੈਸ, ਇੰਡਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ ਵਿਖੇ ਛਪੀ।

ਦੋ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀ-ਸੰਦੇਸ਼ ਨੂੰ ਇਕ ਸਰਬਸਾਂਝੇ ਪ੍ਰਵਚਨ ਵਜੋਂ ਮਿਲ ਰਹੇ ਵਿਚਾਰਧਾਰਕ ਹੁੰਗਾਰੇ ਨਾਲ ਬਾਣੀ ਅਧਿਐਨ, ਅਧਿਆਪਨ ਤੇ ਖੋਜ ਦੀ ਅਕਾਦਮਿਕਤਾ ਵੱਲ ਦੁਨੀਆਂ ਭਰ ਦੇ ਵਿਦਵਾਨਾਂ ਦਾ ਧਿਆਨ ਕੇਂਦਰਿਤ ਹੋਇਆ ਹੈ। ਫਲਸਰੂਪ ਇਸ ਸਿਧਾਂਤਕ ਖੇਤਰ ਨਾਲ ਜੁੜੇ ਹੋਏ ਅਦਾਰਿਆਂ ਅਤੇ ਸੰਸਥਾਵਾਂ ਨੂੰ ਅਕਾਦਮਿਕ ਭਾਈਚਾਰੇ ਨੇ ਬਹੁਤ ਗਹੁ ਨਾਲ ਵੇਖਣਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਜਿੱਥੇ ਸਿੱਖ ਸਟੱਡੀਜ਼ ਨਾਲ ਸੰਬੰਧਿਤ ਸੰਸਥਾਵਾਂ ਦੀਆਂ ਜ਼ਿੰਮੇਵਾਰੀਆਂ ਵਿਚ ਵਾਧਾ ਹੋਇਆ ਹੈ, ਉਥੇ ਸਮਕਾਲ ਦੀਆਂ ਨਵੀਆਂ ਅੰਤਰ-ਦ੍ਰਿਸ਼ਟੀਆਂ ਅਤੇ ਖੋਜ-ਵਿਧੀਆਂ ਵਿਚ ਹੋ ਰਹੇ ਪਾਸਾਰ ਨਾਲ ਕਈ ਚੁਣੌਤੀਆਂ ਵੀ ਪੈਦਾ ਹੋ ਗਈਆਂ ਹਨ। ਮੁੱਖ ਜ਼ਿੰਮੇਵਾਰੀ ਜਾਂ ਚੁਣੌਤੀ ਬਾਣੀ ਸੰਦੇਸ਼ ਦੇ ਸਰਬਸਾਂਝੇ ਪ੍ਰਵਚਨ ਨੂੰ ਸੁਖੈਨ ਰੂਪ ਵਿਚ ਪ੍ਰਚਾਰਨ ਅਤੇ ਪ੍ਰਸਾਰਨ ਦੀ ਹੈ। ਅੱਜ ਜਦ ਸਮੁੱਚਾ ਸੰਸਾਰ ਰੰਗ, ਨਸਲ, ਸਭਿਅਤਾ, ਬੋਲੀ ਆਦਿ ਦੀ ਪਛਾਣ ਦੇ ਵੱਡੇ ਤੇ ਜਟਿਲ ਭੇੜ ਸਦਕਾ ਸੰਕਟ ਗ੍ਰਸਤ ਹੈ, ਇਸ ਨਾਲ ਅਕਾਦਮਿਕ ਪ੍ਰਸੰਗ ਵਿਚ ਨਜਿੱਠਣ ਲਈ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਹੀ ਮਾਰਗ ਦਰਸ਼ਨ ਕਰ ਸਕਦਾ ਹੈ। ਇਸ ਪਵਿੱਤਰ ਗ੍ਰੰਥ ਦਾ ਸਿਧਾਂਤਕ ਪ੍ਰਸੰਗ ਬਹੁ-ਰੰਗੇ ਸੰਸਾਰ ਦੀ ਬਹੁਲਤਾ ਨੂੰ ਬਰਾਬਰ ਵਧਣ-ਫੁੱਲਣ ਦਾ ਮੌਕਾ ਪ੍ਰਦਾਨ ਕਰਾਉਣ ਦੀ ਪੈਰਵੀ ਕਰਦਾ ਹੈ। ਬਾਣੀ ਦਾ ਵਿਚਾਰਧਾਰਕ ਪ੍ਰਵਚਨ ਰੰਗਾਂ, ਨਸਲਾਂ, ਸਭਿਆਤਾਵਾਂ ਜਾਂ ਹੋਰ ਹੱਦ-ਬੰਦੀਆਂ ਤੋਂ ਮੁਕਤ 'ਸਭਸੈ ਲਏ ਮਿਲਾਇ ਜੀਓ' ਦਾ ਨਿਵੇਕਲਾ ਸਭਿਆਚਾਰ ਸਿਰਜਦਾ ਹੈ, ਜਿਥੇ 'ਕਿਸੈ ਨ ਦਿਸਹਿ ਬਾਹਰਾ ਜੀਓ' ਅਤੇ 'ਰੰਗ ਪਰੰਗ ਉਪਾਰਜਨਾ' ਦੀ 'ਬਹੁ ਬਿਧਿ ਸ੍ਰਿਸਟਿ' ਵਿਚ 'ਨਾ ਕੋ ਮੇਰਾ ਦੁਸਮਨੁ ਰਹਿਆ ਨ ਹਮ ਕਿਸ ਕੇ ਬੈਰਾਈ' ਦਾ ਪ੍ਰਵਚਨ ਸਰਬਸਾਂਝੇ ਸੰਸਾਰ ਨੂੰ ਨਾਲ ਲੈ ਕੇ ਤੁਰਦਾ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਸਥਾਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਆਪਣੇ ਸਥਾਪਤੀ ਵਰ੍ਹੇ ਤੋਂ ਹੀ ਉਕਤ ਜ਼ਿੰਮੇਵਾਰੀਆਂ ਨਿਭਾਉਂਦਾ ਆ ਰਿਹਾ ਹੈ। ਸਮਕਾਲ ਦੇ ਬਹੁ-ਦਿਸ਼ਾਵੀ ਪ੍ਰਸੰਗ ਵਿਚ ਇਸ ਜ਼ਿੰਮੇਵਾਰੀ ਨੂੰ ਹੋਰ ਬਹੁ-ਪੱਖੀ ਤੇ ਵਿਉਂਤਬਧ ਰੂਪ ਵਿਚ ਨਿਭਾਉਣ ਲਈ ਵਿਭਾਗ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਜੁਗਤਿ ਦੇ ਨਾਲ ਨਾਲ ਉਸ ਦੇ ਵਿਲੱਖਣ ਤੱਤਾਂ ਅਤੇ ਸੰਕਲਪਾਂ ਉਪਰ ਸਿੱਖ ਧਰਮ ਦੇ ਪ੍ਰਬੁੱਧ ਚਿੰਤਕਾਂ ਕੋਲੋਂ ਪੁਸਤਕਾਂ ਤਿਆਰ ਕਰਾਉਣ ਦੀ ਵਿਉਂਤ ਬਣਾਈ ਗਈ ਸੀ। ਹਥਲੀ ਪੁਸਤਕ "ਸ੍ਰੀ ਗੁਰੂ ਗ੍ਰੰਥ ਸਾਹਿਬ : ਅਧਿਆਤਮ ਤੇ ਵਿਵਹਾਰ" ਇਸੇ ਲੜੀ ਦਾ ਹਿੱਸਾ ਹੈ।

ਮੇਰਾ ਪੂਰਨ ਵਿਸ਼ਵਾਸ ਹੈ ਕਿ ਇਸ ਪੁਸਤਕ ਵਿਚ ਕੀਤੀ ਗਈ ਵਿਚਾਰ ਚਰਚਾ, ਲਾਭਕਾਰੀ ਅਤੇ ਪ੍ਰੇਰਣਾਦਾਇਕ ਸਿੱਧ ਹੋਵੇਗੀ।

ਮੈਂ ਇਸ ਨੂੰ ਧਰਮ ਅਧਿਐਨ ਦੇ ਖੇਤਰ ਵਿਚ ਕੰਮ ਕਰ ਰਹੇ ਖੋਜਾਰਥੀਆਂ, ਵਿਦਵਾਨਾਂ ਅਤੇ ਜਗਿਆਸੂਆਂ ਲਈ ਪੇਸ਼ ਕਰਨ ਵਿਚ ਹਿੱਸੇਦਾਰ ਹੋਣ ਦੇ ਨਾਲ ਨਾਲ ਅਕਾਦਮਿਕ ਅਦਾਰੇ ਦੇ ਮੁਖੀ ਦੀ ਜ਼ਿੰਮੇਵਾਰੀ ਨਿਭਾ ਕੇ ਫ਼ਖ਼ਰ ਮਹਿਸੂਸ ਕਰਦਾ ਹਾਂ।

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਡਾ. ਜਸਪਾਲ ਸਿੰਘ
ਵਾਈਸ-ਚਾਂਸਲਰ

ਵਿਭਾਗੀ ਸ਼ਬਦ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਧਰਮ ਗ੍ਰੰਥ ਦੇ ਨਾਂ 'ਤੇ ਸਥਾਪਿਤ ਦੁਨੀਆਂ ਦਾ ਇੱਕੋ ਇੱਕ ਨਿਵੇਕਲਾ ਵਿਭਾਗ ਹੈ। ਯੂਨੀਵਰਸਿਟੀ ਦੇ ਖੋਜ ਵਿਭਾਗਾਂ ਵਿੱਚ ਇਸ ਵਿਭਾਗ ਦਾ ਆਪਣਾ ਵਿਲੱਖਣ ਅਤੇ ਅਹਿਮ ਸਥਾਨ ਹੈ। 1962 ਵਿੱਚ ਪੰਜਾਬੀ ਯੂਨੀਵਰਸਿਟੀ ਦੀ ਅਰੰਭਤਾ ਜਿਨ੍ਹਾਂ ਵਿਭਾਗਾਂ ਨੂੰ ਲੈ ਕੇ ਹੋਈ, ਉਨ੍ਹਾਂ ਸਾਰਿਆਂ ਦਾ ਸਬੰਧ ਅਧਿਆਪਨ ਨਾਲ ਸੀ। ਯੂਨੀਵਰਸਿਟੀ ਦਾ ਸੁਪਨਾ ਸਾਕਾਰ ਕਰਨ ਵਾਲਿਆਂ ਦੇ ਮਨ ਵਿੱਚ ਇੱਕ ਨਵਾਂ ਪ੍ਰਸ਼ਨ ਪੈਦਾ ਹੋਇਆ ਕਿ ਜੇਕਰ ਯੂਨੀਵਰਸਿਟੀਆਂ ਦਾ ਕੰਮ ਕੇਵਲ ਅਧਿਆਪਨ ਹੀ ਪ੍ਰਵਾਨ ਕਰ ਲਿਆ ਗਿਆ ਤਾਂ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਫਰਕ ਨੂੰ ਕਿਸ ਤਰ੍ਹਾਂ ਪਰਿਭਾਸ਼ਿਤ ਕੀਤਾ ਜਾਵੇਗਾ। ਪੈਦਾ ਹੋਏ ਇਸ ਪ੍ਰਸ਼ਨ ਦਾ ਉੱਤਰ ਲੱਭਣ ਲਈ ਕੀਤੇ ਗਏ ਮੰਥਨ ਵਿੱਚੋਂ ਖੋਜ ਵਿਭਾਗਾਂ ਦਾ ਸੰਕਲਪ ਸਾਹਮਣੇ ਆਇਆ। ਚਾਰ ਖੋਜ ਵਿਭਾਗ ਸਥਾਪਿਤ ਕੀਤੇ ਗਏ, ਜਿਨ੍ਹਾਂ ਵਿੱਚੋਂ ਇੱਕ ਵਿਭਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਹੈ।

ਇਸ ਦੇ ਫਾਊਂਡਰ ਮੁਖੀ ਦਾ ਕਾਰਜ ਭਾਰ ਡਾ. ਤਾਰਨ ਸਿੰਘ ਜੀ ਨੇ ਸੰਭਾਲਿਆ ਸੀ, ਜੋ ਸਿੱਖ ਧਰਮ ਦੇ ਸਥਾਪਿਤ ਚਿੰਤਕ ਸਨ। ਵਿਭਾਗ ਦੀ ਸਿਰਜਣਾ ਦਾ ਮੁੱਖ ਉਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਪ੍ਰਕਾਸ਼ਨ ਕਰਨਾ ਨਿਸ਼ਚਿਤ ਕੀਤਾ ਗਿਆ ਸੀ। ਸਿੱਖ ਧਰਮ ਦੇ ਬਾਨੀਆਂ ਨੇ ਜਿਨ੍ਹਾਂ ਅਧਿਆਤਮਿਕ, ਦਾਰਸ਼ਨਿਕ, ਇਤਿਹਾਸਕ ਅਤੇ ਸਭਿਆਚਾਰਕ ਸੰਕਲਪਾਂ ਦੀ ਗੱਲ ਬਾਣੀ ਰੂਪ ਵਿੱਚ ਕੀਤੀ ਸੀ, ਉਨ੍ਹਾਂ ਸੰਕਲਪਾਂ ਨੂੰ ਸੌਖੇ ਢੰਗ ਨਾਲ ਪ੍ਰਕਾਸ਼ਤ ਕਰਕੇ, ਇਸ ਖੇਤਰ ਵਿੱਚ ਕੰਮ ਕਰ ਰਹੇ ਵਿਦਵਾਨਾਂ ਦੇ ਖੋਜ ਕਾਰਜਾਂ ਨੂੰ ਜ਼ਰਖੇਜ਼ ਬਣਾਉਣ ਵਿੱਚ ਹਿੱਸੇਦਾਰ ਹੋਣ ਦੀ ਭੂਮਿਕਾ ਨੂੰ ਵੀ ਨਿਭਾਉਣਾ ਸੀ।

ਜਿਨ੍ਹਾਂ ਯੁੱਗ-ਪੁਰਸ਼ਾਂ ਦੀ ਪਹਿਲਕਦਮੀ ਤੇ ਦੂਰਅੰਦੇਸ਼ੀ ਸਦਕਾ, ਇਸ ਵਿਭਾਗ ਦਾ ਵਿਚਾਰ ਹਕੀਕਤ ਬਣਿਆ, ਉਹ ਜਾਣਦੇ ਸਨ ਕਿ ਅਜਿਹਾ ਵਿਭਾਗ ਹੀ ਇਸ ਖਿੱਤੇ ਨਾਲ ਜੁੜੇ ਹੋਏ ਲੋਕਾਂ ਨੂੰ ਆਪਣੀ ਵਿਰਾਸਤ ਦੇ ਫ਼ਖ਼ਰ ਨਾਲ ਜੋੜ ਸਕਦਾ ਹੈ, ਕਿਉਂਕਿ ਕੋਈ ਵੀ ਕੌਮ ਜਾਂ ਖਿੱਤਾ ਜੇਕਰ ਆਪਣੀ ਵਿਰਾਸਤ ਦੇ ਫ਼ਖ਼ਰ ਨੂੰ ਨਾਮ-ਸਿਮਰਨ ਵਾਂਗ ਆਪਣੀ ਜ਼ਿੰਦਗੀ ਦਾ ਹਿੱਸਾ ਨਹੀਂ ਬਣਾਉਂਦਾ ਤਾਂ ਉਸਦੀ ਵਚਨਬੱਧਤਾ ਉਪਰ ਪ੍ਰਸ਼ਨ-ਚਿੰਨ੍ਹ ਖੜ੍ਹਾ ਹੋ ਜਾਂਦਾ ਹੈ। ਉਪਰੋਕਤ ਵਿਭਾਗ ਨੇ ਆਪਣੀ ਸਮਰੱਥਾ ਅਨੁਸਾਰ ਵਿਰਾਸਤ ਦੇ ਫ਼ਖ਼ਰ ਨੂੰ ਲੋਕ ਹਿਰਦਿਆਂ ਦਾ ਹਿੱਸਾ ਬਣਾਉਣ ਲਈ ਨਿਰੰਤਰ ਕਾਰਜ ਕੀਤੇ ਹਨ ਅਤੇ ਆਪਣੀ ਸਥਾਪਤੀ ਤੋਂ ਲੈ ਕੇ ਅੱਜ ਤੱਕ ਆਪਣੀਆਂ ਅਕਾਦਮਿਕ ਗਤੀਵਿਧੀਆਂ ਨਾਲ ਯੂਨੀਵਰਸਿਟੀ

ਦੇ ਗਿਆਨ ਨੂੰ ਜ਼ਰਖੇਜ਼ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਹੈ। ਵਿਭਾਗ ਦੀਆਂ ਪ੍ਰਕਾਸ਼ਨਾਵਾਂ, ਉਪਰੋਕਤ ਦੀ ਇੱਕ ਪੁਖਤਾ ਉਦਾਹਰਣ ਹਨ।

ਪਿਛਲੇ ਸਮੇਂ ਵਿੱਚ ਡਾ. ਜਸਪਾਲ ਸਿੰਘ, ਵਾਈਸ-ਚਾਂਸਲਰ ਦੀ ਅਗਵਾਈ ਵਿੱਚ ਜਿਥੇ ਯੂਨੀਵਰਸਿਟੀ ਨੇ ਨਵੀਆਂ ਪੁਲਾਂਘਾਂ ਪੁੱਟੀਆਂ, ਉਥੇ ਵਿਭਾਗ ਦੇ ਵਰਤਮਾਨ ਸਰੂਪ ਸਬੰਧੀ ਵੀ ਨਵੇਂ ਫੈਸਲੇ ਲਏ ਗਏ ਹਨ। ਵਿਸ਼ਵੀਕਰਨ ਦੇ ਆਧੁਨਿਕ ਦੌਰ ਵਿੱਚ ਜਦੋਂ ਸਮੁੱਚੇ ਅਕਾਦਮਿਕ ਸੰਸਾਰ ਵਿੱਚ ਨਵੀਆਂ ਅੰਤਰਦ੍ਰਿਸ਼ਟੀਆਂ ਦਾ ਆਗਮਨ ਹੋਇਆ ਤਾਂ ਅਧਿਐਨ ਅਤੇ ਅਧਿਆਪਨ ਵਿਭਾਗਾਂ ਦੀ ਕਾਰਜਵਿਧਾ ਦੀ ਪੁਨਰ ਸਮੀਖਿਆ ਦਾ ਪ੍ਰਸ਼ਨ ਪੈਦਾ ਹੋ ਗਿਆ। ਨਤੀਜਾ ਇਹ ਸਾਹਮਣੇ ਆਇਆ ਕਿ ਇਕੱਲਾ ਅਧਿਐਨ ਜਾਂ ਇਕੱਲਾ ਅਧਿਆਪਨ ਮਨੁੱਖੀ ਗਿਆਨ ਭੁੱਖ ਦੀ ਸੰਤੁਸ਼ਟੀ ਨਹੀਂ ਕਰ ਸਕਦਾ। ਇਸ ਲਈ ਅਧਿਐਨ ਦੇ ਨਾਲ ਅਧਿਆਪਨ ਅਤੇ ਅਧਿਆਪਨ ਦੇ ਨਾਲ ਅਧਿਐਨ ਲਾਜ਼ਮੀ ਮੰਨ ਲਿਆ ਗਿਆ ਹੈ। ਫਲਸਰੂਪ 2011-12 ਦੇ ਅਕਾਦਮਿਕ ਸਾਲ ਵਿੱਚ ਇੱਕ ਨਵਾਂ ਫੈਸਲਾ ਲਿਆ ਗਿਆ, ਜਿਸ ਅਧੀਨ ਵਿਭਾਗ ਵਿੱਚ 'ਸਕੂਲ ਆਫ ਸਿੱਖ ਥਿਆਲੋਜੀ' ਦੀ ਸਥਾਪਨਾ ਕੀਤੀ ਗਈ। ਭਾਰਤੀ ਭੂ-ਮੰਡਲ ਦੇ ਅਕਾਦਮਿਕ ਜਗਤ ਵਿੱਚ ਇਹ ਇੱਕੋ ਇੱਕ ਪਹਿਲਾ ਵਿਭਾਗ ਹੈ ਜਿਸ ਦਾ ਅਧਿਆਪਨ ਰਵਾਇਤੀ ਕੋਰਸਾਂ ਤੋਂ ਹਟ ਕੇ ਹੈ।

ਅਧਿਐਨ ਦੇ ਖੇਤਰ ਵਿੱਚ ਕੁਝ ਨਵਾਂ ਸਾਹਮਣੇ ਲਿਆਉਣ ਦੀ ਸੋਚ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੇ ਸੰਕਲਪੀ ਵਿਧਾਨ ਦੇ ਕੁਝ ਅਹਿਮ ਪਹਿਲੂਆਂ ਉਤੇ ਪੁਸਤਕਾਂ ਲਿਖਵਾਉਣ ਦਾ ਫੈਸਲਾ ਕੀਤਾ ਗਿਆ। ਇਸ ਕਾਰਜ ਲਈ ਸਿੱਖ ਧਰਮ ਨਾਲ ਵਾਬਸਤਾ ਉੱਘੇ ਚਿੰਤਕਾਂ ਦੀ ਚੋਣ ਕੀਤੀ ਗਈ। ਉਨ੍ਹਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਆਪਣੇ ਇਸ ਵਿਰਾਸਤੀ ਫ਼ਖ਼ਰ ਨੂੰ ਰੂਪਮਾਨ ਕਰਨ ਲਈ ਵਿਭਾਗ ਨੂੰ ਸਹਿਯੋਗ ਦੇਣ ਤਾਂ ਜੋ ਬਣਾਈ ਯੋਜਨਾ ਨੂੰ ਅਮਲੀ ਰੂਪ ਦਿੱਤਾ ਜਾ ਸਕੇ। ਉਨ੍ਹਾਂ ਦਾ ਉਦਾਰ-ਚਿਤ ਹੁੰਗਾਰਾ ਸਾਡੀ ਸਫਲਤਾ ਦਾ ਰਾਜ਼ ਬਣਿਆ। ਹਥਲੀ ਪੁਸਤਕ ਨੂੰ "ਸ੍ਰੀ ਗੁਰੂ ਗ੍ਰੰਥ ਸਾਹਿਬ : ਅਧਿਆਤਮ ਤੇ ਵਿਵਹਾਰ" ਸਿਰਲੇਖ ਹੇਠ ਛਾਪਿਆ ਜਾ ਰਿਹਾ ਹੈ। ਇਸ ਨੂੰ ਲਿਖਣ ਦਾ ਕੰਮ ਰਜਿੰਦਰ ਕੌਰ ਰੋਹੀ, ਪ੍ਰੋਫੈਸਰ, ਧਰਮ ਅਧਿਐਨ ਵਿਭਾਗ ਨੂੰ ਸੌਂਪਿਆ ਗਿਆ ਸੀ, ਜਿਨ੍ਹਾਂ ਨੇ ਬਹੁਤ ਲਗਨ ਅਤੇ ਮਿਹਨਤ ਨਾਲ ਇਹ ਕੰਮ ਕੀਤਾ। ਇਸ ਪੁਸਤਕ ਦੇ ਖਰੜੇ ਨੂੰ ਪੜ੍ਹਨ ਦਾ ਕੰਮ ਇਸੇ ਵਿਭਾਗ ਦੇ ਪ੍ਰੋਫੈਸਰ ਡਾ. ਗੁਰਨੇਕ ਸਿੰਘ ਨੇ ਨਿਭਾਇਆ। ਮੈਂ ਇਨ੍ਹਾਂ ਦੋਹਾਂ ਵਿਦਵਾਨਾਂ ਦਾ ਰਿਣੀ ਹਾਂ। ਮੈਨੂੰ ਵਿਸ਼ਵਾਸ ਹੈ ਕਿ ਇਸ ਖੇਤਰ ਵਿੱਚ ਕਾਰਜਸ਼ੀਲ ਵਿਦਵਾਨ, ਜਗਿਆਸੂ ਅਤੇ ਖੋਜਾਰਥੀ ਇਸ ਪੁਸਤਕ ਤੋਂ ਲਾਭ ਉਠਾਉਣਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਰਬਜਿੰਦਰ ਸਿੰਘ (ਡਾ.)
ਪ੍ਰੋਫੈਸਰ ਤੇ ਮੁਖੀ

ਤਤਕਰਾ

ਭਾਗ ਪਹਿਲਾ

ਸਿਧਾਂਤਕ ਪਿਛੋਕੜ, ਅਰੰਭ ਤੇ ਸਥਾਪਨਾ

ਅਧਿਆਇ ਪਹਿਲਾ

ਭਾਰਤੀ ਧਾਰਮਿਕ ਪਰੰਪਰਾ ਵਿਚ ਈਸ਼ਵਰੀ ਸਿਧਾਂਤ

ਜਿਸ ਪਰੰਪਰਾ ਨੂੰ ਅੱਜ ਅਸੀਂ ਭਾਰਤੀ ਧਾਰਮਿਕ ਪਰੰਪਰਾ ਦੇ ਨਾਮ ਨਾਲ ਜਾਣਦੇ ਹਾਂ ਉਹ ਬੇਅੰਤ ਲੋਕਾਂ ਲਈ ਧਾਰਮਿਕ ਵਿਸ਼ਵਾਸ ਹੈ ਜੋ ਕਿ ਹਿੰਦੁਸਤਾਨੀ ਚੇਤਨਾ ਦੀ ਮੁੱਢਲੀ ਅਧਿਆਤਮਿਕ ਸੋਚ ਦਾ ਨਤੀਜਾ ਹੈ। ਜਿਸ ਤਰ੍ਹਾਂ ਇਕ ਨਦੀ ਪਹਾੜਾਂ ਤੋਂ ਉੱਤਰ ਕੇ ਵਾਦੀਆਂ ਵਿਚ ਵਲ ਖਾਂਦੀ ਹੋਈ ਘੁੰਮਦੀ ਹੈ ਕੁਝ ਇਸੇ ਤਰ੍ਹਾਂ ਭਾਰਤੀ ਧਾਰਮਿਕ ਪਰੰਪਰਾ ਵੀ ਵੱਖ-ਵੱਖ ਸਮੇਂ ਤੇ ਆਪਣੇ ਆਪ ਨੂੰ ਵੱਖ-ਵੱਖ ਸ਼ਾਖਾਵਾਂ ਵਿਚ ਵੰਡਦੀ ਹੋਈ ਅੱਗੇ ਚੱਲਦੀ ਗਈ। ਪਰ ਇਹ ਸੱਚ ਹੈ ਕਿ ਇਹ ਪਰੰਪਰਾ ਹਮੇਸ਼ਾਂ ਆਪਣੀ ਅਸਲੀ ਸੇਧ ਵਿਚ ਰਹੀ ਅਤੇ ਉਹ ਸੇਧ ਸੀ ਪੂਜੇ ਜਾਣ ਵਾਲੀ ਸ਼ਕਤੀ ਦੇ ਸਿਧਾਂਤ ਦੀ ਪ੍ਰਪੱਕਤਾ। ਭਾਰਤੀ ਧਰਮਾਂ ਦਾ ਇਤਿਹਾਸ ਦਰਸਾਉਂਦਾ ਹੈ ਕਿ ਸ਼ੁਰੂ ਤੋਂ ਲੈ ਕੇ ਹੁਣ ਤੱਕ ਧਾਰਮਿਕ ਵਿਸ਼ਵਾਸ ਆਮ ਜਨਤਾ ਦੇ ਸਾਧਾਰਨ ਵਿਸ਼ਵਾਸਾਂ ਤੋਂ ਸ਼ੁਰੂ ਹੋ ਕੇ ਬਹੁਤ ਗੂੜ੍ਹ ਦਾਰਸ਼ਨਿਕ ਵਿਸ਼ਵਾਸਾਂ ਵਿਚ ਵਿਕਸਿਤ ਹੋਏ ਹਨ। ਸ਼ੁਰੂ ਤੋਂ ਹੀ ਹਿੰਦੁਸਤਾਨੀਆਂ ਨੇ ਕਿਸੇ ਸਰਬ-ਵਿਆਪਕ ਦੈਵੀ-ਸ਼ਕਤੀ ਵਿਚ ਵਿਸ਼ਵਾਸ ਰੱਖਿਆ, ਭਾਵੇਂ ਉਸ ਦੈਵੀ ਹੋਂਦ ਬਾਰੇ ਸਿਧਾਂਤ ਅਤੇ ਉਸ ਨੂੰ ਪੂਜਣ ਦੀ ਵਿਧੀ ਸਮੇਂ ਅਨੁਸਾਰ ਬਦਲਦੇ ਰਹੇ। ਪਰ ਬਦਲਾਅ ਦੀ ਸੇਧ ਹਮੇਸ਼ਾਂ ਸਪੱਸ਼ਟਤਾ ਅਤੇ ਵਿਕਾਸ ਵਲ ਰਹੀ ਹੈ। ਭਾਰਤੀ ਧਾਰਮਿਕ ਚੇਤਨਾ ਨੂੰ ਸੌਖੀ ਤਰ੍ਹਾਂ ਸਮਝਣ ਲਈ ਕਈ ਤਰ੍ਹਾਂ ਦੇ ਪੜਾਵਾਂ ਵਿਚ ਵੰਡ ਕੇ ਸਮਝਿਆ ਗਿਆ ਹੈ। ਜਿਵੇਂ:-

ਵੈਦਿਕ ਕਾਲ

ਭਾਰਤੀ ਇਤਿਹਾਸ ਦੇ ਆਰੰਭਕ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਧਾਰਮਿਕ ਵਿਸ਼ਵਾਸਾਂ ਦੇ ਵਿਕਾਸ ਵਿਚ ਇਕ ਪੱਕੀ ਲਗਾਤਾਰਤਾ ਸਥਾਪਿਤ ਕਰਨਾ ਮੁਸ਼ਕਿਲ ਹੈ, ਪਰ ਫਿਰ ਵੀ, ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਅਤੇ ਸੀ.ਏ. ਮੂਰ ਵਰਗੇ ਵਿਦਵਾਨਾਂ ਨੇ ਭਾਰਤੀ ਧਾਰਮਿਕ ਸਾਹਿਤ ਨੂੰ ਸਮੇਂ ਦੇ ਆਧਾਰ ਤੇ ਵੰਡਣ ਦੀ ਕੋਸ਼ਿਸ਼ ਕੀਤੀ, ਜਿਵੇਂ; ਵੈਦਿਕ ਕਾਲ, ਗਾਥਾ ਕਾਲ, ਸੂਤਰ ਕਾਲ ਅਤੇ ਧਰਮ ਸਾਸ਼ਤਰੀ ਕਾਲ।[1] ਭਾਵੇਂ ਇਹ ਕਾਲ-ਵੰਡ ਪੂਰੀ ਤਰ੍ਹਾਂ ਮੰਨਣ ਯੋਗ ਨਾ ਵੀ ਹੋਵੇ ਪਰ ਫਿਰ ਵੀ ਸਮੇਂ-ਸਮੇਂ ਵਿਚ ਧਾਰਮਿਕ ਵਿਚਾਰਧਾਰਾਵਾਂ ਵਿਚ ਹੋਏ ਵਿਕਾਸ ਨੂੰ ਸਮਝਣ ਲਈ ਇਸ ਤੋਂ ਵਧੀਆ ਤਰੀਕਾ ਹੁਣ ਤੱਕ ਸਮਝ ਨਹੀਂ ਆਇਆ।

---

1. ਸ. ਰਾਧਾਕ੍ਰਿਸ਼ਨਨ ਅਤੇ ਸੀ.ਏ.ਮੂਰ (ਐਡੀ), *ਏ ਸੋਰਸ ਬੁਕ ਇਨ ਇੰਡੀਅਨ ਫਿਲਾਸਫੀ*, ਪ੍ਰਿੰਸਟਨ ਯੂਨੀਵਰਸਿਟੀ ਪ੍ਰੈਸ, 1957, ਪੰਨਾ 17.

ਇਸ ਲਿਖਤ ਵਿਚ ਮੁਖ ਸੰਦਰਭ ਵੱਖ-ਵੱਖ ਧਰਮਾਂ ਦੇ ਵਿਚਾਰਾਂ ਨੂੰ ਉਨ੍ਹਾਂ ਦੇ ਵਿਕਾਸ ਵਿਚ ਅਤੇ ਖਾਸ ਕਰਕੇ ਇਕ ਰੱਬ ਦੇ ਸੰਕਲਪ ਤੱਕ ਉਨ੍ਹਾਂ ਦੀ ਯਾਤਰਾ ਨੂੰ ਸਮਝਿਆ ਜਾਣਾ ਹੈ। ਵੈਦਿਕ ਕਾਲ ਆਮ ਤੌਰ ਤੇ 2500 ਤੋਂ 6000 ਈਸਾ ਪੂਰਵ ਦੇ ਵਿਚਕਾਰ ਦਾ ਸਮਾਂ ਮਿਥਿਆ ਜਾਂਦਾ ਹੈ।[2] ਇਹ ਉਹ ਸਮਾਂ ਹੈ ਜਿਸ ਵਿਚ ਹਜ਼ਾਰਾਂ ਮਨਾਂ ਦੇ ਧਾਰਮਿਕ ਅਤੇ ਦਾਰਸ਼ਨਿਕ ਚਿੰਤਨ ਨੂੰ ਪੇਸ਼ ਕੀਤਾ ਗਿਆ ਹੈ, ਜੋ ਹਜ਼ਾਰਾਂ ਸਾਲਾਂ ਵਿਚ ਵਿਕਸਿਤ ਹੋਇਆ ਹੈ। ਇਸ ਵਿਚ ਪਰਮ ਸਤ ਨੂੰ ਵੱਖ-ਵੱਖ ਤਰ੍ਹਾਂ ਦੇ ਵਿਚਾਰਾਂ ਨਾਲ ਸਮਝਿਆ ਗਿਆ ਹੈ।

ਚਾਰੋਂ ਵੇਦਾਂ ਦੇ ਧਰਮ ਨੂੰ ਜਦੋਂ ਅਸੀਂ ਸੰਪੂਰਨ ਤੌਰ ਤੇ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉਹ ਸ਼ੁਰੂ ਵਿਚ ਦੇਵਤਿਆਂ ਦੀ ਪੂਜਾ ਨਾਲ ਸ਼ੁਰੂ ਹੁੰਦਾ ਪ੍ਰਤੀਤ ਹੁੰਦਾ ਹੈ, ਜੋ ਕਿ ਕੁਦਰਤੀ ਤਾਕਤਾਂ ਦਾ ਮਾਨਵੀਕਰਨ ਹੈ। ਬਾਅਦ ਵਿਚ ਰਿਗਵੇਦ ਦੇ ਮੰਤਰਾਂ ਵਿਚ ਹੀ ਬਹੁਦੇਵਵਾਦ ਧੁੰਧਲਾ ਪੈਣਾ ਸ਼ੁਰੂ ਹੁੰਦਾ ਹੈ ਅਤੇ ਇਕਦੇਵਵਾਦ ਉੱਭਰ ਕੇ ਸਾਹਮਣੇ ਆਉਂਦਾ ਹੈ।[3] ਜਰਮਨ ਦੇ ਮਹਾਨ ਵੈਦਿਕ ਵਿਦਵਾਨ ਮੈਕਸਮੂਲਰ ਨੇ ਇਕਦੇਵਵਾਦ ਲਈ ਇਕ ਖਾਸ ਸ਼ਬਦ ਜੋ ਉਸੇ ਨੇ ਹੀ ਘੜਿਆ ਸੀ; 'Henotheasm' ਵਰਤਿਆ ਹੈ। ਇਕਦੇਵਵਾਦ ਅਨੁਸਾਰ ਇਕ ਖਾਸ ਦੇਵਤੇ ਨੂੰ ਇਕ ਪਰਮ-ਸ਼ਕਤੀਸ਼ਾਲੀ ਦੇਵਤਾ ਵਜੋਂ ਪ੍ਰਵਾਨ ਕਰਨਾ ਸੀ। ਇਸ ਤਰੀਕੇ ਨਾਲ ਸਮੇਂ-ਸਮੇਂ ਤੇ ਬਹੁਦੇਵਵਾਦੀ ਹਿੰਦੁਸਤਾਨੀਆਂ ਦੇ ਹਰ ਦੇਵਤੇ ਨੂੰ ਸਰਵੋਤਮ ਦੇਵਤਾ ਮੰਨਿਆ ਗਿਆ। ਇਹ ਅਸਲ ਵਿਚ ਇਕ ਈਸ਼ਵਰਵਾਦ ਨਹੀਂ ਸੀ ਬਲਕਿ ਰਸਮੀ ਤੌਰ ਤੇ ਇਕਦੇਵਵਾਦ ਸੀ।[4] ਕਿਸੇ ਇਕ ਸਮੇਂ ਵਰੁਣ ਨੇ ਸਰਵੋਤਮ ਸਥਾਨ ਪ੍ਰਾਪਤ ਕੀਤਾ ਕਿਉਂਕਿ ਇਕ ਖਾਸ ਸਮੇਂ ਵਿਚ ਕੇਵਲ ਉਸੇ ਦੀ ਹੀ ਪੂਜਾ ਹੋਈ ਅਤੇ ਦੂਸਰੇ ਸਮੇਂ ਵਿਚ ਇੰਦਰ ਨੇ ਸਰਵੋਤਮ ਦੇਵਤਾ ਵਜੋਂ ਵਰੁਣ ਦਾ ਸਥਾਨ ਲੈ ਲਿਆ ਅਤੇ ਫਿਰ ਕਿਸੇ ਹੋਰ ਸਮੇਂ ਪ੍ਰਜਾਪਤੀ ਨੇ ਸਰਵੋਤਮ ਸਥਾਨ ਹਾਸਿਲ ਕਰ ਲਿਆ। ਪ੍ਰਜਾਪਤੀ ਨੇ ਉਦੋਂ ਤਕ ਆਪਣਾ ਸਰਵੋਤਮ ਸਥਾਨ ਬਣਾਈ ਰਖਿਆ ਜਦੋਂ ਤਕ ਉਪਨਿਸ਼ਦਾਂ ਦੇ ਦੋ ਸਿਧਾਂਤ ਆਤਮਾ ਅਤੇ ਬ੍ਰਹਮ ਨੇ ਉਸ ਸਿਧਾਂਤ ਨੂੰ ਬਦਲ ਨਹੀਂ ਦਿੱਤਾ। ਇਹ ਵੈਦਿਕ ਈਸ਼ਵਰਵਾਦ ਦੀ ਇਕਦੇਵਵਾਦੀ ਵਿਆਖਿਆ ਹੈ।

ਜਿਥੋਂ ਤੱਕ ਵੈਦਿਕ ਸਾਹਿਤ ਦੀ ਲੰਬੀ ਪਰੰਪਰਾ ਤੋਂ ਸਮਝ ਆਉਂਦੀ ਹੈ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਸਾਹਿਤ ਵਿਚ ਵੱਖ-ਵੱਖ ਦਿਸ਼ਾਵਾਂ ਵਿਚ ਵੱਖ-ਵੱਖ ਕਿਸਮ ਦੇ ਧਾਰਮਿਕ ਵਿਚਾਰ ਉਭਰੇ ਅਤੇ ਵਿਕਸਿਤ ਹੋਏ। ਪਰ ਕਿਸੇ ਤਰ੍ਹਾਂ ਵੀ ਕੋਈ ਇਸ ਤੱਥ ਤੋਂ ਇਨਕਾਰੀ ਨਹੀਂ ਹੋ ਸਕਦਾ ਕਿ ਪੂਰੇ ਵੈਦਿਕ ਸਾਹਿਤ ਵਿਚ ਇਕ ਈਸ਼ਵਰਵਾਦੀ ਰੁਝਾਨ ਉਭਰੇ ਸਨ। ਇਕ ਵਿਚਾਰਵਾਨ ਉਸੇ ਸਾਹਿਤ ਵਿਚੋਂ ਇਕਦੇਵਵਾਦੀ ਵਿਚਾਰ ਵੀ ਕੱਢ ਸਕਦਾ ਹੈ ਅਤੇ ਬਹੁਦੇਵਵਾਦੀ ਵਿਚਾਰ ਵੀ ਸਮਝ ਸਕਦਾ ਹੈ। ਪਰ ਜਿਹਨਾਂ ਮੰਤਰਾਂ

2. ਸ. ਰਾਧਾਕ੍ਰਿਸ਼ਨਨ ਅਤੇ ਸੀ.ਏ.ਮੂਰ (ਐਡੀ), *ਏ ਸੋਰਸ ਬੁਕ ਇਨ ਇਨਡੀਅਨ ਫਿਲਾਸਫੀ*, ਪ੍ਰਿੰਸਟਨ ਯੂਨੀਵਰਸਿਟੀ ਪ੍ਰੈਸ, 1957, ਪੰਨਾ 17.
3. ਫ੍ਰੈਂਕਲਿਨ ਐਜਰਟਨ, *ਦ ਬਿਗਿਨਿੰਗ ਆਫ ਇੰਡੀਅਨ ਫਿਲਾਸਫੀ*, ਜੋਰਜ ਐਲੈਨ ਐਂਡ ਅਨਵਿਨ, ਲੰਡਨ, 1965, ਪੰਨਾ 19.
4 *ਉਹੀ*, ਪੰਨਾ 433.

ਉਪਰ ਇਹ ਧਰਮ ਆਧਾਰਿਤ ਹੈ ਉਨ੍ਹਾਂ ਨੂੰ ਸ਼ੁੱਧ ਇਕਈਸ਼ਵਰਵਾਦੀ ਸਿਧਾਂਤ ਨਾਲ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਅੱਜ ਦੇ ਸਮੇਂ ਵਿਚ ਅਸੀਂ ਇਕਈਸ਼ਵਰਵਾਦੀ ਸਿਧਾਂਤ ਨੂੰ ਉਸ ਸਮੇਂ ਦੇ ਇਕਈਸ਼ਵਰਵਾਦੀ ਸਿਧਾਂਤ ਤੋਂ ਅਲੱਗ ਤਰ੍ਹਾਂ ਨਾਲ ਸਮਝਦੇ ਹਾਂ।[5] ਇਸ ਤੱਥ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਬਹੁਦੇਵਵਾਦ ਅਤੇ ਰਸਮੀ ਪੂਜਾ ਵਿਧੀ ਦੇ ਸੰਬੰਧ ਵਿਚ ਕਿਸੇ ਕਿਸਮ ਦੀ ਕੋਈ ਕ੍ਰਾਂਤੀ ਇਸ ਸਮੇਂ ਵਿਚ ਜ਼ਰੂਰ ਹੋਈ ਸੀ। ਇਹੀ ਕਾਰਨ ਹੈ ਕਿ ਕੁਝ ਦਾਰਸ਼ਨਿਕਾਂ ਨੇ ਸਮੁੱਚੀ ਵੈਦਿਕ ਵਿਚਾਰਧਾਰਾ ਦੇ ਮਾਹੌਲ ਨੂੰ ਅਧਿਆਤਮਿਕ ਏਕਤਾ ਦੇ ਆਧਾਰ ਤੇ ਇਕਸੁਰ ਕਰਨ ਲਈ 'ਏਕਮ ਸਦ ਵਿਪਰਾ ਬਹੁਧਾ ਵਦੰਤੀ' ਦਾ ਨਾਅਰਾ ਲਾਇਆ, ਜਿਸਦਾ ਭਾਵ ਸੀ ਕਿ ਸਚਾਈ ਇਕ ਹੈ, ਗਿਆਨੀ ਲੋਕ ਜਿਸ ਦੀ ਵੱਖ-ਵੱਖ ਤਰੀਕਿਆਂ ਨਾਲ ਵਿਆਖਿਆ ਕਰਦੇ ਹਨ, ਜਾਂ ਸੱਚ ਇਕ ਹੈ ਜਿਸਨੂੰ ਵੱਖ-ਵੱਖ ਨਾਵਾਂ ਨਾਲ ਪੁਕਾਰਿਆ ਗਿਆ ਹੈ (ਰਿਗਵੇਦ 1: 164, 46)। ਬੇਸ਼ਕ ਅਸੀਂ ਇਸ ਕਥਨ ਵਿਚ ਪੂਰੀ ਦੀ ਪੂਰੀ ਵੈਦਿਕ ਧਾਰਮਿਕ ਵਿਚਾਰਧਾਰਾ ਦਾ ਨਿਚੋੜ ਨਹੀਂ ਕਰ ਸਕਦੇ ਕਿਉਂਕਿ ਅਸਲ ਵਿਚ ਰਿਗਵੇਦ ਦੀ ਵਿਚਾਰਧਾਰਾ ਸਮੁੱਚੇ ਰੂਪ ਵਿਚ ਕਈ ਪੀੜ੍ਹੀਆਂ ਦੇ ਵੱਖ-ਵੱਖ ਧਾਰਮਿਕ ਸੰਕਲਪ ਅਤੇ ਵੱਖ-ਵੱਖ ਵਿਚਾਰਵਾਨਾਂ ਦੇ ਸਿਧਾਂਤ ਪੇਸ਼ ਕਰਦੀ ਹੈ। ਇਸ ਕਰਕੇ ਵੈਦਿਕ ਮੰਤਰਾਂ ਵਿਚ ਵੱਖ-ਵੱਖ ਵਿਚਾਰਾਂ ਦਾ ਸਤਰ ਪੇਸ਼ ਹੁੰਦਾ ਹੈ ਜਿਸ ਤੋਂ ਇਹ ਸਮਝ ਆਉਂਦੀ ਹੈ ਕਿ ਵੈਦਿਕ ਸਾਹਿਤ ਵਿਚ ਧਰਮ ਚਿੰਤਨ ਬਹੁਦੇਵਵਾਦ ਤੋਂ ਇਕ ਪਰਮ ਸੱਤ ਦੇ ਫਲਸਫ਼ੇ ਤੱਕ ਵਿਕਸਿਤ ਹੋਇਆ ਹੈ।[6]

ਮਹਾਂਕਾਵ ਕਾਲ

ਦੈਵੀ ਸੱਚ ਬਾਰੇ ਖਿੱਲਰੇ ਹੋਏ ਵਿਚਾਰਾਂ ਕਰਕੇ ਇਸ ਸਮੇਂ ਦਾ ਸਾਧਾਰਨ ਵਿਅਕਤੀ ਕਾਫ਼ੀ ਉਲਝਣ ਵਿਚ ਸੀ। ਸਰਸਵਤੀ ਚਾਨੇਕੇਸਵਣ ਅਨੁਸਾਰ; ਉਸ ਸਮੇਂ ਦੇ ਮਨੁੱਖਾਂ ਨੇ ਵੈਦਿਕ ਧਰਮ ਦੀ ਕਰਮਕਾਂਡੀ ਅਤੇ ਬਹੁਦੇਵਵਾਦੀ ਵਿਚਾਰਧਾਰਾ ਵਿਰੁੱਧ ਬਗ਼ਾਵਤ ਕਰ ਦਿੱਤੀ ਸੀ। ਇਸ ਬਗ਼ਾਵਤ ਦੀ ਰੂਪ ਰੇਖਾ ਇਸ ਤਰ੍ਹਾਂ ਉਲੀਕੀ ਗਈ ਕਿ ਸਾਧਾਰਨ ਸਮਝ ਵਾਲੇ ਮਨੁੱਖ ਵੀ ਇਸ ਬਗ਼ਾਵਤ ਦਾ ਹਿੱਸਾ ਬਣ ਗਏ। ਇਸ ਮਕਸਦ ਲਈ ਸਭ ਤੋਂ ਵਧੀਆ ਮਾਧਿਅਮ ਜੋ ਚੁਣਿਆ ਗਿਆ ਉਹ ਸੀ ਆਪਣੇ ਕੌਮੀ ਨਾਇਕਾਂ ਦੀਆਂ ਗਾਥਾਵਾਂ ਨੂੰ ਕਵਿਤਾ ਅਤੇ ਸੰਗੀਤਮਈ ਕਹਾਣੀ ਦੇ ਰੂਪ ਵਿਚ ਆਮ ਲੋਕਾਂ ਵਿਚ ਪ੍ਰਚੱਲਿਤ ਕਰਨਾ। ਉਸ ਸਮੇਂ ਦਾ ਇਹ ਸਭ ਤੋਂ ਵੱਧ ਪ੍ਰਭਾਵਸ਼ਾਲੀ ਮਾਧਿਅਮ ਸੀ। ਇਹੀ ਕਾਰਣ ਸੀ ਕਿ ਆਪਣੇ ਕੌਮੀ ਨਾਇਕਾਂ ਦੁਆਲੇ ਘੁੰਮਦੀਆਂ ਕਹਾਣੀਆਂ ਦੇ ਰੂਪ ਵਿੱਚ ਮਹਾਂਭਾਰਤ ਅਤੇ ਰਾਮਾਇਣ ਹੋਂਦ ਵਿਚ ਆਏ।[7]

---

5. ਸੀ. ਕੁਨਹਨ ਰਾਜਾ, "*ਦ ਵੈਦਿਕ ਲਿਟਰੇਚਰ*", *ਦ ਕਲਚਰਲ ਹੈਰੀਟੇਜ ਆਫ ਇੰਡੀਆ*, ਹਰੀਦਾਸ ਭਟਾਚਾਰੀਆ (ਐਡੀ), ਵਾਲਿਯੂਮ 1. ਦ ਰਾਮਕ੍ਰਿਸ਼ਨ ਮਿਸ਼ਨ ਇਨਸਟੀਟਿਯੂਟ ਆਫ ਕਲਕੱਤਾ, 1937, ਪੰਨਾ 7.
6. ਸ. ਰਾਧਾਕ੍ਰਿਸ਼ਨਨ ਅਤੇ ਮੂਰ, *ਉਹੀ*, ਪੰਨਾ 4.
7. ਸਰਸਵਤੀ ਚਾਨੇਕੇਸਵਨ, *ਏ ਕ੍ਰਿਟਿਕਲ ਸਟਡੀ ਆਫ ਹਿੰਦੂਇਜ਼ਮ*, ਏਸ਼ੀਆ ਪਬਲਿਸ਼ਿੰਗ ਹਾਊਸ, ਬੰਬਈ, 1971, ਪੰਨਾ 44.

ਇਨ੍ਹਾਂ ਮਹਾਂਕਾਵਾਂ ਵਿੱਚ ਦਾਰਸ਼ਨਿਕ ਵਿਚਾਰਾਂ ਨੂੰ ਬੜੇ ਸਾਧਾਰਣ ਸ਼ਬਦਾਂ ਵਿਚ ਪੇਸ਼ ਕੀਤਾ ਗਿਆ ਸੀ। ਇਸ ਸਮੇਂ ਦੌਰਾਨ ਭਾਰਤੀ ਦਾਰਸ਼ਨਿਕ ਪ੍ਰੰਪਰਾ ਦੀ ਧਾਰਮਿਕ ਵਿਚਾਰਧਾਰਾ ਨੇ ਈਸ਼ਵਰਵਾਦੀ ਵਿਕਾਸ ਵੱਲ ਇਕ ਨਵਾਂ ਮੋੜ ਲਿਆ। ਮਹਾਂਭਾਰਤ ਅਤੇ ਰਮਾਇਣ ਵਿਚਲੇ ਨਾਇਕਾਵਾਂ ਨੂੰ ਵਿਸ਼ਨੂੰ ਦੇ ਪੂਰਨ ਅਵਤਾਰ ਮੰਨਿਆ ਗਿਆ। ਵਿਸ਼ਨੂੰ ਨੂੰ ਭਾਰਤੀ ਧਾਰਮਿਕ ਸੰਸਕ੍ਰਿਤੀ ਦੇ ਤਿੰਨ ਮੁੱਢਲੇ ਦੇਵਤੇ; ਬ੍ਰਹਮਾ, ਸ਼ਿਵ ਅਤੇ ਵਿਸ਼ਨੂੰ ਵਿਚੋਂ ਪ੍ਰਮੁੱਖ ਮੰਨਿਆ ਜਾਂਦਾ ਹੈ। ਪਰ ਮਹਾਂਕਾਵ ਸਾਹਿਤ ਵਿਚ ਕੇਵਲ ਵਿਸ਼ਨੂੰ ਨੂੰ ਹੀ ਸਰਬੋਤਮ ਸ਼ਕਤੀ ਮੰਨਿਆ ਗਿਆ ਹੈ ਨਾ ਕਿ ਬ੍ਰਹਮਾ ਜਾਂ ਸ਼ਿਵ ਨੂੰ। ਵਿਸ਼ਨੂੰ ਨੂੰ ਇਕ ਮਾਤਰ ਸਰਵਉਚ ਸ਼ਕਤੀ ਦੇ ਰੂਪ ਵਿਚ ਪ੍ਰਵਾਨ ਕੀਤਾ ਗਿਆ, ਜਿਸ ਦੇ ਬਰਾਬਰ ਕੋਈ ਨਹੀਂ ਅਤੇ ਜੋ ਸੰਸਾਰ ਦਾ ਕਰਨ-ਕਾਰਨ ਆਪ ਹੀ ਹੈ। ਭਗਵਤ ਗੀਤਾ ਵਿਚ ਕ੍ਰਿਸ਼ਨ ਦਾ ਕਹਿਣਾ ਹੈ ਕਿ; 'ਕੁਦਰਤ ਮੇਰਾ ਹੀ ਰੂਪ ਹੈ, ਜੀਵ ਮੇਰਾ ਹੀ ਹਿੱਸਾ ਹੈ। ਸਾਰੇ ਸੰਸਾਰ ਵਿੱਚ ਜਿੰਨੇ ਕਿਸਮ ਦੇ ਵੀ ਜੀਵ ਹਨ ਉਨ੍ਹਾਂ ਦੀ ਆਤਮਾ ਦੇ ਰੂਪ ਵਿੱਚ ਮੈਂ ਹੀ ਉਨ੍ਹਾਂ ਦੇ ਅੰਦਰ ਬਿਰਾਜਮਾਨ ਹਾਂ। ਸਾਰਾ ਬ੍ਰਹਿਮੰਡ ਮੇਰੇ ਵਿਚੋਂ, ਮੇਰੇ ਹੀ ਰੂਪ ਵਜੋਂ ਰਚਿਆ ਗਿਆ ਹੈ।[8]

ਬਾਹਰੀ ਤੌਰ ਤੇ ਦੇਖਣ ਨੂੰ ਮਹਾਂਕਾਵ ਵਿਚਲੇ ਦੈਵੀਵਾਦ ਦਾ ਇਹ ਰੂਪ ਇਕਈਸ਼ਵਰਵਾਦੀ ਲੱਗਦਾ ਹੈ ਕਿਉਂਕਿ ਇਹਨਾਂ ਮਹਾਂਕਾਵਾਂ ਵਿਚਲਾ ਪਰਮਾਤਮਾ ਅਪਰੰਪਾਰ ਹੈ, ਆਪਣੇ ਆਪ ਵਿਚ ਸਥਿਤ ਹੈ, ਭਗਤੀ ਅਤੇ ਸਮਰਪਣ ਲਈ ਕੇਂਦਰ ਬਿੰਦੂ ਹੈ। ਪਰ ਜਿੱਥੋਂ ਤੱਕ ਨਿਰੋਲ ਇਕ-ਈਸ਼ਵਰਵਾਦੀ ਸਿਧਾਂਤ ਦਾ ਸੰਬੰਧ ਹੈ ਤਾਂ ਇਸ ਤਰ੍ਹਾਂ ਦੀ ਵਿਚਾਰਧਾਰਾ ਤਾਰਕਿਕ ਮਨੁੱਖ ਦੀ ਬੁੱਧੀ ਨੂੰ ਸੰਤੁਸ਼ਟ ਨਹੀਂ ਕਰਦੀ। ਇਹ ਇਸ ਕਰਕੇ ਹੈ ਕਿ ਵਿਸ਼ਨੂੰ ਦੇ ਨਾਲ-ਨਾਲ ਬ੍ਰਹਮਾ ਅਤੇ ਸ਼ਿਵ ਦੀ ਹੋਂਦ ਵੀ ਮੌਜੂਦ ਹੈ। ਇਸੇ ਕਰਕੇ ਇਸ ਸਿਧਾਂਤ ਨੂੰ ਇਕਦੇਵਵਾਦ ਦੇ ਤੌਰ ਤੇ ਮੰਨਿਆ ਗਿਆ ਹੈ, ਜਿਸ ਅਨੁਸਾਰ ਇਕ ਦੇਵਤਾ ਨੂੰ ਸਰਵਸ਼ਕਤੀਮਾਨ ਅਤੇ ਅਪਰੰਪਾਰ ਦੇਵਤਾ ਵਜੋਂ ਸਮਝਿਆ ਗਿਆ, ਪਰ ਨਾਲ ਦੀ ਨਾਲ ਦੂਜੇ ਦੇਵਤਿਆਂ ਦੀ ਹੋਂਦ ਨੂੰ ਨਕਾਰਿਆ ਵੀ ਨਹੀਂ ਗਿਆ। ਇਹੀ ਇਕ ਦੇਵਵਾਦ ਬਾਅਦ ਵਿਚ ਰਾਮਾਨੁਜ ਅਤੇ ਉਸਦੇ ਅਨੁਯਾਈਆਂ ਦੁਆਰਾ ਇਕ ਸੰਗਠਿਤ ਵਿਚਾਰਧਾਰਾ ਦੇ ਤੌਰ ਤੇ ਵਿਕਸਿਤ ਕੀਤਾ ਗਿਆ ਜਿਸ ਨੂੰ ਵੈਸ਼ਨਵਵਾਦ ਦੇ ਤੌਰ ਤੇ ਜਾਣਿਆ ਗਿਆ।

ਵਿਆਖਿਆ ਕਾਲ

ਭਾਰਤੀ ਦਰਸ਼ਨ ਦੀਆਂ ਦੋ ਪ੍ਰਣਾਲੀਆਂ ਜੋ ਵੈਦਿਕ ਸਾਹਿਤ ਦੇ ਵਿਚੋਂ ਸਿੱਧੇ ਰੂਪ ਵਿਚ ਉਭਰੀਆਂ ਉਹ ਸਨ: ਮੀਮਾਸਾਂ ਅਤੇ ਵੇਦਾਂਤ। ਇਹ ਵਿਚਾਰਧਾਰਾਵਾਂ ਵੈਦਿਕ ਸਾਹਿਤ ਉਤੇ ਲਿਖੀਆਂ ਹੋਈਆਂ ਵਿਆਖਿਆਵਾਂ ਤੇ ਆਧਾਰਿਤ ਸਨ। ਉਪਨਿਸ਼ਦਾਂ ਤੇ ਆਧਾਰਿਤ ਜੋ ਵਿਆਖਿਆ ਹੋਈ ਉਸਨੂੰ ਵੇਦਾਂਤ ਸੂਤਰ ਕਿਹਾ ਗਿਆ। ਜਿਸ ਨੂੰ ਹੋਰ ਵਿਸ਼ੇਸ਼ ਰੂਪ ਵਿਚ ਉੱਤਰ ਮੀਮਾਂਸਾ ਅਤੇ ਬ੍ਰਹਮ ਸੂਤਰ ਵਜੋਂ ਜਾਣਿਆ ਗਿਆ। ਉਪਨਿਸ਼ਦਾਂ ਵਿਚ ਪਰਮ ਸੱਤ ਨੂੰ ਬ੍ਰਹਮ ਵਜੋਂ ਜਾਣਿਆ ਗਿਆ ਸੀ। ਇਹ ਵਿਆਖਿਆ ਬਾਦਰਾਯਣ ਦੁਆਰਾ ਲਿਖੀ ਗਈ ਸੀ। ਬਾਦਰਾਯਣ ਨੇ ਇਕ ਪਰਮ ਸੱਚ ਦੇ ਸਿਧਾਂਤ ਨੂੰ ਮੁੱਖ ਰੱਖ ਕੇ ਵੇਦਾਂ ਅਤੇ

---

8. ਕ੍ਰਿਸ਼ਨ ਚੈਤੰਨਯ, *ਦ ਗੀਤਾ ਫਾਰ ਮਾਡਰਨ ਮੈਨ*, ਕਲੈਰੀਅਨ ਬੁਕਸ, ਨਵੀਂ ਦਿਲੀ, 1986.

ਉਪਨਿਸ਼ਦਾਂ ਦੇ ਧਰਮ ਦੀ ਵਿਆਖਿਆ ਕੀਤੀ। ਡਾ. ਐਸ.ਰਾਧਾਕ੍ਰਿਸ਼ਨਨ ਦਾ ਕਹਿਣਾ ਹੈ ਕਿ ਇਹ ਉਹੀ ਸਿਧਾਂਤ ਹੈ ਜੋ ਉਪਨਿਸ਼ਦਾਂ ਵਿਚ ਵੀ ਮੌਜੂਦ ਹੈ ਅਤੇ ਜਿਹਨਾਂ ਉਤੇ ਇਹ ਦੋਨੋਂ ਸੂਤਰ ਆਧਾਰਿਤ ਕੀਤੇ ਗਏ ਹਨ। ਫ਼ਰਕ ਕੇਵਲ ਇੰਨਾ ਹੈ ਕਿ ਬ੍ਰਹਮ ਸੂਤਰ ਵਿਚ ਸਿਧਾਂਤ ਨੂੰ ਜ਼ਿਆਦਾ ਠੋਸ ਅਤੇ ਸਪੱਸ਼ਟ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ।[9]

ਜੈਮਿਨੀ ਰਿਸ਼ੀ ਦੁਆਰਾ ਕੀਤੀ ਗਈ ਵਿਆਖਿਆ ਜਿਸਨੂੰ ਪੂਰਵ ਮੀਮਾਂਸਾ ਕਿਹਾ ਗਿਆ ਹੈ ਦੇ ਅੰਤਰਗਤ ਵੇਦਾਂ ਵਿਚ ਪ੍ਰਸਤੁਤ ਧਰਮ ਦੀ ਵਿਆਖਿਆ ਕੀਤੀ ਗਈ ਹੈ। ਇਸ ਵਿਆਖਿਆ ਅਨੁਸਾਰ ਧਰਮ ਦੇ ਆਧਾਰ ਤੇ ਫਲ ਦੀ ਪ੍ਰਾਪਤੀ ਨੂੰ ਵੀ ਜੋੜਿਆ ਗਿਆ ਹੈ। ਬਾਦਰਾਯਣ ਦੀ ਉੱਤਰ ਮੀਮਾਂਸਾ ਵਿਚ ਉਪਨਿਸ਼ਦਾਂ ਦੇ ਦਾਰਸ਼ਨਿਕ ਅਤੇ ਅਧਿਆਤਮਿਕ ਵਿਚਾਰ ਪ੍ਰਸਤੁਤ ਹੋਏ ਹਨ। ਇਹ ਦੋਨੋਂ ਵਿਚਾਰਧਾਰਾਵਾਂ ਪੂਰੀ ਵੈਦਿਕ ਵਿਚਾਰਧਾਰਾ ਦਾ ਪ੍ਰਣਾਲੀਬੱਧ ਰੂਪ ਪੇਸ਼ ਕਰਦੀਆਂ ਹਨ। ਫਰੌਲਨਰ ਦਾ ਕਹਿਣਾ ਹੈ ਕਿ ਬ੍ਰਹਮ ਸੂਤਰ ਵਿਚ ਬ੍ਰਹਮ ਹਰ ਇਕ ਚੀਜ਼ ਦਾ ਆਧਾਰ ਸਰੋਤ ਹੈ ਅਤੇ ਜਿਸ ਨੂੰ ਧਰਮ ਗ੍ਰੰਥ ਰਾਹੀਂ ਹੀ ਜਾਣਿਆ ਜਾ ਸਕਦਾ ਹੈ। ਉਸ ਅਨੁਸਾਰ ਮਨੁੱਖੀ ਆਤਮਾ ਸਦੀਵੀ ਹੈ, ਚੇਤਨ ਹੈ ਅਤੇ ਸਰਬ-ਵਿਆਪਕ ਹੈ।[10] ਆਤਮਾ ਅਤੇ ਬ੍ਰਹਮ ਦੋਨੋਂ ਇਕ ਹੀ ਰੂਪ ਹਨ। ਇਕੋ ਹੀ ਤੱਤ ਦੋਨਾਂ ਵਿਚ ਮੌਜੂਦ ਹੈ। ਬ੍ਰਹਮ ਪਰਮ ਆਤਮਾ ਹੈ ਅਤੇ ਵਿਅਕਤੀਗਤ ਆਤਮਾ ਉਸੇ ਦਾ ਹੀ ਤੱਤ ਰੂਪ ਹੈ। ਉਹੀ ਹਰ ਜਗ੍ਹਾ ਮੌਜੂਦ ਹੈ। ਇਸ ਕਰਕੇ ਬ੍ਰਹਮ ਸੂਤਰ ਵਿਚ ਅੰਤਿਮ ਸਚਾਈ ਨੂੰ ਇਕ ਤਤ ਦੇ ਰੂਪ ਵਿਚ ਮੰਨਿਆ ਗਿਆ ਹੈ ਜਿਸ ਤੋਂ ਬਿਨਾਂ ਸਾਰੇ ਸੰਸਾਰ ਵਿਚ ਹੋਰ ਕੋਈ ਤੱਤ ਮੌਜੂਦ ਨਹੀਂ ਹੈ।

ਅੱਗੇ ਚੱਲ ਕੇ ਵੇਦਾਂਤ ਉੱਤੇ ਲਿਖੀਆਂ ਹੋਈਆਂ ਵਿਆਖਿਆਵਾਂ ਉੱਤੇ ਅੱਗੋਂ ਹੋਰ ਵਿਆਖਿਆਵਾਂ ਵੀ ਲਿਖੀਆਂ ਗਈਆਂ। ਇਹਨਾਂ ਵਿਚੋਂ ਮੁਖ ਵਿਆਖਿਆਕਾਰ ਹਨ ਭਾਸਕਰ, ਸ਼ੰਕਰ, ਰਾਮਾਨੁਜ, ਕੇਸ਼ਵ, ਨੀਲਕੰਠ, ਮਾਧਵ, ਵੱਲਭ, ਬਲਦੇਵ ਅਤੇ ਵਿਗਿਆਨਭਿਕਸ਼ੂ। ਭਾਵੇਂ ਪਰਮ-ਤੱਤ ਨਾਲ ਸੰਬੰਧਿਤ ਆਪਣੇ ਵਿਚਾਰਾਂ ਲਈ ਉਹ ਇਕ ਦੂਸਰੇ ਨਾਲ ਕਾਫ਼ੀ ਮਤਭੇਦ ਵੀ ਰਖਦੇ ਸਨ ਪਰ ਉਨ੍ਹਾਂ ਸਾਰਿਆਂ ਦਾ ਵਿਸ਼ਾ-ਵਸਤੂ ਇੱਕ ਹੀ ਸੀ। ਵਾਲਟਰ ਰੂਬਨ ਦੇ ਸ਼ਬਦਾਂ ਵਿਚ ਬ੍ਰਹਮ ਸੂਤਰਾਂ ਉੱਤੇ ਜੋ ਸਭ ਤੋਂ ਗੰਭੀਰ ਵਿਆਖਿਆ ਹੋਈ ਤਾਂ ਉਹ ਹੈ ਅਦਵੈਤ ਵੇਦਾਂਤ ਜਾਂ ਮਾਇਆਵਾਦ, ਜਿਸਦੀ ਗੌਡਪਾਦ ਨੇ ਵਿਆਖਿਆ ਕੀਤੀ ਸੀ ਜੋ ਕਿ ਸ਼ੰਕਰਾਚਾਰੀਯਾ ਦੇ ਗੁਰੂ ਗੋਵਿੰਦਾ ਦਾ ਵੀ ਗੁਰੂ ਸੀ।[11]

ਅੱਗੇ ਚੱਲ ਕੇ ਸ਼ੰਕਰਾਚਾਰੀਯਾ ਨੇ ਇਸੇ ਹੀ ਸਿਧਾਂਤ ਨੂੰ ਹੋਰ ਅਗੇ ਵਧਾਇਆ ਅਤੇ ਉਸਨੇ ਕਿਹਾ ਕਿ ਅਦਵੈਤ ਵੇਦਾਂਤ ਦਾ ਭਾਵ ਹੈ; ਕੇਵਲ ਬ੍ਰਹਮ ਹੀ ਸੱਚ ਹੈ, ਬਾਕੀ ਸਭ

---

9. ਸ. ਰਾਧਾਕ੍ਰਿਸ਼ਨਨ, *ਇੰਡੀਅਨ ਫਿਲਾਸਫੀ*, ਵਾਲਿਯੂਮ 2, ਜੋਰਜ ਐਲੈਨ ਐਂਡ ਅਨਵਿਨ, ਲੰਡਨ,1930. ਪੰਨਾ 430

10. ਫਰੌਲਨਰ, *ਦ ਹਿਸਟਰੀ ਆਫ ਇੰਡੀਅਨ ਫਿਲਾਸਫੀ*, ਵਾਲਿਯੂਮ 1, ਮੋਤੀਲਾਲ ਬਨਾਰਸੀਦਾਸ, ਦਿੱਲੀ, 1973. ਪੰਨਾ 127.

11. ਵਾਲਟਰ ਰੂਬਨ, *ਐਨ ਇਨਟ੍ਰੋਡਕਸ਼ਨ ਟੂ ਇੰਡੀਅਨ ਫਿਲਾਸਫੀ*, ਪੀਪਲਜ਼ ਪਬਲਿਸ਼ਿੰਗ ਹਾਊਸ, ਨਵੀਂ ਦਿੱਲੀ, ਵਾਲਿਯੂਮ 6, 1986, ਪੰਨਾ 68.

ਭਰਮ ਹੈ, ਜੋ ਮਨੁੱਖੀ ਅਗਿਆਨਤਾ ਕਰਕੇ ਸਾਨੂੰ ਅਸਲੀ ਲੱਗਦਾ ਹੈ। ਜਿਸ ਤਰ੍ਹਾਂ ਹਨੇਰੇ ਵਿਚ ਪਈ ਹੋਈ ਰੱਸੀ ਸੱਪ ਨਜ਼ਰ ਆਉਂਦੀ ਹੈ ਉਸੇ ਤਰ੍ਹਾਂ ਇਹ ਸੰਸਾਰ ਸਾਨੂੰ ਅਗਿਆਨਤਾ ਕਰਕੇ ਸੱਚ ਨਜ਼ਰ ਆਉਂਦਾ ਹੈ। ਉਸਦਾ ਕਹਿਣਾ ਹੈ ਕਿ ਮਨੁੱਖੀ ਆਤਮਾ ਅਤੇ ਬ੍ਰਹਮ ਇਕੋ ਹੀ ਹਨ ਪਰ ਮਾਇਆ ਦੁਆਰਾ ਪੈਦਾ ਕੀਤੇ ਹੋਏ ਭਰਮ ਕਰਕੇ ਉਹ ਵੱਖ-ਵੱਖ ਦਿਖਾਈ ਦਿੰਦੇ ਹਨ। ਇਸ ਸੰਸਾਰ ਨੂੰ ਰਚਨ ਲਈ ਬ੍ਰਹਮ ਆਪਣੇ ਆਸਨ ਤੋਂ ਨੀਚੇ ਆ ਕੇ ਇਸ ਸੰਸਾਰ ਦੀ ਰਚਨਾ ਕਰਦੇ ਹਨ ਜਿਥੇ ਉਸਨੂੰ ਈਸ਼ਵਰ ਕਿਹਾ ਜਾਂਦਾ ਹੈ। ਸ਼ੰਕਰਾਚਾਰੀਯਾ ਦੇ ਸਿਧਾਂਤ ਨੂੰ ਉਪਨਿਸ਼ਦਾਂ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ; ਕਿ ਤੱਤ ਸਿਰਫ਼ ਇਕ ਹੈ, ਹੋਰ ਕੋਈ ਨਹੀਂ ਹੈ। ਉਸ ਲਈ ਸੰਸਕ੍ਰਿਤ ਦਾ ਸ਼ਬਦ ਉਸਨੇ ਵਰਤਿਆ ਹੈ 'ਏਕਾਮੇਵਾਦੁਵਿਤਯਮ'[12] ਜਾਂ ਚਾਰ ਸੰਸਕ੍ਰਿਤ ਸ਼ਬਦਾਂ ਵਿਚ ਇਸਦਾ ਨਿਚੋੜ ਇਸ ਤਰ੍ਹਾਂ ਬਣਦਾ ਹੈ – 'ਬ੍ਰਹਮ ਸਤਯਮ ਜਗਤ ਮਿਥਯਮ'।[13] ਉਸਦੇ ਵਿਚਾਰ ਵਿਚ ਬ੍ਰਹਮ ਦਾ ਸ਼ਾਖਸ਼ਾਤ ਉਸ ਸਮੇਂ ਹੁੰਦਾ ਹੈ ਜਦੋਂ ਮਨੁੱਖੀ ਆਤਮਾ ਤੋਂ ਭਰਮ ਦਾ ਪਰਦਾ ਚੁੱਕਿਆ ਜਾਂਦਾ ਹੈ। ਮਨੁੱਖ ਅੰਤਿਮ ਰੂਪ ਵਿਚ ਦੇਖਦਾ ਹੈ ਕਿ ਉਹ ਆਪ ਹੀ ਬ੍ਰਹਮ ਹੈ। ਵਾਲਟਰ ਰੂਬਨ ਨੇ ਵੀ ਕਿਹਾ ਹੈ ਕਿ ਦੈਵੀ ਸੱਚ ਦੇ ਫਲਸਫ਼ੇ ਦਾ ਇਹ ਇਕ ਠੋਸ ਅਤੇ ਨਿਸ਼ਚਿਤ ਸਿਧਾਂਤ ਹੈ ਪਰ ਇਸ ਤਰ੍ਹਾਂ ਦੇ ਫਲਸਫ਼ੇ ਨਾਲ ਈਸ਼ਵਰਵਾਦੀ ਭਾਵਨਾ ਲਈ ਕੋਈ ਵੀ ਸਥਾਨ ਨਹੀਂ ਰਹਿੰਦਾ।[14] ਇਸ ਕਰਕੇ ਸਾਰੇ ਦੇਸ਼ ਵਿਚ ਸ਼ੰਕਰਾਚਾਰੀਯਾ ਦੇ ਬ੍ਰਹਮ ਸੂਤਰ ਦੇ ਵਿਰੋਧ ਵਿਚ ਬਹੁਤ ਸਾਰੇ ਈਸ਼ਵਰਵਾਦੀ ਪ੍ਰਤੀਰੋਧ ਹੋਏ, ਇਹਨਾਂ ਵਿਚੋਂ ਜਿਹਨਾਂ ਨੇ ਸ਼ਿਵ ਨੂੰ ਸਰਵੋਤਮ ਦੈਵੀ ਸ਼ਕਤੀ ਮੰਨਿਆ ਉਹਨਾਂ ਨੂੰ ਸ਼ੈਵ ਕਿਹਾ ਗਿਆ ਅਤੇ ਦੂਸਰੇ ਪਾਸੇ ਜਿਹਨਾਂ ਨੇ ਵਿਸ਼ਨੂੰ ਨੂੰ ਸਰਵੋਤਮ ਦੈਵੀ ਸ਼ਕਤੀ ਮੰਨਿਆ ਉਹਨਾਂ ਨੂੰ ਵੈਸ਼ਨਵ ਕਿਹਾ ਗਿਆ। ਸਭ ਤੋਂ ਪਹਿਲਾਂ ਇਸ ਤਰ੍ਹਾਂ ਦੀ ਵਿਆਖਿਆ ਭਾਸਕਰ ਦੁਆਰਾ ਕੀਤੀ ਗਈ ਸੀ।[15]

1. ਵੈਸ਼ਨਵਵਾਦ

ਰਾਮਾਨੁਜ ਜਿਸਨੇ ਈਸ਼ਵਰਵਾਦੀ ਸਿਧਾਂਤ ਅਨੁਸਾਰ ਬ੍ਰਹਮ ਸੂਤਰ ਦੀ ਵਿਆਖਿਆ ਕੀਤੀ ਉਸਨੇ ਆਪਣੇ ਕਾਰਜ ਨੂੰ ਵੈਦਿਕ ਸਾਹਿਤ ਅਤੇ ਭਾਗਵਤ ਗੀਤਾ ਤੇ ਆਧਾਰਿਤ ਕੀਤਾ। ਉਸ ਤੋਂ ਬਾਅਦ ਮਾਧਵਾਚਾਰੀਯਾ, ਨਿੰਬਾਰਕ, ਵੱਲਭ, ਚੇਤੰਨਯ, ਚੰਡੀਦਾਸ ਅਤੇ ਤੁਕਾਰਾਮ ਆਦਿ ਨੇ ਰਾਮਾਨੁਜ ਦੇ ਸਿਧਾਂਤ ਨੂੰ ਅੱਗੇ ਚਲਾਇਆ। ਇਹ ਸਾਰੇ ਵੈਸ਼ਨਵ (ਵਿਸ਼ਨੂੰ ਦੇ ਭਗਤ) ਸਨ।

ਆਰ.ਜੀ. ਭੰਡਾਰਕਰ ਦਾ ਖਿਆਲ ਹੈ ਕਿ ਸਿਧਾਂਤਕ ਤੌਰ ਤੇ ਵੈਸ਼ਨਵਵਾਦ ਤਕਰੀਬਨ ਪੰਜਵੀਂ ਸਦੀ ਈਸਾ-ਪੂਰਵ ਸ਼ੁਰੂ ਹੋਇਆ ਸੀ। ਪਹਿਲਾਂ ਇਹ ਈਸ਼ਵਰਵਾਦੀ ਸਿਧਾਂਤ ਦੇ ਤੌਰ ਤੇ ਸਾਹਮਣੇ ਆਇਆ ਸੀ। ਇਸਦਾ ਮੁੱਢਲਾ ਨਾਮ ਏਕਾਂਤਿਕਾ ਧਰਮ ਸੀ। ਇਹ ਇਕ-ਈਸ਼ਵਰ ਲਈ ਮਨ ਦੀ ਪੂਰੀ ਇਕਾਗਰਤਾ ਸਹਿਤ ਭਗਤੀ ਅਤੇ ਪ੍ਰੇਮ ਦਾ ਧਰਮ

---

12. ਬੈਂਜਾਮਿਨ ਵਾਕਰ, *ਦ ਹਿੰਦੂ ਵਰਲਡ*, ਜੋਰਜ ਐਲੇਨ ਐਂਡ ਅਨਵਿਨ, ਲੰਡਨ, 1968, ਪੰਨਾ. 559.
13. ਵ.ਸ. ਘਾਟੇ, *ਦ ਵੇਦਾਂਤ*, ਦ ਭੰਡਾਰਕਰ ਓਰੀਐਂਟਲ ਰਿਸਰਚ ਇਨਸਟੀਟਿਊਟ, ਪੂਨਾ, 1960, ਪੰਨਾ. 21.
14. ਰੂਬਨ, *ਉਹੀ* ਪੰਨਾ. 69.
15. *ਉਹੀ*, ਪੰਨਾ. 70.

ਸੀ। ਇਸਦੇ ਪਿਛੋਕੜ ਵਿਚ ਭਾਗਵਦ ਗੀਤਾਂ ਸੀ ਜੋ ਇਕ ਲੰਮੀ ਵਾਰਤਾ ਹੈ ਅਤੇ ਜੋ ਵਾਸੁਦੇਵ ਕ੍ਰਿਸ਼ਨ ਦੁਆਰਾ ਦਿੱਤੀ ਹੋਈ ਸਿਖਿਆ ਹੈ।[16]

ਸੰਗਠਿਤ ਰੂਪ ਵਿਚ ਵੈਸ਼ਨਵਵਾਦ ਅੱਠਵੀਂ ਸਦੀ ਤੱਕ ਚੱਲਿਆ ਜਦੋਂ ਸ਼ੰਕਰਾਚਾਰੀਯਾ ਅਤੇ ਉਸਦੇ ਅਨੁਯਾਈਆਂ ਦੁਆਰਾ ਇਕ-ਤਤਵਾਦ ਨੂੰ ਲਾਗੂ ਕੀਤਾ ਗਿਆ ਸੀ। ਇਕ ਤੱਤ ਦੇ ਫਲਸਫ਼ੇ ਨੂੰ ਭਗਤੀ ਅਤੇ ਪ੍ਰੇਮ ਭਗਤੀ ਦੀ ਭਾਵਨਾ ਦਾ ਵਿਰੋਧੀ ਧਿਰ ਮੰਨਿਆ ਗਿਆ ਸੀ। ਇਸ ਕਰਕੇ ਇਕ-ਤੱਤਵਾਦ (Monism) ਦੇ ਸਿਧਾਂਤ ਦੀ ਵਿਰੋਧਤਾ ਕਰਨ ਵਾਲਿਆਂ ਵਿਚ ਵੈਸ਼ਨਵਵਾਦ ਵੀ ਸ਼ਾਮਿਲ ਹੋਇਆ। ਅਧਿਆਤਮਿਕ ਇਕ-ਤਤਵਾਦ ਦੇ ਸਿਧਾਂਤ ਨੂੰ ਗਿਆਰਵੀਂ ਸਦੀ ਵਿਚ ਕਾਫ਼ੀ ਧੱਕਾ ਲਗਿਆ ਜਦੋਂ ਰਾਮਾਨੁਜ ਨੇ ਇਸਨੂੰ ਖਤਮ ਕਰਨ ਲਈ ਪੂਰਾ ਜ਼ੋਰ ਲਾਇਆ ਅਤੇ ਭਗਤੀ ਨੂੰ ਨਵੇਂ ਰੂਪ ਵਿਚ ਅਤੇ ਪਹਿਲਾਂ ਨਾਲੋਂ ਹੋਰ ਸ਼ਕਤੀਸ਼ਾਲੀ ਰੂਪ ਵਿਚ ਪ੍ਰਚਾਰਨ ਦੀ ਕੋਸ਼ਿਸ਼ ਕੀਤੀ।[17]

ਵੈਸ਼ਨਵਵਾਦ ਵਿਸ਼ਨੂੰ ਦੀ ਭਗਤੀ ਦੇ ਦੁਆਲੇ ਸਿਮਟਿਆ ਹੋਇਆ ਸਿਧਾਂਤ ਹੈ। ਇਸ ਅਨੁਸਾਰ ਰਾਮ ਅਤੇ ਕ੍ਰਿਸ਼ਨ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ। ਰਾਮਾਨੁਜ ਅਤੇ ਉਸਦੇ ਅਨੁਯਾਈ ਭਾਵੇਂ ਕਿਤੇ-ਕਿਤੇ ਆਪਸ ਵਿਚ ਵਿਚਾਰਕ ਮੱਤ-ਭੇਦ ਰੱਖਦੇ ਸਨ ਪਰ ਇਸ ਗੱਲ ਤੇ ਇਕ-ਮੱਤ ਸਨ ਕਿ ਕਰਮਾਂ ਦੇ ਚੱਕਰ ਅਤੇ ਜਨਮ-ਮਰਨ ਦੇ ਚੱਕਰ ਤੋਂ ਕੇਵਲ ਵਿਸ਼ਨੂੰ ਦੀ ਪ੍ਰੇਮਾ-ਭਗਤੀ ਹੀ ਬਚਾ ਸਕਦੀ ਹੈ, ਚਾਹੇ ਉਹ ਉਸਦੇ ਕਿਸੇ ਵੀ ਰੂਪ ਲਈ ਹੋਵੇ। ਮੁੱਖ ਸੁਆਲ ਜੋ ਉਹਨਾਂ ਸਾਰਿਆਂ ਨੇ ਸਾਂਝੇ ਤੌਰ ਤੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਉਹ ਸੀ ਆਤਮਾ ਅਤੇ ਪਰਮਾਤਮਾ ਦਾ ਸੰਬੰਧ। ਇਹਨਾਂ ਸਾਰੇ ਧਾਰਮਿਕ ਸੰਗਠਨਾਂ ਲਈ ਇਕ ਗੱਲ ਸਾਂਝੀ ਸੀ ਅਤੇ ਉਹ ਸੀ ਮੁੱਖ ਤੌਰ ਤੇ ਬ੍ਰਹਮ (ਪਰਮਾਤਮਾ) ਜਿਸਦੀ ਪੂਜਾ ਕਰਨੀ ਬਣਦੀ ਹੈ।

ਇਸਦੇ ਨਾਲ ਹੀ ਪ੍ਰਭੂ ਦੇ ਸਾਕਾਰ ਰੂਪ ਦੀ ਮਾਨਤਾ ਸ਼ੁਰੂ ਹੋਈ ਅਤੇ ਅਵਤਾਰਵਾਦ ਦਾ ਸਿਧਾਂਤ ਸਾਹਮਣੇ ਆਇਆ। ਇਹ ਆਮ ਤੌਰ ਤੇ ਸਮਝਿਆ ਜਾਂਦਾ ਹੈ ਕਿ ਉਪਨਿਸ਼ਦਾਂ ਦੇ ਈਸ਼ਵਰਵਾਦ ਨੂੰ ਭਗਵਦ ਗੀਤਾ ਦੇ ਨਾਲ ਮਿਲਾ ਕੇ ਜੋ ਨਿਯਮਬੱਧ ਤਰੀਕੇ ਨਾਲ ਵਿਆਖਿਆ ਹੋਈ ਉਸਨੂੰ ਵੈਸ਼ਨਵਵਾਦ ਕਿਹਾ ਜਾਂਦਾ ਹੈ।[18] ਇਸ ਸਿਧਾਂਤ ਅਨੁਸਾਰ ਰਾਮ ਅਤੇ ਕ੍ਰਿਸ਼ਨ ਨੂੰ ਵਿਸ਼ਨੂੰ ਦੇ ਅਵਤਾਰ ਮੰਨ ਕੇ ਪੂਜਾ ਕੀਤੀ ਜਾਂਦੀ ਹੈ। ਵੈਸ਼ਨਵਾਂ ਨੇ ਵਿਸ਼ਨੂੰ ਨੂੰ ਸਭ ਤੋਂ ਵੱਡੇ ਦੇਵਤੇ ਦਾ ਦਰਜਾ ਦੇ ਕੇ ਉਸਦੀ ਭਗਤੀ ਕੀਤੀ। ਭਾਵੇਂ ਵੈਸ਼ਨਵਵਾਦ ਦਾ ਸਿਧਾਂਤ ਈਸ਼ਵਰਵਾਦੀ ਹੋਣ ਦੇ ਨਾਲ-ਨਾਲ ਇਕ ਈਸ਼ਵਰਵਾਦੀ ਸਿਧਾਂਤ ਪ੍ਰਤੀਤ ਹੁੰਦਾ ਹੈ ਕਿਉਂਕਿ ਵਿਸ਼ਨੂੰ ਦੀ ਪਰਮ-ਆਤਮਾ ਦੇ ਸਾਰੇ ਗੁਣਾਂ ਸਹਿਤ ਵਿਆਖਿਆ ਕੀਤੀ ਗਈ ਹੈ, ਪਰ ਇਸ ਵਿਚਾਰ ਪ੍ਰਣਾਲੀ ਨੇ ਆਪਣੇ ਆਪ ਨੂੰ ਵੇਦਾਂ ਦੇ ਬਹੁਦੇਵਵਾਦੀ ਧਰਮ ਤੋਂ

16. ਆਰ.ਜੀ. ਭੰਡਾਰਕਰ, *ਵੈਸ਼ਨਵਿਸਮ ਸ਼ੈਵਿਸਮ*, ਇੰਡੋਲੋਜੀਕਲ ਬੁਕ ਹਾਊਸ, ਵਾਰਾਨਸੀ, 1965, ਪੰਨਾ 21.
17. *ਉਹੀ*
18. ਏ.ਸੀ. ਬੈਨਰਜੀ, *ਗੁਰੂ ਨਾਨਕ ਐਂਡ ਹਿਜ਼ ਟਾਈਮਜ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971, ਪੰਨਾ 39.

ਨਿਖੇੜਿਆ ਨਹੀਂ ਸੀ।

ਅੱਗੇ ਚੱਲ ਕੇ ਉਸੇ ਪ੍ਰੰਪਰਾ ਵਿਚ ਦੋ ਹੋਰ ਪ੍ਰਮੁੱਖ ਦੇਵਤੇ (ਸ਼ਿਵ ਅਤੇ ਬ੍ਰਹਮਾ) ਦੀ ਮੌਜੂਦਗੀ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ। ਇਸ ਕਰਕੇ ਮੈਕਸਮੂਲਰ ਦੇ ਸ਼ਬਦਾਂ ਵਿਚ ਇਕਦੇਵਵਾਦ (Henotheasm) ਜ਼ਿਆਦਾ ਢੁਕਵਾਂ ਸ਼ਬਦ ਹੈ ਨਾ ਕਿ ਇਕਈਸ਼ਵਰਵਾਦ। Henotheasm ਤੋਂ ਭਾਵ ਹੈ ਕਿ ਇਕ ਦੇਵਤਾ ਬਾਕੀ ਦੇਵਤਿਆਂ ਦੀ ਮੌਜੂਦਗੀ ਸਮੇਤ ਜਾਂ ਬਾਕੀ ਸਾਰਿਆਂ ਨਾਲੋਂ ਸਰਵਉਚ ਤਾਂ ਮੰਨਿਆ ਜਾਂਦਾ ਹੈ ਪਰ ਬਾਕੀਆਂ ਦੀ ਮੌਜੂਦਗੀ ਵੀ ਬਰਕਰਾਰ ਰਹਿੰਦੀ ਹੈ।

2. ਸ਼ੈਵਵਾਦ

ਬ੍ਰਹਮ ਸੂਤਰ ਦੀ ਦੂਸਰੀ ਕਿਸਮ ਦੀ ਈਸ਼ਵਰਵਾਦੀ ਵਿਆਖਿਆ ਸ਼ਿਵ ਨੂੰ ਆਧਾਰ ਬਣਾ ਕੇ ਕੀਤੀ ਗਈ। ਇਸ ਸਿਧਾਂਤ ਨੂੰ ਮੰਨਣ ਵਾਲਿਆਂ ਦਾ ਵਿਚਾਰ ਸੀ ਕਿ ਸ਼ਿਵ ਵੈਦਿਕ ਦੇਵਤਾ ਰੁਦਰ ਹੈ।[19] ਬ੍ਰਹਮ-ਸੂਤਰ ਦੇ ਗੈਰ-ਵੈਸ਼ਨਵਵਾਦੀ ਵਿਆਖਿਆਕਾਰਾਂ ਵਿਚੋਂ ਸ਼੍ਰੀਕੰਠ ਨੇ ਮੰਨਿਆ ਕਿ ਸ਼ਿਵ ਬ੍ਰਹਮ ਜਾਂ ਈਸ਼ਵਰ ਹੀ ਹੈ ਅਤੇ ਉਹੀ ਸੰਸਾਰ ਦਾ ਕਾਰਨ ਅਤੇ ਕਰਤਾ ਹੈ। ਸ਼ੁਰੂ-ਸ਼ੁਰੂ ਵਿਚ ਵੈਸ਼ਨਵਵਾਦ ਦੀ ਇਕੋ-ਇਕ ਵਿਰੋਧੀ ਧਿਰ ਸੀ ਅਤੇ ਉਹ ਸ਼ੈਵਵਾਦ ਸੀ ਜੋ ਕਿ ਅੱਜ ਵੀ ਦੱਖਣ ਭਾਰਤ ਵਿਚ ਬਹੁਤ ਸ਼ਕਤੀਸ਼ਾਲੀ ਵਿਚਾਰਧਾਰਾ ਹੈ। ਜੋ ਸ਼ੈਵ ਸਿਧਾਂਤ ਨਾਮ ਤੇ ਇਕ ਵੱਖਰੀ ਕਿਸਮ ਦੀ ਵਿਚਾਰਧਾਰਾ ਵਜੋਂ ਵਿਕਸਿਤ ਕੀਤੀ ਗਈ। ਇਹ ਤਕਰੀਬਨ ਗਿਆਰਵੀਂ ਸਦੀ ਈਸਵੀ ਵਿਚ ਵਿਕਸਿਤ ਹੋਈ।[20] ਇਹ ਆਮ ਮੰਨਿਆ ਜਾਂਦਾ ਹੈ ਕਿ ਈਸ਼ਵਰਵਾਦੀ ਸਿਧਾਂਤ ਵਿਚ ਸ਼ੈਵਵਾਦੀਆਂ ਨੇ ਇਕ ਖਾਸ ਕਿਸਮ ਦੀ ਸ਼ੁਰੂਆਤ ਉਸ ਸਮੇਂ ਕੀਤੀ ਜਦੋਂ ਉਹਨਾਂ ਨੇ ਦੇਵਤਾ ਦੀ ਥਾਂ ਤੇ ਸਰਵ-ਉੱਚ ਸ਼ਕਤੀ ਸ਼ਿਵ ਨੂੰ ਮੰਨਿਆ। ਇਹ ਵਿਚਾਰ ਉਭੱਰ ਕੇ ਸ਼ਵੇਤਸ਼ਵਤਾਰਾ ਉਪਨਿਸ਼ਦ ਵਿਚ ਸਾਹਮਣੇ ਆਇਆ ਜਦੋਂ ਰੁਦਰ ਸ਼ਿਵ ਨੂੰ ਇਸ ਸੰਸਾਰ ਤੋਂ ਅਪਰੰਪਾਰ ਮੰਨਿਆ ਗਿਆ।[21] ਬਾਅਦ ਵਿਚ 13ਵੀਂ ਸਦੀ ਦੇ ਦੌਰਾਨ ਤਾਮਿਲ ਬੋਲੇ ਜਾਂਦੇ ਇਲਾਕਿਆਂ ਵਿਚ ਇਹ ਵਿਚਾਰਧਾਰਾ ਪ੍ਰਤੱਖ ਰੂਪ ਵਿੱਚ ਉਭਰ ਕੇ ਸਾਹਮਣੇ ਆਈ। ਐਮ.ਪੀ. ਕਰਿਸਟਾਨੰਦ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਕਹਿੰਦੇ ਹਨ ਕਿ ਜੇ ਭਾਰਤ ਵਿਚ ਕਦੇ ਵੀ ਕੋਈ ਈਸ਼ਵਰਵਾਦੀ ਸਿਧਾਂਤ ਵਿਕਸਿਤ ਹੋਇਆ ਹੈ ਤਾਂ ਉਹ ਸ਼ੈਵ ਸਿਧਾਂਤ ਹੈ ਜੋ ਈਸ਼ਵਰਵਾਦੀ ਵਿਚਾਰਧਾਰਾ ਦਾ ਸਰਬੋਤਮ ਰੂਪ ਹੈ। ਸ਼ਿਵ ਦਾ ਰੂਪ ਅਪਰੰਪਾਰ ਹੈ, ਸੰਸਾਰ ਤੋਂ ਨਿਰਾਲਾ ਹੈ ਪਰ ਕਲਿਆਣਕਾਰੀ ਹੈ। ਇਸਦੇ ਉਲਟ ਵਿਸ਼ਨੂੰ ਦੀ ਬਾਹਰੀ ਦਿੱਖ ਅਤੇ ਖਿੱਚ ਭਰਪੂਰ ਰੂਪ ਦਾ ਪ੍ਰਭਾਵ ਸ਼ਿਵ ਦੇ ਪ੍ਰਭਾਵ ਜਿੰਨਾ ਨਹੀਂ ਹੈ। ਵਿਸ਼ਨੂੰ ਨੂੰ ਆਮ ਤੌਰ ਤੇ ਮਨੁੱਖ ਦੇ ਨੇੜੇ ਮੰਨ ਲਿਆ ਜਾਂਦਾ ਹੈ ਜੋ ਮਨੁੱਖਾਂ ਵਾਂਗ ਜਨਮ ਧਾਰਨ ਕਰਦਾ ਹੈ।[22] ਇਸ ਵਿਚਾਰ ਤੇ ਵੀ ਇੰਝ ਲਗਦਾ ਹੈ ਕਿ ਇਹ ਸ਼ੈਵ ਸਿਧਾਂਤ ਇਕਈਸ਼ਵਰਵਾਦੀ ਸਿਧਾਂਤ ਵਜੋਂ ਪ੍ਰਸਤੁਤ ਹੋ ਰਿਹਾ ਹੈ, ਜਿਥੇ ਈਸ਼ਵਰ ਅਪਰੰਪਾਰ ਹੈ ਪੂਜਣਯੋਗ ਹੈ, ਕਰਤਾ ਹੈ ਅਤੇ ਸਾਰੀ ਸ਼੍ਰਿਸ਼ਟੀ ਦਾ ਸਰੋਤ ਹੈ। ਪਰ ਨਾਲ-ਨਾਲ ਵਿਸ਼ਨੂੰ ਵੀ ਇਹਨਾਂ ਹੀ ਗੁਣਾਂ ਸਮੇਤ

---

19. ਏ.ਏ. ਮਕਡੋਲਨ, *ਦ ਵੈਦਿਕ ਮਾਈਥੋਲੌਜੀ*, ਇੰਡੋਲੋਜੀਕਲ ਬੁਕ ਹਾਊਸ, ਵਾਰਾਨਸੀ, 1963, ਪੰਨਾ 722.
20. ਰਾਧਾਕ੍ਰਿਸ਼ਨਨ, *ਉਹੀ*, ਪੰਨਾ 722.
21. ਆਰ.ਸੀ. ਜ਼ੀਹਨਰ, *ਹਿੰਦੂਇਜ਼ਮ*, ਮੈਕਮਿਲਨ ਕੰਪਨੀ ਆਫ ਇੰਡੀਆ, ਮੇਰਠ, 1970, ਪੰਨਾ 49.

ਈਸ਼ਵਰ ਦੇ ਤੌਰ ਤੇ ਆਪਣੀ ਹੋਂਦ ਸਥਾਪਤ ਕਰਦਾ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਦੋਨੋਂ ਵਿਚਾਰਧਾਰਾਵਾਂ; ਇਕ ਜਿਹੜੀ ਸ਼ਿਵ ਨੂੰ ਪਰਮਾਤਮਾ ਮੰਨਦੀ ਹੈ ਅਤੇ ਦੂਜੀ ਜਿਹੜੀ ਵਿਸ਼ਨੂੰ ਨੂੰ ਈਸ਼ਵਰ ਮੰਨਦੀ ਹੈ, ਦੋਨਾਂ ਵਿਚ ਟਕਰਾਉ ਅਤੇ ਉਲਝਣ ਹੋਣ ਕਰਕੇ ਵੈਦਿਕ ਪਰੰਪਰਾ ਦਾ ਇਕਈਸ਼ਵਰਵਾਦੀ ਸਿਧਾਂਤ ਪੂਰੀ ਤਰ੍ਹਾਂ ਉਭਰ ਕੇ ਸਾਹਮਣੇ ਨਹੀਂ ਆਉਂਦਾ ਕਿਉਂਕਿ ਇਕਈਸ਼ਵਰਵਾਦ ਦੀ ਜਗ੍ਹਾ ਤੇ ਇਹ ਸਿਧਾਂਤ ਇਕਦੇਵਵਾਦ ਨੂੰ ਸਥਾਪਿਤ ਕਰਦਾ ਪ੍ਰਤੀਤ ਹੁੰਦਾ ਹੈ। ਕਿਉਂਕਿ ਦੋਨੋਂ ਵਿਚਾਰਧਾਰਾਵਾਂ (ਸ਼ੈਵਵਾਦ ਅਤੇ ਵੈਸ਼ਨਵਵਾਦ) ਆਪਣੇ-ਆਪਣੇ ਦੇਵਤਾਵਾਂ ਦੀ ਇਕਈਸ਼ਵਰਵਾਦੀ ਪਰਮਾਤਮਾ ਦੇ ਤੌਰ ਤੇ ਵਿਆਖਿਆ ਕਰਨ ਦੀ ਕੋਸ਼ਿਸ਼ ਕਰਦੇ ਹਨ।

ਦੱਖਣੀ ਭਾਰਤ ਵਿਚ ਭਗਤੀ ਪਰੰਪਰਾ

ਇਸ ਵਿਚਾਰਧਾਰਾ ਦਾ ਦਾਰਸ਼ਨਿਕ ਆਧਾਰ ਰਾਮਾਨੁਜ ਅਤੇ ਸ਼੍ਰੀਕੰਠ ਦੁਆਰਾ ਰੱਖਿਆ ਗਿਆ ਸੀ। ਪਰ ਦੱਖਣੀ ਭਾਰਤ ਵਿਚ ਉਸ ਪਰੰਪਰਾ ਦਾ ਵਿਕਾਸ ਇਕ ਵੱਖਰੀ ਤਰ੍ਹਾਂ ਦੀ ਭਗਤੀ ਪਰੰਪਰਾ ਵਜੋਂ ਆਰੰਭ ਹੋਇਆ। ਉਹ ਆਲਵਰ ਅਤੇ ਨਾਈਨਾਰ ਦੀ ਪ੍ਰੇਮਾ ਭਗਤੀ ਭਾਵਨਾ ਦਾ ਨਤੀਜਾ ਸੀ, ਜੋ ਕਿ 7ਵੀਂ ਅਤੇ 11ਵੀਂ ਸਦੀ ਦੇ ਵਿਚਕਾਰ ਫ਼ੈਲਿਆ ਅਤੇ ਜਿਹਨਾਂ ਨੇ ਆਪਣੀ ਵਿਚਾਰਧਾਰਾ ਨੂੰ ਪੁਰਾਤਨ ਧਰਮ-ਗ੍ਰੰਥਾਂ ਅਤੇ ਧਰਮ-ਕਥਾਵਾਂ ਤੇ ਆਧਾਰਿਤ ਕੀਤਾ।

ਇਹ ਲੋਕ ਉਸ ਜਨ-ਸਮੂਹ ਚੋਂ ਆਏ ਸਨ ਜੋ ਉਪਨਿਸ਼ਦਾਂ ਦੀ ਈਸ਼ਵਰਵਾਦੀ ਵਿਆਖਿਆ ਤੋਂ ਪ੍ਰਭਾਵਿਤ ਨਹੀਂ ਹੋਏ ਸਨ। ਪਰ ਉਹਨਾਂ ਦਾ ਪਰਮਾਤਮਾ ਪ੍ਰਤੀ ਵਿਅਕਤੀਗਤ ਰਵੱਈਆ ਅਤੇ ਭਗਤੀ ਬਹੁਤ ਹੀ ਗਹਿਰੀ ਅਤੇ ਬਹੁਤ ਸ਼ਰਧਾਭਰਪੂਰ ਸੀ। ਐਮ.ਪੀ. ਕ੍ਰਿਸਟਾਨੰਦ ਅੱਗੇ ਲਿਖਦੇ ਹਨ ਕਿ ਵੈਦਿਕ ਕਾਲ ਦੇ ਆਰੰਭ ਹੋਣ ਤੋਂ ਬਾਅਦ ਪਹਿਲੀ ਵਾਰ ਆਲਵਰਾਂ ਵਿਚੋਂ ਨਾਮਆਲਵਰ ਨਾਮੀ ਇਕ ਵਿਅਕਤੀ ਨੇ ਖੁੱਲ ਕੇ ਕਿਹਾ ਕਿ ਮਨੁੱਖ ਦਾ ਅੰਤਿਮ ਉਦੇਸ਼ ਮੁਕਤੀ ਨਹੀਂ ਹੈ। ਉਸ ਲਈ ਯੋਗ ਦੀਆਂ ਪ੍ਰੇਮ ਰਹਿਤ ਵਿਧੀਆਂ ਦਾ ਕੋਈ ਮਹੱਤਵ ਨਹੀਂ ਸੀ। 10ਵੀਂ ਸਦੀ ਤੋਂ ਬਾਅਦ ਜੇਕਰ ਹਿੰਦੂ ਧਰਮ ਵਿਚ ਬਹੁਤ ਵਿਸ਼ਾਲ ਤੌਰ ਤੇ ਕੋਈ ਚੀਜ਼ ਵਿਅਕਤ ਹੋਈ ਹੈ ਜਾਂ ਹਿੰਦੂ ਧਰਮ ਨੇ ਆਪਣੇ ਆਪ ਨੂੰ ਵਿਅਕਤ ਕੀਤਾ ਹੈ ਤਾਂ ਉਹ ਭਗਤੀ ਦੇ ਤਰੀਕੇ ਵਿਚ ਕੀਤਾ ਹੈ।[23] ਅਸਲ ਵਿਚ ਦੱਖਣੀ ਭਾਰਤ ਵਿਚ ਆਲਵਰਾਂ ਨੇ ਭਗਤੀ ਦਾ ਆਰੰਭ ਕੀਤਾ ਸੀ। ਇਥੋਂ ਤਕ ਕਿ ਨਾਈਨਾਰ ਨਾਮੀ ਇਕ ਗੀਤਕਾਰ ਲਿਖਦਾ ਹੈ ਕਿ ਸ਼ਿਵ ਦੇਵਤਿਆਂ ਦਾ ਰਾਜਾ ਹੈ, ਉਹ ਮਹਾਨ ਦੇਵਤਾ ਹੈ ਉਹ ਕਹਿੰਦਾ ਹੈ ਕਿ ਸ਼ਿਵ, ਵਿਸ਼ਨੂੰ ਵਿਚ, ਬ੍ਰਹਮਾ ਵਿਚ, ਅੱਗ ਵਿਚ ਅਤੇ ਹਵਾ ਵਿਚ ਹੈ। ਉਹ ਮਹਾਨ ਸਾਗਰ ਵਿਚ ਅਤੇ ਪਹਾੜਾਂ ਵਿਚ ਮੌਜੂਦ ਹੈ।[24]

---

22. ਐਮ.ਪੀ ਕ੍ਰਿਸਟਾਨੰਦ, *ਦ ਫਿਲਾਸਫੀ ਆਫ ਇੰਡੀਅਨ ਮੋਨੋਥੀਇਜ਼ਮ*, ਮੈਕਮਿਲਨ ਕੰਪਨੀ ਆਫ ਇੰਡੀਆ, ਮੇਰਠ, 1979, ਪੰਨਾ 65.
23. *ਉਹੀ*, ਪੰਨਾ 67.
24. ਏ.ਸੀ.ਬੈਨਰਜੀ, *ਉਹੀ*, ਪੰਨਾ 34.

ਨਾਥ ਜੋਗੀ ਪਰੰਪਰਾ

ਮੁੱਢਲੇ ਮੱਧਕਾਲੀਨ ਸਮੇਂ ਵਿਚ ਸ਼ੈਵ ਸਿਧਾਂਤ ਬਾਰੇ ਬਹੁਤ ਸਾਰੇ ਦਾਰਸ਼ਨਿਕ ਵਿਚਾਰ ਵਿਕਸਿਤ ਹੋਏ। ਇਸੇ ਤਰ੍ਹਾਂ 16ਵੀਂ ਸਦੀ ਵਿਚ ਇਹ ਪਰੰਪਰਾ ਇੰਨੀ ਸ਼ਕਤੀਸ਼ਾਲੀ ਹੋ ਗਈ ਕਿ ਇਸ ਵਿਚੋਂ ਕਈ ਸ਼ਾਖਾਵਾਂ ਵਿਕਸਿਤ ਹੋਈਆਂ। ਉਹਨਾਂ ਵਿਚੋਂ ਇਕ ਨਾਥ-ਜੋਗੀ ਪਰੰਪਰਾ ਸੀ।[25] ਇਥੋਂ ਤੱਕ ਕਿ ਇਹ ਵੀ ਜ਼ਿਆਦਾ ਸਹੀ ਲੱਗਦਾ ਹੈ, ਜਿਵੇਂ ਕਿ ਸ਼ੇਰ ਸਿੰਘ ਨੇ ਕਿਹਾ ਹੈ ਕਿ ਭਾਰਤ ਵਿਚ ਧਾਰਮਿਕ ਉਨਤੀ ਦੇ ਇਕ ਸਤਰ ਤੇ ਸ਼ੈਵਵਾਦ ਅਤੇ ਬੁੱਧ ਧਰਮ ਦੋਨਾਂ ਨੇ ਮਿਲਕੇ ਇਕ ਨਵਾਂ ਧਾਰਮਿਕ ਸੰਗਠਨ ਬਣਾਇਆ ਜੋ ਯੋਗੀਆਂ ਦਾ ਸੰਗਠਨ ਸੀ।[26] ਬੇਸ਼ੱਕ ਆਮ ਤੌਰ ਤੇ ਸ਼ਬਦ ਯੋਗ ਤੋਂ ਭਾਵ ਲਿਆ ਜਾਂਦਾ ਹੈ ਕਿ ਇਹ ਇਕ ਸਨਿਆਸੀ ਤਕਨੀਕ ਹੈ ਅਤੇ ਕੋਈ ਵੀ ਤਰੀਕਾ ਜੋ ਸਮਾਧੀ ਦਾ ਚੁਣਿਆ ਜਾਵੇ ਉਸ ਦਾ ਸੰਬੰਧ ਨਾਥ ਜੋਗੀ ਪਰੰਪਰਾ ਨਾਲ ਹੀ ਹੁੰਦਾ ਹੈ। ਹਰੀਦਾਸ ਭਟਾਚਾਰਯ ਲਿਖਦੇ ਹਨ ਕਿ ਸਾਧੂਆਂ ਜਾਂ ਸੰਨਿਆਸੀਆਂ ਦਾ ਇਕ ਸੰਗਠਨ ਜਿਸਨੂੰ ਕੰਨ ਫਟੇ ਜੋਗੀ ਕਿਹਾ ਜਾਂਦਾ ਸੀ, ਜੋ ਹਠਯੋਗ ਦਾ ਪ੍ਰਚਾਰ ਕਰਦੇ ਸਨ ਅਤੇ ਕੰਨਾਂ ਵਿਚ ਵੱਡੀਆਂ ਮੁੰਦਰਾਂ ਪਾਉਂਦੇ ਸਨ ਉਹ ਸਾਰੇ ਉਤੱਰ, ਮੱਧ ਅਤੇ ਪੱਛਮੀ ਭਾਰਤ ਵਿਚ ਫੈਲੇ ਹੋਏ ਸਨ। ਇਸ ਨੂੰ ਨਾਥ ਪਰੰਪਰਾ ਵੀ ਕਿਹਾ ਜਾਂਦਾ ਹੈ, ਕਿਉਂਕਿ ਇਸ ਸੰਪਰਦਾਏ ਵਿਚ ਜਿੰਨੇ ਵੀ ਧਾਰਮਿਕ ਆਗੂ ਹੁੰਦੇ ਸਨ ਉਹਨਾਂ ਦਾ ਨਾਮ ਨਾਥ ਨਾਲ ਖ਼ਤਮ ਹੁੰਦਾ ਸੀ ਜਿਸ ਦਾ ਭਾਵ ਸੀ ਮਾਲਕ।[27]

ਇਕ ਪਰੰਪਰਾ ਅਨੁਸਾਰ ਜੋਗੀ ਸੰਪਰਦਾਏ ਦੇ ਆਰੰਭ ਹੋਣ ਦਾ ਸਰੋਤ ਹੈ ਆਦਿ-ਨਾਥ। ਯੋਗ ਸਿਧਾਂਤ ਕਿਸੇ ਤਰ੍ਹਾਂ ਆਦਿ-ਨਾਥ ਤੋਂ ਮਤਸਇੰਦਰ ਨਾਥ ਨੂੰ ਪ੍ਰਦਾਨ ਕੀਤਾ ਗਿਆ ਸੀ। ਆਦਿ ਨਾਥ ਨੂੰ ਸ਼ਿਵ ਦਾ ਅਵਤਾਰ ਮੰਨਿਆ ਜਾਂਦਾ ਹੈ। ਇਸ ਕਰਕੇ ਇਹ ਮੰਨ ਲਿਆ ਜਾਂਦਾ ਹੈ ਕਿ ਇਸ ਪਰੰਪਰਾ ਦਾ ਮੋਢੀ ਖੁਦ ਪਰਮਾਤਮਾ ਆਪ ਹੈ।[28] ਇਹ ਗੋਰਖ ਪੰਥੀਆਂ ਦਾ ਵਿਚਾਰ ਹੈ, ਇਸੇ ਕਰਕੇ ਇਸ ਨੂੰ ਗੋਰਖ ਪੰਥੀ ਪਰੰਪਰਾ ਵੀ ਕਿਹਾ ਜਾਂਦਾ ਹੈ। ਜਿਵੇਂ ਕਿ ਸਾਨੂੰ ਹਠਯੋਗ- ਪ੍ਰਾਦੀਪਿਕਾ, ਗੋਰਖ ਕੀ ਗੋਸ਼ਟੀ ਅਤੇ ਗੋਰਖਬੋਧ ਆਦਿ ਗ੍ਰੰਥਾਂ ਤੋਂ ਪਤਾ ਚਲਦਾ ਹੈ ਕਿ ਇਹ ਪਰੰਪਰਾ ਗੋਰਖਨਾਥ ਨੇ ਸਥਾਪਿਤ ਕੀਤੀ ਸੀ। ਉਹਨਾਂ ਅਨੁਸਾਰ ਸ਼ਿਵ ਸਰਵ-ਉੱਚ ਸ਼ਕਤੀ ਹੈ। ਉਹਨਾਂ ਦਾ ਮੰਨਣਾ ਹੈ ਕਿ ਇਹ ਸੰਸਾਰ ਦੁੱਖਾਂ ਦਾ ਭਰਿਆ ਹੋਇਆ ਹੈ ਅਤੇ ਸੰਸਾਰੀ ਹੋਂਦ ਤੋਂ ਛੁਟਕਾਰਾ ਪ੍ਰਾਪਤ ਕਰਨਾ ਹੀ ਮਨੁੱਖ ਦਾ ਅੰਤਿਮ ਉਦੇਸ਼ ਹੈ ਜੋ ਕਿ ਸ਼ਿਵ ਨਾਲ ਮਿਲਾਪ ਕਰਕੇ ਹੀ ਪ੍ਰਾਪਤ ਹੋ ਸਕਦਾ ਹੈ। ਇਸ ਲਈ ਹਠ-ਯੋਗ ਦੀ ਪ੍ਰਕਿਰਿਆ ਹੀ ਇਕ ਮਾਤਰ-ਤਰੀਕਾ ਹੈ।[29]

---

25. ਡਬਲਿਊ. ਜੀ. ਬਰਿੱਗਜ਼, *ਗੋਰਖਨਾਥ ਐਂਡ ਕਾਨਫਟਾ ਯੋਗੀਜ਼*, ਮੋਤੀਲਾਲ ਬਨਾਰਸੀਦਾਸ, ਦਿੱਲੀ, 1973, ਪੰਨਾ 9-10.
26. ਸ਼ੇਰ ਸਿੰਘ, *ਫਿਲਾਸਫੀ ਆਫ ਸਿਖਿਜ਼ਮ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969, ਪੰਨਾ 123.
27. ਹਰੀਦਾਸ ਭਟਾਚਾਰੀਯ (ਐਡੀ), *ਉਹੀ*, ਵਾਲਿਯੂਮ 4, ਪੰਨਾ 280
28. ਮਰਸ਼ੀਆ ਇਲਿਆਡੇ, ਯੋਗਾ ਇਮੋਰਟੈਲਿਟੀ ਐਂਡ ਫ੍ਰੀਡਮ, ਰੌਂਟਲੈਜ ਐਂਡ ਕੇਗਨ ਪਾਲ, ਲੰਡਨ, 1958, ਪੰਨਾ 308.
29. ਸ਼ੇਰ ਸਿੰਘ, *ਉਹੀ*, ਪੰਨਾ 125.

ਸ਼ਸ਼ੀਭੂਸ਼ਣ ਦਾਸ ਗੁਪਤਾ ਦੇ ਸ਼ਬਦਾਂ ਵਿਚ ਹਠ-ਯੋਗ ਸਰੀਰ ਦੇ ਪ੍ਰਬੰਧ ਨੂੰ ਨਿਯਮਬੱਧ ਕਰਨ ਤੋਂ ਸ਼ੁਰੂ ਹੁੰਦਾ ਹੈ। ਇਹ ਨਿਯਮ ਮਨੁੱਖ ਦੇ ਮਾਨਸਿਕ ਸਤਰ ਨੂੰ ਵੀ ਨਿਯਮਬੱਧ ਕਰਦਾ ਹੈ ਜੋ ਕਿ ਉਸ ਨੂੰ ਸ਼ਕਤੀ ਦੀ ਅਵਸਥਾ ਤਕ ਪਹੁੰਚਾਉਣ ਵਿਚ ਸਹਾਈ ਹੁੰਦਾ ਹੈ। ਮੁਕਤੀ ਦੀ ਇਸ ਅੰਤਿਮ ਸਥਿਤੀ ਵਿਚ ਪੁਰਸ਼ ਜਾਂ ਸਾਧਕ ਆਪਣੇ ਸ਼ੁੱਧ-ਤਤ ਸਰੂਪ ਵਿਚ ਸਥਿੱਤ ਹੋ ਜਾਂਦਾ ਹੈ। ਹੱਠ ਯੋਗ ਦੁਆਰਾ ਇਹ ਵੀ ਮੰਨਿਆ ਜਾਂਦਾ ਹੈ ਕਿ ਯੋਗ ਦਾ ਇਹ ਅੰਤਿਮ ਉਦੇਸ਼ ਮਨੁੱਖੀ ਮਨ ਦਾ ਅੰਤਿਮ ਪੜਾਅ ਹੈ।[30]

ਇਸਲਾਮ

ਭਾਰਤੀ ਮੂਲ ਦੀਆਂ ਵਿਚਾਰਧਾਰਾਵਾਂ ਦੇ ਨਾਲ-ਨਾਲ ਅਸੀਂ ਵਿਦੇਸ਼ੀ ਮੂਲ ਦੀਆਂ ਵਿਚਾਰਧਾਰਾਵਾਂ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ, ਖਾਸ ਕਰਕੇ ਇਸਲਾਮ ਨੂੰ। ਇਹ ਧਰਮ ਪੈਗੰਬਰ ਮੁਹੰਮਦ ਦੀ ਅਗਵਾਈ ਅਧੀਨ ਅਰਬ ਵਿਚ ਆਰੰਭ ਹੋਇਆ ਅਤੇ ਭਾਰਤ ਵਿਚ ਉੱਤਰ-ਪੱਛਮੀ ਸੂਬੇ ਪੰਜਾਬ ਰਾਹੀਂ ਪ੍ਰਵੇਸ਼ ਕੀਤਾ। ਡਾ. ਜੇ.ਐਸ. ਗਰੇਵਾਲ ਦੱਸਦੇ ਹਨ ਕਿ ਮੁਹੰਮਦ ਗ਼ਜਨਵੀ ਦੁਆਰਾ ਕਬਜ਼ਾ ਜਮਾਉਣ ਤੋਂ ਬਾਅਦ ਪੰਜਾਬ ਕੁਝ ਸਮੇਂ ਲਈ ਮਹਿਮੂਦ ਦੇ ਪੈਰੋਕਾਰਾਂ ਦਾ ਟਿਕਾਣਾ ਬਣ ਗਿਆ ਸੀ ਅਤੇ ਹੌਲੀ ਹੌਲੀ ਤਕਰੀਬਨ 500 ਸਾਲ ਬਾਅਦ ਬਹੁਤ ਸਾਰੇ ਮੁਸਲਮਾਨ ਸਿਪਾਹੀ, ਅਹੁਦੇਦਾਰ, ਵਪਾਰੀ, ਵਿਦਵਾਨ, ਲਿਖਾਰੀ ਅਤੇ ਧਾਰਮਿਕ ਰੁਚੀਆਂ ਵਾਲੇ ਲੋਕਾਂ ਨੇ ਪੰਜਾਬ ਨੂੰ ਹੀ ਆਪਣੇ ਘਰ ਵਜੋਂ ਅਪਨਾਇਆ। 15ਵੀਂ ਸਦੀ ਤਕ ਪੰਜਾਬ ਵਿਚ ਦੋ ਤਰ੍ਹਾਂ ਦੇ ਧਾਰਮਿਕ ਲੋਕ ਰਿਹਾ ਕਰਦੇ ਸਨ ਜਿਹਨਾਂ ਵਿਚੋਂ ਇਕ ਹਿੰਦੂ ਸਨ ਅਤੇ ਦੂਸਰੇ ਮੁਸਲਮਾਨ।[31] 16ਵੀਂ ਸਦੀ ਦੇ ਸ਼ੁਰੂ ਹੋਣ ਨਾਲ ਮੁਸਲਮਾਨ ਧਾਰਮਿਕ ਆਗੂ ਦੋ ਹਿੱਸਿਆਂ ਵਿਚ ਵੰਡੇ ਗਏ। ਇਕ ਜਨਸਮੂਹ ਉਹ ਸੀ ਜਿਹਨਾਂ ਦਾ ਸੰਬੰਧ ਰਾਜਨੀਤਕ ਤਾਕਤ ਨਾਲ ਸੀ; ਜਿਵੇਂ ਉੱਲਮਾ, ਕਾਜ਼ੀ, ਮੁਫ਼ਤੀ ਆਦਿ। ਦੂਸਰਾ ਹਿੱਸਾ ਉਹ ਸੀ ਜਿਹਨਾਂ ਦਾ ਰਾਜਨੀਤਕ ਤਾਕਤ ਨਾਲ ਕੋਈ ਸਰੋਕਾਰ ਨਹੀਂ ਸੀ ਜਿਵੇਂ ਪੀਰ, ਕਲੰਦਰ, ਦਰਵੇਸ਼ ਅਤੇ ਸੂਫ਼ੀ। ਭਾਰਤ ਵਿਚ ਇਸਲਾਮ ਦੇ ਦੈਵੀ ਸਿਧਾਂਤ ਦੀ ਪ੍ਰਤੀਨਿਧਤਾ ਸੂਫ਼ੀਆਂ ਰਾਹੀਂ ਹੀ ਹੋਈ। ਸੂਫ਼ੀ ਫ਼ਕੀਰ ਤਪੱਸਵੀ ਸਾਧੂ ਸਨ ਜੋ ਉੱਨ ਦੇ ਕਪੜੇ ਪਾਉਂਦੇ ਅਤੇ ਇਕ ਅਲੱਾਹ ਦੀ ਭਗਤੀ ਕਰਦੇ ਸਨ। ਆਰ.ਏ. ਨਿਕਲਸਨ ਅਨੁਸਾਰ ਸੂਫ਼ੀਵਾਦ ਕੁਰਾਨ ਵਿਚ ਸਥਿਤ ਅਧਿਆਤਮਿਕ ਗਿਆਨ ਤੋਂ ਪ੍ਰਭਾਵਿਤ ਹੋ ਕੇ ਆਰੰਭ ਹੋਇਆ।[32] ਤਰੀਕਾ ਜਾਂ ਅਧਿਆਤਮਿਕ ਰਾਹ ਜਿਸ ਨੂੰ ਤਸੱਵੁਫ਼ ਜਾਂ ਸੂਫ਼ੀਵਾਦ ਕਿਹਾ ਗਿਆ ਹੈ ਉਹ ਇਸਲਾਮ ਧਰਮ ਦੀ ਅੰਦਰੂਨੀ ਭਗਤੀਭਾਵ ਵਾਲੀ ਚੇਤਨਾ ਹੈ ਜੋ ਕੁਰਾਨ ਅਤੇ ਪੈਗੰਬਰ ਦੀਆਂ ਹਦਾਇਤਾਂ ਤੇ ਆਧਾਰਿਤ ਹੈ। ਸੂਫ਼ੀਵਾਦ ਦੇ ਸਿਧਾਂਤਕ ਰੂਪ ਨੂੰ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ ਕਿ:-

---

30. ਸ਼ਸ਼ੀ ਭੂਸ਼ਨ ਦਾਸ ਗੁਪਤਾ, *ਉਬਸਕਿਉਰ ਰਿਲਿਜ਼ਿਅਸ ਕਲਟਸ*, ਫਰਮਾ ਕੇ.ਐਲ.ਮੁਖੋਪਾਧਿਆਇ, ਕਲਕੱਤਾ, 1962, ਪੰਨਾ 219.
31. ਜੇ.ਐਸ. ਗਰੇਵਾਲ, *ਗੁਰੂ ਨਾਨਕ ਇਨ ਹਿਸਟਰੀ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969, ਪੰਨਾ 31.
32. ਆਰ.ਏ. ਨਿਕਲਸਨ, *ਦ ਮਿਸਟਿਕਸ ਆਫ ਇਸਲਾਮ*, ਕੈਂਬ੍ਰਿਜ ਯੂਨੀਵਰਸਿਟੀ ਪ੍ਰੈਸ, ਲੰਡਨ, ਪੰਨਾ 19-20.

1. ਪਰਮਾਤਮਾ ਜਾਂ ਅੱਲਾਹ ਇਕੋ ਇਕ ਸਚਾਈ ਹੈ, ਕੇਵਲ ਉਹ ਹੀ ਸੱਚ ਹੈ, ਸਾਰੀ ਸ੍ਰਿਸ਼ਟੀ ਜਾਂ ਸਾਰੇ ਲੋਕ ਉਸੇ ਦੀ ਤਾਤਵਿਕ ਹੋਂਦ ਤੋਂ ਜਾਂ ਉਸਦੇ ਤਤ ਸਰੂਪ ਵਿਚੋਂ ਪੈਦਾ ਹੋਏ ਹਨ, ਜੋ ਵੀ ਸੰਸਾਰ ਵਿਚ ਹੈ-ਚੰਗਾ ਜਾਂ ਬੁਰਾ ਉਸ ਦਾ ਅਸਲੀ ਕਰਤਾ ਉਹ ਪਰਮਾਤਮਾ ਹੀ ਹੈ। ਇਸ ਕਰਕੇ ਕੇਵਲ ਉਹੀ ਇਕ ਮਾਤਰ ਨਿਸ਼ਕਾਮ ਪ੍ਰੇਮ ਅਤੇ ਸ਼ੁੱਧ ਮਨ ਨਾਲ ਕੀਤੀ ਭਗਤੀ ਦੇ ਯੋਗ ਹੈ। ਉਸ ਦੀ ਕਿਰਪਾ ਅਤੇ ਉਸਦੇ ਹੁਕਮ ਨਾਲ ਹੀ ਕੋਈ ਉਸ ਨਾਲ ਅਧਿਆਤਮਿਕ ਇਕਸੁਰਤਾ ਪ੍ਰਾਪਤ ਕਰ ਸਕਦਾ ਹੈ। ਮਨੁੱਖੀ ਆਤਮਾ ਸਦਾ ਉਸਨੂੰ ਮਿਲਣ ਲਈ ਤੜਪਦੀ ਹੈ ਕਿਉਂਕਿ ਉਹੀ ਉਸ ਦੀ ਅੰਤਿਮ ਮੰਜ਼ਿਲ ਹੈ। ਮਨੁੱਖੀ ਆਤਮਾ ਅਧਿਆਤਮਿਕ ਅਧਿਆਪਕ (ਮੁਰਸ਼ਦ) ਦੀ ਅਗਵਾਈ ਨਾਲ ਸ਼ੁੱਧ ਹੁੰਦੀ ਹੈ ਅਤੇ ਨਾਲ ਹੀ ਉਹ ਮੁਰਸ਼ਦ ਦੀ ਅਗਵਾਈ ਵਿਚ ਕੀਤੇ ਹੋਏ ਸਿਮਰਨ ਨਾਲ ਆਪਣੀ ਮੰਜ਼ਿਲ ਪ੍ਰਾਪਤ ਕਰਦੀ ਹੈ।

ਉੱਤਰੀ ਭਾਰਤ ਦੀ ਸੰਤ ਪਰੰਪਰਾ

ਦੂਸਰੇ ਪਾਸੇ ਦੱਖਣ ਭਾਰਤ ਤੋਂ ਉੱਤਰ ਭਾਰਤ ਵਿਚ ਭਗਤੀ ਦਾ ਰਾਹ ਰਾਮਾਨੰਦ ਦੁਆਰਾ ਚਲਾਇਆ ਗਿਆ। ਇਸੇ ਕਰਕੇ ਰਾਮਾਨੰਦ ਨੂੰ ਦੱਖਣੀ ਭਾਰਤ ਅਤੇ ਉੱਤਰੀ ਭਾਰਤ ਦੀ ਭਗਤੀ ਲਹਿਰ ਦੇ ਪੁਲ ਵਾਂਗ ਜਾਣਿਆ ਜਾਂਦਾ ਹੈ। ਇਕ ਵੈਸ਼ਨਵ ਸੰਤ ਗਾਥਾ ਅਨੁਸਾਰ ਰਾਮਾਨੰਦ ਦਾ ਸੰਬੰਧ ਰਾਮਾਨੁਜ ਦੀ ਅਧਿਆਤਮਿਕ ਪਰੰਪਰਾ ਨਾਲ ਸਿੱਧਾ ਜੁੜਦਾ ਹੈ ਜੋ ਕਿ ਦੱਖਣੀ ਭਾਰਤ ਦੀ ਮਹਾਨ ਪਰੰਪਰਾ ਸ਼੍ਰੀਵੈਸ਼ਨਵ ਨਾਲ ਜੁੜਦੀ ਹੈ।[33] ਰਾਮਾਨੰਦ ਨੇ ਆਪਣੇ ਗੁਰੂ ਤੋਂ ਵੱਖਰੇ ਹੋ ਕੇ ਆਪਣਾ ਅਲੱਗ ਰਾਮਾਨੰਦੀ ਪੰਥ ਚਲਾਇਆ। ਉਸਨੇ ਰਾਮ ਦੀ ਸਭ ਤੋਂ ਸਰਵੋਤਮ ਦੇਵਤਾ ਵਜੋਂ ਪੂਜਾ ਵਿਚ ਵਿਸ਼ਵਾਸ ਨੂੰ ਲਾਗੂ ਕੀਤਾ।

ਸਾਰੇ ਭਾਰਤ ਵਿਚ ਭਗਤੀ ਲਹਿਰ ਤਕਰੀਬਨ ਇਕੋ ਤਰ੍ਹਾਂ ਨਾਲ ਅਤੇ ਲੱਗਪਗ ਇਕੋ ਤਰ੍ਹਾਂ ਦੀ ਸਮਾਜਿਕ ਅੱਧੋਗਤੀ ਦੇ ਵਿਰੋਧ ਵਿਚ ਸ਼ੁਰੂ ਹੋਈ। ਮਹਾਰਾਸ਼ਟਰ ਵਿਚ ਨਾਮਦੇਵ, ਬੰਗਾਲ ਵਿਚ ਜੇਦੈਵ, ਉੜੀਸਾ ਵਿਚ ਚੇਤੰਨਯਾ ਅਤੇ ਉੱਤਰੀ ਭਾਰਤ ਵਿਚ ਰਾਮਾਨੰਦ ਰਾਹੀਂ ਭਗਤੀ ਲਹਿਰ ਨੇ ਆਪਣਾ ਆਰੰਭ ਕੀਤਾ। ਇਹਨਾਂ ਭਗਤਾਂ ਦੀਆਂ ਸਿਖਿਆਵਾਂ ਵਿੱਚ ਰਾਮਾਨੁਜ ਦੀਆਂ ਸਿਖਿਆਵਾਂ ਵਿਚੋਂ ਭਗਤੀ ਦੇ ਦੋ ਵੱਖ-ਵੱਖ ਸਿਧਾਂਤ ਆਰੰਭ ਹੋਏ; ਇਕ ਸਰਗੁਣ ਅਤੇ ਦੂਸਰਾ ਨਿਰਗੁਣ। ਪਹਿਲੇ ਵਾਲਾ ਜ਼ਿਆਦਾ ਸੰਕੁਚਿਤ ਸਿਧਾਂਤ ਸੀ ਜਿਸ ਅਨੁਸਾਰ ਰਾਮ ਨੂੰ ਸਰਗੁਣ ਅਵਤਾਰ ਵਾਂਗ ਪੂਜਿਆ ਗਿਆ ਜਿਸ ਦੇ ਮਨੁੱਖਾਂ ਵਰਗੇ ਗੁਣ ਸਨ ਅਤੇ ਜਿਸ ਦੇ ਨਾਲ ਉਸ ਦੀ ਜੀਵਨ ਸਾਥੀ ਸੀਤਾ ਸੀ। ਇਸ ਵਿਚਾਰਧਾਰਾ ਨੂੰ ਪ੍ਰਮੁੱਖ ਤੌਰ ਤੇ ਸਾਹਮਣੇ ਲਿਆਉਣ ਵਾਲੇ ਤੁਲਸੀਦਾਸ ਸਨ ਜਿਨ੍ਹਾਂ ਨੇ ਰਾਮਚ੍ਰਿਤਮਾਨਸ ਨਾਮੀ ਗ੍ਰੰਥ ਦੀ ਰਚਨਾ ਕੀਤੀ। ਦੂਸਰੀ ਵਿਚਾਰਧਾਰਾ ਅਨੁਸਾਰ ਉਹ ਸੰਤ ਸਨ ਜਿਹਨਾਂ ਨੇ ਨਿਰਗੁਣ ਰਾਮ ਦੀ ਭਗਤੀ ਕੀਤੀ। ਇਸ ਸਿੱਧਾਂਤ ਅਨੁਸਾਰ ਉਨ੍ਹਾਂ ਦਾ ਇਸ਼ਟ ਅਪਰੰਪਾਰ, ਅਕਾਰ ਰਹਿਤ ਰਾਮ ਸੀ। ਇਹਨਾਂ ਸੰਤਾਂ ਵਿਚੋਂ ਕਬੀਰ ਦਾ ਨਾਮ ਸਭ ਤੋਂ ਪ੍ਰਮੁੱਖ ਹੈ ਜੋ ਕਿ ਉੱਤਰੀ-ਭਾਰਤ ਦੀ ਸੰਤ ਪਰੰਪਰਾ ਦੀ ਇਕ ਪ੍ਰਮੁੱਖ ਹਸਤੀ ਹੈ।[34] ਸ਼ੇਰਲਿਟ

33. ਕੈਰਿਨ ਸ਼ੋਮਰ ਐਂਡ ਡਬਲਿਯੂ ਐਚ ਮੈਕਲਿਉਡ (ਐਡੀ), *ਦ ਸੰਤਜ਼*, ਮੋਤੀਲਾਲ ਬਨਾਰਸੀਦਾਸ, ਦਿੱਲੀ, 1987, ਪੰਨਾ. 5.

34. — *ਉਹੀ* —

ਵਾਡਵਿਲ ਨੇ ਲਿਖਿਆ ਹੈ ਕਿ ਨਿਰਗੁਣਵਾਦੀ ਸੰਤ ਕਵੀ ਆਮ ਤੌਰ ਤੇ ਆਪਣੇ ਪਰਮਾਤਮਾ ਨੂੰ ਵੈਸ਼ਨਵ ਨਾਮ ਦਿੰਦੇ ਹਨ। ਪਰ ਫਿਰ ਵੀ ਉਹਨਾਂ ਦੀ ਭਗਤੀ ਨਾ ਤਾਂ ਵਿਸ਼ਨੂੰ ਤੱਕ ਹੀ ਸੀਮਿਤ ਹੈ ਅਤੇ ਨਾ ਹੀ ਕਿਸੇ ਵਿਸ਼ਨੂੰ ਦੇ ਅਵਤਾਰ (ਰਾਮ ਜਾਂ ਕ੍ਰਿਸ਼ਨ) ਤੱਕ, ਇਸ ਕਰਕੇ ਉਹਨਾਂ ਸੰਤਾਂ ਨੂੰ ਅਵਤਾਰੀ ਰਾਮ ਜਾਂ ਕ੍ਰਿਸ਼ਨ ਦੇ ਭਗਤਾਂ ਵਜੋਂ ਨਹੀਂ ਮੰਨਿਆ ਜਾ ਸਕਦਾ। ਉਹਨਾਂ ਦੀ ਭਗਤੀ ਦਾ ਇਕੋ ਇਕ ਨਿਸ਼ਾਨਾ ਹੈ-ਪਰਮ ਸੱਤ, ਜੋ ਆਪਣੇ ਆਪ ਵਿਚ ਸੱਚ ਹੈ, ਜੋ ਜਨਮ ਨਹੀਂ ਲੈਂਦਾ, ਜੋ ਆਕਾਰ ਰਹਿਤ ਹੈ, ਜੋ ਸਰਬ-ਵਿਆਪਕ ਹੈ, ਜੋ ਉਪਨਿਸ਼ਦਾਂ ਅਨੁਸਾਰ ਬ੍ਰਹਮ ਅਤੇ ਆਤਮਾ ਹੈ, ਜਿਸਨੂੰ ਆਮ ਤੌਰ ਤੇ ਗੁਣਾਂ ਤੋਂ ਉੱਪਰ ਨਿਰਗੁਣ ਪਰਮਾਤਮਾ ਮੰਨਿਆ ਜਾਂਦਾ ਹੈ।[35]

ਡਬਲਿਊ ਐਚ ਮੈਕਲੋਡ ਨੇ ਕਿਹਾ ਹੈ ਕਿ ਕੁਝ ਕਾਰਨਾਂ ਕਰਕੇ ਬੇਸ਼ੱਕ ਸੰਤ ਪਰੰਪਰਾਗਤ ਭਗਤੀ ਨਾਲ ਸਹਿਮਤ ਨਹੀਂ ਹੋਏ ਅਤੇ ਇਹ ਜਰੂਰੀ ਮੁੱਢਲੇ ਵਖਰੇਵੇਂ ਵੀ ਸਨ। ਉਹਨਾਂ ਦਾ ਪਿਆਰ ਕਿਸੇ ਅਵਤਾਰ ਨੂੰ ਸਮਰਪਿਤ ਨਹੀਂ ਸੀ ਬਲਕਿ ਖੁਦ ਪਰਮਾਤਮਾ ਲਈ ਸੀ ਅਤੇ ਉਹਨਾਂ ਦਾ ਇਹ ਪ੍ਰਗਟਾਵਾ ਜੋ ਉਹਨਾਂ ਨੇ ਪ੍ਰੇਮ ਰਾਹੀਂ ਕੀਤਾ ਉਹ ਸੰਪੂਰਨ ਤੌਰ ਤੇ ਅੰਦਰੂਨੀ ਸਮਾਧੀ ਅਤੇ ਭਗਤੀ ਤੇ ਆਧਾਰਿਤ ਸੀ। ਜ਼ਿਆਦਾ ਕਰਕੇ ਇਹ ਤਪੱਸਿਆ ਦਾ ਮਾਰਗ ਸੀ ਜੋ ਉਹਨਾਂ ਨੇ ਆਪਣੇ ਆਪ ਨੂੰ ਮੁਸ਼ਕਿਲਾਂ ਵਿਚ ਪਾ ਕੇ ਕਮਾਇਆ ਸੀ। ਪਰੰਪਰਾਗਤ ਭਗਤੀ ਦਾ ਇਹ ਰਾਹ ਆਸਾਨ ਨਹੀਂ ਸੀ।[36] ਇਹ ਸੰਤ ਸੁਤੰਤਰ ਤੌਰ ਤੇ ਪ੍ਰਗਟ ਹੋਏ ਜਿਹਨਾਂ ਦੀ ਅਧਿਆਤਮਿਕ ਚੇਤਨਾ ਕੇਵਲ ਉਹਨਾਂ ਦੇ ਰਹੱਸਮਈ ਅਨੁਭਵ ਤੇ ਆਧਾਰਿਤ ਸੀ ਜੋ ਉਹਨਾਂ ਦਾ ਵਿਅਕਤੀਗਤ ਅਨੁਭਵ ਸੀ।[37] ਕਬੀਰ ਦੇ ਸਮਕਾਲੀ ਜਾਂ ਉਸ ਤੋਂ ਪਹਿਲਾਂ ਹੋਏ ਉਤੱਰੀ ਭਾਰਤ ਦੇ ਸੰਤਾਂ ਬਾਰੇ ਬਹੁਤ ਘੱਟ ਜਾਣਿਆ ਜਾਂਦਾ ਹੈ। ਕੇਵਲ ਕੁਝ ਦੇ ਨਾਮ ਜਿਹਨਾਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ, ਉਹਨਾਂ ਬਾਰੇ ਵੀ ਥੋੜੀ ਬਹੁਤ ਜਾਣਕਾਰੀ ਹੀ ਮਿਲਦੀ ਹੈ।

ਇਹਨਾਂ ਸੰਤਾਂ ਨੇ ਉਸ ਵੇਲੇ ਦੇ ਸਮਾਜ ਨੂੰ ਸਹੀ ਧਾਰਮਿਕ ਦਿਸ਼ਾ ਦੇਣ ਲਈ ਬਹੁਤ ਕੁਝ ਕੀਤਾ ਕਿਉਂਕਿ ਉਸ ਸਮੇਂ ਦਾ ਭਾਰਤੀ ਸਮਾਜ ਜਾਤੀ, ਕਰਮਕਾਂਡ, ਮੂਰਤੀ ਪੂਜਾ, ਤੀਰਥਾਂ ਤੇ ਭ੍ਰਮਣ, ਵਹਿਮਾਂ-ਭਰਮਾਂ ਆਦਿ ਵਿਚ ਜਕੜਿਆ ਹੋਇਆ ਸੀ। ਪਰ ਉਹ ਸਾਰੇ ਸੰਤ ਕਿਸੇ ਕਾਰਨ ਕਰਕੇ ਪ੍ਰੰਪਰਾਗਤ ਧਰਮ ਦੇ ਵਿਸ਼ਾਲ ਦਾਇਰੇ ਵਿਚੋਂ ਆਜ਼ਾਦ ਹੋ ਕੇ, ਅਲੱਗ ਸਮਾਜਿਕ-ਧਾਰਮਿਕ ਜੀਵਨ ਅਤੇ ਅਲੱਗ ਧਰਮ-ਗ੍ਰੰਥ ਨਹੀਂ ਦੇ ਸਕੇ, ਇਹੀ ਕਾਰਨ ਹੈ ਕਿ ਉਹਨਾਂ ਸੰਤਾਂ ਦੇ ਚਲਾਏ ਹੋਏ ਕੁਝ ਪੰਥ ਸ਼ੁਰੂ ਹੋਏ, ਉਹਨਾਂ ਦੇ ਸ਼ਰਧਾਲੂਆਂ ਵਿਚ ਵਿਕਸਿਤ ਵੀ ਹੋਏ ਪਰ ਛੇਤੀ ਹੀ ਉਹ ਖ਼ਤਮ ਵੀ ਹੋ ਗਏ ਅਤੇ ਅਜੋਕੇ ਸਮੇਂ ਵਿਚ ਉਹ ਪੰਥ ਉਸ ਰੂਪ ਵਿਚ ਹੋਂਦ ਵਿਚ ਵੀ ਨਹੀਂ ਹਨ।

---

35. ਸ਼ੈਰਲਟ ਵੌਡਵਿਲ, *ਕਬੀਰ*, ਕਲੇਰੈਂਡਨ ਪ੍ਰੈਸ, ਔਕਸਫੋਰਡ, 1974, ਪੰਨਾ 97-98.
36. ਡਬਲਿਯੂ ਐਚ ਮੈਕਲਿਉਡ, *ਗੁਰੂ ਨਾਨਕ ਐਂਡ ਦ ਸਿੱਖ ਰਿਲੀਜ਼ਨ*, ਕਲੇਰੈਂਡਨ ਪ੍ਰੈਸ, ਔਕਸਫੋਰਡ, 1968, ਪੰਨਾ 152.
37. ਕੈਰਿਨ ਸ਼ੋਮਰ ਐਂਡ ਡਬਲਿਯੂ ਐਚ ਮੈਕਲਿਉਡ (ਐਡੀ), *ਉਹੀ*, ਪੰਨਾ 5.

ਅਧਿਆਇ ਦੂਜਾ

ਸਿੱਖ ਸਿਧਾਂਤ : ਆਰੰਭ ਤੇ ਸਥਾਪਨਾ

ਸਿੱਖ ਧਰਮ ਦਾ ਆਰੰਭ 15ਵੀਂ ਸਦੀ ਵਿਚ ਉੱਤਰ ਪੱਛਮੀ ਭਾਰਤ ਦੇ ਭੂਗੋਲਿਕ ਅਤੇ ਇਤਿਹਾਸਕ ਦ੍ਰਿਸ਼ ਵਿਚ ਇਕ ਜਾਨਦਾਰ ਜੀਵਨ ਜਾਚ ਅਤੇ ਅਧਿਆਤਮਿਕ ਪੰਥ ਵਜੋਂ ਹੋਇਆ। ਸ਼ਰਦ ਚੰਦਰ ਵਰਮਾ ਆਪਣੀ ਪੁਸਤਕ, 'ਗੁਰੂ ਨਾਨਕ ਐਂਡ ਦੀ ਲੋਂਗੋਸ ਆਫ਼ ਡਿਵਾਇਨ ਮੈਨੀਫੇਸਟੇਸ਼ਨ' ਵਿਚ ਲਿਖਦੇ ਹਨ ਕਿ ਸਿੱਖ ਧਰਮ ਦੀ ਅਤੇ ਧਰਮ ਦੇ ਸਰੋਕਾਰਾਂ ਦੀ ਕਹਾਣੀ ਗੁਰੂ ਨਾਨਕ ਦੀ ਕਹਾਣੀ ਹੈ ਜੋ ਕਿ ਕਦਮ-ਦਰ-ਕਦਮ ਉਨ੍ਹਾਂ ਦੇ ਨੌ ਅਨੁਯਾਈਆਂ ਰਾਹੀਂ ਵਾਰ-ਵਾਰ ਦੁਹਰਾਈ ਹੋਈ ਕਹਾਣੀ ਹੈ। ਪਰ ਇਨ੍ਹਾਂ ਸਾਰਿਆਂ ਨੇ ਗੁਰੂ ਨਾਨਕ ਦੇ ਇਕੋ ਉਦੇਸ਼ ਦੀ ਆਤਮਾ ਵਿਚ ਸਾਹ ਭਰਿਆ ਹੈ।[1] ਜਨਮਸਾਖੀ ਪਰੰਪਰਾ ਅਤੇ ਹੋਰ ਇਤਿਹਾਸਿਕ ਵਿਖਿਆਨ ਗਵਾਹੀ ਭਰਦੇ ਹਨ ਕਿ ਗੁਰੂ ਨਾਨਕ ਜੋ ਇਕ ਸਧਾਰਨ ਸਥਾਨ; ਰਾਇ ਭੋਇ ਦੀ ਤਲਵੰਡੀ ਵਿਚ ਪੈਦਾ ਹੋਏ ਪਰ ਉਹ ਕਿਸੇ ਤਰ੍ਹਾਂ ਵੀ ਸਧਾਰਨ ਵਿਅਕਤੀ ਨਹੀਂ ਸਨ। ਉਨ੍ਹਾਂ ਦੇ ਜੀਵਨ ਨਾਲ ਜੁੜੀਆਂ ਬਹੁਤ ਸਾਰੀਆਂ ਘਟਨਾਵਾਂ ਬੇਹੱਦ ਅਸਾਧਾਰਨ ਅਤੇ ਹੈਰਾਨ ਕਰਨ ਵਾਲੀਆਂ ਹਨ। ਜਨਮ ਤੋਂ ਹੀ ਉਨ੍ਹਾਂ ਦੀ ਮੌਜੂਦਗੀ ਨੇ ਅਨੋਖੇ ਅਤੇ ਹੈਰਾਨ ਕਰਨ ਵਾਲੇ ਵਿਅਕਤੀਤਵ ਵਾਲੇ ਚਿੰਨ੍ਹ ਦਿਖਾਉਣੇ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਦੇ ਜਨਮ ਦੇ ਨਾਲ ਹੀ ਇਕ ਇਲਾਹੀ ਯੁੱਗ ਪੁਰਸ਼ ਦੀ ਆਮਦੀ ਬਾਰੇ ਵਿਆਖਿਆਵਾਂ ਵੀ ਹੋਣ ਲੱਗ ਪਈਆਂ ਸਨ। ਬਚਪਨ ਤੋਂ ਹੀ ਉਹ ਅਜਿਹੀਆਂ ਗੱਲਾਂ ਕਰ ਜਾਂਦੇ ਜਿਨ੍ਹਾਂ ਨੂੰ ਸੁਣ ਕੇ ਜਾਂ ਦੇਖਕੇ ਆਮ ਵਿਅਕਤੀ ਤਾਂ ਹੈਰਾਨ ਹੁੰਦੇ ਹੀ ਸਨ ਬਲਕਿ ਵੱਡੇ -ਵੱਡੇ ਗਿਆਨੀ ਵੀ ਹੈਰਾਨ ਰਹਿ ਜਾਂਦੇ ਸਨ। ਸਭ ਤੋਂ ਵੱਡੀ ਹੈਰਾਨੀ ਦੀ ਗੱਲ ਸੀ ਕਿ ਇਕ ਛੋਟਾ ਜਿਹਾ ਬੱਚਾ ਹੋ ਕੇ ਉਹ ਗੂੜ੍ਹ ਸਾਧੂਆਂ ਵਾਂਗ ਸਮਾਧੀ ਸਥਿਤ ਹੋ ਜਾਂਦੇ, ਅਤੇ ਪਰਮਾਤਮਾ ਦੇ ਪ੍ਰੇਮ ਵਿਚ ਲੀਨ ਰਹਿੰਦੇ ਸਨ। ਕਈ ਵਾਰੀ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਜੀ ਸੋਚਦੇ ਕਿ ਇੰਨੀ ਛੋਟੀ ਉਮਰ ਵਿਚ ਉਨ੍ਹਾਂ ਦਾ ਬੇਟਾ ਕੀ ਕਰ ਰਿਹਾ ਹੈ? ਇਸ ਰਵੱਈਏ ਤੋਂ ਨਰਾਜ਼ ਹੋ ਕੇ ਮਹਿਤਾ ਕਾਲੂ ਜੀ ਨੇ ਉਨ੍ਹਾਂ ਨੂੰ ਸੁਲਤਾਨਪੁਰ ਲੋਧੀ ਭੇਜ ਦਿੱਤਾ, ਜਿਥੇ ਉਨ੍ਹਾਂ ਦੀ ਬੇਟੀ ਦੀ ਸ਼ਾਦੀ ਹੋਈ-ਹੋਈ ਸੀ। ਇਹੀ ਉਹ ਸਥਾਨ ਹੈ ਜਿਥੇ ਦੁਨੀਆਂ ਦੇ ਸਭ ਤੋਂ ਨਵੇਂ ਧਰਮ ਦਾ ਆਰੰਭ ਹੋਇਆ।

ਸਿੱਖ ਧਰਮ ਦੇ ਆਰੰਭ ਦੀ ਕਹਾਣੀ ਬੜੀ ਦਿਲਚਸਪ ਕਹਾਣੀ ਹੈ। ਇਕ

---

1. ਸ਼ਰਦ ਚੰਦਰ ਵਰਮਾ, *ਗੁਰੂ ਨਾਨਕ ਐਂਡ ਦ ਲੋਗੋਸ ਆਵ ਡਿਵਾਈਨ ਮੈਨੀਫੈਸਟੇਸ਼ਨ*, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ, 1969, ਪੰਨਾ. 1.

ਇਤਿਹਾਸਿਕ ਵਿਖਿਆਨ; ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲੇ ਅਨੁਸਾਰ, ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਵਿਖੇ ਮੋਦੀਖਾਨੇ ਵਿਚ ਕੰਮ ਕਰਦੇ ਸਨ। ਕਾਫੀ ਸਮਾਂ ਉਨ੍ਹਾਂ ਦੀ ਇਹ ਨੌਕਰੀ ਬਹੁਤ ਵਧੀਆ ਤਰੀਕੇ ਨਾਲ ਚੱਲਦੀ ਰਹੀ। ਗੁਰੂ ਜੀ ਜੋ ਚੀਜ਼ ਵੀ ਆਪਣੀ ਤੱਕੜੀ ਨਾਲ ਤੋਲ ਕੇ ਦਿੰਦੇ ਤਾਂ ਲੱਗਦਾ ਮਾਨੋ ਲੈਣ ਲਈ ਸਵਾਈ ਹੋ ਗਈ ਹੋਵੇ। ਗੁਰੂ ਦੇਵ ਬੜੀ ਕੋਮਲਤਾ ਨਾਲ ਅਨਮੋਲ ਬਚਨ ਬੋਲਦੇ ਅਤੇ ਇਸ ਅਲੌਕਿਕ ਰੀਤੀ ਨੂੰ ਦੇਖਕੇ ਸੁਲਤਾਨਪੁਰ ਦੇ ਸਭ ਲੋਕ ਬਹੁਤ ਖੁਸ਼ ਹੁੰਦੇ। ਦੁਕਾਨ ਵਿਚ ਬੈਠ ਕੇ ਗੁਰੂ ਜੀ ਇੰਜ ਰਚਮਿਚ ਗਏ ਸਨ ਜਿਵੇਂ ਭਗਤੀ ਵਿਚ ਗਿਆਨ ਰਚਿਆ ਹੋਵੇ। ਇਸ ਭੇਦ ਨੂੰ ਉਹੀ ਜਾਣਦੇ ਜਿਨ੍ਹਾਂ ਨੇ ਗੁਰੂ ਜੀ ਦੇ ਕੋਮਲ ਚਰਨਾਂ ਦਾ ਆਨੰਦ ਮਾਣਿਆ ਸੀ। ਗੁਰੂ ਜੀ ਦਾ ਸੁੰਦਰ ਅਤੇ ਮਨ ਦੇ ਸ਼ੰਕੇ ਦੂਰ ਕਰਨ ਵਾਲਾ ਰੂਪ ਦੇਖਕੇ ਲੋਕ ਧੰਨ ਹੋ ਰਹੇ ਸਨ। ਜੋ ਜਗਤ ਦੇ ਗੁਰੂ ਬਣੇ ਉਨ੍ਹਾਂ ਦਾ ਰੂਪ ਦੇਖਕੇ ਉਹ ਲੋਕ ਭਗਤੀ ਅਤੇ ਗਿਆਨ ਪ੍ਰਾਪਤ ਕਰ ਰਹੇ ਸਨ। ਸੁਲਤਾਨਪੁਰ ਵਿਚ ਕਿੰਨੇ ਹੀ ਲੋਕਾਂ ਨੇ ਗੁਰੂ ਜੀ ਤੋਂ ਗਿਆਨ ਪ੍ਰਾਪਤ ਕਰਕੇ ਸੱਚੇ ਸੁੱਖ ਨੂੰ ਪ੍ਰਾਪਤ ਕੀਤਾ। ਉਨ੍ਹਾਂ ਲੋਕਾਂ ਨੇ ਉਸਤਤਿ ਨਿੰਦਾ ਤਿਆਗ ਕੇ ਸਮਦ੍ਰਿਸ਼ਟੀ ਧਾਰਨ ਕੀਤੀ ਅਤੇ ਅਗਿਆਨ ਦੀ ਫੌਜ ਨੂੰ ਡਰਾ ਕੇ ਭਜਾ ਦਿੱਤਾ। ਇੰਜ ਲੱਗਦਾ ਹੈ ਮਾਨੋ ਕਲਯੁੱਗ ਦੇ ਭਿਆਨਕ ਸਮੇਂ ਅੰਦਰ ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਬਚਾ ਲਿਆ ਹੈ। ਭਾਈ ਸੰਤੋਖ ਸਿੰਘ ਜੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਜੋ ਅੱਗੇ ਲਿਖਦੇ ਹਨ ਉਸ ਦਾ ਅਜੋਕੀ ਪੰਜਾਬੀ ਭਾਸ਼ਾ ਰੂਪ ਇਸ ਤਰ੍ਹਾਂ ਹੈ; ਇਧਰ ਪ੍ਰਭੂ ਦੇ ਮਨ ਵਿਚ ਇਛਾ ਪ੍ਰਗਟ ਹੋਈ ਕਿ ਸੰਸਾਰ ਵਿਚ ਪਾਖੰਡ ਬਹੁਤ ਵਧ ਗਿਆ ਹੈ ਇਸ ਦਾ ਖਾਤਮਾ ਕੀਤਾ ਜਾਵੇ। ਪ੍ਰਭੂ ਨੇ ਸੰਸਾਰ ਵਿਚ ਗਿਆਨ ਦੇ ਸ੍ਰੇਸ਼ਟ ਬੂਟੇ ਨੂੰ ਲਾਉਣ ਲਈ ਆਪਣੇ ਮਨ ਵਿਚ ਵਿਚਾਰ ਕੀਤੀ। ਉਹ ਐਸਾ ਬੂਟਾ ਜਿਸ ਲਈ ਨੀਵਾਂ ਮਨ ਧਰਤੀ ਹੋਵੇ, ਪ੍ਰੇਮ ਦਾ ਬੀਜ ਹੋਵੇ, ਵਧਣਾ ਜਿਸ ਦਾ ਨੇਮ ਹੋਵੇ, ਉਸ ਦਾ ਛਿਲਕਾ ਭਗਤੀ ਹੋਵੇ ਅਤੇ ਦਯਾ ਉਸ ਦੀ ਜੜ੍ਹ ਹੋਵੇ। ਸਮਦ੍ਰਿਸ਼ਟੀ ਜਿਸਦੀਆਂ ਚੌਫੇਰੇ ਖਾਲਾਂ ਹੋਣ, ਸੱਚ ਦਾ ਪਾਣੀ ਹੋਵੇ, ਪਵਿੱਤਰਤਾ ਦੀ ਉਸ ਨੂੰ ਸਿੰਜਾਈ ਹੋਵੇ ਅਤੇ ਧੀਰਜ ਉਸ ਦੀ ਰਖਵਾਲੀ ਕਰਦਾ ਹੋਵੇ। ਉਸ ਬੂਟੇ ਦਾ ਅੰਕੁਰ ਧਰਮ ਹੋਵੇ ਅਤੇ ਸ਼ੁਭ ਗੁਣਾਂ ਨੂੰ ਇਕੱਠੇ ਕਰਨਾ ਉਸ ਦੇ ਪੱਤੇ ਹੋਣ, ਉਸਦੀ ਬਹੁਤ ਵੱਡੀ ਟਾਹਣੀ ਸ੍ਰੇਸ਼ਟ ਬੁੱਧੀ ਅਤੇ ਸੁੱਖ ਦੇਣ ਵਾਲੀ ਹੋਵੇ, ਜਿਸ ਨੂੰ ਹਰੀ ਦੇ ਮਹਾਨ ਨਾਮ ਦੇ ਫੁੱਲ ਲੱਗਣ ਅਤੇ ਜਿਸ ਨਾਲ ਨਿਜ ਸਰੂਪ ਦੀ ਪਛਾਣ ਦਾ ਫਲ ਪ੍ਰਾਪਤ ਹੋਵੇ। ਪੂਰਨ ਸੁਖ ਦੇਣ ਵਾਲੇ ਉਸ ਫਲ ਦੇ ਰਸ ਨਾਲ ਅੰਮ੍ਰਿਤ ਦੀ ਪ੍ਰਾਪਤੀ ਹੋਵੇ ਅਤੇ ਮ੍ਰਿਤੂ ਦੀ ਧੁੱਪ ਦਾ ਸਾਇਆ ਟਲ ਜਾਵੇ, ਜੋ ਕਿਸੇ ਤਰ੍ਹਾਂ ਟਾਲਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਨਾਲ ਮੋਹ ਦੇ ਪਸ਼ੂ ਉਸ ਸੁੱਖ ਨੂੰ ਨੁਕਸਾਨ ਨਹੀਂ ਪਹੁੰਚਾ ਸਕਣਗੇ ਕਿਉਂਕਿ ਸਤਿਸੰਗਤ ਦੀ ਵਾੜ ਉਸ ਦੇ ਚਾਰੇ ਪਾਸੇ ਲੱਗੀ ਹੋਈ ਹੋਵੇ। ਪੰਛੀ ਰੂਪੀ ਸੰਤ ਜਨ ਉਸ ਪ੍ਰਭੂ ਦਾ ਸਿਮਰਨ ਕਰਦੇ ਦੂਜਿਆਂ ਦਾ ਭਲਾ ਕਰਦੇ ਹੋਏ ਪੁੰਨ ਖੱਟਣ।

ਜਦੋਂ ਗੁਰੂ ਨਾਨਕ ਦੇਵ ਜੀ ਪਰਮਾਤਮਾ ਦੇ ਦਰਬਾਰ ਵਿਚ ਗਏ ਤਾਂ ਆਨੰਦ ਦੇ ਸ੍ਰੋਤ ਪ੍ਰਭੂ ਜੀ ਨੇ ਮੰਦ-ਮੰਦ ਮੁਸਕਰਾਉਂਦੇ ਹੋਏ ਕਿਹਾ; ਨਾਮ ਦਾ ਆਨੰਦ ਲੈਣ ਵਾਲੇ ਨਾਨਕ ! ਆਉ ਜਿਸ ਕਾਰਨ ਕਰਕੇ ਤੁਸਾਂ ਸੰਸਾਰ ਵਿਚ ਅਵਤਾਰ ਧਾਰਿਆ ਹੈ ਉਹ ਕਾਰਜ ਹੁਣ ਤੁਸੀਂ ਜਾ ਕੇ ਕਰੋ। ਕਲਯੁੱਗ ਦਾ ਬਹੁਤ ਭਿਆਨਕ ਸਮਾਂ ਹੈ, ਮਨੁੱਖ ਬਹੁਤ ਭੈੜੀ ਮਤਿ ਵਾਲੇ

ਹੋ ਗਏ ਹਨ। ਦੇਵਤਿਆਂ ਦੀ ਪੂਜਾ ਕਰਦੇ ਹਨ। ਨਾਮ ਤੋਂ ਬੇਮੁਖ ਹੋ ਗਏ ਹਨ ਅਤੇ ਕੇਵਲ ਪਾਪਾਂ ਵਾਲੇ ਪਾਸੇ ਹੀ ਜਾਂਦੇ ਹਨ। ਉਨ੍ਹਾਂ ਵਿਚ ਪ੍ਰੇਮਾ-ਭਗਤੀ ਪੈਦਾ ਕਰੋ। ਧਰਤੀ ਉਤੇ ਪਾਪਾਂ ਦਾ ਬਹੁਤ ਭਾਰ ਹੋ ਗਿਆ ਹੈ, ਉਨ੍ਹਾਂ ਦਾ ਨਾਸ਼ ਕਰੋ। ਝੂਠੇ ਅਤੇ ਬੁਰੇ ਲੋਕ ਬਹੁਤ ਗਿਣਤੀ ਵਿਚ ਨਰਕਾਂ ਵਿਚ ਜਾ ਰਹੇ ਹਨ, ਉਨ੍ਹਾਂ ਮਾੜੇ ਭਾਗਾਂ ਅਤੇ ਖੋਟੇ ਅਮਲਾਂ ਵਾਲਿਆਂ ਨੂੰ ਅਸਲੋਂ ਵੀ ਕੋਈ ਸੁਖ ਨਹੀਂ ਹੈ। ਉਹ ਧਰਮ ਦਾ ਮਾਰਗ ਤਿਆਗ ਕੇ ਅਧਰਮ ਦੇ ਰਸਤੇ ਤੇ ਪਏ ਹੋਏ ਹਨ। ਪੈਦਾ ਹੁੰਦਿਆ ਹੀ ਉਹ ਫਰੇਬ ਵਿਚ ਫਸ ਜਾਂਦੇ ਹਨ। ਜਾਉ ਅਤੇ ਨਾਮ ਦੀ ਮਹਿਮਾ ਦਾ ਉਨ੍ਹਾਂ ਵਿਚ ਪ੍ਰਕਾਸ਼ ਕਰੋ ਅਤੇ ਜਿਸ ਪਾਖੰਡ ਵਿਚ ਉਹ ਲੱਗੇ ਹੋਏ ਹਨ ਉਸ ਦਾ ਨਾਸ਼ ਕਰੋ। ਇਹ ਸੁਣ ਕੇ ਨਾਨਕ ਜੀ ਦੇ ਮਨ ਵਿਚ ਪ੍ਰਭੂ ਜੀ ਪ੍ਰਤੀ ਬਹੁਤ ਪ੍ਰੇਮ ਆਇਆ ਅਤੇ ਉਨ੍ਹਾਂ ਨੇ ਸ੍ਰੀ ਰਾਗ ਵਿਚ ਇਹ ਸ਼ਬਦ ਉਚਾਰਿਆ।

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਚੰਦ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥[2]

ਇਸ ਤੇ ਖੁਸ਼ ਹੋ ਕੇ ਪਾਰਬ੍ਰਹਮ ਪਰਮੇਸ਼ਰ ਜੀ ਨੇ ਗੁਰੂ ਜੀ ਨੂੰ ਗੁਰ-ਮੰਤ੍ਰ ਦਿੱਤਾ। ਉਹ ਇਸ ਤਰ੍ਹਾਂ ਸੀ:

ੴ ਸਤਿ ਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਇਸੇ ਮੰਤ੍ਰ ਨੂੰ ਮੂਲ ਜਾਂ ਆਰੰਭਕ ਮੰਤ੍ਰ ਵੀ ਕਿਹਾ ਗਿਆ ਜਿਸਦਾ ਭਾਵ ਹੈ: ਪਰਮਾਤਮਾ ਇਕ ਹੈ ਜੋ ਸਭ ਜਗ੍ਹਾ ਇਕ ਰਸ ਵਿਆਪਕ ਹੈ। ਸੱਚ ਉਸਦਾ ਨਾਮ ਹੈ। ਉਹ ਸੰਸਾਰ ਦਾ ਰਚਣਹਾਰ ਹੈ ਅਤੇ ਆਪਣੇ ਆਪ ਨੂੰ ਆਪਣੀ ਰਚਨਾ ਰਾਹੀਂ ਪ੍ਰਗਟ ਕਰਦਾ ਹੈ। ਉਸਨੂੰ ਕਿਸੇ ਦਾ ਡਰ ਨਹੀਂ ਹੈ। ਉਸਦਾ ਕਿਸੇ ਨਾਲ ਵੈਰ ਨਹੀਂ ਹੈ। ਉਹ ਐਸੀ ਸ਼ਕਤੀਸ਼ਾਲੀ ਹੋਂਦ ਹੈ ਜੋ ਜਨਮ-ਮਰਨ ਤੋਂ ਪਰ੍ਹੇ ਹੈ। ਉਸ ਨੇ ਆਪਣੇ ਆਪ ਨੂੰ ਆਪ ਪੈਦਾ ਕੀਤਾ। ਗੁਰੂ ਦੀ ਕਿਰਪਾ ਨਾਲ ਉਸ ਦਾ ਸਾਖਸ਼ਾਤ ਕੀਤਾ ਜਾ ਸਕਦਾ ਹੈ।

ਮੂਲ-ਮੰਤ੍ਰ ਉਚਾਰਨ ਤੋਂ ਬਾਅਦ ਅਕਾਲ ਪੁਰਖ ਨੇ ਕਿਹਾ ਕਿ ਨਾਨਕ ! ਜਾਉ ਅਤੇ ਸੰਸਾਰ ਵਿਚ ਇਸ ਮੰਤ੍ਰ ਦੀ ਵਿਆਖਿਆ ਕਰੋ। ਇਸ ਤੇ ਗੁਰੂ ਜੀ ਨੇ ਅਤਿਅੰਤ ਆਦਰ ਨਾਲ ਪ੍ਰਭੂ ਅੱਗੇ ਆਪਣਾ ਸਿਰ ਝੁਕਾਇਆ। ਇਸ ਤੋਂ ਬਾਅਦ ਰੱਬ ਜੀ ਨੇ ਬੇਹੱਦ ਗੰਭੀਰ ਅਵਾਜ਼ ਵਿਚ ਨਾਨਕ ਜੀ ਨੂੰ ਆਖਿਆ ਕਿ ਜੋ ਕੰਮ ਤੁਸੀਂ ਕਰ ਰਹੇ ਹੋ ਉਸ ਨੂੰ ਛੱਡ ਹੁਣ ਇਸ ਮੰਤ੍ਰ ਨੂੰ ਸੰਸਾਰ ਦੇ ਸਾਹਮਣੇ ਪ੍ਰਗਟ ਕਰੋ।

ਦੁੱਖਾਂ ਦਾ ਨਾਸ਼ ਕਰਨ ਵਾਲੇ ਪ੍ਰਭੂ ਦੇ ਦਰਸ਼ਨ ਕਰਕੇ ਉਨ੍ਹਾਂ ਨੂੰ ਬੰਦਨਾਂ ਕਰਕੇ ਗੁਰੂ ਨਾਨਕ ਜੀ ਵਾਪਸ ਮੁੜੇ। ਜਿਸ ਜਗ੍ਹਾ ਤੋਂ ਉਹ ਗਏ ਸਨ ਉਸੇ ਜਗ੍ਹਾ ਵਾਪਸ ਆਏ।[3] ਇਥੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਗੁਰੂ ਨਾਨਕ ਦੁਆਰਾ ਆਇਆ ਰੱਬੀ ਸੰਦੇਸ਼

2. ਗੁਰੂ ਗ੍ਰੰਥ ਸਾਹਿਬ, ਪੰਨਾ 14.
3. ਗੁਰੂ ਪ੍ਰਤਾਪ ਸੂਰਜ ਗ੍ਰੰਥ, ਪੂਰਬਾਰਧ, ਪੋਥੀ ਪਹਿਲੀ, ਪੰਨਾ 362-370.

ਦਾ ਮਕਸਦ ਰੱਬੀ ਹੋਂਦ ਦੇ ਅਸਲੀ ਸੰਕਲਪ ਨੂੰ ਨਵੇਂ ਸਿਰੇ ਤੋਂ ਉਜਾਗਰ ਕਰਕੇ ਸਥਾਪਤ ਕਰਨਾ ਸੀ। ਇਸੇ ਕਰਕੇ ਨਾ ਤਾਂ ਸਿੱਖ ਧਰਮ ਪਹਿਲਾਂ ਤੋਂ ਸਥਿਤ ਹਿੰਦੂ ਧਰਮ ਦੀ ਵਿਰੋਧਤਾ ਸੀ ਅਤੇ ਨਾ ਹੀ ਉਸ ਦੀ ਲਗਾਤਾਰਤਾ। ਬਲਕਿ ਇਕ ਦੈਵੀ ਸ਼ਕਤੀ ਦੀ ਹੋਂਦ ਵਿਚ ਵਿਸ਼ਵਾਸ ਅਤੇ ਉਸੇ ਦੀ ਪੂਜਾ ਦੇ ਸਿਧਾਂਤ ਨੂੰ ਸੁਰਜੀਤ ਕਰਨ ਦਾ ਜ਼ਿੰਮਾ ਗੁਰੂ ਨਾਨਕ ਦੇ ਸਿਰ ਲੱਗਿਆ।

ਸਿਧਾਂਤਿਕ ਪਰਿਪੇਖ

ਪਰਮਾਤਮਾ ਬਾਰੇ ਉਨ੍ਹਾਂ ਦਾ ਗਿਆਨ ਦੈਵੀ ਸ਼ਬਦ ਦੇ ਅਵਤਰਨ ਤੋਂ ਸ਼ੁਰੂ ਹੁੰਦਾ ਹੈ। ਗੁਰੂ ਨਾਨਕ ਬਾਰ ਬਾਰ ਇਹ ਸਮਝਾਉਂਦੇ ਹਨ ਕਿ ਜੋ ਵੀ ਗਿਆਨ ਉਹ ਜਨ ਸਾਧਾਰਨ ਤੱਕ ਪਹੁੰਚਦਾ ਕਰ ਰਹੇ ਹਨ ਉਹ ਉਨ੍ਹਾਂ ਦੀ ਨਿਜੀ ਸੋਚ ਦਾ ਨਤੀਜਾ ਨਹੀਂ। ਉਹ ਸਾਰਾ ਗਿਆਨ ਰੱਬੀ ਇਲਹਾਮ ਤੇ ਆਧਾਰਤ ਹੈ। ਇਸ ਕਰਕੇ ਉਨ੍ਹਾਂ ਦੀ ਸਮੁੱਚੀ ਬਾਣੀ ਇਲਾਹੀ ਫ਼ੁਰਮਾਨ ਹੈ। ਇਹੀ ਬਾਣੀ ਸਿੱਖ ਧਰਮ ਦਾ ਸ਼ਾਬਦਿਕ ਆਧਾਰ ਹੈ। ਪ੍ਰਭੂ ਦੀ ਭਗਤੀ ਕਿਸੇ ਵੀ ਰੂਪ ਨੂੰ ਸਨਮੁਖ ਰੱਖ ਕੇ ਕਰਨ ਦੀ ਮਨਾਹੀ ਹੀ ਗੁਰੂ ਨਾਨਕ ਦੀ ਪੂਜਾ ਵਿਧੀ ਦੀ ਵਿਲੱਖਣਤਾ ਦਾ ਆਧਾਰ ਹੈ। ਪ੍ਰਭੂ ਦਾ ਗਿਆਨ ਕੇਵਲ ਸ਼ਬਦ ਦੀ ਵਿਚਾਰ ਅਤੇ ਪ੍ਰਭੂ ਦੀ ਭਗਤੀ ਕੇਵਲ ਸ਼ਬਦ ਦਾ ਸਿਮਰਨ ਹੀ ਗੁਰੂ ਨਾਨਕ ਦੇ ਘਰ ਦਾ ਧਰਮ ਹੈ। ਅਕਾਲ ਪੁਰਖ ਪਰਮਾਤਮਾ ਦੇ ਸ਼ਬਦ ਰੂਪ ਦੀ ਸਿੱਧੀ ਪੂਜਾ ਹੀ ਉਸ ਦੀ ਅਸਲੀ ਪੂਜਾ ਹੈ। ਉਸ ਦੀ ਹੋਰ ਕਿਸੇ ਰੂਪ ਵਿਚ ਵੀ ਕੀਤੀ ਹੋਈ ਪੂਜਾ ਗੁਰੂ ਨਾਨਕ ਦੇ ਸਿਧਾਂਤ ਵਿਚ ਮਨਜ਼ੂਰ ਨਹੀਂ ਹੈ। ਗੁਰੂ ਜੀ ਨੇ ਜਿਸ ਪ੍ਰਭੂ ਦੀ ਪੂਜਾ ਕਰਨ ਦੀ ਸੇਧ ਦਿੱਤੀ ਉਹ ਕੇਵਲ ਇਕ, ਅਪਰੰਪਾਰ, ਅਕਾਲ, ਅਮੂਰਤ ਸੱਚ ਹੈ। ਉਹ ਸੱਚ ਕਿਸੇ ਖਾਸ ਰੂਪ, ਭੇਸ, ਜਾਂ ਦੇਸ ਵਿਚ ਨਹੀਂ। ਉਹ ਕੇਵਲ ਸੱਚ ਹੈ। ਜੋ ਸਦਾ ਸੀ, ਸਦਾ ਹੈ ਅਤੇ ਸਦਾ ਰਹੇਗਾ। ਉਸ ਦੀ ਭਗਤੀ ਕਰਨ ਵਾਲਾ ਸ਼ਬਦ ਦੇ ਮਾਧਿਅਮ ਰਾਹੀਂ ਉਸ ਤੱਕ ਪਹੁੰਚਦਾ ਹੈ।

ਗੁਰੂ ਨਾਨਕ ਦੇ ਘਰ ਦਾ ਇਹ ਵਿਧਾਨ ਹੈ ਕਿ ਸ਼ਬਦ ਹੀ ਉਸ ਸੱਚ ਬਾਰੇ ਗਿਆਨ ਦਾ ਸਰੋਤ ਹੈ, ਸ਼ਬਦ ਹੀ ਪੂਜਾ ਦੀ ਵਿਧੀ ਹੈ ਅਤੇ ਸ਼ਬਦ ਹੀ ਧਾਰਮਿਕ ਜੀਵਨ ਦਾ ਰਾਹ ਜਾਂ ਪ੍ਰਬੰਧ ਹੈ। ਪਰਮਾਤਮਾ ਦਾ ਸਿਮਰਨ ਕਰਦੇ ਹੋਏ ਇਕ ਸਾਧਕ ਵਲੋਂ ਸਿੱਧੇ ਤੌਰ ਤੇ ਪਰਮਾਤਮਾ ਦੀ ਭਗਤੀ ਨੂੰ ਹੀ ਗੁਰੂ ਨਾਨਕ ਨੇ ਅਸਲੀ ਭਗਤੀ ਦਾ ਨਾਮ ਦਿੱਤਾ ਹੈ। ਪਰ ਇਸ ਤਰ੍ਹਾਂ ਦੀ ਮਨ, ਸਰੀਰ ਅਤੇ ਆਤਮਾ ਦੀ ਸਥਿਤੀ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਸਿਖਾਉਣ ਵਾਲਾ ਅਧਿਆਪਕ ਸੱਚਾ ਹੋਵੇ ਅਤੇ ਸਿੱਖਣ ਵਾਲਾ ਸਿੱਖ ਜਾਂ ਸ਼ਰਧਾਲੂ ਅਸਲੀ ਹੋਵੇ। ਕਿਸੇ ਵੀ ਪਦਾਰਥ ਨੂੰ ਜਾਂ ਕਿਸੇ ਵੀ ਰੂਪ ਨੂੰ ਸਾਹਮਣੇ ਰੱਖ ਕੇ ਭਗਤੀ ਜਾਂ ਪੂਜਾ ਕਰਨ ਦਾ ਮਾਧਿਅਮ ਗੁਰੂ ਨਾਨਕ ਦੇ ਘਰ ਵਿਚ ਮਨਜ਼ੂਰ ਨਹੀਂ ਹੈ। ਗੁਰੂ ਜੀ ਦੁਆਰਾ ਜਿਸ ਦੈਵੀ ਸ਼ਕਤੀ ਦੀ ਪੂਜਾ ਹੋਈ ਉਹ ਕੇਵਲ ਇਕ ਅਪਰੰਪਾਰ, ਸਰਬ-ਵਿਆਪਕ, ਰੂਪ ਅਤੇ ਕਾਲ ਤੋਂ ਪਰ੍ਹੇ ਦਾ ਸੱਚ ਹੈ। ਉਹ ਸੱਚ ਕਿਸੇ ਖਾਸ ਰੂਪ ਵਿੱਚ ਨਹੀਂ ਵੱਸਦਾ, ਨਾਂ ਉਹ ਕਿਸੇ ਰੰਗ, ਨਾ ਉਹ ਕਿਸੇ ਖਾਸ ਪਹਿਰਾਵੇ ਅਤੇ ਨਾ ਹੀ ਉਹ ਕਿਸੇ ਖਾਸ ਸਮੇਂ ਅਤੇ ਸਥਾਨ ਦੇ ਬੰਧਨ ਵਿੱਚ ਜਕੜਿਆ ਹੋਇਆ ਹੈ। ਉਹ ਸਦਾ ਸਥਿਰ ਹੈ। ਸਦਾ ਇਕੋ ਜਿਹਾ ਰਹਿੰਦਾ ਹੈ। ਉਹ ਕੇਵਲ ਸੱਚ ਹੈ। ਉਹ

ਸੱਚ ਜਿਸ ਨੂੰ ਆਪਣੀ ਹੋਂਦ ਲਈ ਕਿਸੇ ਸਹਾਰੇ ਦੀ ਜ਼ਰੂਰਤ ਨਹੀਂ ਹੁੰਦੀ। ਉਹ ਆਦਿ ਵਿੱਚ ਸੱਚ ਸੀ, ਹੁਣ ਵੀ ਸੱਚ ਹੈ ਅਤੇ ਹਮੇਸ਼ਾਂ ਸੱਚ ਰਹੇਗਾ। ਉਸ ਸੱਚ ਨੂੰ ਸੱਚੇ ਗੁਰੂ ਦੇ ਰਸਤੇ ਤੇ ਚੱਲ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਉਹ ਸੱਚ ਦਾ ਰਾਹ ਸੱਚੇ ਗੁਰੂ ਨੂੰ ਸੁਣ ਕੇ, ਉਸ ਦੀ ਸਿੱਖਿਆ ਨੂੰ ਸਮਝ ਕੇ, ਉਸ ਨੂੰ ਮੰਨ ਕੇ ਅਤੇ ਉਸ ਨੂੰ ਆਪਣੇ ਜੀਵਨ ਵਿੱਚ ਢਾਲ ਕੇ ਹੀ ਸ਼ੁਰੂ ਹੁੰਦਾ ਹੈ।

ਗੁਰੂ ਨਾਨਕ ਦਾ ਸਿੱਖ ਉਹ ਵਿਅਕਤੀ ਹੈ ਜੋ ਇਕ ਪਾਸੇ ਦੈਵੀ-ਸੱਚ ਦੀ ਪੂਜਾ ਅਤੇ ਹੋਂਦ ਵਿੱਚ ਵਿਸਵਾਸ਼ ਕਰਦਾ ਹੈ ਅਤੇ ਦੂਜੇ ਪਾਸੇ ਉਸ ਨੂੰ ਪ੍ਰਾਪਤ ਕਰਨ ਲਈ ਗੁਰੂ ਦੇ ਸ਼ਬਦ ਨਾਲ ਆਪਣੇ ਮਨ ਨੂੰ ਇਕਾਗਰ ਕਰਦਾ ਹੈ। ਗੁਰਬਾਣੀ ਵਿੱਚ ਬਹੁਤ ਸਾਰੇ ਸੰਕੇਤ ਮਿਲਦੇ ਹਨ ਜਿਹਨਾਂ ਅਨੁਸਾਰ ਇੱਕ ਸਿੱਖ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਉਹ ਸਾਰੇ ਸੰਕੇਤ ਸਿੱਖ ਦਾ ਅਰਥ ਅਤੇ ਸੁਭਾਅ ਨਿਰਧਾਰਿਤ ਕਰਨ ਲਈ ਇੱਕ ਵਿਸ਼ਾਲ ਦ੍ਰਿਸ਼ਟੀਕੋਣ ਮੁਹੱਈਆ ਕਰਦੇ ਹਨ।

ਪ੍ਰੋ. ਅੱਤਰ ਸਿੰਘ ਦਾ ਕਹਿਣਾ ਹੈ ਕਿ ਗੁਰੂ ਨਾਨਕ ਨੇ ਮੁੱਢਲੇ ਤੌਰ ਤੇ ਮਨੁੱਖ ਨੂੰ ਸੰਬੋਧਿਤ ਕਰਦੇ ਹੋਏ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਉਹ ਆਪਣੇ ਅਸਲੀ ਸੁਭਾਅ ਅਤੇ ਆਪਣੇ ਅਸਲੀ ਰੁਤਬੇ ਤੋਂ ਵਿਛੜ ਗਿਆ ਹੈ ਜੋ ਕਿ ਪਰਮਾਤਮਾ ਦਾ ਹੀ ਰੁਤਬਾ ਹੈ ਅਤੇ ਉਹ ਹੀ ਮਨੁੱਖੀ ਜੀਵਨ ਦਾ ਅੰਤਿਮ ਉਦੇਸ਼ ਹੈ। ਜਿਸ ਅਨੁਸਾਰ ਮਨੁੱਖ ਨੇ ਸੱਚ ਦੀ ਪ੍ਰਾਪਤੀ ਕਰਨੀ, ਪਰਮਾਤਮਈ ਪ੍ਰਾਪਤੀ ਅਤੇ ਆਤਮ-ਸਿੱਧੀ ਦੀ ਪ੍ਰਾਪਤੀ ਕਰਨੀ ਹੁੰਦੀ ਹੈ। ਮਨੁੱਖ ਦੀ ਆਪਣੇ ਅਸਲੀ ਸੁਭਾਅ ਤੋਂ ਭਟਕਣ ਦੀ ਅਵਸਥਾ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਉਹ ਅਧਿਆਤਮਿਕ ਤੌਰ ਤੇ ਅਚੇਤ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਅਧਿਆਤਮਿਕ ਸਥਿਤੀ ਸਿੱਧੇ ਜਾਂ ਅਸਿੱਧੇ ਤੌਰ ਤੇ ਇਤਿਹਾਸਕ ਹਾਲਾਤ ਦੇ ਨਾਲ ਪੈਦਾ ਹੋਈ ਸੀ।[4]

ਇਕ ਸਧਾਰਨ ਵਿਅਕਤੀ ਇੱਕ ਸਿੱਖ ਦੇ ਤੌਰ ਤੇ ਅਧਿਆਤਮਕ ਚੇਤਨਾ ਦੇ ਵੱਖ-ਵੱਖ ਪੱਧਰ ਤੇ ਜਿਉਂਦਾ ਹੈ। ਇਸ ਕਰਕੇ ਸਿੱਖ ਸ਼ਬਦ ਉਸ ਵਿਅਕਤੀ ਲਈ ਵਰਤਿਆ ਗਿਆ ਹੈ ਜੋ ਚੇਤਨਾ ਅਤੇ ਅਧਿਆਤਮਿਕਤਾ ਦੇ ਉਸ ਰਾਹ ਦਾ ਸਫ਼ਰ ਕਰਦਾ ਹੈ, ਜੋ ਸੱਚ ਤੱਕ ਪਹੁੰਚਣ ਦਾ ਰਾਹ ਹੈ। ਇਕ ਸਿੱਖ ਦਾ ਸਫ਼ਰ ਬਾਹਰੀ ਸ੍ਰੋਤ ਤੋਂ ਸ਼ੁਰੂ ਹੁੰਦਾ ਹੈ ਅਤੇ ਉਹ ਸੱਚੇ ਗੁਰੂ ਦੇ ਸ਼ਬਦ ਨੂੰ ਸੁਣ ਕੇ ਅਤੇ ਉਸ ਤੇ ਅਮਲ ਕਰਕੇ ਸ਼ੁਰੂ ਹੁੰਦਾ ਹੈ। ਇਕ ਸੱਚੇ ਸ਼ਰਧਾਲੂ ਦਾ ਇਹ ਰਵੱਈਆ ਇਕ ਲੰਬੇ ਸਫ਼ਰ ਤੇ ਜਾਣ ਲਈ ਜ਼ਰੂਰੀ ਹੁੰਦਾ ਹੈ ਜੋ ਉਸ ਨੇ ਸੱਚ ਨੂੰ ਪ੍ਰਾਪਤ ਕਰਨ ਲਈ ਤਹਿ ਕਰਨਾ ਹੁੰਦਾ ਹੈ। ਇਸ ਕਰਕੇ ਇਕ ਮਨੁੱਖ ਲਈ ਸੱਚ ਦੇ ਰਾਹ ਤੇ ਤੁਰਨ ਤੋਂ ਪਹਿਲਾਂ ਸੱਚ ਬਾਰੇ ਚੇਤਨ ਸੂਝ ਪ੍ਰਾਪਤ ਕਰਨਾ ਬਹੁਤ ਜ਼ਰੂਰੀ ਹੈ। ਦੂਸਰੇ ਸ਼ਬਦਾਂ ਵਿੱਚ ਇਕ ਸਿੱਖ ਉਹ ਵਿਦਿਆਰਥੀ ਹੈ ਜਿਸ ਦਾ ਸਕੂਲ ਗੁਰੂ ਦਾ ਘਰ ਹੈ, ਜਿਸ ਦੇ ਜਮਾਤੀ ਸਾਧ-ਸੰਗਤ ਹਨ ਅਤੇ ਜਿਸ ਦਾ ਸਿਲੇਬਸ ਪ੍ਰਭੂ-ਗੁਣ ਅਤੇ ਪ੍ਰਭੂ-ਪ੍ਰੇਮ ਹੈ, ਜਿਸ ਦਾ ਅਭਿਆਸ ਨਾਮ-ਸਿਮਰਨ ਹੈ ਅਤੇ ਜਿਸ ਦਾ ਸਮਾਜਿਕ ਵਿਵਹਾਰ ਨਿਸ਼ਕਾਮ ਸੇਵਾ ਹੈ। ਇਕ ਸਿੱਖ ਦੀ ਅੰਤਿਮ ਪ੍ਰਾਪਤੀ ਪ੍ਰਭੂ ਹੈ, ਜੋ ਸੱਚ ਹੈ ਅਤੇ ਉਸ ਵਿੱਚ ਅਭੇਦ ਹੋਣਾ ਉਸ ਦੀ

---

4. ਅੱਤਰ ਸਿੰਘ, "ਸਿਖਿਜ਼ਮ ਐਂਡ ਮਿਡਇਵਲ ਮਿਲਿਯੂ," ਇਨ, *ਸਟੱਡੀਜ਼ ਇਨ ਸਿਖਿਜ਼ਮ ਐਂਡ ਕੰਪੈਰੇਟਿਵ ਰਿਲਿਜ਼ਨ*, ਗੁਰੂ ਨਾਨਕ ਫਾਊਂਡੇਸ਼ਨ, ਨਿਊ ਦਿੱਲੀ, 1987, ਪੰਨਾ. 7.

ਡਿਗਰੀ ਹੈ। ਕਿਉਂਕਿ ਮਨੁੱਖ ਅਤੇ ਪਰਮਾਤਮਾ ਵਿੱਚ ਸਿਰਫ਼ ਮਨੁੱਖ ਦੀ ਹਉਮੈਂ ਦਾ ਇਕ ਪਰਦਾ ਹੈ। ਉਸੇ ਪਰਦੇ ਦਾ ਹਟਾਇਆ ਜਾਣਾ ਲਾਜ਼ਮੀ ਹੈ। ਪਰ ਮਨੁੱਖ ਦੀ ਆਪਣੀ ਆਜ਼ਾਦ ਸੋਚ, ਜਾਣਕਾਰੀ ਅਤੇ ਅਧਿਆਤਮਿਕ ਕਾਬਲੀਅਤ ਕਾਫ਼ੀ ਨਹੀਂ ਹੁੰਦੀ ਕਿ ਉਹ ਉਸ ਬਹੁਤ ਮਜ਼ਬੂਤ, ਅਦ੍ਰਿਸ਼ਟ ਅਤੇ ਰਹੱਸਮਈ ਪਰਦੇ ਨੂੰ ਹਟਾ ਸਕੇ। ਇਸੇ ਕਰਕੇ ਉਸ ਮਕਸਦ ਲਈ ਸੱਚੇ ਗਿਆਨ ਅਤੇ ਅਧਿਆਤਮਿਕ ਸੇਧ ਦੀ ਲਗਾਤਾਰ ਜ਼ਰੂਰਤ ਹੁੰਦੀ ਹੈ। ਇਸ ਕਰਕੇ ਇਕ ਸਿੱਖ ਦਾ ਰਾਹ ਲਗਾਤਾਰ ਚਲਦੇ ਰਹਿਣ ਵਾਲਾ ਸਫ਼ਰ ਹੈ, ਜਿਸ ਦਾ ਰਥਵਾਨ ਸੱਚਾ ਗੁਰੂ ਹੈ। ਸਿੱਖ ਲਈ ਗੁਰਦੁਆਰਾ ਉਸ ਦਾ ਸਕੂਲ ਹੈ, ਇਹ ਉਹ ਸਥਾਨ ਹੈ ਜਿਥੇ ਇਕ ਸਿੱਖ ਵੰਡਣਾ ਵੀ ਸਿੱਖਦਾ ਹੈ ਅਤੇ ਸੇਵਾ ਕਰਨੀ ਵੀ ਸਿੱਖਦਾ ਹੈ, ਉਹ ਸਮਾਜ ਦਾ ਇਕ ਬਹੁਤ ਹੀ ਚੇਤੰਨ ਅਤੇ ਕਿਰਿਆਸ਼ੀਲ ਵਿਅਕਤੀ ਹੁੰਦਾ ਹੈ ਜੋ ਸਮਾਜ ਵਿਚ ਜਿਉਂਦਾ ਹੈ, ਕੰਮ ਕਰਦਾ ਹੈ, ਸਭ ਤਰ੍ਹਾਂ ਦਾ ਵਿਵਹਾਰ ਕਰਦਾ ਹੈ। ਇਕ ਸਿੱਖ ਲਈ ਇਕ ਬਹੁਤ ਅਹਿਮ ਸੱਚਾਈ ਇਹ ਹੈ ਕਿ ਉਹ ਸਮਾਜ ਵਿਚ ਇਕ ਕਿਰਿਆਸ਼ੀਲ ਜੀਵਨ ਜਿਉਂਦਾ ਹੋਇਆ ਦੂਸਰਾ ਜੀਵਨ ਵੀ ਜਿਉਂਦਾ ਹੈ ਜੋ ਉਸ ਦਾ ਅੰਦਰੂਨੀ ਅਤੇ ਰਹੱਸਮਈ ਜੀਵਨ ਹੁੰਦਾ ਹੈ। ਇਸ ਅਵਸਥਾ ਵਿੱਚ ਇਕ ਸਿੱਖ ਕੇਵਲ ਇਕ ਸਰੀਰ ਜਾਂ ਸਮਾਜਿਕ ਪ੍ਰਾਣੀ ਦੇ ਤੌਰ ਤੇ ਨਹੀਂ ਜਿਉਂਦਾ ਬਲਕਿ ਇਕ ਆਤਮਾ ਦੇ ਸਤਰ ਤੇ ਜਿਉਂਦਾ ਹੈ। ਉਸ ਦੀ ਇਹ ਅਵੱਸਥਾ ਕੇਵਲ ਅਤੇ ਕੇਵਲ ਇਕੋ-ਇਕ ਨਿਸ਼ਾਨੇ ਉਤੇ ਸੇਧੀ ਹੋਈ ਹੁੰਦੀ ਹੈ, ਉਸ ਨਿਸ਼ਾਨੇ ਨੂੰ ਜਾਂ ਉਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਇਕ ਮਨੁੱਖ ਨੂੰ ਸਮਾਜਿਕ, ਸਰੀਰਕ ਅਤੇ ਮਾਨਸਿਕ ਪੜਾਵਾਂ ਵਿਚੋਂ ਪਾਰ ਲੰਘਣਾ ਹੁੰਦਾ ਹੈ। ਇਕ ਸਿੱਖ ਲਈ ਉਸ ਦਾ ਅੰਤਿਮ ਉਦੇਸ਼ ਪਰਮ-ਪਿਤਾ ਪਰਮਾਤਮਾ ਹੈ ਜੋ ਇਕ ਹੈ, ਅਪਰੰਮਪਾਰ ਹੈ ਪਰ ਹਰ ਜਗ੍ਹਾ ਇਕ ਰੂਪ, ਇਕ ਰਸ-ਵਿਆਪਕ ਹੈ। ਉਸ ਦਾ ਨਾਮ ਸੱਚ ਹੈ ਜੋ ਸੰਸਾਰ ਦੀ ਰਚਨਾ ਕਰਨ ਵਾਲਾ ਹੈ ਅਤੇ ਆਪਣੇ ਆਪ ਨੂੰ ਆਪਣੀ ਰਚਨਾ ਵਿਚ ਪ੍ਰਗਟ ਵੀ ਕਰਦਾ ਹੈ। ਉਹ ਕਿਸੇ ਤਰ੍ਹਾਂ ਦੇ ਵੀ ਭੈਅ ਤੋਂ ਪਰ੍ਹੇ ਹੈ, ਜਿਸ ਦਾ ਕਿਸੇ ਨਾਲ ਵਿਰੋਧ ਨਹੀਂ, ਉਹ ਸਮੇਂ ਅਤੇ ਮੌਤ ਦੇ ਬੰਧਨ ਤੋਂ ਆਜ਼ਾਦ ਹੈ, ਪਰ੍ਹੇ ਹੈ ਜੋ ਕਦੇ ਜਨਮ ਨਹੀਂ ਲੈਂਦਾ, ਜਿਸ ਨੇ ਆਪਣੇ ਆਪ ਨੂੰ ਆਪ ਬਣਾਇਆ, ਆਪ ਸਥਾਪਿਤ ਕੀਤਾ ਅਤੇ ਜਿਸ ਨੂੰ ਗੁਰੂ ਦੀ ਕਿਰਪਾ ਨਾਲ ਅਨੁਭਵ ਕੀਤਾ ਜਾ ਸਕਦਾ ਹੈ। ਇਸ ਕਰਕੇ ਇਕ ਸਿੱਖ ਲਈ ਉਸ ਦੀ ਅੰਤਿਮ ਯਾਤਰਾ ਉਸ ਸਥਿਤੀ ਤੇ ਖ਼ਤਮ ਹੁੰਦੀ ਹੈ ਜਿਥੇ ਉਹ ਪਰਮਾਤਮਾ ਨਾਲ ਅਭੇਦ ਹੋ ਜਾਂਦਾ ਹੈ।

ਸਿੱਖ ਧਰਮ ਅਤੇ ਸਿੱਖ ਧਰਮ ਤੋਂ ਪਹਿਲਾਂ ਦੇ ਪ੍ਰਚੱਲਿਤ ਭਾਰਤੀ ਧਾਰਮਿਕ ਸੰਦਰਭ ਦੇ ਵਿੱਚ ਇਹੀ ਫ਼ਰਕ ਹੈ ਕਿ ਸਿੱਖ ਧਰਮ ਵਿੱਚ ਅਧਿਆਤਮਿਕ ਸੱਚ ਨੂੰ ਸਿੱਧ ਕਰਨ ਲਈ ਸ਼ਬਦ ਦੁਆਰਾ ਦਿੱਤੀ ਹੋਈ ਸੇਧ ਦਾ ਰਸਤਾ ਹੀ ਪ੍ਰਵਾਨ ਕੀਤਾ ਗਿਆ ਹੈ ਜੋ ਕਿ ਗੁਰੂ ਦੇ ਰਾਹੀਂ ਸ਼ੁਰੂ ਵੀ ਹੁੰਦਾ ਹੈ ਅਤੇ ਗੁਰੂ ਦੇ ਰਾਹੀਂ ਹੀ ਪ੍ਰਵਾਨ ਚੜ੍ਹਦਾ ਹੈ। ਇਹ ਰਸਤਾ ਪਰਮਾਤਮਾ ਅਤੇ ਗੁਰੂ ਦੀ ਅਧਿਆਤਮਿਕ ਚੇਤਨਾ ਦੇ ਸਬੰਧ ਤੇ ਆਧਾਰਿਤ ਹੈ, ਜੋ ਸ਼ਬਦ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਇਸ ਦਾ ਭਾਵ ਇਹ ਨਹੀਂ ਬਣਦਾ ਕਿ ਇਹ ਸਨਾਤਨੀ ਹਿੰਦੂ ਧਰਮ ਦੀ ਕਿਸੇ ਤਰ੍ਹਾਂ ਦੀ ਵੀ ਕੋਈ ਵਿਰੋਧਤਾ ਹੈ ਜਾਂ ਕੇਵਲ ਆਲੋਚਨਾ ਵਾਸਤੇ ਹੀ ਅਲੋਚਨਾ ਕੀਤੀ ਗਈ ਹੈ। ਬਲਕਿ ਇਹ ਸਨਾਤਨੀ ਹਿੰਦੂ ਧਰਮ ਦੇ ਉਸ ਰੂਪ ਦੀ ਆਲੋਚਨਾ ਹੈ ਜਿਸ

ਅਨੁਸਾਰ ਹਿੰਦੂ ਧਰਮ ਦਾ ਮੁੱਢਲਾ ਰੂਪ ਕਾਫੀ ਵਿਗੜ ਚੁੱਕਿਆ ਸੀ ਜਿਸ ਕਰਕੇ ਗੁਰੂ ਸਾਹਿਬ ਦੇ ਸਮੇਂ ਵਿੱਚ ਧਾਰਮਿਕ ਅਤੇ ਸਮਾਜਿਕ ਜੀਵਨ ਦਾ ਜੋ ਰੂਪ ਉਹਨਾਂ ਦੇ ਸਾਹਮਣੇ ਆਇਆ ਉਹਨਾਂ ਨੇ ਉਸ ਦੀ ਆਲੋਚਨਾ ਕੀਤੀ। ਜਿਵੇਂ ਕਿ ਅਸੀਂ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਪੜ੍ਹਦੇ ਹਾਂ ਕਿ ਧਾਰਮਿਕ ਅਤੇ ਸਮਾਜਿਕ ਜੀਵਨ ਦਾ ਇਸ ਵਿਗੜੇ ਹੋਏ ਰੂਪ ਦਾ ਵਿਰੋਧ ਖੁਦ ਦੈਵੀ ਸ਼ਕਤੀ ਵੱਲੋਂ ਆਪ ਕੀਤਾ ਗਿਆ ਸੀ। ਤਕਰੀਬਨ ਇਸੇ ਤਰ੍ਹਾਂ ਦਾ ਵਿਰੋਧ ਆਰੀਆਂ ਸਮਾਜੀਆਂ ਵੱਲੋਂ ਹਿੰਦੂ ਧਰਮ ਦੀਆਂ ਕੁਰੀਤੀਆਂ ਦੇ ਵਿਰੁੱਧ ਉੱਨੀਵੀਂ ਸਦੀ ਵਿਚ ਕੀਤਾ ਗਿਆ। ਜੋ ਕੁਝ ਸਿੱਖ ਧਰਮ ਗ੍ਰੰਥਾਂ ਵਿੱਚ ਹਿੰਦੂ ਧਰਮ ਦੀ ਸਥਿਤੀ ਬਾਰੇ ਕਿਹਾ ਗਿਆ ਸੀ ਉਹਨਾਂ ਤੱਥਾਂ ਨੂੰ ਉਹਨਾਂ ਨੇ ਵੀ ਸਵੀਕਾਰ ਕੀਤਾ। ਸਿੱਖ ਧਰਮ ਅਸਲ ਵਿੱਚ ਪਰਮਾਤਮਾ ਵਲੋਂ ਭੇਜੀ ਹੋਈ ਦੈਵੀ ਪ੍ਰੇਰਣਾ ਹੈ ਜੋ ਗੁਰੂ ਨਾਨਕ ਰਾਹੀਂ ਜਨ-ਸਧਾਰਨ ਤੱਕ ਪਹੁੰਚੀ। ਇਸ ਪ੍ਰੇਰਣਾ ਦਾ ਮਕਸਦ ਸੀ ਕਿ ਇਕ ਈਸ਼ਵਰ ਦੀ ਸਚਾਈ ਅਤੇ ਕੇਵਲ ਉਸੇ ਦੀ ਭਗਤੀ ਵਿੱਚ ਵਿਸ਼ਵਾਸ ਨੂੰ ਪੁਨਰ-ਸਥਾਪਿਤ ਕੀਤਾ ਜਾਵੇ। ਗੁਰੂ ਨਾਨਕ ਨੇ ਅਸਲ ਵਿੱਚ ਕੋਸ਼ਿਸ਼ ਕੀਤੀ ਕਿ ਹਿੰਦੁਸਤਾਨ ਦੀ ਆਮ ਜਨਤਾ ਦੇ ਜੀਵਨ ਨੂੰ ਜੋ ਕਿ ਆਪਣੀ ਲੀਹ ਤੋਂ ਉੱਤਰ ਚੁੱਕਿਆ ਸੀ ਉਸ ਨੂੰ ਦੁਬਾਰਾ ਆਪਣੇ ਅਸਲੀ ਰਸਤੇ ਤੇ ਚਲਾਇਆ ਜਾਵੇ। ਗੁਰੂ ਨਾਨਕ ਨੇ ਕਦੇ ਵੀ ਵੇਦਾਂ ਜਾਂ ਸਾਮੀ ਧਰਮਾਂ ਦੇ ਧਰਮ ਗ੍ਰੰਥਾਂ ਨੂੰ ਮੰਨਣ ਤੋਂ ਇਨਕਾਰ ਨਹੀਂ ਕੀਤਾ। ਜਿਵੇਂ ਉਹਨਾਂ ਨੇ ਕਿਹਾ:-

ਬੇਦ ਕਤੇਬ ਕਹਹੁ ਮਤ ਝੂਠੇ
ਝੂਠਾ ਜੋ ਨਾ ਬਿਚਾਰੈ॥[5]

ਉਹਨਾਂ ਨੇ ਮੰਨਿਆ ਕਿ ਜਿੰਨੇ ਵੀ ਧਰਮ ਗ੍ਰੰਥ ਹਨ ਉਹ ਪਰਮਾਤਮਾ ਵਲੋਂ ਪ੍ਰੇਰੇ ਹੋਏ ਉਸੇ ਦੇ ਹੀ ਸ਼ਬਦ ਹਨ। ਗੁਰੂ ਨਾਨਕ ਸਾਹਮਣੇ ਮੁੱਖ ਮੁੱਦਾ ਸੀ ਕਿ ਉਸ ਧਰਮ ਨੂੰ ਸਥਾਪਿਤ ਕੀਤਾ ਜਾਵੇ ਜੋ ਇਕ ਦੈਵੀ-ਸ਼ਕਤੀ ਵਲੋਂ ਪ੍ਰੇਰਿਆ ਹੋਇਆ ਅਤੇ ਇਕ ਸ਼ਕਤੀ ਦੀ ਪੂਜਾ ਨਾਲ ਸੰਬੰਧਿਤ ਹੋਵੇ। ਇਹ ਸਿੱਖਿਆ ਸਾਰੇ ਹਿੰਦੁਸਤਾਨੀਆਂ ਲਈ ਸਾਂਝੀ ਸੀ ਜੋ ਕਿਸੇ ਕਾਰਨ ਕਰਕੇ ਉਸ ਸਮੇਂ ਤੱਕ ਦੇਵੀ-ਦੇਵਤਿਆਂ ਵਿੱਚ ਵਿਸ਼ਵਾਸ ਕਰਨ ਲੱਗ ਪਏ ਸਨ ਅਤੇ ਜਿਹਨਾਂ ਦਾ ਧਾਰਮਿਕ ਅਤੇ ਸਮਾਜਿਕ ਰਵੱਈਆ ਪਰੰਪਰਾਗਤ ਧਾਰਮਿਕ ਸਰੋਕਾਰਾਂ ਤੋਂ ਬਿਲਕੁਲ ਅਲੱਗ ਹੋ ਚੁੱਕਿਆ ਸੀ। ਪਰ ਕਮਾਲ ਦੀ ਗੱਲ ਇਹ ਹੈ ਕਿ ਜਨ-ਸਧਾਰਨ ਦਾ ਰਵੱਈਆ ਮੁੱਖ ਤੌਰ ਤੇ ਕਿਸੇ ਵੀ ਲਹਿਰ ਨਾਲ ਬਦਲਿਆ ਨਹੀਂ। ਇਸ ਦਾ ਨਤੀਜਾ ਸਾਡੇ ਸਾਹਮਣੇ ਹੀ ਹੈ ਕਿ ਅੱਜ ਵੀ ਲੋਕ ਦੇਵੀ-ਦੇਵਤਿਆਂ ਦੀ ਪੂਜਾ ਕਰ ਰਹੇ ਹਨ ਅਤੇ ਨਾਲ ਪੌਦਿਆਂ, ਦਰਿਆਵਾਂ, ਹਵਾ, ਪਾਣੀ ਆਦਿ ਬਹੁਤ ਸਾਰੀਆਂ ਕੁਦਰਤੀ ਤਾਕਤਾਂ ਦੀ ਵੀ ਪੂਜਾ ਕਰ ਰਹੇ ਹਨ। ਪਰ ਉਹ ਲੋਕ ਜੋ ਗੁਰੂ ਦੇ ਕਹਿਣੇ ਵਿੱਚ ਆ ਕੇ ਸੱਚੇ ਵਿਸ਼ਵਾਸ ਵੱਲ ਮੁੜੇ, ਜੋ ਇੱਕ ਪਰਮਾਤਮਾ ਵਿੱਚ ਵਿਸ਼ਵਾਸ ਅਤੇ ਇਕ ਦੀ ਹੀ ਭਗਤੀ ਦਾ ਰਸਤਾ ਸੀ ਅਤੇ ਜਿਹਨਾਂ ਨੇ ਸਮਾਜਿਕ ਜ਼ਿੰਮੇਵਾਰੀ ਲਈ ਗੁਰੂ ਨਾਨਕ ਦੇ ਰਸਤੇ ਨੂੰ ਚੁਣਿਆ, ਉਹਨਾਂ ਨੂੰ ਸਿੱਖ ਕਿਹਾ ਗਿਆ।

---

5. ਗੁਰੂ ਗ੍ਰੰਥ ਸਾਹਿਬ, ਪੰਨਾ 747.

ਅਸਲ ਵਿਚ ਸਮੇਂ ਦਾ ਉਹ ਦੌਰ ਨਾ ਸਿਰਫ ਧਾਰਮਿਕ ਖੇਤਰ ਵਿਚ ਹੀ ਸਗੋਂ ਜੀਵਨ ਦੇ ਹਰ ਖੇਤਰ ਵਿਚ ਬੇਤਰਤੀਬੀ ਦਾ ਦੌਰ ਸੀ। ਭਾਵੇਂ ਗੁਰੂ ਨਾਨਕ ਤੋਂ ਪਹਿਲਾਂ ਉੱਤਰੀ ਭਾਰਤ ਦੇ ਮਹਾਨ ਸੰਤਾਂ ਨੇ ਉਸ ਬੇਤਰਤੀਬੀ ਨੂੰ ਸਹੀ ਦਿਸ਼ਾ ਦੇਣ ਦੀ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਨੇ ਉਸ ਵੇਲੇ ਦੇ ਹਿੰਦੂ ਧਾਰਮਿਕ ਮਾਹੌਲ ਅਤੇ ਸਮਾਜ ਦੀ ਚਾਰ-ਦੀਵਾਰੀ ਨੂੰ ਪਾਰ ਕੀਤੇ ਬਿਨਾਂ ਧਾਰਮਿਕ ਅਤੇ ਸਮਾਜਿਕ ਮਾਹੌਲ ਨੂੰ ਸੁਧਾਰਨ ਦੇ ਯਤਨ ਕੀਤੇ ਸਨ। ਇਸੇ ਕਰਕੇ ਉਨ੍ਹਾਂ ਦੀ ਸਫਲਤਾ ਦਾ ਦਾਇਰਾ ਸੀਮਿਤ ਰਿਹਾ। ਕਿਉਂਕਿ ਉਸ ਵੇਲੇ ਦੇ ਸਨਾਤਨ ਸਮਾਜ ਦੀ ਕੱਟੜਤਾ ਕਾਫੀ ਮਜ਼ਬੂਤ ਸੀ ਜਿਸ ਨੇ ਕਈ ਸੁਧਰੇ ਹੋਏ ਧਾਰਮਿਕ ਪੰਥਾਂ ਨੂੰ ਆਪਣੇ ਅੰਦਰ ਨਿਗਲ ਲਿਆ। ਸਿੱਖ ਧਰਮ ਨੇ ਆਪਣੀ ਹੋਂਦ ਬਚਾਈ ਰੱਖੀ ਕਿਉਂਕਿ ਸ਼ੁਰੂ ਤੋਂ ਹੀ ਇਸ ਨੇ ਆਪਣੀ ਸੰਸਥਾਤਮਕ ਅਤੇ ਸਿਧਾਂਤਕ ਇਕਸੁਰਤਾ ਨੂੰ ਉਸ ਵੇਲੇ ਦੀ ਭਾਰਤੀ ਧਾਰਮਿਕ ਕੱਟੜਤਾ ਦੇ ਫੈਲੇ ਹੋਏ ਹੱਥਾਂ ਤੋਂ ਦੂਰ ਰੱਖਿਆ। ਸਿੱਖ ਧਰਮ ਦੇ ਆਰੰਭ ਦਾ ਸਮਾਂ ਜੀਵਨ ਦੇ ਸਾਰੇ ਪੱਖਾਂ ਵਿਚ ਬੇਤਰਤੀਬੀ ਦਾ ਸਮਾਂ ਸੀ। ਇਹ ਬੇਤਰਤੀਬੀ ਨਾ ਕੇਵਲ ਧਾਰਮਿਕ ਅਦਾਰਿਆਂ ਵਿਚ ਬਲਕਿ ਸਮਾਜਿਕ ਅਤੇ ਰਾਜਨੀਤਿਕ ਅਦਾਰਿਆਂ ਵਿਚ ਵੀ ਸੀ। ਬੇਸ਼ੱਕ ਗੁਰੂ ਨਾਨਕ ਤੋਂ ਪਹਿਲਾਂ ਉੱਤਰ ਭਾਰਤ ਦੇ ਮਹਾਨ ਸੰਤਾਂ ਨੇ ਉਸ ਬੇਤਰਤੀਬੀ ਨੂੰ ਤਰਤੀਬ ਦੇਣ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਉਨ੍ਹਾਂ ਨੇ ਉਹ ਬੇਤਰਤੀਬੀ ਉਸ ਵਿਗੜੇ ਹੋਏ ਮਹੌਲ ਦੀ ਵਲਗਣ ਵਿੱਚੋਂ ਬਾਹਰ ਨਿਕਲਣ ਤੋਂ ਬਿਨਾਂ ਠੀਕ ਕਰਨ ਦੀ ਕੋਸ਼ਿਸ਼ ਕੀਤੀ। ਪਰ ਕਿਉਂਕਿ ਪਰੰਪਰਾ ਜ਼ਿਆਦਾ ਸ਼ਕਤੀਸ਼ਾਲੀ ਸੀ ਇਸ ਕਰਕੇ ਉਨ੍ਹਾਂ ਦੀ ਸਫ਼ਲਤਾ ਸੀਮਤ ਰਹੀ। ਸਮਾਂ ਪਾ ਕੇ ਉਨ੍ਹਾਂ ਦੁਆਰਾ ਚਲਾਏ ਗਏ ਧਾਰਮਿਕ ਪੰਥ ਦੁਬਾਰਾ ਉਸੇ ਬੇਤਰਤੀਬੀ ਵਾਲੀ ਪ੍ਰੰਪਰਾ ਵਿਚ ਸਮਾ ਗਏ। ਸਿੱਖ ਧਰਮ ਆਪਣੇ ਆਪ ਨੂੰ ਇਸ ਕਰਕੇ ਬਚਾਅ ਸਕਿਆ ਕਿਉਂਕਿ ਇਸ ਨੇ ਸ਼ੁਰੂ ਤੋਂ ਹੀ ਆਪਣੇ ਆਪ ਨੂੰ ਫੈਲੇ ਹੋਏ ਸਨਾਤਨੀ ਪੰਜਿਆਂ ਤੋਂ ਬਚਾ ਕੇ ਰੱਖਿਆ ਅਤੇ ਨਾਲ ਹੀ ਆਪਣੇ ਸਿਧਾਂਤਕ ਅਤੇ ਜਥੇਬੰਦਕ ਵਿਕਾਸ ਨੂੰ ਬਣਾਈਂ ਰੱਖਿਆ।[6]

ਭਾਵੇਂ ਗੁਰੂ ਨਾਨਕ ਨੇ ਉਸ ਸਮੇਂ ਦੀ ਆਮ ਪ੍ਰਚਲਿਤ ਧਾਰਮਿਕ ਸ਼ਬਦਾਵਲੀ ਦੀ ਹੀ ਵਰਤੋਂ ਕੀਤੀ ਪਰ ਇੰਜ ਕਰਦੇ ਹੋਏ ਵੀ ਉਨ੍ਹਾਂ ਨੇ ਆਪਣੇ ਵਿਸ਼ਵਾਸ ਦੀ ਨਵੀਨਤਾ ਅਤੇ ਉਸ ਦੇ ਮਕਸਦ ਦੀ ਪਰਪੱਕਤਾ ਦਾ ਅਨੋਖਾਪਨ ਆਪਣੇ ਹੱਥੋਂ ਗਵਾਇਆ ਨਹੀਂ। ਉਨ੍ਹਾਂ ਨੇ ਬਹੁਦੇਵਵਾਦ ਅਤੇ ਪੁਜਾਰੀ ਜਮਾਤ ਦੁਆਰਾ ਚਲਾਈ ਜਾ ਰਹੀ ਇਕ ਧਾਰਮਿਕ-ਸਮਾਜਿਕ ਪ੍ਰੰਪਰਾ ਨਾਲ ਕਤੱਈ ਵੀ ਸਮਝੌਤਾ ਨਹੀਂ ਕੀਤਾ। ਆਪਣੇ ਸਿਧਾਂਤ ਨੂੰ ਪੇਸ਼ ਕਰਦੇ ਹੋਏ ਉਹ ਆਪਣੇ ਅਸਲੀ ਮਕਸਦ ਤੋਂ ਬਿਲਕੁਲ ਵੀ ਪਰ੍ਹੇ ਨਹੀਂ ਜਾਂਦੇ। ਜਦੋਂ ਉਹ ਪਰਮਾਤਮਾ ਨੂੰ ਰਾਮ ਜਾਂ ਕ੍ਰਿਸ਼ਨ ਕਰਕੇ ਸੰਬੋਧਨ ਕਰ ਰਹੇ ਹਨ ਤਾਂ ਉਨ੍ਹਾਂ ਦਾ ਭਾਵ ਉਹ ਇਹ ਨਹੀਂ ਦਿੰਦੇ ਕਿ ਉਹ ਵਿਸ਼ਨੂੰ ਨੂੰ ਆਪਣਾ ਇਸ਼ਟ ਮੰਨ ਕੇ ਸੰਬੋਧਨ ਕਰ ਰਹੇ ਹਨ ਬਲਕਿ ਇਹ ਨਾਮ ਉਹ ਉਸ ਅਕਾਲ ਪੁਰਖ ਲਈ ਵਰਤ ਰਹੇ ਹਨ ਜੋ ਜਨਮ ਮਰਨ ਦੇ ਚੱਕਰ ਤੋਂ ਬਾਹਰਾ ਹੈ।

ਸਿੱਖ ਧਰਮ ਆਪਣੇ ਸੁਤੰਤਰ ਅਤੇ ਇਲਹਾਮੀ ਸਿਧਾਂਤ ਤੇ ਆਧਾਰਿਤ ਸੀ। ਸਿੱਖ ਧਰਮ ਦਾ ਪਰਮ ਸੱਤ ਬਾਰੇ ਸਿਧਾਂਤ ਨਾ ਕੇਵਲ ਉਸ ਵੇਲੇ ਦੇ ਪ੍ਰਚੱਲਿਤ ਭਾਰਤੀ ਸਿਧਾਂਤ ਤੋਂ

6. ਏ.ਸੀ. ਬੈਨਰਜੀ, *ਗੁਰੂ ਨਾਨਕ ਟੂ ਗੁਰੂ ਗੋਬਿੰਦ ਸਿੰਘ*, ਰਾਜੇਸ਼ ਪਬਲੀਕੇਸ਼ਨਜ਼, ਦਿੱਲੀ, 1978, ਪੰਨਾ 26.

ਅਲੱਗ ਸੀ ਜੋ ਕਿ ਦੇਵਤਿਆਂ ਦੇ ਕ੍ਰਮ ਵਿੱਚ ਘਿਰਿਆ ਹੋਇਆ ਸੀ ਬਲਕਿ ਇਹ ਸਾਮੀ ਇਕ ਈਸ਼ਵਰਵਾਦ ਦੇ ਵਿਚਾਰ ਤੋਂ ਵੀ ਵੱਖ ਸੀ। ਗੁਰੂ ਨਾਨਕ ਦੇ ਪਰਮਾਤਮਾ ਪ੍ਰਤੀ ਸਿਧਾਂਤ ਦੀ ਵਿਆਖਿਆ ਉਸ ਵੇਲੇ ਪ੍ਰਚੱਲਿਤ ਵਿਆਖਿਆਵਾਂ ਨਾਲੋਂ ਅਲੱਗ ਸੀ। ਉਸ ਧਾਰਮਿਕ ਮਾਹੌਲ ਵਿਚ ਗੁਰੂ ਨਾਨਕ ਆਪਣੇ ਸਿਧਾਂਤ ਦੇ ਬੁਨਿਆਦੀ ਹੋਣ ਬਾਰੇ ਆਪਣੇ ਹੀ ਸਬੂਤ ਦਿੰਦੇ ਹਨ। ਜਦੋਂ ਗੁਰੂ ਨਾਨਕ ਦੇਵ ਜੀ ਪਰਮਾਤਮਾ ਦੇ ਨਾਵਾਂ ਦਾ ਜ਼ਿਕਰ ਕਰਦੇ ਹੋਏ ਰਾਮ ਅਤੇ ਕ੍ਰਿਸ਼ਨ ਆਦਿ ਨਾਵਾਂ ਨੂੰ ਵਰਤੋਂ ਵਿੱਚ ਲਿਆਉਂਦੇ ਹਨ ਤਾਂ ਉਨ੍ਹਾਂ ਦਾ ਭਾਵ ਇਹ ਨਹੀਂ ਕਿ ਉਹ ਵਿਸ਼ਨੂੰ ਦੇ ਅਵਤਾਰ ਨੂੰ ਮੰਨਦੇ ਹਨ ਬਲਕਿ ਉਹ ਪਰਮਾਤਮਾ ਜੋ ਅਕਾਲ ਪੁਰਖ ਹੈ ਉਸ ਲਈ ਇਹ ਸ਼ਬਦ ਵਰਤਦੇ ਹਨ। ਉਨ੍ਹਾਂ ਨੇ ਕੇਵਲ ਰਾਮ, ਕ੍ਰਿਸ਼ਨ, ਗੋਪਾਲ ਆਦਿ ਨਾਮ ਹੀ ਪਰਮਾਤਮਾ ਲਈ ਨਹੀਂ ਵਰਤੇ ਬਲਕਿ ਅੱਲ੍ਹਾ, ਕਰੀਮ, ਰਹੀਮ ਨਾਂ ਵੀ ਵਰਤੇ ਹਨ। ਗੁਰੂ ਨਾਨਕ ਦਾ ਮੰਨਣਾ ਸੀ ਕਿ ਪਰਮਾਤਮਾ ਦੇ ਬੱਚੇ ਆਪਸ ਵਿਰੋਧੀ ਨਹੀਂ ਹੋ ਸਕਦੇ। ਉਹ ਕੇਵਲ ਇਸਲਾਮ ਅਤੇ ਹਿੰਦੂ ਧਰਮ ਦੇ ਵਿਚਕਾਰ ਹੀ ਸ਼ਾਂਤੀ ਬਨਾਉਣ ਵਾਲੇ ਨਹੀਂ ਸਨ ਬਲਕਿ ਮਨੁੱਖੀ ਚੇਤਨਾ ਅਤੇ ਪਰਮਾਤਮਾ ਵਿਚਕਾਰ ਸੰਬੰਧ ਸਥਾਪਿਤ ਕਰਨ ਵਾਲੇ ਵੀ ਸਨ।[7] ਗੁਰੂ ਨਾਨਕ ਨਾਲ ਸੰਬੰਧਤ ਇਸ ਸਾਰੇ ਵਰਤਾਰੇ ਨੂੰ ਧਿਆਨ ਵਿਚ ਰੱਖਦੇ ਹੋਏ ਇੱਲਾਮਾ ਇਕਬਾਲ ਨੇ ਕਿਹਾ ਹੈ;

ਫਿਰ ਉਠੀ ਤੌਹੀਦ ਕੀ ਆਖਿਰ ਸਦਾ ਪੰਜਾਬ ਸੇ
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਇਆ ਖਾਬ ਸੇ

ਸਮਾਜਿਕ ਸੰਦਰਭ

ਗੁਰੂ ਨਾਨਕ ਨੇ ਬਹੁਤ ਸਾਰੇ ਧਾਰਮਿਕ ਰਾਹਾਂ ਦਾ ਸਾਹਮਣਾ ਕੀਤਾ, ਜਿਹੜੇ ਨਾ ਕੇਵਲ ਭਾਰਤੀ ਮੂਲ ਦੇ ਸਨ ਬਲਕਿ ਵਿਦੇਸ਼ੀ ਵੀ ਸਨ। ਉਨ੍ਹਾਂ ਵਿਚ ਵੈਦਿਕ ਧਰਮ ਸਨ ਜੋ ਅੱਗੇ ਚਲ ਕੇ ਅਦਵੈਤਵਾਦ, ਵੈਸ਼ਨਵਵਾਦ, ਸ਼ੈਵਵਾਦ, ਨਾਥਯੋਗੀ ਪ੍ਰੰਪਰਾ ਵਜੋਂ ਜਾਣੇ ਗਏ ਅਤੇ ਦੂਜੇ ਪਾਸੇ ਵਿਦੇਸ਼ੀ ਮੂਲ ਦਾ ਧਰਮ ਇਸਲਾਮ ਸੀ, ਜਿਸ ਦਾ ਇਕ ਰੂਪ ਸੂਫ਼ੀਵਾਦ ਵੀ ਸੀ। ਗੁਰੂ ਨਾਨਕ ਨੂੰ ਨਾ ਕੇਵਲ ਉਨ੍ਹਾਂ ਧਾਰਮਿਕ ਵਿਚਾਰਧਾਰਾਵਾਂ ਦੇ ਵਿਵਹਾਰਕ ਪੱਖ ਵਿੱਚ ਆਈ ਗਿਰਾਵਟ ਨਾਲ ਹੀ ਬਲਕਿ ਸੰਬੰਧਤ ਸਮਾਜਿਕ ਜੀਵਨ ਦੀਆਂ ਤਰੁੱਟੀਆਂ ਨਾਲ ਵੀ ਜੂਝਣਾ ਪਿਆ। ਇਸ ਕਰਕੇ ਗੁਰੂ ਨਾਨਕ ਨੂੰ ਆਪਣਾ ਨਵਾਂ ਧਰਮ ਸਥਾਪਤ ਕਰਨ ਲਈ ਦੋਨਾਂ ਤਰੀਕਿਆਂ ਨਾਲ ਸੰਘਰਸ਼ ਕਰਨਾ ਪਿਆ। ਆਪਣੇ ਅਨੁਭਵ ਦੇ ਆਧਾਰ ਤੇ ਗੁਰੂ ਨਾਨਕ ਨੇ ਤਿਆਗੀ ਜਾਂ ਵੈਰਾਗੀ ਧਾਰਮਿਕ ਜੀਵਨ ਢੰਗ ਵਿਚ ਬਦਲਾਅ ਕਰਕੇ ਉਸਨੂੰ ਸਮਾਜ ਪੱਖੀ ਸੇਧ ਦੇਣ ਦੀ ਕੋਸ਼ਿਸ਼ ਕੀਤੀ।

ਗੁਰੂ ਨਾਨਕ ਦੇ ਧਰਮ ਦਰਸ਼ਨ ਦੇ ਵਿਕਾਸ ਵਿਚ ਅਤੇ ਉਨ੍ਹਾਂ ਦੇ ਵਿਚਾਰ ਦੀ ਅਸੀਮਤਾ ਵਿਚ ਇਕ ਮੁੱਢਲਾ ਖਿਆਲ ਜੋ ਉਭਰ ਕੇ ਸਾਹਮਣੇ ਆਉਂਦਾ ਹੈ ਉਹ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਦੂਜੇ ਧਰਮਾਂ ਦੀ ਨਾ ਤਾਂ ਵਿਰੋਧਤਾ ਕਰ ਰਹੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਬੁਰਾ ਸਥਾਪਿਤ ਕਰਨ ਵਿਚ ਲੱਗੇ ਹੋਏ ਹਨ, ਬਲਕਿ ਉਨ੍ਹਾਂ ਦਾ ਮੁੱਖ ਸਰੋਕਾਰ ਹੈ

---

7. ਸ਼ਰਦ ਚੰਦਰ ਵਰਮਾ, *ਉਹੀ*, ਪੰਨਾ 6.

ਪਰਮ ਸੱਤ ਦੀ ਹੋਂਦ ਅਤੇ ਉਸੇ ਦੀ ਭਗਤੀ ਵਿਚ ਵਿਸ਼ਵਾਸ਼ ਨੂੰ ਪਰਪੱਕ ਕਰਨਾ। ਗੁਰੂ ਨਾਨਕ ਦੇ ਮਹਾਨ ਵਿਚਾਰ ਦੂਜੇ ਧਰਮਾਂ ਦੀ ਅਲੋਚਨਾ ਨਾਲ ਨਹੀਂ ਬਲਕਿ ਆਪਣੇ ਵਿਸ਼ੇਸ਼ ਸਿਧਾਂਤ ਦੇਣ ਨਾਲ ਸ਼ੁਰੂ ਹੁੰਦੇ ਹਨ।[8]

ਗੁਰੂ ਨਾਨਕ ਦੇ ਸਿਧਾਂਤ ਦੀ ਦੂਜੀ ਵਿਲੱਖਣਤਾ ਹੈ ਕਿ ਅਧਿਆਤਮਿਕ ਤੌਰ ਤੇ ਸਿਧਾਂਤ ਦੀ ਇਕਸੁਰਤਾ ਦੇ ਨਾਲ-ਨਾਲ ਉਹ ਵਿਵਹਾਰਿਕ ਇਕਸੁਰਤਾ ਨੂੰ ਵੀ ਧਾਰਮਿਕ ਖੇਤਰ ਦਾ ਇਕ ਹਿੱਸਾ ਮੰਨ ਕੇ ਚੱਲਦੇ ਹਨ। ਸਿਰਫ ਇਹੀ ਨਹੀਂ ਕਿ ਕੇਵਲ ਇਕ ਰੱਬ ਦੀ ਭਗਤੀ ਕਰਨ ਦੀ ਪ੍ਰੇਰਨਾ ਦਾ ਜ਼ਿੰਮਾ ਹੀ ਉਨ੍ਹਾਂ ਲਿਆ ਬਲਕਿ ਉਨ੍ਹਾਂ ਉਸ ਇਕ ਦੇ ਰਾਜ ਨੂੰ ਸਥਾਪਿਤ ਕਰਨ ਅਤੇ ਸ਼ੈਤਾਨੀ ਤਾਕਤਾਂ ਦੇ ਜ਼ਬਰਦਸਤ ਪੰਜਿਆਂ ਤੋਂ ਆਮ ਮਨੁੱਖ ਨੂੰ ਅਜ਼ਾਦ ਵੀ ਕਰਵਾਉਣਾ ਸੀ। ਉਸ ਵੇਲੇ ਦੇ ਭਾਰਤੀ ਸਮਾਜ ਦੀ ਪ੍ਰਚਲਿਤ ਜੀਵਨ ਸ਼ੈਲੀ ਨੂੰ ਇਹ ਸਿੱਧੀ ਚੁਣੌਤੀ ਸੀ। ਗੁਰੂ ਨਾਨਕ ਅਨੁਸਾਰ ਜੀਵਨ ਦਾ ਸਮੁੱਚਾ ਮਕਸਦ ਸੀ ਕੇਵਲ ਇਕ ਦੈਵੀ ਸ਼ਕਤੀ ਦਾ ਵਿਸ਼ਵਾਸ ਅਤੇ ਕੇਵਲ ਉਸੇ ਦੀ ਪੂਜਾ ਅਤੇ ਸਮਾਜ ਵਿਚ ਰਹਿੰਦਿਆਂ ਹੋਇਆਂ ਇਕ ਵਿਵਹਾਰਿਕ ਨੈਤਿਕ ਜੀਵਨ ਜਿਊਣਾ ਜੋ ਕਿ ਉਸ ਵੇਲੇ ਦੇ ਭਾਰਤੀ ਸਮਾਜ ਦੇ ਧਾਰਮਿਕ ਅਤੇ ਸਮਾਜਿਕ-ਜੀਵਨ ਢੰਗ ਦਾ ਸਿੱਧਾ ਵਿਰੋਧ ਸੀ। ਭਾਵੇਂ ਗੁਰੂ ਨਾਨਕ ਦੁਆਰਾ ਪ੍ਰਚਾਰਿਤ ਅਧਿਆਤਮਿਕ ਵਿਚਾਰਧਾਰਾ ਕਿਸੇ ਰੂਪ ਵਿਚ ਗੁਰੂ ਨਾਨਕ ਤੋਂ ਪਹਿਲਾਂ ਵੀ ਹੋਂਦ ਵਿਚ ਸੀ ਪਰ ਸਰਬ-ਵਿਆਪਕਤਾ, ਇਲਾਹੀ ਏਕਤਾ ਅਤੇ ਸਮਾਜਿਕ ਚੇਤੰਨਤਾ ਅਤੇ ਵਿਵਹਾਰਿਕਤਾ ਦੀ ਉਸ ਪਰਪੱਕਤਾ ਨਾਲ ਨਹੀਂ ਜਿਸ ਪਰਪੱਕਤਾ ਨਾਲ ਗੁਰੂ ਨਾਨਕ ਨੇ ਚਲਾਇਆ। ਗੁਰੂ ਜੀ ਆਮ ਪ੍ਰਚਲਿਤ ਧਾਰਮਿਕ ਸ਼ਬਦਾਵਲੀ ਦੀ ਵਰਤੋਂ ਕਰਦੇ ਹੋਏ ਵੀ ਆਪਣੀ ਰੱਬੀ ਏਕਤਾ ਦੀ ਵਿਲੱਖਣਤਾ ਦੇ ਸਿਧਾਂਤ ਦੀ ਗਵਾਹੀ ਦਿੰਦੇ ਹਨ। ਇੰਜ ਲੱਗਦਾ ਹੈ ਕਿ ਗੁਰੂ ਨਾਨਕ ਦਾ ਸਮੁੱਚਾ ਮਕਸਦ ਕੇਵਲ ਇਕ ਨਵਾਂ ਧਰਮ ਸਥਾਪਤ ਕਰਨਾ ਹੀ ਨਹੀਂ ਸੀ ਬਲਕਿ ਸਾਰੀ ਦੀ ਸਾਰੀ ਮਨੁੱਖਤਾ ਨੂੰ ਇਕ ਸਤਰ ਤੇ ਕੇਵਲ ਇਕ ਦੀ ਉਪਾਸਨਾ ਨਾਲ ਜੋੜਨਾ ਸੀ ਜੋ ਉਸ ਤੱਥ ਤੋਂ ਮੁਨਕਰ ਹੋਈ ਬੈਠੀ ਸੀ।

ਉਹ ਜ਼ਿੰਦਗੀ ਦੇ ਸਮੁੱਚੇ ਸੱਚ ਨੂੰ ਧਿਆਨ ਵਿਚ ਰੱਖਦੇ ਹੋਏ ਮਨੁੱਖ ਨੂੰ ਸਮਾਜ ਦਾ ਇਕ ਗਤੀਸ਼ੀਲ ਅੰਗ ਬਣ ਕੇ ਰਹਿਣ ਦੇ ਇਲਾਹੀ ਉਦੇਸ਼ ਨੂੰ ਵੀ ਪਰਗਟ ਕਰਦੇ ਹਨ। ਉਨ੍ਹਾਂ ਦਾ ਮਕਸਦ ਇਕ ਐਸੀ ਜੀਵਨ ਸ਼ੈਲੀ ਦਾ ਆਰੰਭ ਕਰਨਾ ਸੀ ਜੋ ਅਧਿਆਤਮਿਕ ਇਕਸੁਰਤਾ ਦੇ ਨਾਲ-ਨਾਲ ਸਮਾਜਿਕ ਇਕਸੁਰਤਾ ਨੂੰ ਵੀ ਅਪਣਾਏ। ਧਾਰਮਿਕਤਾ ਤੋਂ ਗੁਰੂ ਨਾਨਕ ਦਾ ਮਕਸਦ ਲੱਗਦਾ ਹੈ ਮਨੁੱਖ ਨੂੰ ਬ੍ਰਹਿਮੰਡੀ ਸੰਪੂਰਨਤਾ ਵਿਚ ਪੂਰੀ ਤਰ੍ਹਾਂ ਸ਼ਾਮਿਲ ਹੋਣ ਦੀ ਪ੍ਰੇਰਨਾ ਦੇਣਾ। ਇਸੇ ਕਰਕੇ ਉਨ੍ਹਾਂ ਦੁਆਰਾ ਚਲਾਏ ਗਏ ਧਾਰਮਿਕ ਸਿਧਾਂਤ ਨੂੰ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਇਕ ਵੱਖਰੇ ਧਾਰਮਿਕ ਸੰਗਠਨ ਦੇ ਤੌਰ ਤੇ ਚਲਾਇਆ ਗਿਆ। ਇਕ ਅਕਾਲ ਪੁਰਖ ਦੀ ਹੋਂਦ ਤੋਂ ਅਲੱਗ ਕਿਸੇ ਵੀ ਹੋਰ ਹੋਂਦ ਨੂੰ ਇਲਾਹੀ ਹੋਂਦ ਦੀ ਜਗ੍ਹਾ ਪੂਜਨ ਦਾ ਸਿੱਧਾ ਅਤੇ ਭਰਪੂਰ ਵਿਰੋਧ ਸੀ, ਭਾਵੇਂ ਉਹ ਕੋਈ ਵੀ ਧਾਰਮਿਕ ਪਰੰਪਰਾ ਕਿਉਂ ਨਾ ਹੋਵੇ। ਹਾਂ ਕਿਤੇ-ਕਿਤੇ ਗੁਰੂ ਜੀ ਵੇਦਾਂ ਅਤੇ ਸ਼ਾਸਤਰਾਂ ਦਾ ਜ਼ਿਕਰ ਕਰਦੇ ਹੋਏ ਇਹ ਵੀ

8. ਸ਼ਰਦ ਚੰਦਰ ਵਰਮਾ, *ਉਹੀ*, ਪੰਨਾ 6.

ਦੱਸਣ ਦੀ ਕੋਸ਼ਿਸ਼ ਕਰਦੇ ਹਨ ਕਿ ਸਮਕਾਲੀ ਮਨੁੱਖ ਵੇਦਾਂ ਅਤੇ ਸ਼ਾਸਤਰਾਂ ਦੇ ਅਸਲੀ ਸੰਦੇਸ਼ ਨੂੰ ਭੁੱਲ ਗਿਆ ਹੈ ਕਿਉਂਕਿ ਉਨ੍ਹਾਂ ਵਿਚ ਵੀ ਕਿਸੇ ਨਾ ਕਿਸੇ ਰੂਪ ਵਿਚ ਇਕ ਦੀ ਉਪਾਸਨਾ ਦਾ ਜ਼ਿਕਰ ਆਉਂਦਾ ਰਿਹਾ ਹੈ ਪਰ ਸਮਾਂ ਪਾ ਕੇ ਮਨੁੱਖ ਇਕ ਤੋਂ ਬਿਨਾਂ ਦੂਜੀਆਂ ਤਾਕਤਾਂ ਦਾ ਉਪਾਸ਼ਕ ਹੋ ਜਾਂਦਾ ਰਿਹਾ ਹੈ। ਉਸੇ ਉਪਾਸ਼ਨਾ ਤੋਂ ਹਟਾ ਕੇ ਸਮੁੱਚੀ ਮਨੁੱਖਤਾ ਨੂੰ ਇਕ ਦੀ ਉਪਾਸ਼ਨਾ ਵੱਲ ਪ੍ਰੇਰਿਤ ਕਰਨਾ ਹੀ ਗੁਰੂ ਨਾਨਕ ਦੇ ਸੰਦੇਸ਼ ਦਾ ਅਸਲੀ ਮਕਸਦ ਹੈ। ਦੂਜੇ ਸ਼ਬਦਾਂ ਵਿਚ ਕਹਿ ਲਈਏ ਤਾਂ ਗੁਰੂ ਨਾਨਕ ਦਾ ਗਿਆਨ ਇਲਾਹੀ ਇਲਹਾਮ ਤੇ ਆਧਾਰਿਤ ਹੈ। ਇਹ ਉਹੀ ਇਲਹਾਮ ਹੈ ਜੋ ਦੁਨੀਆਂ ਦੇ ਦੂਜੇ ਧਾਰਮਿਕ ਪੈਰੋਕਾਰਾਂ ਨੂੰ ਵੀ ਹੋਇਆ। ਗੁਰੂ ਨਾਨਕ ਨੇ ਉਸ ਹਰ ਧਾਰਮਿਕ ਪੈਰੋਕਾਰ ਜਿਸ ਨੇ ਇਕ ਦੀ ਅਰਾਧਨਾ ਦੀ ਗੱਲ ਕੀਤੀ ਉਸ ਦੀ ਸ਼ਲਾਘਾ ਵੀ ਕੀਤੀ ਹੈ। ਇਸੇ ਕਰਕੇ ਗੁਰੂ ਨਾਨਕ ਦੇ ਸਿਧਾਂਤ ਵਿਚ ਦੁਨੀਆਂ ਦੇ ਕਿਸੇ ਵੀ ਉਸ ਧਾਰਮਿਕ ਪਰੰਪਰਾ ਦਾ ਵਿਰੋਧ ਨਹੀਂ ਮਿਲਦਾ ਜਿਸ ਵਿਚ ਇਕ ਦੀ ਅਰਾਧਨਾ ਕੀਤੀ ਜਾਂਦੀ ਹੋਵੇ। ਉਹ ਮੰਨਦੇ ਹਨ ਕਿ ਇਲਹਾਮ ਦਾ ਉਦੇਸ਼ ਇਕੋ ਹੀ ਹੈ ਉਹ ਇੱਕ ਤੋਂ ਆਉਂਦਾ ਹੈ, ਉਸ ਇਕ ਵੱਲ ਨੂੰ ਪ੍ਰੇਰਦਾ ਹੈ ਅਤੇ ਉਹ ਉਸ ਇਕ ਦਾ ਹੀ ਵਰਨਣ ਹੈ। ਉਨ੍ਹਾਂ ਕਿਹਾ ਹੈ:-

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥[9]

ਪਰਮਾਤਮਾ ਦੇ ਭੇਜੇ ਹੋਏ ਸੱਚੇ ਦੂਤ ਵਾਂਗ ਉਨ੍ਹਾਂ ਦਾ ਅਸਲੀ ਮਕਸਦ ਸਾਰੀ ਲੋਕਾਈ ਨੂੰ ਬਿਨਾਂ ਕਿਸੇ ਭੇਦਭਾਵ ਦੇ ਪਰਮਾਤਮਾ ਦੇ ਸਹੀ ਰਸਤੇ ਦੀ ਦਿਸ਼ਾ ਦੇਣੀ ਸੀ। ਇਤਿਹਾਸ ਦਾ ਇਹ ਉਹ ਸਮਾਂ ਸੀ ਜਦੋਂ ਧਾਰਮਿਕ ਕਹੇ ਜਾਣ ਵਾਲੇ ਆਗੂ ਜਨਤਾ ਨੂੰ ਪ੍ਰਭੂ ਭਗਤੀ ਵੱਲ ਪ੍ਰੇਰਨ ਦੀ ਬਜਾਏ ਉਨ੍ਹਾਂ ਨੂੰ ਫਜ਼ੂਲ ਦੇ ਕਰਮਕਾਡਾਂ ਵਿਚ ਉਲਝਾ ਰਹੇ ਸਨ। ਗੁਰੂ ਨਾਨਕ ਦੁਆਰਾ ਦਿੱਤਾ ਫਲਸਫਾ ਸਿਰਫ ਸਿਧਾਂਤਕ ਹੀ ਨਹੀਂ ਸਗੋਂ ਅਮਲੀ ਵੀ ਹੈ। ਇਸੇ ਕਰਕੇ ਦੁਨੀਆਂ ਦੇ ਅਧਿਆਤਮਿਕ ਅਤੇ ਸਮਾਜਿਕ ਦਾਰਸ਼ਨਿਕਾਂ ਵਿਚ ਗੁਰੂ ਨਾਨਕ ਦਾ ਇਕ ਮਹਤਵਪੂਰਨ ਸਥਾਨ ਹੈ। ਉਹ ਇਸ ਧਰਤੀ ਤੇ ਇਕ ਖਾਸ ਇਲਾਹੀ ਮਕਸਦ ਨੂੰ ਪੂਰਾ ਕਰਨ ਲਈ ਆਏ। ਸਮਾਜਿਕ ਸਰੋਕਾਰਾਂ ਪ੍ਰਤੀ ਬਹੁਤ ਸਿਹਤਮੰਦ ਰਵਈਆ ਰੱਖਦੇ ਹੋਏ ਉਨ੍ਹਾਂ ਨੇ ਆਪਣੀਆਂ ਸਿਖਿਆਵਾਂ ਦੀ ਸ਼ੁਰੂਆਤ ਕੀਤੀ। ਸਮਾਜਿਕ ਜੀਵਨ ਬਹੁਤ ਸਾਰੀਆਂ ਬੁਰਾਈਆਂ ਨਾਲ ਭਰਿਆ ਹੋਇਆ ਸੀ। ਇਕ ਪਾਸੇ ਪਰੋਹਿਤ ਜਮਾਤ ਵੱਲੋਂ ਆਪਣੇ ਆਪ ਨੂੰ ਸਰਵਉੱਚ ਮੰਨ ਕੇ ਆਪ ਹੁਦਰਾਪਨ ਕਰਨਾ ਅਤੇ ਦੂਜੇ ਪਾਸੇ ਸਮਾਜ ਦਾ ਵਰਣ ਅਤੇ ਆਸ਼ਰਮ ਧਰਮ ਵਿਚ ਵੰਡੇ ਹੋਣਾ। ਅਧਿਆਤਮਿਕ ਰੁਚੀਆਂ ਵਾਲੇ ਲੋਕ ਆਪਣੇ ਵਿਅਕਤੀਗਤ ਮਕਸਦ ਦੀ ਪ੍ਰਾਪਤੀ ਲਈ ਸਮਾਜ ਤੋਂ ਬੇਮੁਖ ਹੋ ਕੇ ਜੰਗਲਾਂ ਨੂੰ ਜਾ ਰਹੇ ਸਨ।

ਕਿਉਂਕਿ ਸਮੁੱਚੀ ਸਮਾਜਿਕ ਵਿਵਸਥਾ ਨੂੰ ਬਹੁਤ ਸਾਰੀਆਂ ਬੁਰਾਈਆਂ ਨੇ ਆਪਣੇ ਕਬਜ਼ੇ ਅਧੀਨ ਕਰ ਰੱਖਿਆ ਸੀ। ਜਾਤੀ ਭੇਦ-ਭਾਵ, ਸਤੀ ਦੀ ਰਸਮ, ਔਰਤਾਂ ਅਤੇ ਨੀਵੀਂ-ਜਾਤੀ ਦੇ ਲੋਕਾਂ ਨਾਲ ਵਧੀਕੀਆਂ ਆਦਿ ਆਮ ਸਮਾਜਿਕ ਰਵਈਆ ਬਣ ਚੁੱਕਿਆ ਸੀ।

---

9. ਗੁਰੂ ਗ੍ਰੰਥ ਸਾਹਿਬ, ਪੰਨਾ 646.

ਗੁਰੂ ਨਾਨਕ ਦਾ ਰਸਤਾ ਬੁਰਾਈ ਨਾਲ ਬੁਰਾਈ ਕਰਨ ਵਾਲਾ ਜਾਂ ਉਸ ਬੁਰਾਈ ਨੂੰ ਵਾਪਰਦੇ ਹੋਏ ਛੱਡ ਕੇ ਪਰ੍ਹੇ ਜਾਣ ਵਾਲਾ ਨਹੀਂ ਸੀ। ਗੁਰੂ ਨਾਨਕ ਨੇ ਸਮਾਜਿਕ ਬੁਰਾਈਆਂ ਵਿਰੁੱਧ ਲੜਨ ਦੀ ਜੋ ਸਿੱਖਿਆ ਦਿੱਤੀ, ਉਹ ਇਹ ਸੀ ਕਿ ਸਮਾਜ ਵਿੱਚ ਰਹਿ ਕੇ ਅਤੇ ਸਮਾਜਿਕ ਪ੍ਰਣਾਲੀ ਦਾ ਇੱਕ ਅਹਿਮ ਹਿੱਸਾ ਬਣ ਕੇ ਹੀ ਸਮਾਜਿਕ ਬੁਰਾਈਆਂ ਨਾਲ ਲੜਿਆ ਜਾ ਸਕਦਾ ਹੈ। ਇਸ ਕਰਕੇ ਗੁਰੂ ਨਾਨਕ ਦੇਵ ਜੀ ਕੇਵਲ ਇੱਕ ਧਾਰਮਿਕ ਸੰਸਥਾਪਕ ਅਤੇ ਪ੍ਰਚਾਰਕ ਹੀ ਨਹੀਂ ਸਨ ਸਗੋਂ ਉਹਨਾਂ ਨੇ ਆਪਣੀ ਅਸਲੀ ਜ਼ਿੰਦਗੀ ਵਿੱਚ ਸਮਾਜਿਕ ਅਤੇ ਅਧਿਆਤਮਿਕ ਕੀਮਤਾਂ ਨੂੰ ਇਕੱਠੇ ਪੇਸ਼ ਕੀਤਾ। ਤਕਰੀਬਨ ਉਸ ਸਮੇਂ ਦੀਆਂ ਸਾਰੀਆਂ ਹੀ ਸਮਾਜਿਕ ਬੁਰਾਈਆਂ ਦੇ ਵਿਰੁੱਧ ਗੁਰੂ ਸਾਹਿਬ ਨੇ ਡੱਟ ਕੇ ਅਵਾਜ਼ ਉਠਾਈ ਅਤੇ ਇਹ ਦਰਸਾਇਆ ਕਿ ਇੱਕ ਧਾਰਮਿਕ ਪ੍ਰਣਾਲੀ ਕਿਸ ਤਰ੍ਹਾਂ ਸਮਾਜ ਦੇ ਹਿਤ ਵਿੱਚ ਵੀ ਕੰਮ ਕਰ ਸਕਦੀ ਹੈ।

ਸਰਬ-ਸਾਂਝੀਵਾਲਤਾ ਦਾ ਰਾਹ

ਮਨੁੱਖੀ ਭਾਈਚਾਰੇ ਲਈ ਗੁਰੂ ਨਾਨਕ ਦਾ ਯੋਗਦਾਨ ਕਿਸੇ ਵੀ ਤਾਰੀਫ਼ ਦਾ ਮੁਥਾਜ ਨਹੀਂ ਹੈ। ਗੁਰੂ ਨਾਨਕ ਨੇ ਇਕ ਐਸੀ ਸਮਤੋਲ ਧਾਰਮਿਕ- ਸਮਾਜਿਕ ਪ੍ਰਣਾਲੀ ਸੁਝਾਈ ਜਿਸ ਦੀ ਮਿਸਾਲ ਕਿਤੇ ਹੋਰ ਨਹੀਂ ਮਿਲਦੀ ਕਿਉਂਕਿ ਗੁਰੂ ਨਾਨਕ ਦੇ ਪ੍ਰਬੰਧ ਵਿੱਚ ਸਾਰੀਆਂ ਜਾਤਾਂ, ਸਾਰੇ ਧਰਮਾਂ, ਸਭ ਤਰ੍ਹਾਂ ਦੀਆਂ ਜੀਵਨ-ਜਾਚਾਂ, ਸਭ ਤਰ੍ਹਾਂ ਦੀਆਂ ਵਿਚਾਰਧਰਾਵਾਂ, ਸਭ ਤਰ੍ਹਾਂ ਦੇ ਧਾਰਮਿਕ ਅਤੇ ਨਸਲੀ ਵਰਤਾਰਿਆਂ ਨੂੰ ਇਕੋ-ਜਿੰਨੀ ਸਤਿਕਾਰ ਯੋਗ ਜਗ੍ਹਾ ਹਾਸਿਲ ਹੈ। ਭਾਰਤੀ ਧਾਰਮਿਕ ਇਤਿਹਾਸ ਵਿੱਚ ਪਹਿਲੀ ਵਾਰ ਧਾਰਮਿਕ ਲੋਕਤੰਤਰ ਦਾ ਆਦਰ ਸਿੱਖ ਧਰਮ ਵਿੱਚ ਕੀਤਾ ਗਿਆ। ਸਾਰੇ ਧਾਰਮਿਕ ਜੀਵਨ ਢੰਗਾਂ ਨੂੰ ਉਹਨਾਂ ਦਾ ਬਣਦਾ ਆਦਰ ਦੇਣ ਦੇ ਨਾਲ-ਨਾਲ ਗੁਰੂ ਨਾਨਕ ਨੇ ਉਹਨਾਂ ਨੂੰ ਇੱਕੋ-ਇੱਕ ਦੈਵੀ-ਹੋਂਦ ਵੱਲ ਪ੍ਰੇਰਿਤ ਹੋਣ ਲਈ ਕਿਹਾ। ਉਹਨਾਂ ਦਾ ਭਾਵ ਸੀ ਕਿ ਉਸ ਇਕ ਪਰਮ-ਸਤਾ ਦੇ ਪ੍ਰੇਮ ਵਲ ਦੁਬਾਰਾ ਸੇਧ ਲੈਣੀ ਹੀ ਅਸਲੀ ਧਾਰਮਿਕ ਸੋਚ ਅਤੇ ਵਿਵਹਾਰ ਹੈ। ਕੋਈ ਵੀ ਧਾਰਮਿਕ ਪ੍ਰਣਾਲੀ ਜੋ ਇਕ ਪਰਮਾਤਮਾ; ਇਕ ਸਚ ਵਲ ਪ੍ਰੇਰਿਤ ਨਹੀਂ ਕਰਦੀ ਸੀ ਗੁਰੂ ਨਾਨਕ ਨੇ ਉਸ ਨੂੰ ਅਸਲੀ ਧਾਰਮਿਕ ਵਿਵਸਥਾ ਸਵੀਕਾਰ ਹੀ ਨਹੀਂ ਕੀਤਾ ਬਲਕਿ ਉਸ ਨੂੰ ਢੋਂਗ ਅਤੇ ਗੁਮਰਾਹ ਕਰਨ ਵਾਲਾ ਪ੍ਰਬੰਧ ਦੱਸਿਆ। ਗੁਰੂ ਨਾਨਕ ਦਾ ਧਰਮ ਪਰਮ-ਪ੍ਰੇਮ ਅਤੇ ਸਮਾਜਿਕ ਬਰਾਬਰਤਾ ਦਾ ਧਰਮ ਹੈ ਜਿਹੜਾ ਸਭ ਤਰ੍ਹਾਂ ਦੇ ਬੰਧਨਾਂ ਤੋਂ ਅਜ਼ਾਦ ਹੈ। ਉਹ ਸਭ ਤਰ੍ਹਾਂ ਦੇ ਨਸਲੀ ਅਤੇ ਧਾਰਮਿਕ ਵਖ-ਵਾਦ ਤੋਂ ਉਭਰ ਹੈ ਅਤੇ ਸਮਾਜਿਕ ਨਿਆਂ ਪ੍ਰਦਾਨ ਕਰਦਾ ਹੈ। ਇਹ ਸਭ ਤਰ੍ਹਾਂ ਦੇ ਨਸਲੀ ਅਤੇ ਸਮਾਜਿਕ ਪ੍ਰਬੰਧ ਲਈ ਸਾਂਝੀ ਅਤੇ ਯੋਗ ਵਿਵਸਥਾ ਹੈ। ਇਸੇ ਕਰਕੇ ਗੁਰੂ ਨਾਨਕ ਨੂੰ ਹਿੰਦੂਆਂ ਦਾ ਗੁਰੂ ਅਤੇ ਮੁਸਲਮਾਨਾਂ ਦਾ ਪੀਰ ਕਰਕੇ ਸੰਬੋਧਿਤ ਕੀਤਾ ਜਾਂਦਾ ਹੈ। ਗੁਰੂ ਨਾਨਕ ਦੀ ਬਾਣੀ ਦਾ ਸੰਗ੍ਰਹਿ ਇਸ ਤਥ ਦੀ ਪ੍ਰਪਕ ਉਦਾਹਰਣ ਹੈ।

ਅਧਿਆਤਮਿਕ ਏਕਤਾ ਬਣਾਈ ਰੱਖਣ ਲਈ ਗੁਰੂ ਨਾਨਕ ਨੇ ਅੰਤਰ-ਧਾਰਮਿਕ ਸੰਵਾਦ ਦਾ ਆਰੰਭ ਕੀਤਾ। ਮਨੁੱਖ ਦੇ ਧਾਰਮਿਕ ਇਤਿਹਾਸ ਵਿੱਚ ਇਹ ਪਹਿਲੀ ਉਦਾਹਰਣ ਸੀ ਕਿ ਕਿਸੇ ਧਰਮ ਦੇ ਪੈਗੰਬਰ ਵਲੋਂ ਇਕ ਯੋਜਨਾਬੱਧ ਤਰੀਕੇ ਨਾਲ ਅੰਤਰ-ਧਾਰਮਿਕ

ਸੰਵਾਦ ਦਾ ਪ੍ਰਬੰਧ ਚਲਾਇਆ ਗਿਆ ਹੋਵੇ। ਭਾਵੇਂ ਉਹਨਾਂ ਨੇ ਮਨ ਦੀ ਪੂਰੀ ਸਾਦਗੀ ਅਤੇ ਸ਼ੁੱਧਤਾ ਨਾਲ ਦੂਸਰੇ ਧਰਮਾਂ ਦੀ ਸਚਾਈ ਨੂੰ ਪ੍ਰਵਾਨ ਕੀਤਾ ਪਰ ਉਹਨਾਂ ਨੇ ਪਰਮਾਤਮਾ ਪ੍ਰਤੀ ਆਪਣੇ ਖਾਸ ਵਿਸ਼ਵਾਸ ਅਤੇ ਵਿਵਹਾਰ ਨਾਲ ਸਮਝੌਤਾ ਕਦੇ ਨਹੀਂ ਕੀਤਾ, ਉਹਨਾਂ ਨੇ ਧਾਰਮਿਕ ਪ੍ਰਤੀਬੱਧਤਾ ਦੇ ਅਤੇ ਵਿਵਹਾਰ ਦੇ ਆਮ ਵਰਤਾਰੇ ਨੂੰ ਸੋਧਣ ਅਤੇ ਨਵੇਂ ਸਿਰਿਉਂ ਪ੍ਰਕਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ। ਇਹ ਸਭ ਕੁਝ ਪਰਮਾਤਮਾ ਵਲੋਂ ਆਪ ਗੁਰੂ ਨਾਨਕ ਨੂੰ ਬਾਣੀ ਰੂਪ ਵਿੱਚ ਦਿੱਤੇ ਵਿਸ਼ਵਾਸ ਦੇ ਆਧਾਰ ਤੇ ਕੀਤਾ ਗਿਆ ਸੀ।

ਅੰਤਰ-ਧਾਰਮਿਕ ਆਪਸਦਾਰੀ ਅਤੇ ਸੰਵਾਦ ਲਈ ਇਕ ਆਗੂ ਦੇ ਤੌਰ ਤੇ ਗੁਰੂ ਨਾਨਕ ਦੇਵ ਜੀ ਦੀ ਭੂਮਿਕਾ ਬਹੁਤ ਹੀ ਸਲਾਹੁਣਯੋਗ ਹੈ ਕਿਉਂਕਿ ਗੁਰੂ ਨਾਨਕ ਨੇ ਇਹ ਲਹਿਰ ਨਾ ਕੇਵਲ ਭਾਰਤ ਵਿੱਚ ਹੀ ਬਲਕਿ ਉਸ ਵੇਲੇ ਦੇ ਸਾਰੇ ਜਾਣੇ ਜਾਂਦੇ ਸੰਸਾਰ ਵਿਚ ਚਲਾਈ। ਇਹ ਆਮ ਵਿਸ਼ਵਾਸ ਹੈ ਕਿ ਅੰਤਰ-ਧਾਰਮਿਕ ਸੰਵਾਦ ਪੱਛਮੀ ਸੰਸਾਰ ਵਿਚੋਂ ਆਰੰਭ ਹੋਇਆ। ਪਰ ਅਸਲ ਵਿਚ ਇਸ ਤਰ੍ਹਾਂ ਨਹੀਂ ਹੈ ਕਿਉਂਕਿ ਉੱਥੇ ਇਹ 19ਵੀਂ ਸਦੀ ਦੇ ਅੰਤ ਵਿਚ ਹੀ ਸ਼ੁਰੂ ਹੋਇਆ ਦੱਸਿਆ ਗਿਆ ਹੈ, ਜਦ ਕਿ ਗੁਰੂ ਨਾਨਕ ਦੁਆਰਾ ਸ਼ੁਰੂ ਕੀਤਾ ਅੰਤਰ-ਧਾਰਮਿਕ ਸੰਵਾਦ ਅਸਲੀਅਤ ਅਤੇ ਵਿਵਹਾਰ ਵਿਚ 15ਵੀਂ ਸਦੀ ਵਿਚ ਹੀ ਸ਼ੁਰੂ ਹੋਇਆ ਸੀ।

ਅਸਲ ਵਿਚ ਤੇਰਵੀਂ ਸਦੀ ਦੇ ਆਰੰਭ ਤਕ ਇਸਲਾਮ ਨੇ ਆਪਣੇ ਆਪ ਨੂੰ ਇਕ ਧਾਰਮਿਕ ਅਤੇ ਸਮਾਜਿਕ ਵਿਸ਼ਵਾਸ਼ ਦੇ ਤੌਰ ਤੇ ਸਥਾਪਿਤ ਕਰਨਾ ਸ਼ੁਰੂ ਕਰ ਦਿੱਤਾ ਸੀ ਕਿਉਂਕਿ ਰਾਜਨੀਤਿਕ ਅਤੇ ਫ਼ੌਜੀ ਤਾਕਤ ਉਸ ਲਈ ਬਹੁਤ ਵੱਡਾ ਸਹਾਰਾ ਸੀ, ਇਸ ਕਰਕੇ ਪੰਦਰਵੀਂ ਸਦੀ ਤੱਕ ਪਹੁੰਚਦੇ-ਪਹੁੰਚਦੇ ਇਸਲਾਮ ਨੇ ਹਿੰਦੂ ਸਮਾਜ ਵਿਚ ਅਤੇ ਉਸ ਦੀ ਪੂਰੀ ਵਿਵਸਥਾ ਵਿਚ ਆਪਣੇ ਪੈਰ ਪਸਾਰ ਲਏ ਸਨ। ਉਹ ਵਿਸ਼ਵਾਸ ਜਿਹਨਾਂ ਦਾ ਸੰਬੰਧ ਜਾਂ ਉਹ ਤੱਤ ਜੋ ਵਿਦੇਸ਼ੀ ਸਨ ਉਹਨਾਂ ਨੇ ਨੀਵੀਂ ਜਾਤੀ ਦੇ ਹਿੰਦੂ ਸਮਾਜ ਵਿਚ ਘੁਸਪੈਠ ਕਰਨੀ ਸ਼ੁਰੂ ਕਰ ਦਿੱਤੀ। ਜ਼ਾਲਮ ਹਾਕਮਾਂ ਦੇ ਪ੍ਰਭਾਵ ਅਧੀਨ ਹਿੰਦੁਸਤਾਨੀ ਜਨ-ਸਧਾਰਨ ਲਈ ਇਸਲਾਮ ਵਿਚ ਸ਼ਾਮਿਲ ਹੋਣਾ ਆਮ ਵਿਵਹਾਰ ਬਣ ਗਿਆ ਸੀ। ਹੋਰ ਤਾਂ ਹੋਰ ਉਹਨਾਂ ਨੇ ਹਿੰਦੁਸਤਾਨੀਆਂ ਦੇ ਸਭ ਤਰ੍ਹਾਂ ਦੇ ਮਨੁੱਖੀ ਅਤੇ ਸਮਾਜਿਕ ਵਿਵਹਾਰਾਂ ਨੂੰ ਆਪਣੇ ਵਿਤਕਰੇ ਵਾਲੇ ਧਾਰਮਿਕ ਕਾਨੂੰਨ ਦੇ ਤਹਿਤ ਚਲਾਉਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਆਪਣੇ ਇਲਾਹੀ ਧਾਰਮਿਕ ਕਾਨੂੰਨ ਦੇ ਤਹਿਤ ਦੂਜੇ ਧਰਮਾਂ ਦੇ ਸਤਾ ਨੂੰ ਸਜਾਏ ਮੌਤ ਦੇਣੀ ਸ਼ੁਰੂ ਕਰ ਦਿੱਤੀ। ਭਾਰਤੀ ਲੋਕ ਉਸ ਰਾਜ ਪ੍ਰਬੰਧ ਵਿਚ ਜੀਅ ਤਾਂ ਰਹੇ ਸਨ ਪਰ ਉਸ ਦੇ ਫੈਸਲਿਆਂ ਵਿਚ ਉਹਨਾਂ ਨੂੰ ਆਵਾਜ਼ ਉਠਾਉਣ ਦਾ ਅਧਿਕਾਰ ਨਹੀਂ ਦਿੱਤਾ ਗਿਆ ਸੀ ਅਤੇ ਨਾਂ ਹੀ ਲੋਕ ਆਵਾਜ਼ ਉਠਾਉਂਦੇ ਸਨ। ਇਸ ਦੇ ਕਈ ਕਾਰਨ ਸਨ ਜਿਸ ਦਾ ਸਿੱਧਾ ਸੰਬੰਧ ਇਕ ਸਥਾਪਿਤ ਹੋ ਚੁੱਕੀ ਸਮਾਜਿਕ ਪ੍ਰਣਾਲੀ ਨਾਲ ਜੁੜਦਾ ਹੈ। ਹਿੰਦੋਸਤਾਨ ਨੂੰ ਬਾਹਰਲੇ ਧਾੜਵੀਆਂ ਦੁਆਰਾ ਦਬਾਏ ਜਾਣਾ, ਸਮਾਜਿਕ ਨਿਆਂ ਪ੍ਰਣਾਲੀ ਦੀ ਅਣਹੋਂਦ ਹੋਣਾ ਅਤੇ ਮਨੁੱਖੀ ਅਧਿਕਾਰਾਂ ਵਾਲੀਆਂ ਸਮਾਜਿਕ ਕਦਰਾਂ-ਕੀਮਤਾਂ ਦੀ ਕਮੀ ਹੋਣ ਦਾ ਕਾਫ਼ੀ ਨੁਕਸਾਨ ਹੋਇਆ। ਬਾਹਰਲੇ ਧਾੜਵੀਆਂ ਨੇ ਹਿੰਦੁਸਤਾਨ ਦੀ ਐਸੀ ਸਥਿਤੀ ਦਾ ਭਰਪੂਰ ਫਾਇਦਾ ਉਠਾਇਆ। ਉਹਨਾਂ ਨੇ ਨਾ ਕੇਵਲ ਹਿੰਦੁਸਤਾਨ ਦੀ ਧਰਤੀ ਤੋਂ ਮੂਰਤੀ

ਪੂਜਾ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਬਲਕਿ ਉਹਨਾਂ ਨੇ ਮੂਰਤੀ ਪੂਜਕ ਜਾਣੇ ਜਾਂਦੇ ਹਿੰਦੁਸਤਾਨੀਆਂ ਨੂੰ ਇਸਲਾਮ ਵਿਚ ਸ਼ਾਮਿਲ ਕਰਨ ਦੀ ਵੀ ਕੋਸ਼ਿਸ਼ ਕੀਤੀ। ਉਹਨਾਂ ਦੀ ਤਲਵਾਰ ਦਾ ਡਰ ਅਤੇ ਕਹਿਰ ਇਨਾਂ ਸੀ ਕਿ ਹਿੰਦੁਸਤਾਨ ਵਿਚੋਂ ਸਭਿਆਚਾਰ ਅਤੇ ਧਰਮ ਦਾ ਤਕਰੀਬਨ ਤਕਰੀਬਨ ਖਾਤਮਾ ਹੋਣ ਵਾਲੀ ਸਥਿਤੀ ਹੋ ਗਈ ਸੀ।

ਥੋੜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸਾਰੇ ਦਾ ਸਾਰਾ ਸਮਾਜਿਕ-ਧਾਰਮਿਕ ਅਤੇ ਰਾਜਨੀਤਿਕ-ਮਿਲਟਰੀ ਪ੍ਰਬੰਧ ਬਹੁਤ ਹੀ ਤਰਸਯੋਗ ਹਾਲਤ ਵਿਚ ਪਹੁੰਚ ਚੁੱਕਿਆ ਸੀ। ਆਮ ਲੋਕਾਂ ਨੇ ਵੇਦਾਂਤਿਕ ਫਲਸਫੇ ਦੀ ਬਹੁਤ ਅਮੀਰ ਪਰੰਪਰਾ ਨੂੰ ਭੁੱਲ ਕੇ ਆਮ ਫਾਲਤੂ ਰਸਮੋ-ਰਿਵਾਜ਼ ਅਤੇ ਫੋਕੇ ਕਰਮ-ਕਾਂਡਾਂ ਦਾ ਰਸਤਾ ਅਪਣਾ ਲਿਆ ਸੀ। ਉਹਨਾਂ ਲਈ ਉਹੀ ਧਰਮ ਸੀ ਅਤੇ ਧਾਰਮਿਕ ਵਿਵਹਾਰ ਵੀ ਉਹੀ ਸੀ। ਸਮਾਜਿਕ ਤੌਰ ਤੇ ਕੋਈ ਆਜ਼ਾਦੀ, ਕੋਈ ਬਰਾਬਰੀ, ਕੋਈ ਨਿਆਂ ਨਹੀਂ ਸੀ। ਰਾਜਨੀਤਿਕ ਤੌਰ ਤੇ ਭਾਰਤੀ ਬਹੁਤ ਕਮਜ਼ੋਰ ਹੋ ਗਏ ਸਨ। ਉਹਨਾਂ ਦੀ ਸਮਾਜਿਕ ਪ੍ਰਣਾਲੀ ਵਿਚ ਵੰਡੀਆਂ ਨੇ ਉਹਨਾਂ ਨੂੰ ਬਹੁਤ ਤਰ੍ਹਾਂ ਆਪਸ ਵਿਚ ਤੋੜਿਆ ਹੋਇਆ ਸੀ।

ਇਤਿਹਾਸ ਦਾ ਇਹ ਬਹੁਤ ਹੀ ਵਚਿੱਤਰ ਕਿਸਮ ਦਾ ਸਮਾਂ ਸੀ। ਬਹੁਤ ਅਹਿਮ ਪਰ ਵਿਰੋਧੀ ਸਭਿਆਚਾਰ ਜਿਵੇਂ ਕਿ ਹਿੰਦੂ ਧਰਮ ਅਤੇ ਇਸਲਾਮ ਇਸ ਸਮੇਂ ਵਿਚ ਮੁੱਖ ਭੂਮਿਕਾ ਨਿਭਾ ਰਹੇ ਸਨ। ਅੱਠਵੀਂ ਸਦੀ ਵਿਚ ਭਾਰਤ ਉੱਤੇ ਹਮਲੇ ਦੇ ਸਮੇਂ ਤੋਂ ਹੀ ਇਹ ਦੋ ਧਾਰਾਵਾਂ ਬਰਾਬਰ ਚੱਲ ਰਹੀਆਂ ਸਨ। ਇਹਨਾਂ ਦੇ ਆਪਸ ਵਿਚ ਮੇਲ-ਮਿਲਾਪ ਦੀ ਸੰਭਾਵਨਾ ਘੱਟ ਸੀ ਅਤੇ ਸਮਾਂ ਪਾ ਕੇ ਇਹਨਾਂ ਦਾ ਆਪਸੀ ਵਿਰੋਧ ਹੋਰ ਵੱਧਦਾ ਗਿਆ। ਫਿਰ ਵੀ ਉਹਨਾਂ ਦਾ ਆਪਸੀ ਸੰਬੰਧ ਪੂਰੀ ਤਰ੍ਹਾਂ ਗੈਰ-ਹਾਜ਼ਰ ਨਹੀਂ ਸੀ। ਸਮਾਜਿਕ, ਸਭਿਆਚਾਰਕ ਅਤੇ ਧਾਰਮਿਕ ਸਬੰਧਾਂ ਵਿਚ ਕਿਤੇ-ਕਿਤੇ ਉਹਨਾਂ ਦੇ ਰਿਸ਼ਤੇ ਵਿਚ ਅਤੇ ਵਿਚਾਰਾਂ ਵਿਚ ਆਪਸੀ ਤਾਲ-ਮੇਲ ਵੀ ਨਜ਼ਰ ਆਉਂਦਾ ਰਿਹਾ ਹੈ ਪਰ ਕਿਸੇ ਕਾਰਨ ਕਰਕੇ ਇਹ ਪ੍ਰਬੰਧ ਸਾਕਾਰ ਨਹੀਂ ਹੋ ਸਕਿਆ। ਭਾਰਤ ਨੇ ਇਸ ਤਰ੍ਹਾਂ ਦੀ ਸਥਿਤੀ ਪਹਿਲਾਂ ਕਦੇ ਵੀ ਨਹੀਂ ਸੀ ਦੇਖੀ।

ਇਸਲਾਮ ਆਪਣੇ ਨਾਲ ਨਵੇਂ ਅਪਨਾਏ ਧਰਮ ਦਾ ਉਤਸ਼ਾਹ ਅਤੇ ਹਿੰਦੂਆਂ ਨਾਲ ਕੁਝ ਖਾਸ ਮੁੱਦਿਆਂ ਤੇ ਵਿਰੋਧੀ ਰਵਈਆ ਲੈ ਕੇ ਆਇਆ ਸੀ। ਉਸ ਸਮੇਂ ਦਾ ਹਿੰਦੂ ਧਰਮ ਬਹੁਦੇਵਵਾਦੀ, ਮੂਰਤੀ ਪੂਜਕ, ਸਨਿਆਸੀ ਪਰੰਪਰਾ ਨੂੰ ਮੰਨਣ ਵਾਲਾ ਸੀ ਅਤੇ ਦੂਸਰੇ ਪਾਸੇ ਇਸਲਾਮ ਇਕ-ਈਸ਼ਵਰਵਾਦੀ, ਮੂਰਤੀ ਪੂਜਾ ਦਾ ਵਿਰੋਧੀ ਅਤੇ ਵਿਵਹਾਰਕ ਤੌਰ ਤੇ ਸਮਾਜ ਨਾਲ ਜੁੜਿਆ ਹੋਇਆ ਪ੍ਰਬੰਧ ਸੀ। ਹਿੰਦੂ ਧਰਮ ਆਪਣੇ ਧਾਰਮਿਕ ਵਿਵਹਾਰ ਵਿਚ ਬਹੁਤ ਸਹਿਣਸ਼ੀਲ ਸੀ ਪਰ ਸਮਾਂ ਪਾ ਕੇ ਉਸ ਵਿਚ ਇਕ ਐਸੀ ਸਮਾਜਿਕ ਵਿਵਸਥਾ ਵਿਕਸਿਤ ਹੋ ਗਈ ਜੋ ਬਹੁਤ ਹੀ ਜਟਿਲ ਅਤੇ ਹਿੱਸਿਆਂ ਵਿਚ ਵੰਡੀ ਹੋਈ ਸੀ। ਦੂਜੇ ਪਾਸੇ ਇਸਲਾਮ ਕੋਲ ਇਕ ਬਹੁਤ ਖੁੱਲਾ-ਡੁੱਲਾ ਸਮਾਜਿਕ ਪ੍ਰਬੰਧ ਤਾਂ ਸੀ ਪਰ ਧਾਰਮਿਕ ਵਿਸ਼ਵਾਸ ਵਿਚ ਇਸਲਾਮ ਦੂਸਰੇ ਧਰਮਾਂ ਨੂੰ ਸਹਿਣ ਨਹੀਂ ਕਰਦਾ ਸੀ। ਇਹਨਾਂ ਦੋ ਵਿਰੋਧੀ ਕਿਸਮ ਦੇ ਜਨ-ਸਮੂਹਾਂ ਦਾ ਇਕੱਠੇ ਹੋਣਾ ਇਤਿਹਾਸ ਵਿਚ ਬਹੁਤ ਹੀ ਗੰਭੀਰ ਅਤੇ ਮਹਤਵਪੂਰਨ ਚਨੌਤੀ ਸੀ ਕਿਉਂਕਿ ਇਹ ਦੋਨੋਂ ਹੀ ਪਿਛੋਕੜ ਵਜੋਂ ਵਖ-ਵਖ ਲੋਕ ਸਨ ਅਤੇ ਦੂਸਰੇ ਲੋਕਾਂ ਨੂੰ ਆਪਣੇ ਨਾਲ ਸ਼ਾਮਿਲ ਕਰਨ ਲਈ ਉਹਨਾਂ ਦੇ ਵਖ-ਵਖ ਵਿਚਾਰ ਸਨ।

ਇਸੇ ਕਰਕੇ ਇਸ ਸਥਿਤੀ ਵਿਚ ਦੋਨੋਂ ਤਰ੍ਹਾਂ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ, ਇਕ ਸੀ ਕਿ ਸਾਰਥਿਕ ਰਵੱਈਏ ਨਾਲ ਉਹਨਾਂ ਦੋਨਾਂ ਵਿਚਾਰਧਾਰਾਵਾਂ ਨੂੰ ਸਾਂਝੇ ਤੌਰ ਤੇ ਸਮਝਿਆ ਜਾਵੇ ਤੇ ਦੂਜਾ ਸੀ ਇਕ ਦੂਸਰੇ ਦੀ ਵਿਰੋਧਤਾ ਕਰਕੇ ਇਕ ਦੂਜੇ ਨੂੰ ਨਕਾਰਿਆ ਜਾਵੇ। ਗੁਰੂ ਨਾਨਕ ਦੇ ਸਿਧਾਂਤ ਵਿਚ ਸਾਰਥਕ ਭੂਮਿਕਾ ਨਿਭਾਈ ਗਈ ਅਤੇ ਇਹਨਾਂ ਦੋਨਾਂ ਵਿਚਾਰਧਾਰਾਵਾਂ ਨੂੰ ਸਾਂਝੇ ਤੌਰ ਤੇ ਸਮਝਣ ਲਈ ਸਮੇਂ ਦੀ ਨਬਜ਼ ਨੂੰ ਸਭ ਤੋਂ ਜ਼ਿਆਦਾ ਵਧੀਆ ਤਰੀਕੇ ਨਾਲ ਵਿਅਕਤ ਕੀਤਾ ਗਿਆ। ਗੁਰੂ ਨਾਨਕ ਨੇ ਇਸ ਸਾਰੇ ਵਰਤਾਰੇ ਨੂੰ ਆਪਣੀ ਮੋਹਰ ਅਤੇ ਰਹਨੁਮਾਈ ਦਿੱਤੀ। ਦੂਜਿਆਂ ਦੇ ਧਰਮ ਨੂੰ ਸਵੀਕਾਰ ਕਰਨਾ ਅਤੇ ਸਾਂਝੀਵਾਲਤਾ ਐਸੇ ਦੋ ਗੁਣ ਸਨ ਜੋ ਗੁਰੂ ਨਾਨਕ ਦੀਆਂ ਸਿੱਖਿਆਵਾਂ ਵਿਚੋਂ ਮਿਲਦੇ ਹਨ। ਇਸ ਕਰਕੇ ਸਿੱਖ ਸਿਧਾਂਤ ਅਤੇ ਸਿੱਖ ਸਮਾਜ ਇਕ ਐਸੇ ਸਮਾਜਿਕ ਅਤੇ ਅਧਿਆਤਮਿਕ ਹਾਲਾਤ ਵਿਚੋਂ ਅੱਗੇ ਵਧਿਆ ਜੋ ਗੁਰੂ ਨਾਨਕ ਅਤੇ ਉਹਨਾਂ ਦੇ ਪੈਰੋਕਾਰਾਂ ਤੋਂ ਪ੍ਰਭਾਵਿਤ ਹੋ ਕੇ ਬਣਿਆ ਸੀ। ਉਸ ਵੇਲੇ ਦੀ ਜ਼ਾਲਿਮ ਸਰਕਾਰ ਵਲੋਂ ਜੋ ਮੁਸ਼ਕਿਲਾਂ ਭਾਰਤੀ ਸਮਾਜ ਨੂੰ ਪੇਸ਼ ਆਈਆਂ ਉਸ ਦੇ ਜਵਾਬ ਵਿਚ ਜੋ ਕੁਝ ਗੁਰੂ ਸਾਹਿਬ ਨੇ ਕੀਤਾ ਉਹ ਬਹੁਤ ਹੀ ਮਹਤਵਪੂਰਨ ਪ੍ਰਤੀਕਰਮ ਸੀ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖੀ ਇਤਿਹਾਸ ਵਿਚ ਇਕ ਬਹੁਤ ਹੀ ਮਹਤਵਪੂਰਨ ਮੋੜ ਲਿਆਂਦਾ ਕਿਉਂਕਿ ਉਹਨਾਂ ਨੇ ਖਾਲਸਾ ਦੀ ਸਿਰਜਣਾ ਕਰਕੇ ਇਹ ਸਿੱਧ ਕੀਤਾ ਕਿ ਖਾਲਸਾ ਰੂਪ ਵਿਚ ਇਹ ਇਕ ਸਮਾਜਿਕ, ਧਾਰਮਿਕ ਅਤੇ ਮਿਲਟਰੀ ਤਾਕਤ ਦੇ ਤੌਰ ਤੇ ਆਪਣੇ ਆਪ ਵਿਚ ਸਮਰਥ ਹੈ ਅਤੇ ਉਹ ਕਿਸੇ ਵੀ ਬਾਹਰੀ ਤਾਕਤ ਦਾ ਮੁਕਾਬਲਾ ਕਰਨ ਲਈ ਵੀ ਸਮਰਥ ਹੈ। ਖਾਲਸਾ ਪ੍ਰਬੰਧ ਦੀ ਸਾਜਨਾ ਅਸਲ ਵਿਚ ਮਨੁੱਖੀ ਸਵੈ-ਅਭਿਮਾਨ ਅਤੇ ਅਜ਼ਾਦੀ ਨੂੰ ਬਣਾਏ ਰੱਖਣ ਲਈ ਅਤੇ ਉਸ ਦਾ ਪ੍ਰਗਟਾਵਾ ਕਰਨ ਲਈ ਇਕ ਬਹੁਤ ਮਹਤਵਪੂਰਨ ਪ੍ਰਬੰਧ ਸੀ, ਜਿਸ ਨਾਲ ਕਿਸੇ ਦੇ ਵਿਸ਼ਵਾਸ ਅਤੇ ਜੀਵਨ ਢੰਗ ਦੀ ਅਜ਼ਾਦੀ ਨੂੰ ਸਨਮਾਨ ਦੇਣਾ ਜ਼ਰੂਰੀ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਅਧੀਨ ਸਿੱਖ ਇਕ ਬਹੁਤ ਹੀ ਸੰਗਠਿਤ ਸਮਾਜਿਕ-ਧਾਰਮਿਕ ਅਤੇ ਰਾਜਨੀਤਿਕ-ਮਿਲਟਰੀ ਤਾਕਤ ਦੇ ਰੂਪ ਵਿਚ ਉਭਰੇ ਅਤੇ ਉਹ ਕਿਸੇ ਤਰ੍ਹਾਂ ਦਾ ਵੀ ਜ਼ੁਲਮ ਅਤੇ ਅਨਿਆਂ ਦਾ ਵਿਰੋਧ ਕਰਨ ਲਈ ਅਤੇ ਉਸ ਦੇ ਵਿਰੁੱਧ ਲੜਨ ਲਈ ਤਿਆਰ ਸਨ।

ਸਿੱਖ ਵਿਵਹਾਰਿਕਤਾ ਦਾ ਵਿਕਾਸ

ਇਸ ਮਕਸਦ ਨੂੰ ਪੂਰਾ ਕਰਨ ਲਈ ਅੱਗੇ ਚੱਲ ਕੇ ਬਹੁਤ ਸਾਰੀਆਂ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ, ਜਿਹਨਾਂ ਦਾ ਮਕਸਦ ਗੁਰੂ ਨਾਨਕ ਦੇ ਉਪਰੋਕਤ ਮਿਸ਼ਨ ਨੂੰ ਅੱਗੇ ਚਲਾਉਣਾ ਸੀ। ਗੁਰੂ ਨਾਨਕ ਦੇ ਉਦੇਸ਼ ਨੂੰ ਵਿਵਹਾਰਿਕ ਰੂਪ ਦੇਣ ਲਈ ਸੰਸਥਾਵਾਂ ਦਾ ਜੋ ਆਰੰਭ ਉਨ੍ਹਾਂ ਵੇਲੇ ਹੋਇਆ ਉਹ ਸਨ ਲੰਗਰ, ਸੰਗਤ, ਆਦਿ ਜਿਨ੍ਹਾਂ ਨੂੰ ਉਨ੍ਹਾਂ ਦੇ ਜਾਨਸ਼ੀਨ ਨੌ ਗੁਰੂ ਸਾਹਿਬਾਨ ਨੇ ਬੜੀ ਸ਼ਰਧਾ ਅਤੇ ਸੁਚੱਜਤਾ ਨਾਲ ਅੱਗੇ ਚਲਾਇਆ। ਹੌਲੀ-ਹੌਲੀ ਸਿੱਖਾਂ ਦੀਆਂ (ਜਿੰਨ੍ਹਾਂ ਨੂੰ ਸ਼ੁਰੂ ਵਿਚ ਨਾਨਕ ਪੰਥੀ ਵੀ ਕਿਹਾ ਜਾਂਦਾ ਸੀ) ਸੰਸਥਾਵਾਂ ਦਾ ਇਕ ਆਪਣਾ ਜਾਲ ਬਣ ਗਿਆ, ਜੋ ਕਈ ਤਰ੍ਹਾਂ ਨਾਲ ਲਾਹੇਵੰਦ ਸਿੱਧ ਹੋਇਆ। ਇਨ੍ਹਾਂ ਸੰਸਥਾਵਾਂ ਨੇ ਧਰਮ ਪ੍ਰਚਾਰ ਲਈ ਪ੍ਰਭਾਵਸ਼ਾਲੀ ਜਥੇਬੰਦੀ ਦਾ ਕੰਮ ਕੀਤਾ। ਸਿੱਖ ਧਰਮ ਨੂੰ ਵਿਵਹਾਰਿਕ ਸੇਧ ਦਿੱਤੀ। ਸਿੱਖ ਧਰਮ ਦੀਆਂ ਸਿੱਖਿਆਵਾਂ ਨੂੰ ਵਿਚਾਰਾਂ ਦੇ ਗਠਬੰਧਨ ਦਾ ਰੂਪ ਦਿੱਤਾ

ਅਤੇ ਇਨ੍ਹਾਂ ਸਿੱਖਿਆਵਾਂ ਨੂੰ ਇੰਨੀ ਸੌਖੀ ਤਰ੍ਹਾਂ ਲੋਕਾਂ ਦੇ ਸਾਹਮਣੇ ਪੇਸ਼ ਕੀਤਾ ਤਾਂ ਕਿ ਉਹ ਲੋਕਾਂ ਦੇ ਮਨਾਂ ਤੇ ਡੂੰਘਾ ਪ੍ਰਭਾਵ ਪਾ ਸਕਣ। ਇਨ੍ਹਾਂ ਸੰਸਥਾਵਾਂ ਨੇ ਸਿੱਖਾਂ ਦੇ ਅਲੱਗ ਜੀਵਨ ਢੰਗ ਨੂੰ ਉਭਾਰਿਆ ਜਿਸ ਕਾਰਨ ਸਿੱਖੀ ਵਿਚਾਰਧਾਰਾ ਦਾ ਵਿਕਾਸ ਹੋਣਾ ਹੋਰ ਵੀ ਸੌਖਾ ਹੋ ਗਿਆ। ਮੱਧਕਾਲੀਨ ਭਾਰਤ ਵਿਚ ਪੈਦਾ ਹੋਣ ਵਾਲੀਆਂ ਧਾਰਮਿਕ ਲਹਿਰਾਂ ਵਿਚੋਂ ਸੰਸਥਾਵਾਂ ਦੀ ਸਫਲਤਾ ਦੇ ਮੁਕਾਬਲੇ ਵਿਚ ਕੋਈ ਵੀ ਹੋਰ ਲਹਿਰ ਏਨੀ ਪ੍ਰਭਾਵਸ਼ਾਲੀ ਨਹੀਂ ਰਹੀ। ਇਸੇ ਕਰਕੇ ਸਿੱਖ ਵਿਚਾਰਧਾਰਾ ਸਿਰਫ ਅਧਿਆਤਮਵਾਦੀਆਂ ਦੀ ਹੀ ਵਿਚਾਰਧਾਰਾ ਬਣਕੇ ਨਹੀਂ ਰਹੀ। ਸਭ ਤੋਂ ਪਹਿਲਾਂ ਕੋਈ ਵੀ ਧਾਰਮਿਕ ਗੁਣ ਸੰਸਾਰਕ ਜ਼ਿੰਦਗੀ ਦੇ ਤਿਆਗ ਨਾਲ ਸੰਬੰਧਤ ਨਹੀਂ ਕੀਤਾ ਗਿਆ ਸਗੋਂ ਉਹ ਸਭ ਲੋਕ ਜੋ ਇਸ ਤਰ੍ਹਾਂ ਦੀ ਜਿੰਦਗੀ ਵਿਚ ਵਿਸ਼ਵਾਸ ਰੱਖਦੇ ਸਨ; ਜਿਵੇਂ ਨਾਥ ਯੋਗੀ, ਸਿੱਧ, ਸੰਨਿਆਸੀ ਆਦਿ, ਉਨ੍ਹਾਂ ਨੂੰ ਸਮਾਜਕ ਫ਼ਰਜ਼ਾਂ ਵਲੋਂ ਬੇਮੁੱਖ ਹੋਏ ਸਮਝ ਕੇ ਨਿੰਦਿਆ ਗਿਆ। ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸ਼ਰਧਾਲੂ ਆਮ ਆਦਮੀਆਂ ਵਿਚ ਰਹੇ, ਆਪਣੀ ਰੋਜ਼ਾਨਾਂ ਜਿੰਦਗੀ ਦੇ ਫ਼ਰਜ਼ ਪੂਰੇ ਕਰਦੇ ਰਹੇ, ਅਤੇ ਕਦੇ ਵੀ ਉਨ੍ਹਾਂ ਨੇ ਆਪਣੇ ਸਮਾਜਿਕ ਫ਼ਰਜਾਂ ਤੋਂ ਮੂੰਹ ਨਹੀਂ ਮੋੜਿਆ। ਇਹ ਬਹੁਤ ਵੱਡਾ ਕਾਰਨ ਸੀ ਜਿਸ ਕਰਕੇ ਸਿੱਖ ਸਮਾਜ ਅਤੇ ਸਿੱਖ-ਵਿਚਾਰਧਾਰਾ ਆਪਸ ਵਿਚ ਜੁੜੇ ਵੀ ਰਹੇ ਅਤੇ ਵਿਕਾਸਸ਼ੀਲ ਵੀ ਰਹੇ।

ਦੂਜੀ ਸੰਸਥਾ ਜਿਸ ਨੂੰ ਪੰਗਤ ਜਾਂ ਗੁਰੂ-ਕਾ-ਲੰਗਰ ਵੀ ਕਿਹਾ ਜਾਂਦਾ ਹੈ, ਤਕਰੀਬਨ ਸੰਗਤ ਦੇ ਨਾਲ ਹੀ ਹੋਂਦ ਵਿਚ ਆਈ। ਇਸ ਨੇ ਚਹੁਰਾ ਕੰਮ ਕੀਤਾ। ਪਹਿਲੇ, ਇਸ ਨੇ ਸੰਗਤ ਲਈ ਸਰਵਸਾਂਝਾ ਪੱਖ ਪ੍ਰਦਾਨ ਕੀਤਾ। ਦੂਜੇ, ਇਸ ਨੇ ਸਿੱਖ ਸੰਸਥਾ ਦੀ ਵੀ ਕਾਰਜਸ਼ੀਲਤਾ ਵਧਾਈ। ਤੀਜੇ, ਇਸ ਸੰਸਥਾ ਨੇ ਲੋਕਾਂ ਨੂੰ ਆਪਣੇ ਬਾਹਰੀ ਰੁਤਬਿਆਂ ਨੂੰ ਭੁੱਲਕੇ, ਅਤੇ ਸਭ ਲੋਕਾਂ ਲਈ ਲੰਗਰ ਨੂੰ ਇਕ ਧਾਰਮਿਕ ਫ਼ਰਜ਼ ਬਣਾਕੇ ਬਰਾਬਰੀ ਦੇ ਸਿਧਾਂਤ ਨੂੰ ਅਮਲੀ ਰੂਪ ਦਿਤਾ। ਚੌਥੇ, ਇਸ ਨੇ ਸਿੱਖ ਧਰਮ ਦੇ ਸ਼ਰਧਾਲੂਆਂ ਨੂੰ ਆਪਸ ਵਿਚ ਜੋੜਨ ਦੀ ਸ਼ਕਤੀ ਦਾ ਕੰਮ ਕੀਤਾ।

ਇਕ ਹੋਰ ਮਹਤਵਪੂਰਨ ਸੰਸਥਾ ਸੀ ਗੁਰਗੱਦੀ ਨੂੰ ਅੱਗੇ ਚਲਾਉਣਾ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਨਾਨਕ ਨੇ ਆਪਣਾ ਜਾਨਸ਼ੀਨ ਚੁਣਿਆ ਅਤੇ ਉਸ ਨੂੰ ਆਪਣੇ ਚਲਾਏ ਹੋਏ ਵਿਵਹਾਰਿਕ ਸਿਧਾਂਤ; ਭਾਵ ਸਿੱਖੀ ਨੂੰ ਅੱਗੇ ਚਲਾਉਣ ਦਾ ਹੁਕਮ ਦਿਤਾ। ਗੁਰੂ ਅੰਗਦ ਨੂੰ ਗੁਰਗੱਦੀ ਸੌਂਪਣਾ ਇਕ ਬੇਹੱਦ ਮਹਤਵਪੂਰਨ ਕੰਮ ਸੀ, ਨਹੀਂ ਤਾਂ ਗੁਰੂ ਨਾਨਕ ਦੇ ਸ਼ਰਧਾਲੂ ਉਸੇ ਤਰ੍ਹਾਂ ਖਿੰਡ-ਪੁੰਡ ਜਾਂਦੇ ਅਤੇ ਖ਼ਤਮ ਹੋ ਜਾਂਦੇ ਜਿਵੇਂ ਕਿ ਉਨ੍ਹਾਂ ਤੋਂ ਪਹਿਲਾਂ ਕਈ ਧਾਰਮਿਕ ਲਹਿਰਾਂ ਦੇ ਆਗੂਆਂ ਦੇ ਹੋ ਚੁੱਕੇ ਸਨ।

ਕੁਝ ਹੋਰ ਵੀ ਕਾਰਨ ਸਨ ਜਿਨ੍ਹਾਂ ਨੇ ਸਿੱਖਾਂ ਨੂੰ ਇਕ ਕੌਮ ਦੇ ਤੌਰ ਤੇ ਚਮਕਣ ਲਈ ਯੋਗਦਾਨ ਪਾਇਆ। ਇੱਕ ਤਾਂ ਉਨ੍ਹਾਂ ਦੀ ਗੁਰੂਆਂ ਵਿਚ ਅਟੁੱਟ ਸ਼ਰਧਾ, ਜਿੰਨ੍ਹਾਂ ਨੂੰ ਉਹ ਗੁਰੂ ਨਾਨਕ ਦੀ ਹੀ ਜੋਤ ਮੰਨਦੇ ਸਨ। ਦੂਜਾ ਆਪਣੇ ਸਿੱਖ ਭਰਾਵਾਂ ਲਈ ਡੂੰਘੀ ਇੱਜ਼ਤ ਅਤੇ ਉਨ੍ਹਾਂ ਦੇ ਧਾਰਮਿਕ ਸਿਧਾਂਤਾਂ ਅਤੇ ਵਿਵਹਾਰਾਂ ਦੀ ਏਕਤਾ। ਇਨ੍ਹਾਂ ਸਾਰੇ ਤੱਤਾਂ ਨੇ ਸਿੱਖਾਂ ਨੂੰ ਇਕ ਅਲੱਗ ਕੌਮ ਦਾ ਰੁਤਬਾ ਪ੍ਰਦਾਨ ਕੀਤਾ।[10]

10. ਐਲ. ਐਮ. ਜੋਸ਼ੀ, (ਸੰਪਾ.), ਸਿਖਿਇਜਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 7.

ਬਦਲਦੀਆਂ ਪ੍ਰਸਥਿਤੀਆਂ ਨਾਲ ਸਿੱਖ ਧਰਮ ਵਿਚ ਜਥੇਬੰਦੀ ਦਾ ਪ੍ਰਵਾਹ ਇਕ ਗੁਰੂ ਤੋਂ ਦੂਜੇ ਗੁਰੂ ਦੁਆਰਾ ਅੱਗੇ ਵੱਧਦਾ ਗਿਆ। ਗੁਰੂ ਅਮਰਦਾਸ ਜੀ ਦੇ ਸਮੇਂ ਬਾਈ ਮੰਜੀਆਂ ਅਤੇ ਬਵੰਜਾ ਪੀੜ੍ਹੇ ਸਥਾਪਿਤ ਕੀਤੇ ਗਏ, ਜਿਹੜੇ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਛੋਟੇ ਵੱਡੇ ਕੇਂਦਰ ਸਨ। ਉਹ ਜਿਥੇ ਵੀ ਗਏ ਪਿਛੇ ਉਨ੍ਹਾਂ ਨੇ ਸੰਗਤਾਂ ਦਾ ਸੰਗਠਿਤ ਸਮੂਹ ਛੱਡਿਆ ਜਿੰਨ੍ਹਾਂ ਨੇ ਧਰਮਸ਼ਾਲਾ (ਜਾਂ ਗੁਰਦੁਆਰਾ) ਨਾਮੀ ਸਥਾਨ ਨੂੰ ਸਮੂਹਿਕ ਧਾਰਮਿਕ ਮਕਸਦ ਲਈ ਵਰਤਿਆ। ਬਹੁਤ ਥੋੜ੍ਹੇ ਸਮੇਂ ਵਿਚ ਹੀ ਸਾਰੇ ਭਾਰਤ ਵਿਚ ਸਿੱਖ ਧਰਮ ਸਥਾਨਾਂ ਦਾ ਇਕ ਅਛਾ ਖ਼ਾਸਾ ਜਾਲ ਬਣ ਗਿਆ। ਗੁਰੂ ਜੀ ਦੇ ਉਦੇਸ਼ ਦੀ ਪੂਰਤੀ ਕਰਨ ਹਿਤ ਜੋ ਕੇਂਦਰ ਬਣੇ ਸਨ ਉਹ ਜੂਨਾਗੜ੍ਹ, ਕਾਮਰੂਪ (ਆਸਾਮ), ਸੂਰਤ, ਕੱਟਕ, ਬਿਹਾਰ, ਜੋਹਾਰ (ਸਬਾਧੂ), ਨਾਨਕਮਤਾ (ਕਮਾਉਂ ਪਰਬਤ), ਕਠਮੰਡੂ, ਅਰਬ ਦੀ ਖਾੜੀ, ਕਾਬੁਲ, ਜਲਾਲਾਬਾਦ ਆਦਿ ਸਨ।[11] ਉਨ੍ਹਾਂ ਤੋਂ ਬਾਅਦ ਗੁਰੂ ਰਾਮਦਾਸ ਨੇ ਪ੍ਰਚਾਰਕਾਂ ਦੀ ਇਕ ਬਹੁਤ ਹੀ ਸ਼ਕਤੀਸ਼ਾਲੀ ਪ੍ਰਣਾਲੀ ਸਥਾਪਿਤ ਕੀਤੀ ਜਿੰਨ੍ਹਾਂ ਨੂੰ ਮਸੰਦ ਕਿਹਾ ਗਿਆ। ਇਸ ਨਵੀਂ ਪ੍ਰਣਾਲੀ ਨੂੰ ਪੰਜਵੇਂ ਗੁਰੂ ਅਰਜਨ ਦੇਵ ਨੇ ਹੋਰ ਅੱਗੇ ਵਧਾਇਆ। ਇਨ੍ਹਾਂ ਪ੍ਰਬੰਧਾਂ ਕਰਕੇ ਦੇਸ-ਵਿਦੇਸ਼ ਵਿਚ ਨਵੀਆਂ ਸਿੱਖ ਸੰਗਤਾਂ ਬਹੁ-ਗਿਣਤੀ ਵਿਚ ਹੋਂਦ ਵਿਚ ਆਈਆਂ।

ਚੰਗੀ ਆਰਥਿਕ ਵਿਵਸਥਾ ਦਾ ਗਠਨ ਕਰਨਾ ਸਿੱਖ ਧਰਮ ਦੀ ਜ਼ਰੂਰਤ ਬਣ ਗਿਆ ਸੀ। ਸ਼ੁਰੂ ਵਿਚ ਸ਼ਰਧਾਲੂਆਂ ਦੀਆਂ ਆਪਣੇ ਆਪ ਕੀਤੀਆਂ ਭੇਟਾਵਾਂ ਕਾਫੀ ਹੁੰਦੀਆਂ ਸਨ। ਇਸ ਕਰਕੇ ਖਾਸ ਢੰਡ ਇਕੱਠੇ ਕਰਨ ਦੀ ਜ਼ਰੂਰਤ ਨਹੀਂ ਪਈ। ਪਰ ਬਾਅਦ ਵਿਚ ਜਦੋਂ ਵੱਡੇ ਕਾਰਜ ਆਰੰਭੇ ਤਾਂ ਉਸ ਵੇਲੇ ਦੇ ਮੌਜੂਦਾ ਪ੍ਰਬੰਧ ਕਾਫੀ ਨਹੀਂ ਸਨ। ਹਾਲਾਤ ਨਾਲ ਨਿਬੜਨ ਲਈ ਮਸੰਦਾਂ ਦੀ ਜ਼ਰੂਰਤ ਸਿਰਫ ਸਿੱਖ ਧਰਮ ਦੇ ਪ੍ਰਚਾਰ ਤੱਕ ਹੀ ਸੀਮਿਤ ਨਾ ਰਹਿ ਕੇ ਸਗੋਂ ਸਿੱਖਾਂ ਤੋਂ ਭੇਟਾਵਾਂ ਇਕੱਠੀਆਂ ਕਰ ਕੇ ਗੁਰੂ ਸਾਹਿਬਾਨ ਤੱਕ ਪਹੁੰਚਾਣਾ ਵੀ ਸੀ। ਨਵੀਂ ਪ੍ਰਣਾਲੀ ਬੜੀ ਕਾਮਯਾਬੀ ਨਾਲ ਚਲੀ ਅਤੇ ਆਰਥਿਕ ਜ਼ਰੂਰਤਾਂ ਨਾਲ ਸੰਬੰਧਤ ਕੋਈ ਮੁਸ਼ਕਿਲ ਨਾ ਰਹੀ।

ਸਿੱਖ ਧਰਮ ਦੇ ਤੇਜ਼ੀ ਨਾਲ ਅੱਗੇ ਵਧਣ ਕਰਕੇ ਕਈ ਮੁਸ਼ਕਲਾਂ ਉਭਰ ਆਈਆਂ। ਮੁਸਲਮਾਨ ਕੱਟੜਵਾਦੀਆਂ ਦਾ ਸਿੱਖਾਂ ਨਾਲ ਪ੍ਰਤੀਕਰਮ ਹੌਲੀ-ਹੌਲੀ ਬਦਲਣ ਲੱਗਾ। ਜਿਉਂ ਜਿਉਂ ਸਿੱਖ ਧਰਮ ਜ਼ੋਰ ਫੜਦੀ ਗਈ, ਉਨ੍ਹਾਂ ਨੂੰ ਖਤਰੇ ਦਾ ਅਹਿਸਾਸ ਹੋਣ ਲੱਗਾ ਅਤੇ ਉਹ ਸਿੱਖਾਂ ਪ੍ਰਤੀ ਈਰਖਾਲੂ ਹੋਣ ਲੱਗੇ। ਇਸ ਈਰਖਾ ਦਾ ਸਭ ਤੋਂ ਵੱਡਾ ਕਾਰਨ ਇਹ ਵੀ ਸੀ ਕਿ ਸਿੱਖਾਂ ਦੀ ਉੱਨਤੀ ਕਾਰਨ ਪੰਜਾਬ ਵਿਚ ਮੁਸਲਮਾਨਾਂ ਦੀ ਉੱਨਤੀ ਰੁਕ ਗਈ ਸੀ। ਹਿੰਦੂ ਸਮਾਜ ਵਿਚ ਨੀਵੀਂ ਜਾਤੀ ਲਈ ਜੋ ਅੱਛਾ ਸਥਾਨ ਮੁਸਲਮਾਨਾਂ ਨੇ ਇਸਲਾਮ ਧਾਰਨ ਕਰਕੇ ਮੁਹੱਈਆ ਕੀਤਾ ਸੀ, ਉਹ ਹੁਣ ਸਿੱਖ ਧਰਮ ਵਿਚ ਉਪਲਭਧ ਸੀ। ਸਿਰਫ ਨਵੇਂ ਲੋਕਾਂ ਦਾ ਸਿੱਖ ਧਰਮ ਵਿਚ ਸ਼ਾਮਿਲ ਹੋਣਾ ਹੀ ਨਹੀਂ ਸੀ, ਜਿਸ ਨਾਲ ਇਸਲਾਮ ਨੂੰ ਧੱਕਾ ਲੱਗਾ ਬਲਕਿ ਸਿੱਖ ਗੁਰੂਆਂ ਦਾ ਪ੍ਰਭਾਵ ਮੁਸਲਮਾਨ ਉੱਚ ਅਹੁਦਿਆਂ ਵਿਚ ਵੀ ਮਹਿਸੂਸ ਕੀਤਾ ਗਿਆ। ਇਨ੍ਹਾਂ ਸਾਰੀਆਂ ਰੁਚੀਆਂ ਨੇ ਕੁਦਰਤੀ ਤੌਰ ਤੇ ਮੁਸਲਮਾਨ

11. ਤੇਜਾ ਸਿੰਘ, ਸਿਖਿਇਜਮ : ਇਟਜ ਆਈਡੀਅਲ ਐਂਡ ਇੰਸਟੀਚਿਊਟ, ਖਾਲਸਾ ਬ੍ਰਦਰਜ਼, ਅੰਮ੍ਰਿਤਸਰ, 1970, ਪੰਨਾ. 36.

ਪਰੰਪਰਾਵਾਦੀ ਤੱਤਾਂ ਨੂੰ ਸੁਚੇਤ ਕੀਤਾ ਅਤੇ ਮੁਸਲਮਾਨ ਹੌਲੀ-ਹੌਲੀ ਸਿੱਖਾਂ ਦੇ ਖਿਲਾਫ ਹੁੰਦੇ ਗਏ।

ਬਾਦਸ਼ਾਹ ਅਕਬਰ ਦੀ ਧਾਰਮਿਕ ਖੁੱਲ੍ਹ ਦੀ ਨੀਤੀ ਕਰਕੇ, ਮੁਸਲਮਾਨਾਂ ਦੀ ਵਿਰੋਧਤਾ ਸਿੱਖਾਂ ਨੂੰ ਤੱਤਕਾਲ ਕੋਈ ਨੁਕਸਾਨ ਨਹੀਂ ਪਹੁੰਚਾ ਸਕੀ। ਸਗੋਂ ਉਹ ਕੁਝ ਸਿੱਖ ਗੁਰੂਆਂ ਨੂੰ ਆਪ ਵੀ ਮਿਲਿਆ ਅਤੇ ਉਨ੍ਹਾਂ ਨੂੰ ਕਾਫੀ ਸਾਰੀਆਂ ਬਾਦਸ਼ਾਹੀ ਸਹੂਲਤਾਂ ਪ੍ਰਦਾਨ ਕੀਤੀਆਂ। ਅਕਬਰ ਦੀ ਮਦਦ ਕਰਨ ਦੀ ਨੀਤੀ ਨੇ ਨਾਂ ਸਿਰਫ ਸਿੱਖੀ ਨੂੰ ਉਸ ਵੇਲੇ ਬਚਾਇਆ ਜਦੋਂ ਇਹ ਅਜੇ ਸ਼ੁਰੂਆਤ ਵਿਚ ਹੀ ਸੀ ਬਲ੍ਕਿ ਇਸ ਨੂੰ ਅੱਗੇ ਵੱਧਣ ਵਿਚ ਵੀ ਮਦਦ ਕੀਤੀ। ਬਾਦਸ਼ਾਹ ਦੀ ਤਾਕਤਵਰ ਅਤੇ ਸੁਚੱਜੀ ਹਕੂਮਤ ਨੇ ਇਲਾਕੇ ਵਿਚ ਸਥਾਈ ਸ਼ਾਂਤੀ ਕਾਇਮ ਰੱਖੀ, ਜਿਸ ਨੇ ਸਿੱਖਾਂ ਨੂੰ ਬਿਨਾਂ ਕਿਸੇ ਬਗਾਵਤ ਜਾਂ ਬਾਹਰੀ ਹਮਲੇ ਤੋਂ ਅੱਗੇ ਵਧਣ ਵਿਚ ਮਦਦ ਕੀਤੀ। ਅਕਬਰ ਦੀ ਧਾਰਮਿਕ ਬਰਾਬਰਤਾ ਦੀ ਨੀਤੀ ਕਰਕੇ ਕੱਟੜ ਮੁਸਲਮਾਨ ਆਬਾਦੀ ਵਿਚ ਗਹਿਰੇ ਹਿੰਸਕ ਪ੍ਰਤੀਕਰਮ ਹੋਏ। ਉਨ੍ਹਾਂ ਲਈ, ਉਹ ਹਰ ਕਦਮ ਜੋ ਹਿੰਦੂਆਂ ਦੀ ਹਮਾਇਤ ਵਿਚ ਸੀ ਉਹ ਗੈਰ-ਇਸਲਾਮੀ ਸੀ। ਇਸ ਕਰਕੇ ਸਿੱਖ ਧਰਮ ਦੀ ਉਨੱਤੀ ਉਨ੍ਹਾਂ ਲਈ ਇਕ ਖਤਰਨਾਕ ਨੀਤੀ ਦੀ ਉੱਨਤੀ ਸੀ ਜਿਸ ਨੂੰ ਪੈਦਾ ਹੁੰਦੇ ਹੀ ਖ਼ਤਮ ਕਰਨਾ ਉਹ ਜਰੂਰੀ ਸਮਝਦੇ ਸਨ।

ਹੌਲੀ-ਹੌਲੀ ਇਨ੍ਹਾਂ ਕੱਟੜਵਾਦੀ ਪ੍ਰਤੀਕਰਮਾਂ ਨੇ ਮੁਸਲਮਾਨਾਂ ਵਿਚ ਇਕ ਸ਼ਕਤੀਸ਼ਾਲੀ ਲਹਿਰ ਨੂੰ ਜਨਮ ਦਿੱਤਾ। ਇਸ ਲਹਿਰ ਦਾ ਮੁੱਖ ਦਫ਼ਤਰ ਸਰਹਿੰਦ ਸੀ। ਇਹ ਲਹਿਰ ਇਕ ਮੁਸਲਮਾਨ ਅਧਿਆਤਮਿਕ ਸ਼ੇਖ਼ ਮੁਜ਼ੱਦਦ ਅਲਫ਼ਸਾਨੀ ਅਲਫਰੂਕੀ ਅਹਿਮਦ ਸਰਹੰਦੀ ਦੁਆਰਾ ਸ਼ੁਰੂ ਕੀਤੀ ਗਈ, ਜਿਸ ਅਨੁਸਾਰ ਹਿੰਦੂਆਂ ਦਾ ਥੋੜਾ ਜਿਹਾ ਲਿਹਾਜ ਵੀ ਇਸਲਾਮ ਦੀ ਵਿਰੋਧਤਾ ਸੀ। ਉਸ ਨੇ ਇਸ ਖਿਆਲ ਦੀ ਵਕਾਲਤ ਕੀਤੀ ਕਿ, ਇਸਲਾਮ ਦੀ ਇੱਜ਼ਤ ਬੁਤਪ੍ਰਸਤੀ ਅਤੇ ਬੁਤਪ੍ਰਸਤਾਂ ਨੂੰ ਨੀਵਾਂ ਦਿਖਾਉਣ ਵਿਚ ਹੀ ਹੈ। ਕੋਈ ਵੀ ਜੋ ਬੁਤਪ੍ਰਸਤਾਂ ਜਾਂ ਹਿੰਦੂਆਂ ਨੂੰ (ਜਿਵੇਂ ਕਿ ਹਿੰਦੁਸਤਾਨੀਆਂ ਨੂੰ ਉਹ ਬੁਲਾਉਂਦੇ ਸਨ) ਇੱਜ਼ਤ ਪ੍ਰਦਾਨ ਕਰਦਾ ਸੀ ਉਹ ਇਸਲਾਮ ਦੀ ਬੇਅਦਬੀ ਕਰਦਾ ਸੀ। ਉਨ੍ਹਾਂ ਉਤੇ ਇਕ ਖਾਸ ਕਿਸਮ ਦਾ ਟੈਕਸ (ਜਜ਼ੀਆ) ਵੀ ਲਾਇਆ ਗਿਆ, ਜਿਸ ਦਾ ਭਾਵ ਸੀ ਹਿੰਦੂ ਹੋਣ ਦਾ ਜ਼ੁਰਮਾਨਾ। ਉਨ੍ਹਾਂ ਦੇ ਧਾਰਮਿਕ ਸਥਾਨਾਂ ਅਤੇ ਵਿਸ਼ਵਾਸਾਂ ਦੀ ਵੀ ਬੇਅਦਬੀ ਕੀਤੀ ਗਈ। ਇਸ ਤਰ੍ਹਾਂ ਸ਼ੇਖ ਸਰਹੰਦੀ ਦੇ ਵਧਦੇ ਪ੍ਰਭਾਵ ਅਤੇ ਉਸ ਦੇ ਕੱਟੜ-ਖਿਆਲਾਂ ਨੇ ਵਧ ਰਹੀ ਸਿੱਖ ਧਰਮ ਲਈ ਮੁਸ਼ਕਲਾਂ ਵਧਾ ਦਿੱਤੀਆਂ।

ਮੁਸਲਮਾਨ ਕੱਟੜਤਾ ਵਾਂਗ ਹੀ ਹਿੰਦੂ ਕੱਟੜਵਾਦੀ ਵੀ ਸਿੱਖ ਧਰਮ ਦੀ ਉੱਨਤੀ ਤੇ ਨਾ ਖੁਸ਼ ਸਨ ਕਿਉਂਕਿ ਸੁਭਾਅ ਅਤੇ ਅਸੂਲਾਂ ਵਿਚ ਸਿੱਖ ਧਰਮ ਜ਼ਰੂਰੀ ਤੌਰ ਤੇ ਬ੍ਰਾਹਮਣਵਾਦ ਦੇ ਆਪ ਹੁਦਰੇਪਨ ਦੇ ਖਿਲਾਫ ਸੀ। ਬ੍ਰਾਹਮਣਾਂ ਨੇ ਮਹਿਸੂਸ ਕੀਤਾ ਕਿ ਸਿੱਖ ਧਰਮ ਨਾਲ ਲੋਕਾਂ ਵਿਚ ਉਨ੍ਹਾਂ ਦਾ ਪ੍ਰਭਾਵ ਘਟਦਾ ਜਾ ਰਿਹਾ ਸੀ। ਇਸ ਕਰਕੇ ਉਹ ਸਿੱਖਾਂ ਅਤੇ ਉਨ੍ਹਾਂ ਦੇ ਗੁਰੂਆਂ ਦੀ ਬੁਰੀ ਤਰ੍ਹਾਂ ਆਲੋਚਨਾ ਕਰਦੇ ਸਨ ਅਤੇ ਜਦੋਂ ਵੀ ਉਨ੍ਹਾਂ ਨੂੰ ਮੌਕਾ ਮਿਲਿਆ ਉਨ੍ਹਾਂ ਨੇ ਹਕੂਮਤ ਕੋਲ ਉਨ੍ਹਾਂ ਦੇ ਖਿਲਾਫ ਸ਼ਿਕਾਇਤਾਂ ਕੀਤੀਆਂ। ਸਿੱਖਾਂ ਦੇ ਵਖ ਧਾਰਮਿਕ ਗ੍ਰੰਥ ਦੀ ਤਿਆਰੀ ਨੇ ਉਨ੍ਹਾਂ ਨੂੰ ਗੰਭੀਰ ਰੂਪ ਵਿਚ ਪ੍ਰਭਾਵਿਤ ਕੀਤਾ ਅਤੇ ਉਨ੍ਹਾਂ ਨੇ ਇਸ ਦੇ

ਖਿਲਾਫ ਬਾਦਸ਼ਾਹ ਅਕਬਰ ਕੋਲ ਸ਼ਿਕਾਇਤਾਂ ਵੀ ਕੀਤੀਆਂ, ਭਾਂਵੇਂ ਬਾਦਸ਼ਾਹ ਨੇ ਇਹ ਸ਼ਿਕਾਇਤਾਂ ਰੱਦ ਕਰ ਦਿੱਤੀਆਂ ਪਰ ਫਿਰ ਵੀ ਸ਼ਿਕਾਇਤ ਕਰਨ ਦੇ ਬ੍ਰਾਹਮਣਾਂ ਦੇ ਇਸ ਰਵੱਈਏ ਨੇ ਮੁਸਲਮਾਨਾਂ ਦੀ ਸਿੱਖਾਂ ਪ੍ਰਤੀ ਵਿਰੋਧਤਾ ਨੂੰ ਹੌਸਲਾ ਦਿੱਤਾ।

ਕਈ ਵਿਅਕਤੀਗਤ ਕਾਰਨਾਂ ਨੇ ਵੀ ਸਿੱਖਾਂ ਦੀਆਂ ਵਿਰੋਧੀ ਤਾਕਤਾਂ ਨੂੰ ਸ਼ਕਤੀਸ਼ਾਲੀ ਕਰਨ ਵਿਚ ਆਪਣਾ ਯੋਗਦਾਨ ਪਾਇਆ। ਜਿਵੇਂ, ਪ੍ਰਿਥੀ ਚੰਦ ਜੋ ਗੁਰੂ ਅਰਜਨ ਦੇਵ ਜੀ ਦਾ ਗੁਰਗੱਦੀ ਲਈ ਵਿਰੋਧੀ ਅਤੇ ਵੱਡਾ ਭਰਾ ਸੀ, ਨੇ ਹਰ ਸੰਭਵ ਕੋਸ਼ਿਸ਼ ਕੀਤੀ ਜਿਸ ਨਾਲ ਸਿੱਖ ਧਰਮ ਨੂੰ ਅਤੇ ਗੁਰੂ ਅਰਜਨ ਦੇਵ ਨੂੰ ਨੁਕਸਾਨ ਹੋਵੇ। ਇਥੋਂ ਤਕ ਕਿ ਉਸ ਨੇ ਸਰਕਾਰੀ ਅਫ਼ਸਰ ਸੁਲਹੀ ਖ਼ਾਨ ਨਾਲ ਮਿਲ ਕੇ ਗੁਰੂ ਜੀ ਨੂੰ ਮਾਰਨ ਦੀ ਸਾਜਿਸ਼ ਵੀ ਕੀਤੀ, ਪਰ ਨਾਕਾਮ ਰਿਹਾ। 1605 ਵਿਚ ਅਕਬਰ ਦੇ ਬੇਟੇ ਜਹਾਂਗੀਰ ਦੇ ਰਾਜਗੱਦੀ ਤੇ ਬੈਠਣ ਨਾਲ ਸਥਿਤੀ ਨੇ ਨਵਾਂ ਮੋੜ ਲਿਆ ਅਤੇ ਖਾਸ ਕਰਕੇ ਇਕ ਸਮੇਂ ਲਈ ਉਨ੍ਹਾਂ ਲੋਕਾਂ ਦੇ ਹੱਕ ਵਿਚ ਹਾਲਾਤ ਹੋ ਗਏ ਜੋ ਅਕਬਰ ਦੀ ਧਾਰਮਿਕ ਖੁੱਲ ਅਤੇ ਬਰਾਬਰੀ ਦੀ ਨੀਤੀ ਦਾ ਖੰਡਨ ਕਰਦੇ ਸਨ। ਉਸ ਦੇ ਪਿਤਾ ਦੀ ਅਦਾਲਤ ਵਿਚ ਕੁਝ ਐਸੇ ਲੋਕ ਸਨ ਜਿਨ੍ਹਾਂ ਨੇ ਉਸ ਦੇ ਰਾਜਗੱਦੀ ਤੇ ਬੈਠਣ ਦਾ ਵਿਰੋਧ ਕੀਤਾ ਅਤੇ ਉਸ ਦੇ ਬੇਟੇ ਖੁਸਰੋ ਨੂੰ ਉਸ ਦੇ ਬਦਲੇ ਜਾਨਸ਼ੀਨੀ ਲਈ ਚੰਗਾ ਮੰਨਿਆ। ਪਰ ਕਿਸੇ ਤਰ੍ਹਾਂ ਜਹਾਂਗੀਰ ਨੇ ਗੱਦੀ ਹੱਥਿਆ ਲਈ। ਪਰ ਇਹ ਹਾਲਾਤ ਫਿਰ ਉਭਰੇ ਜਦੋਂ 1606 ਵਿਚ ਸਾਹਿਬਜ਼ਾਦੇ ਖੁਸਰੋ ਨੇ ਆਪਣੇ ਪਿਤਾ ਦੇ ਖਿਲਾਫ਼ ਬਗਾਵਤ ਕੀਤੀ, ਪਰ ਉਸ ਨੂੰ ਹਾਰ ਹੋਈ ਅਤੇ ਉਸ ਨੂੰ ਜਹਾਂਗੀਰ ਕੋਲ ਬੰਦੀ ਬਣਾ ਕੇ ਪੇਸ਼ ਕੀਤਾ ਗਿਆ ਅਤੇ ਨਾਲ ਹੀ ਇਹ ਹੁਕਮ ਦਿੱਤੇ ਗਏ ਕਿ ਇਸ ਨੂੰ ਸ਼ਰਨ ਦੇਣ ਵਾਲੇ ਜਾਂ ਹਮਾਇਤ ਕਰਨ ਵਾਲਿਆਂ ਨੂੰ ਬੰਦੀ ਬਣਾਇਆ ਜਾਵੇ। ਇਨ੍ਹਾਂ ਲੋਕਾਂ ਵਿਚ ਪੰਜਵੇਂ ਗੁਰੂ ਅਰਜਨ ਦੇਵ ਦਾ ਨਾਮ ਵੀ ਸ਼ਾਮਿਲ ਸੀ। ਇਸ ਲਈ ਉਨ੍ਹਾਂ ਨੂੰ ਵੀ ਬੰਦੀ ਬਣਾਇਆ ਗਿਆ। ਮੌਤ ਦੀ ਸਜ਼ਾ ਦਿੱਤੀ ਗਈ। 1606 ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਦੁਖਾਂਤ ਤੋਂ ਬਾਅਦ ਉਨ੍ਹਾਂ ਦੇ ਬੇਟੇ ਅਤੇ ਸਿੱਖਾਂ ਦੇ ਛੇਵੇਂ ਗੁਰੂ ਹਰਿਗੋਬਿੰਦ ਨੇ ਸਿੱਖ ਕੌਮ ਵਿਚ ਤਿੱਖਾ ਪ੍ਰਤੀਕਰਮ ਪੈਦਾ ਕੀਤਾ। ਉਚ ਪਦਵੀ ਦੇ ਅਫਸਰਾਂ ਅਤੇ ਹੁਕਮਰਾਨਾਂ ਦੇ ਖਿਲਾਫ਼ ਲੋਕਾਂ ਵਿਚ ਅਸੰਤੁਸ਼ਟਤਾ ਅਤੇ ਜ਼ੁਲਮ ਦੇ ਖਿਲਾਫ਼ ਵਿਰੋਧਤਾ ਕਰਕੇ ਆਤਮ ਰੱਖਿਆ ਦੀ ਜ਼ਰੂਰਤ ਮਹਿਸੂਸ ਕੀਤੀ ਗਈ। ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਗੁਰੂ ਹਰਿਗੋਬਿੰਦ ਨੇ ਕੌਮ ਨੂੰ ਹਥਿਆਰਬੰਦ ਕਰਨ ਦੀ ਸਕੀਮ ਬਣਾਈ। ਉਨ੍ਹਾਂ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਅਤੇ ਐਲਾਨ ਕੀਤਾ ਕਿ ਅੱਗੇ ਤੋਂ ਉਹ ਆਪਣੇ ਸਿੱਖਾਂ ਤੋਂ ਹਥਿਆਰ ਅਤੇ ਘੋੜਿਆਂ ਦੀ ਭੇਟਾ ਲੈਣ ਨੂੰ ਤਰਜ਼ੀਹ ਦੇਣਗੇ। ਸਿੱਖਾਂ ਨੂੰ ਯੁੱਧ ਕਲਾ ਸਿਖਾਉਣ ਦਾ ਪ੍ਰਬੰਧ ਵੀ ਕੀਤਾ ਗਿਆ ਅਤੇ ਸਿੱਖਾਂ ਦਾ ਇਕ ਛੋਟਾ ਜਿਹਾ ਫੌਜੀ ਦਸਤਾ ਵੀ ਤਿਆਰ ਕੀਤਾ ਗਿਆ। ਸ਼ਿਕਾਰ ਵੀ ਖੇਡਿਆ ਜਾਂਦਾ ਸੀ ਕਿਉਂਕਿ ਇਸ ਤਰ੍ਹਾਂ ਯੁੱਧ ਕਲਾ ਦਾ ਅਭਿਆਸ ਹੁੰਦਾ ਸੀ।[12]

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਡਰਪੋਕਤਾ ਦਾ ਖੰਡਨ ਕੀਤਾ ਅਤੇ

---

12. ਉਹੀ, ਪੰਨਾ 17-18.

ਸਵੈ-ਮਾਨ ਅਤੇ ਸਵੈ-ਵਿਸ਼ਵਾਸ ਦੀਆਂ ਭਾਵਨਾਵਾਂ ਨੂੰ ਹੌਸਲਾ ਦਿੱਤਾ ਸੀ। ਉਨ੍ਹਾਂ ਨੇ ਹਾਕਮਾਂ ਲਈ ਨਿਆਂਸ਼ੀਲ ਹੋਣ ਦੀ ਜ਼ਰੂਰਤ ਤੇ ਜ਼ੋਰ ਦਿੱਤਾ ਅਤੇ ਵਿਅਕਤੀਗਤ ਵਿਵਹਾਰ ਲਈ ਉਨ੍ਹਾਂ ਨੂੰ ਰੱਬ ਅਤੇ ਪਰਜਾ ਪ੍ਰਤੀ ਜੁਆਬਦੇਹ ਹੋਣ ਤੇ ਜੋ.ਰ ਦਿੱਤਾ ਸੀ। ਉਨ੍ਹਾਂ ਨੇ ਜ਼ੁਲਮ ਨੂੰ ਚੁੱਪਚਾਪ ਸਹਿਣ ਦੀ ਨਿੰਦਾ ਕੀਤੀ ਸੀ। ਬਾਅਦ ਵਿਚ ਆਉਣ ਵਾਲੇ ਗੁਰੂਆਂ ਦੇ ਸਮਿਆਂ ਵਿਚ ਕੁਝ ਐਸੀਆਂ ਘਟਨਾਵਾਂ ਹੋਈਆਂ ਜਿਨ੍ਹਾਂ ਨੇ ਲੋਕਾਂ ਵਿਚ ਜ਼ਾਬਰ ਸਰਕਾਰੀ ਅਫਸਰਾਂ ਵਲੋਂ ਖਤਰੇ ਦਾ ਅਹਿਸਾਸ ਕਰਵਾਇਆ। ਇਨ੍ਹਾਂ ਘਟਨਾਵਾਂ ਨੇ ਸਿੱਖਾਂ ਵਿਚ ਸਵੈ-ਰੱਖਿਆ ਦੀ ਜ਼ਰੂਰਤ ਪੈਦਾ ਕੀਤੀ ਅਤੇ ਜਿਸ ਦੇ ਸਿੱਟੇ ਵਜੋਂ ਉਨ੍ਹਾਂ ਵਿਚ ਬਹਾਦਰੀ ਅਤੇ ਯੁੱਧ ਕਲਾ ਵਰਗੇ ਗੁਣ ਪੈਦਾ ਹੋਏ। ਇਸ ਪੱਖ ਵਿਚ ਤਰੱਕੀ ਦੇ ਸਿੱਟੇ ਵਜੋਂ ਗੁਰੂ ਨਾਨਕ ਦੇਵ ਦੀ ਸਵੈ-ਮਾਨ ਨਾਲ ਜੀਣ ਦੀ ਸਿੱਖਿਆ ਹੋਰ ਪੱਕੀ ਹੁੰਦੀ ਗਈ। ਗੁਰੂ ਰਾਮ ਦਾਸ ਜੀ ਨੇ ਘੋੜਿਆਂ ਦੇ ਵਪਾਰ ਨੂੰ ਹੱਲਾ ਸ਼ੇਰੀ ਦਿੱਤੀ ਤਾਂ ਕਿ ਸਿੱਖਾਂ ਵਿਚ ਚੰਗੇ ਘੋੜ ਸਵਾਰ ਹੋਣ ਦੇ ਗੁਣ ਪੈਦਾ ਹੋ ਸਕਣ। ਗੁਰੂ ਅਰਜਨ ਨੇ ਇਸ ਨੂੰ ਅੱਗੇ ਚਲਾਇਆ ਅਤੇ ਹਥਿਆਰਾਂ ਦੀ ਸਿਖਲਾਈ ਦੀ ਜ਼ਰੂਰਤ ਤੇ ਜ਼ੋਰ ਦਿੱਤਾ। ਸਿੱਖ ਪਰੰਪਰਾ ਅਨੁਸਾਰ ਗੁਰੂ ਅਰਜਨ ਦੇ ਜਾਨਸ਼ੀਨ ਗੁਰੂ ਹਰਗੋਬਿੰਦ ਨੇ ਫੌਜੀ ਸਿਖਲਾਈ ਬਾਬਾ ਬੁੱਢਾ ਜੀ ਤੋਂ ਹਾਸਿਲ ਕੀਤੀ। ਗੁਰੂ ਹਰਿਗੋਬਿੰਦ ਪੂਰੀ ਤਰ੍ਹਾਂ ਸ਼ਾਸਤਰਧਾਰੀ ਹੋ ਕੇ ਗੁਰਗੱਦੀ ਤੇ ਬੈਠੇ ਅਤੇ ਇਸੇ ਹੀ ਪਰੰਪਰਾ ਨੂੰ ਸਥਾਪਤ ਕੀਤਾ।

ਗੁਰੂ ਹਰਿਗੋਬਿੰਦ ਨੂੰ ਅਸਲ ਵਿਚ ਥੋੜ੍ਹੇ ਹੀ ਸਾਲ ਯੁੱਧ ਕਰਨੇ ਪਏ ਪਰ ਇਨ੍ਹਾਂ ਯੁੱਧਾਂ ਨੇ ਕੌਮ ਦੀ ਉੱਨਤੀ ਦੇ ਰਸਤੇ ਵਿਚ ਲੰਬਾ ਸਮਾਂ ਆਪਣਾ ਪ੍ਰਭਾਵ ਪਾਈ ਰੱਖਿਆ। ਬਹੁਤ ਸਾਰੀਆਂ ਸਮੱਸਿਆਵਾਂ ਦੇ ਵਿਰੁਧ ਉਨ੍ਹਾਂ ਦੀ ਸਫਲਤਾ ਨੇ ਬੇਸ਼ੱਕ ਹੋਰ ਕੁਝ ਨਾਂ ਕੀਤਾ ਹੋਵੇ ਪਰ ਇਸ ਨਾਲ ਸਿੱਖਾਂ ਨੂੰ ਆਤਮ-ਵਿਸ਼ਵਾਸ ਅਤੇ ਆਪਣੀ ਕਦਰ ਦੀ ਭਾਵਨਾਂ ਦੀ ਪ੍ਰੇਰਨਾ ਮਿਲੀ। ਹੁਣ ਤਕ ਉਹ ਮੁਸਲਮਾਨਾਂ ਦੇ ਪੈਰਾਂ ਹੇਠ ਕੁਚਲੇ ਹੋਏ ਸਨ ਪਰ ਹੁਣ ਉਨ੍ਹਾਂ ਨੂੰ ਸੋਝੀ ਹੋਈ ਕਿ ਚੰਗੀ ਅਗਵਾਈ ਅਤੇ ਸੁਯੋਗ ਨਿਯੰਤਰਣ ਨਾਲ ਉਹ ਨਾ ਸਿਰਫ ਮੁਸਲਮਾਨਾਂ ਦਾ ਮੁਕਾਬਲਾ ਹੀ ਕਰ ਸਕਦੇ ਸਨ ਬਲਕਿ ਉਨ੍ਹਾਂ ਤੋਂ ਵੀ ਚੰਗੀ ਤਰ੍ਹਾਂ ਲੜ ਸਕਦੇ ਸਨ। ਗੁਰੂ ਹਰਿਗੋਬਿੰਦ ਨੇ ਸਿੱਖਾਂ ਨੂੰ ਮੁਗਲਾਂ ਤੋਂ ਸਵੈ-ਰੱਖਿਆ ਦੀਆਂ ਸੰਭਾਵਨਾਵਾਂ ਪ੍ਰਦਾਨ ਕੀਤੀਆਂ ਅਤੇ ਇਕ ਉਸ ਪ੍ਰਪੱਕ ਉੱਨਤੀ ਦਾ ਰਾਹ ਤਿਆਰ ਕੀਤਾ ਜੋ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਮਿਲਿਆ। ਗੁਰੂ ਹਰਿਗੋਬਿੰਦ ਦਾ ਸਿੱਖ ਕੌਮ ਵਿਚ ਬਹਾਦਰੀ ਦਾ ਜਜ਼ਬਾ ਪੈਦਾ ਕਰਨ ਦਾ ਦੂਜਾ ਸਿੱਟਾ ਇਹ ਨਿਕਲਿਆ ਕਿ ਸਿੱਖ ਧਰਮ ਨੇ ਕੌਮ ਦਾ ਰੂਪ ਅਖ਼ਤਿਆਰ ਕਰ ਲਿਆ।

1644 ਵਿਚ ਗੁਰੂ ਹਰਿਗੋਬਿੰਦ ਤੋਂ ਬਾਅਦ ਗੁਰੂ ਹਰਿ ਰਾਇ ਜੀ ਜੋ ਉਨ੍ਹਾਂ ਦੇ ਪੋਤੇ ਸਨ ਨੇ ਗੁਰਗੱਦੀ ਸੰਭਾਲੀ। ਆਪਣੇ ਤੋਂ ਪਹਿਲਾਂ ਹੋਏ ਗੁਰੂਆਂ ਦੇ ਮੁਕਾਬਲੇ ਉਹ ਜ਼ਿਆਦਾ ਸ਼ਾਂਤੀਪ੍ਰਸਤ ਸਨ, ਪਰ ਆਪਣੇ ਦਾਦਾ ਅਤੇ ਛੇਵੇਂ ਗੁਰੂ ਜੀ ਦੀ ਵਿਚਾਰਧਾਰਾ ਦਾ ਸਮਰਥਨ ਕਰਦੇ ਹੋਏ, ਉਨ੍ਹਾਂ ਹਥਿਆਰ ਕਲਾ ਵਿਚ ਨਿਪੁੰਨ ਸਿੱਖਾਂ ਦਾ ਇਕ ਜਥਾ ਤਿਆਰ ਕੀਤਾ। ਫੌਜ਼ੀ ਸਿਖਲਾਈ ਦੇ ਸਾਰੇ ਢੰਗ-ਤਰੀਕੇ ਉਨ੍ਹਾਂ ਅੱਗੇ ਚਲਾਈ ਰੱਖੇ ਅਤੇ ਨਾਲ ਦੀ ਨਾਲ ਉਨ੍ਹਾਂ ਨੇ ਕੌਮ ਦੀ ਉੱਨਤੀ ਦੀਆਂ ਮੰਗਾਂ ਨੂੰ ਵੀ ਧਿਆਨ ਵਿਚ ਰੱਖਿਆ। ਉਹ ਧਰਮ ਦੇ

ਵਖ-ਵਖ ਪ੍ਰਚਾਰ ਕੇਂਦਰਾਂ ਵਿਚ ਗਏ, ਜਿਥੇ ਜ਼ਰੂਰਤ ਹੋਈ ਉਨ੍ਹਾਂ ਨੂੰ ਦੁਬਾਰਾ ਸੰਗਠਿਤ ਕੀਤਾ ਅਤੇ ਕੁਝ ਨਵੇਂ ਕੇਂਦਰ ਵੀ ਬਣਾਏ ਜਿਨ੍ਹਾਂ ਨੂੰ ਉਨ੍ਹਾਂ ਨੇ 'ਬਖਸ਼ੀਸ਼' ਦਾ ਨਾਮ ਦਿੱਤਾ। ਉਨ੍ਹਾਂ ਦੇ ਸਮੇਂ ਦੌਰਾਨ ਮਾਲਵੇ ਦੇ ਕਈ ਬਹੁਤ ਮਹਤਵਪੂਰਨ ਪਰਿਵਾਰਾਂ ਦੀ ਧਰਮ-ਬਦਲੀ ਸਿੱਖੀ ਵਿਚ ਹੋਈ। ਪਟਿਆਲਾ, ਨਾਭਾ ਅਤੇ ਜੀਂਦ ਦੇ ਵੱਡੇ-ਵਡੇਰੇ ਇਸੇ ਸਮੇਂ ਦੌਰਾਨ ਸਿੱਖ ਧਰਮ ਵਿਚ ਪ੍ਰਵੇਸ਼ ਕੀਤੇ। ਜੇ ਮਾਝਾ ਇਲਾਕਾ ਗੁਰੂ ਅਰਜਨ ਦੇਵ ਜੀ ਦੇ ਵੇਲੇ ਸਿੱਖ ਧਰਮ ਵਿਚ ਪ੍ਰਵੇਸ਼ ਕੀਤਾ ਤਾਂ ਮਾਲਵਾ ਇਲਾਕਾ ਗੁਰੂ ਹਰਿਗੋਬਿੰਦ ਦੇ ਸਮੇਂ ਅਤੇ ਗੁਰੂ ਹਰਿ ਰਾਏ ਦੇ ਸਮੇਂ ਸਿੱਖ ਧਰਮ ਵਿਚ ਆਇਆ। ਨੌਵੇਂ ਅਤੇ ਦਸਵੇਂ ਗੁਰੂਆਂ ਦੇ ਸਮੇਂ ਬੜੀ ਤੇਜ਼ੀ ਨਾਲ ਮਾਲਵੇ ਵਿਚ ਸਿੱਖਾਂ ਦੀ ਗਿਣਤੀ ਵਧੀ।

ਗੁਰੂ ਹਰਿ ਰਾਇ ਦੇ ਆਖਰੀ ਸਾਲਾਂ ਵਿਚ ਮੁਗਲ ਸਿੱਖਾਂ ਦੇ ਕੌਮੀ ਮਸਲਿਆਂ ਵਿਚ ਦਖਲਅੰਦਾਜ਼ੀ ਕਰਨ ਲੱਗ ਪਏ ਸਨ। ਇਸ ਦੇ ਦੋ ਤਰ੍ਹਾਂ ਦੇ ਵਰਨਣ ਹਨ; ਪਹਿਲਾ, ਕਿ ਔਰੰਗਜ਼ੇਬ ਨੇ ਜਾਨਸ਼ੀਨੀ ਦੀ ਲੜਾਈ ਜਿੱਤ ਲਈ ਅਤੇ 1658 ਵਿਚ ਮੁਗਲ ਰਾਜਗੱਦੀ ਤੇ ਬੈਠ ਗਿਆ। ਉਹ ਕੱਟੜ ਮੁਸਲਮਾਨ ਸੀ ਅਤੇ ਸਰਹੰਦੀ ਅਤੇ ਨਕਸ਼ਬੰਦੀ ਫਿਰਕਿਆਂ ਵਿਚ ਵਿਸ਼ਵਾਸ ਰੱਖਦਾ ਸੀ। ਉਸ ਅਨੁਸਾਰ ਹਿੰਦੁਸਤਾਨੀਆਂ ਦੀ ਇਸ ਲਹਿਰ ਦਾ ਭਾਰਤ ਵਿਚ ਸੁਰਜੀਤ ਹੋਣ ਦਾ ਭਾਵ ਸੀ ਇਸਲਾਮ ਨੂੰ ਖ਼ਤਰਾ, ਇਸ ਕਰਕੇ ਇਸ ਨੂੰ ਪਹਿਲਾਂ ਹੀ ਦਬਾ ਲਿਆ ਜਾਵੇ। ਕੁਦਰਤੀ ਤੌਰ ਤੇ ਸਿੱਖ ਧਰਮ ਲਈ ਉਸ ਦੀ ਕੋਈ ਹਮਦਰਦੀ ਨਹੀਂ ਸੀ, ਜੋ ਹੁਣ ਪੰਜਾਬ ਵਿਚ ਪੂਰਾ ਜ਼ੋਰ ਫੜ ਚੁੱਕੀ ਸੀ ਅਤੇ ਉੱਨਤੀ ਦੇ ਰਾਹ ਤੇ ਚੱਲ ਰਹੀ ਸੀ। ਦੂਜੇ, ਔਰੰਗਜ਼ੇਬ ਆਪਣੇ ਭਰਾ ਅਤੇ ਵਿਰੋਧੀ ਦਾਰਾਸ਼ਿਕੋਹ ਦੀ ਮਦਦ ਕਰਨ ਕਰਕੇ ਗੁਰੂ ਹਰਿ ਰਾਇ ਤੇ ਨਾਰਾਜ਼ ਸੀ। ਅਸਲ ਵਿਚ ਸੂਫੀ ਝੁਕਾਅ ਦਾ ਹੋਣ ਕਰਕੇ ਦਾਰਾਸ਼ਿਕੋਹ ਸਾਰੇ ਸਾਧੂ ਸੰਤਾਂ ਦਾ ਸਾਥ ਦਿੰਦਾ ਸੀ ਤੇ ਇਸੇ ਸੰਦਰਭ ਵਿਚ ਉਹ ਗੁਰੂ ਜੀ ਨੂੰ ਮਿਲਿਆ ਸੀ।

ਪੁਰਾਣਾ ਦੋਸ਼ ਜੋ ਗੁਰੂ ਗ੍ਰੰਥ ਸਾਹਿਬ ਦੇ ਸੰਬੰਧ ਵਿਚ ਅਕਬਰ ਦੇ ਰਾਜ ਦੌਰਾਨ ਗੁਰੂ ਅਰਜਨ ਤੇ ਲਾਇਆ ਗਿਆ ਅਤੇ ਖਾਰਜ ਕੀਤਾ ਗਿਆ ਸੀ ਉਹ ਫੇਰ ਉਭਾਰਿਆ ਗਿਆ। ਉਹ ਦੋਸ਼ ਸੀ ਕਿ ਸਿੱਖਾਂ ਦੇ ਗ੍ਰੰਥ ਵਿਚ ਇਸਲਾਮ ਅਤੇ ਪੈਗੰਬਰ ਮੁਹੰਮਦ ਬਾਰੇ ਬੇਅਦਬੀ ਵਰਤੀ ਗਈ ਹੈ। ਰਾਮ ਰਾਇ ਨੂੰ ਗੁਰੂ ਹਰਿ ਰਾਇ ਨੇ ਇਸ ਬਾਰੇ ਸਪੱਸ਼ਟੀਕਰਨ ਦੇਣ ਲਈ ਦਿੱਲੀ ਭੇਜਿਆ, ਜਿਸ ਵਿਚ ਉਹ ਪੂਰੇ ਤਰ੍ਹਾਂ ਸਫਲ ਨਾ ਹੋ ਸਕਿਆ, ਅਤੇ ਇਸ ਨਾਲ ਔਰੰਗਜ਼ੇਬ ਗੁਰੂ ਸਾਹਿਬ ਦੇ ਖ਼ਿਲਾਫ ਹੋ ਗਿਆ। ਔਰੰਗਜ਼ੇਬ ਨੇ ਰਾਮ ਰਾਇ ਨੂੰ ਆਪਣੇ ਹੱਥ ਵਿਚ ਕਰਨ ਲਈ ਮੌਕੇ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ। ਉਹ ਗੁਰੂ ਹਰਿ ਰਾਇ ਦਾ ਵੱਡਾ ਬੇਟਾ ਸੀ ਅਤੇ ਗੁਰਗੱਦੀ ਲਈ ਗੁਰੂ ਹਰਿ ਰਾਇ ਦਾ ਜਾਨਸ਼ੀਨ ਹੋ ਸਕਦਾ ਸੀ। ਰਾਮ ਰਾਇ ਨੂੰ ਵੱਸ ਵਿਚ ਕਰਕੇ ਔਰੰਗਜ਼ੇਬ ਸੋਚਦਾ ਸੀ ਕਿ ਆਉਣ ਵਾਲੇ ਗੁਰੂ ਨੂੰ ਆਪਣੇ ਅਧੀਨ ਕਰ ਲਵੇਗਾ। ਪਰ ਗੁਰੂ ਹਰਿ ਰਾਇ ਨੇ ਰਾਮ ਰਾਇ ਦੇ ਚਰਿੱਤਰ ਨੂੰ ਗੁਰਗੱਦੀ ਲਈ ਯੋਗ ਨਾ ਮੰਨ ਕੇ ਆਪਣੇ ਛੋਟੇ ਬੇਟੇ ਹਰਿਕ੍ਰਿਸ਼ਨ ਨੂੰ ਆਪਣੇ ਤੋਂ ਬਾਅਦ ਗੁਰਗੱਦੀ ਸੌਂਪ ਦਿੱਤੀ। ਜਾਨਸ਼ੀਨੀ ਦੀ ਇਸ ਪ੍ਰਥਾ ਕਰਕੇ ਸਿੱਖ ਕੌਮ ਵਿਚ ਕਾਫੀ ਤ੍ਰੇੜਾਂ ਆ ਗਈਆਂ, ਜਿਵੇਂ ਕਿ ਮੀਨੇ ਅਤੇ ਧੀਰਮੱਲੀਏ ਆਦਿ ਗੁਰੂ ਘਰ ਦੇ ਵਿਰੋਧੀ ਬਣ ਗਏ। ਮੀਨੇ ਗੁਰੂ ਅਰਜਨ ਦੇਵ ਦੇ ਵੱਡੇ ਭਰਾ ਪ੍ਰਿਥੀ ਚੰਦ ਦੀ ਔਲਾਦ ਵਿਚੋਂ ਸਨ ਅਤੇ ਧੀਰ ਮੱਲੀਏ ਗੁਰੂ

ਹਰਿਗੋਬਿੰਦ ਦੇ ਪੋਤੇ ਧੀਰਮੱਲ ਦੀ ਔਲਾਦ ਵਿਚੋਂ ਸਨ। ਇਹ ਦੋਨੋ ਵਖ-ਵਖ ਗਰੁੱਪ ਉਹ ਸਨ ਜੋ ਗੁਰਗੱਦੀ ਦੇ ਚਾਹਵਾਨ ਹੋਣ ਤੇ ਵੀ ਗੁਰਗੱਦੀ ਪ੍ਰਾਪਤ ਨਾ ਕਰ ਸਕੇ ਅਤੇ ਇਸ ਤਰ੍ਹਾਂ ਗੁਰੂ ਘਰ ਦੇ ਉਲਟ ਹੋ ਗਏ। ਹੁਣ ਤੀਜਾ ਅੱਡ ਗਰੁੱਪ ਬਣ ਰਿਹਾ ਸੀ ਅਤੇ ਉਹ ਸੀ ਰਾਮਰਾਈਆਂ ਦਾ, ਜੋ ਗੁਰੂ ਹਰਿ ਰਾਇ ਦੇ ਵੱਡੇ ਬੇਟੇ ਰਾਮ ਰਾਇ ਦੀ ਔਲਾਦ ਵਿਚੋਂ ਸਨ।

1669 ਵਿਚ ਔਰੰਗਜ਼ੇਬ ਨੇ ਹੁਕਮ ਦਿੱਤਾ ਕਿ ਬੁੱਤਪ੍ਰਸਤਾਂ ਦੀਆਂ ਸਾਰੀਆਂ ਸੈਨਿਕ ਅਤੇ ਧਾਰਮਿਕ ਰਹੁ-ਰੀਤਾਂ ਖ਼ਤਮ ਕਰ ਦਿੱਤੀਆਂ ਜਾਣ। ਮਥੁਰਾ ਅਤੇ ਬਨਾਰਸ ਦੇ ਮੰਦਿਰ ਢਾਹ ਦਿੱਤੇ ਗਏ। ਹਿੰਦੂਆਂ ਤੇ ਜਜ਼ੀਆ ਲਗਾਇਆ ਗਿਆ। ਹਿੰਦੂਆਂ ਨੂੰ ਜਬਰਦਸਤੀ ਮੁਸਲਮਾਨ ਬਣਾਇਆ ਗਿਆ। ਹਿੰਦੂਆਂ ਤੇ ਜ਼ੁਲਮ ਕਰਨ ਵਾਲੇ ਨੂੰ ਸਰਕਾਰ ਕੋਈ ਦੰਡ ਨਹੀਂ ਦਿੰਦੀ ਸੀ।

ਗੁਰੂ ਤੇਗ ਬਹਾਦਰ ਜੀ ਦੀ ਪੰਜਾਬ ਵਾਪਸੀ ਨਾਲ ਉਨ੍ਹਾਂ ਦਾ ਸ਼ਾਨਦਾਰ ਸੁਆਗਤ ਕੀਤਾ ਗਿਆ। ਗੁਰੂ ਜੀ ਸੰਗਤ ਵਿਚ ਵਿਚਰਨ ਲਗੇ। ਉਨ੍ਹਾਂ ਦੀਆਂ ਯਾਤਰਾਵਾਂ ਦੌਰਾਨ ਭਾਰੀ ਗਿਣਤੀ ਵਿਚ ਲੋਕ ਉਨ੍ਹਾਂ ਦੇ ਦੁਆਲੇ ਇਕੱਠੇ ਹੋ ਜਾਂਦੇ ਅਤੇ ਉਨ੍ਹਾਂ ਤੋਂ ਸਿੱਖਿਆ ਅਤੇ ਅਗਵਾਈ ਪ੍ਰਾਪਤ ਕਰਦੇ। ਲੋਕਾਂ ਨੂੰ ਉਨ੍ਹਾਂ ਦੀ ਇਹੀ ਨਸੀਹਤ ਸੀ ਕਿ ਹਾਲਾਤ ਦਾ ਹਿੰਮਤ ਅਤੇ ਦ੍ਰਿੜਤਾ ਨਾਲ ਮੁਕਾਬਲਾ ਕਰੋ। ਉਨ੍ਹਾਂ ਦਾ ਉਦੇਸ਼ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਨੇ ਲੋਕਾਂ ਦੇ ਡਰੇ ਹੋਏ ਮਨਾਂ ਤੇ ਬਹੁਤ ਅਸਰ ਕੀਤਾ। ਇਲਾਕੇ ਦੇ ਇਕ ਮੁਸਲਮਾਨ ਨੇਤਾ ਹਾਫ਼ਿਜ਼ ਆਦਿਮ ਅਤੇ ਕੁਝ ਉਘੇ ਜਿਮੀਂਦਾਰਾਂ ਨੇ ਗੁਰੂ ਜੀ ਦਾ ਸਾਥ ਦਿੱਤਾ। ਗੁਰੂ ਜੀ ਵਿਚ ਚੰਗੇ ਬਹਾਦਰ ਯੋਧੇ ਜਿੰਨੀ ਸਹਿਨਸ਼ੀਲਤਾ ਸੀ। ਉਨ੍ਹਾਂ ਨੇ ਆਪਣੇ ਪਿਤਾ ਜੀ ਵਾਲੀ ਫੌਜੀ ਪਰੰਪਰਾ ਨੂੰ ਅੱਗੇ ਚਲਾਇਆ ਅਤੇ ਸ਼ਿਕਾਰ ਆਦਿ ਵਿਚ ਰੁਚੀ ਰੱਖਦੇ ਅਤੇ ਉਨ੍ਹਾਂ ਦੀਆਂ ਮਨਚਾਹੀਆਂ ਭੇਟਾਵਾਂ ਤਲਵਾਰਾਂ ਅਤੇ ਤੀਰ ਸਨ।

ਗੁਰੂ ਜੀ ਦੇ ਦੇਸ਼ ਭਗਤੀ ਦੇ ਜਜ਼ਬੇ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦੇ ਲੋਕਾਂ ਤੇ ਡੂੰਘੇ ਅਸਰ ਨੇ ਅਫ਼ਸਰੀ ਦਾਇਰੇ ਨੂੰ ਹਲੂਣਿਆਂ। ਛੇਤੀ ਹੀ ਗੁਰੂ ਜੀ ਨੂੰ ਕੁਝ ਖਾਸ ਸ਼ਰਧਾਲੂਆਂ ਸਮੇਤ ਗ੍ਰਿਫਤਾਰ ਕਰਕੇ ਦਿੱਲੀ ਲਿਜਾਇਆ ਗਿਆ ਅਤੇ ਮੌਤ ਜਾਂ ਇਸਲਾਮ ਧਾਰਨ ਕਰਨ ਦਾ ਹੁਕਮ ਦਿੱਤਾ ਗਿਆ। ਪਰ ਉਨ੍ਹਾਂ ਨੇ ਇਸਲਾਮ ਧਾਰਨ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ, ਇਸ ਤੇ ਗੁਰੂ ਜੀ ਦਾ ਸਿਰ ਧੜ ਤੋਂ ਅਲੱਗ ਕਰ ਦਿਤਾ ਗਿਆ ਅਤੇ ਉਨ੍ਹਾਂ ਦੇ ਸ਼ਰਧਾਲੂ ਭਾਈ ਦਿਆਲਾ ਅਤੇ ਭਾਈ ਮਤੀ ਦਾਸ ਨੂੰ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਸਿੱਖਾਂ ਤੇ ਜੋ ਤਤਕਾਲ ਅਸਰ ਪਿਆ ਉਹ ਬਹੁਤ ਹਲੂਣ ਦੇਣ ਵਾਲਾ ਅਤੇ ਸੁੰਨ ਕਰ ਦੇਣ ਵਾਲਾ ਸੀ। ਪਰ ਕੋਈ ਸ਼ੱਕ ਨਹੀਂ ਕਿ ਲੱਖੀ ਸ਼ਾਹ ਅਤੇ ਭਾਈ ਜੈਤਾ ਵਰਗੇ ਬਹਾਦਰ ਸਿੱਖ ਸਨ ਜਿਨ੍ਹਾਂ ਨੇ ਆਪਣੇ ਪਿਆਰੇ ਗੁਰੂ ਲਈ ਸਭ ਕੁਝ ਦਾਅ ਤੇ ਲਾ ਦਿਤਾ, ਗਿਣਤੀ ਦੇ ਪੱਖੋਂ ਘੱਟ ਹੋਣ ਤੇ ਵੀ ਉਹ ਆਪਣੇ ਲੋਕਾਂ ਲਈ ਪ੍ਰੇਰਨਾ ਸ੍ਰੋਤ ਬਣੇ। ਪਰ ਸਿੱਖਾਂ ਦੀ ਜ਼ਿਆਦਾ ਗਿਣਤੀ ਲੋਕ ਇਸ ਦਹਿਸ਼ਤ ਤੋਂ ਬਾਅਦ ਸ਼ਾਂਤ ਹੋ ਗਏ ਅਤੇ ਚੁਪ-ਚਾਪ ਰੂਹ ਪੋਸ਼ ਹੋ ਗਏ।

ਗੁਰੂ ਜੀ ਅਤੇ ਉਨ੍ਹਾਂ ਦੇ ਕੁਝ ਸਿੱਖਾਂ ਦੀ ਸ਼ਹਾਦਤ ਕਰਕੇ ਮੁਗਲਾਂ ਨੇ ਆਪਣੀ ਜ਼ੋਰ ਅਜਮਾਈ ਕਰ ਰੱਖੀ ਸੀ, ਜਿਸ ਨਾਲ ਨਵੀਂ ਸਾਜੀ ਸਿੱਖ ਕੌਮ ਲਈ ਜਿੰਦਗੀ ਅਤੇ ਮੌਤ ਦਾ

ਸਵਾਲ ਪੈਦਾ ਹੋ ਗਿਆ ਸੀ। ਸਰਕਾਰ ਨਾਲ ਹੁਣ ਸਿੱਖਾਂ ਦਾ ਸਿੱਧਾ ਟਾਕਰਾ ਸੀ। ਗੁਰੂ ਤੇਗ ਬਹਾਦਰ ਦਾ ਜਾਨਸ਼ੀਨ ਅਤੇ ਬੇਟਾ ਗੁਰੂ ਗੋਬਿੰਦ ਸਿੰਘ ਇਕ ਚੰਗਾ ਪ੍ਰਬੰਧਕੀ, ਦੂਰਦਰਸ਼ੀ ਅਤੇ ਚੰਗੇ ਆਗੂ ਦੇ ਖਿੱਚ ਭਰਪੂਰ ਗੁਣਾਂ ਵਾਲਾ ਸੀ। ਸਿੱਖ ਮਸਲਿਆਂ ਬਾਰੇ ਉਨ੍ਹਾਂ ਦੀ ਸੂਝ ਬੂਝ ਸਾਫ ਅਤੇ ਪੱਕੀ ਸੀ। ਇਨ੍ਹਾਂ ਮਸਲਿਆਂ ਨੂੰ ਸੁਲਝਾਉਣ ਲਈ ਉਨ੍ਹਾਂ ਵਿਚ ਸਮਰੱਥਾ ਸੀ ਅਤੇ ਉਹ ਵਿਰੋਧੀਆਂ ਦੀਆਂ ਘਟੀਆ ਚਾਲਾਂ ਨੂੰ ਵੀ ਹਰਾ ਸਕਦੇ ਸਨ।

ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸਭ ਤੋਂ ਔਖੇ ਕੰਮ; ਖਿੰਡੀ ਪੁੰਡੀ ਹੋਈ ਸਿੱਖ ਕੌਮ ਨੂੰ ਇਕੱਠੇ ਕਰਕੇ, ਚੜ੍ਹਦੀ ਕਲ੍ਹਾ ਵਾਲੀ ਸੇਧ ਦੇਣ ਵਿਚ ਜੁਟਾ ਦਿੱਤਾ। ਆਪਣੇ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੇ ਲੋਕਾਂ ਸਾਹਮਣੇ ਧਰਮ ਯੁੱਧ ਦਾ ਵਿਚਾਰ ਰੱਖਿਆ। ਲੋਕਾਂ ਨੂੰ ਧਰਮ ਲਈ ਜੀਣਾਂ ਅਤੇ ਮਰਨਾ ਸਿਖਾਇਆ ਗਿਆ। ਸਰਵਉਚ ਰੱਬੀ ਹੋਂਦ ਦਾ ਸਿੱਖ ਸਿਧਾਂਤ ਫਿਰ ਦੁਹਰਾਇਆ ਗਿਆ। ਜਿਸ ਵਿਚ ਰੱਬੀ ਗੁਣਾਂ ਦੇ ਬੁਰਾਈ ਦੇ ਖਿਲਾਫ ਲੜਨ ਦੇ ਪੱਖ ਤੇ ਜ਼ੋਰ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਨੇ ਰੱਬ ਨੂੰ ਤਾਕਤਵਰ, ਨਾ ਹਾਰਨ ਵਾਲਾ ਯੋਧਾ, ਸ਼ਸਤਰਧਾਰੀ ਅਤੇ ਅੱਛਾਈ ਲਈ ਹਮੇਸ਼ਾ ਲੜਨ ਵਾਲੇ ਰੱਬ ਵਜੋਂ ਬਿਆਨਿਆ। ਇਤਿਹਾਸ ਗਵਾਹ ਹੈ ਕਿ ਉਨ੍ਹਾਂ ਨੇ ਆਪਣੀ ਕੌਮ ਨੂੰ ਕਿਵੇਂ ਬਚਾਇਆ? ਆਪਣੇ ਲੋਕਾਂ ਵਿਚ ਬਹਾਦਰੀ ਦੀ ਭਾਵਨਾ ਭਰਨ ਲਈ ਗੁਰੂ ਜੀ ਨੇ ਆਪਣੇ ਦਰਬਾਰ ਵਿਚ ਰਹਿੰਦੇ ਕਵੀ ਅਤੇ ਵਿਦਵਾਨਾਂ ਦੀ ਮਦਦ ਨਾਲ ਪੁਰਾਣੇ ਭਾਰਤੀ ਇਤਿਹਾਸ ਵਿਚੋਂ ਏਕਤਾ ਅਤੇ ਬਹਾਦਰੀ ਦੀ ਪਰੰਪਰਾ ਨੂੰ ਉਜਾਗਰ ਕੀਤਾ। ਇਨ੍ਹਾਂ ਵਿਚੋਂ ਸਭ ਤੋਂ ਮਹਤਵਪੂਰਨ ਹੈ 'ਚੰਡੀ ਦੀ ਵਾਰ' ਜੋ ਪੰਜਾਬੀ ਵਿਚ ਪੁਰਾਤਨ ਬਹਾਦਰੀ ਦੀ ਬੇਜੋੜ ਕਹਾਣੀ ਹੈ।

ਸੂਰਬੀਰਤਾ ਦੀ ਭਾਵਨਾ ਅਤੇ ਹਥਿਆਰ ਹਮੇਸ਼ਾਂ ਇਕੱਠੇ ਹਨ। ਗੁਰੂ ਜੀ ਨੇ ਹਥਿਆਰਾਂ ਨੂੰ ਬਹੁਤ ਪਵਿੱਤਰਤਾ ਵਾਲੀ ਇੱਜ਼ਤ ਦਿੱਤੀ ਅਤੇ ਹਥਿਆਰਾਂ ਨੂੰ ਪਰਮਾਤਮ ਸ਼ਕਤੀ ਨਾਲ ਜੋੜਿਆ ਜਿਵੇਂ ਸਰਬਲੋਹ, ਖੜਗਕੇਤ ਅਤੇ ਭਗਉਤੀ ਆਦਿ। ਉਨ੍ਹਾਂ ਲਈ ਯੁੱਧ ਦੇ ਹਥਿਆਰ ਸਿਰਫ ਪੂਜਨ ਲਈ ਨਹੀਂ ਸਨ ਸਗੋਂ ਵਰਤੋਂ ਵਿਚ ਲਿਆਉਣ ਵਾਲੀ ਸ਼ਕਤੀ ਸਨ ਅਤੇ ਉਨ੍ਹਾਂ ਦੀ ਵਰਤੋਂ ਸਖਤ ਮਿਹਨਤ ਅਤੇ ਅਭਿਆਸ ਨਾਲ ਸਿੱਖਣੀ ਲਾਜ਼ਮੀ ਸੀ। ਇਸ ਕਰਕੇ 1675 ਵਿਚ ਗੁਰਗੱਦੀ ਤੇ ਬੈਠਣ ਤੋਂ ਜਲਦੀ ਹੀ ਬਾਅਦ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਹਥਿਆਰ ਚਲਾਉਣ ਅਤੇ ਯੁੱਧ ਕਲਾ ਸਿਖਾਉਣੀ ਸ਼ੁਰੂ ਕਰ ਦਿੱਤੀ। ਆਪਣੇ ਦਾਦਾ ਗੁਰੂ ਹਰਿਗੋਬਿੰਦ ਵਾਂਗ ਉਨ੍ਹਾਂ ਨੇ ਵੀ ਹਥਿਆਰਾਂ ਦੀ ਭੇਟਾ ਨੂੰ ਪ੍ਰਮੁੱਖ ਸਥਾਨ ਦਿੱਤਾ। ਸਿੱਖਾਂ ਨੂੰ ਇਕ ਬਹਾਦਰ ਕੌਮ ਬਨਾਉਣ ਲਈ ਅਤੇ ਹਰ ਤਰ੍ਹਾਂ ਦੀ ਯੁੱਧ ਕਲਾ ਸਿਖਾਉਣ ਲਈ ਗੁਰੂ ਜੀ ਨੇ ਸਭ ਤਰ੍ਹਾਂ ਦੀ ਸਿਖਲਾਈ ਦਿੱਤੀ। ਥੋੜ੍ਹੇ ਹੀ ਸਮੇਂ ਵਿਚ ਉਨ੍ਹਾਂ ਕੋਲ ਸਿਖਲਾਈ ਪ੍ਰਾਪਤ ਯੋਧਿਆਂ ਦਾ ਇਕ ਚੰਗਾ ਜਥਾ ਤਿਆਰ ਹੋ ਗਿਆ। ਅਸਲ ਵਿਚ ਯੋਧਿਆਂ ਦੀ ਕੌਮ ਤਿਆਰ ਕਰਨ ਦਾ ਵਿਚਾਰ ਮੁਢਲੇ ਤੌਰ ਤੇ ਗੁਰੂ ਗੋਬਿੰਦ ਸਿੰਘ ਦਾ ਨਹੀਂ ਬਲਕਿ ਗੁਰੂ ਹਰਿਗੋਬਿੰਦ ਤੋਂ ਸ਼ੁਰੂ ਹੋ ਕੇ ਬਾਕੀ ਗੁਰੂਆਂ ਤੋਂ ਹੁੰਦਾ ਹੋਇਆ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚਿਆ ਸੀ।

ਖਾਲਸਾ ਦੀ ਉਤਪਤੀ ਗੁਰੂ ਗੋਬਿੰਦ ਸਿੰਘ ਜੀ ਦੀ ਜ਼ਿੰਦਗੀ ਦੀ ਸੰਗਠਨ ਅਤੇ ਵਿਚਾਰਧਾਰਾ ਦੇ ਪੱਖੋਂ ਇਕ ਪ੍ਰਮੁੱਖ ਘਟਨਾ ਸੀ। ਸੰਗਠਨ ਦੇ ਪੱਖੋਂ ਮਸੰਦਾਂ ਦੀ ਜ਼ਰੂਰਤ ਨੂੰ

ਬਿਲਕੁਲ ਖ਼ਤਮ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਮਸੰਦਾਂ ਦੁਆਰਾ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਵਾਲਿਆਂ ਲਈ ਚਰਨ-ਅੰਮ੍ਰਿਤ ਦੀ ਪ੍ਰਥਾ ਸੀ ਪਰ ਗੁਰੂ ਸਾਹਿਬ ਨੇ ਖੰਡੇ ਦੀ ਪਹੁਲ ਦੀ ਪ੍ਰਥਾ ਚਲਾ ਕੇ ਚਰਨ-ਅੰਮ੍ਰਿਤ ਦੀ ਪਰੰਪਰਾ ਖ਼ਤਮ ਕਰ ਦਿੱਤੀ ਅਤੇ ਇਸ ਦੇ ਨਾਲ ਹੀ ਮਸੰਦ ਪ੍ਰਣਾਲੀ ਵੀ ਖ਼ਤਮ ਹੋ ਗਈ। ਸਿਧਾਂਤਿਕ ਤੌਰ ਤੇ ਖ਼ਾਲਸਾ ਦੀ ਉਤਪਤੀ ਭਗਤੀ ਅਤੇ ਸ਼ਕਤੀ ਦਾ ਸੁਮੇਲ ਸੀ। ਦੋ ਧਾਰੇ ਖੰਡੇ ਤੋਂ ਤਿਆਰ ਕੀਤਾ ਅੰਮ੍ਰਿਤ ਇਕ ਪ੍ਰੇਰਨਾ ਸੀ। ਅੰਮ੍ਰਿਤ ਛਕਣ ਵੇਲੇ ਨਾਮ ਦੀ ਬਦਲੀ ਵੀ ਸਿੱਖਾਂ ਦੀ ਮਾਨਸਿਕਤਾ ਨੂੰ ਕ੍ਰਾਂਤੀ ਪ੍ਰਦਾਨ ਕਰਨ ਲਈ ਸੀ। ਸਾਰੇ ਅੰਮ੍ਰਿਤਧਾਰੀ ਸਿੱਖਾਂ ਦਾ ਨਾਮ ਇੱਕੋ ਹੀ ਲਫ਼ਜ਼ ਨਾਲ ਪੂਰਾ ਹੁੰਦਾ ਸੀ ਤੇ ਉਹ ਸੀ 'ਸਿੰਘ'। ਇਸ ਤਰ੍ਹਾਂ ਗੁਰੂ ਜੀ ਨੇ ਸਿੱਖਾਂ ਨੂੰ ਸ਼ੇਰ ਦਾ ਨਾਮ ਦੇ ਕੇ ਇਕ ਤਾਂ ਉਨ੍ਹਾਂ ਵਿਚ ਬਹਾਦਰੀ ਦੀ ਪ੍ਰੇਰਨਾ ਭਰੀ ਅਤੇ ਦੂਜੇ, ਹਿੰਦੁਸਤਾਨ ਦੇ ਤਤਕਾਲੀਨ ਸ਼ਾਸਕਾਂ ਦੇ ਮੁਕਾਬਲੇ ਲਿਆ ਖੜ੍ਹਾ ਕੀਤਾ। ਕਿਉਂਕਿ ਉਨ੍ਹਾਂ ਦਿਨਾਂ ਵਿਚ ਰਾਜਪੂਤ ਹੀ ਆਪਣੇ ਨਾਮ ਨਾਲ 'ਸਿੰਘ' ਲਾਇਆ ਕਰਦੇ ਸਨ। ਹੁਣ ਸਿੱਖ ਸੂਰਜਵੰਸ਼ੀ ਜਾਂ ਚੰਦਰਵੰਸ਼ੀਆਂ ਤੋਂ ਘੱਟ ਨਹੀਂ ਸਨ। ਸਿੱਖਾਂ ਵਿਚ ਬਹਾਦਰੀ ਦੀ ਭਾਵਨਾ ਨੂੰ ਹੋਰ ਵੀ ਪ੍ਰੇਰਨਾ ਦੇਣ ਵਾਸਤੇ ਗੁਰੂ ਜੀ ਨੇ ਰਹਿਤ ਮਰਯਾਦਾ ਦੇ ਨਾਲ ਜ਼ਰੂਰੀ ਤੌਰ ਤੇ ਸ਼ਸਤਰ ਧਾਰਨ ਕਰਨਾ ਬਹੁਤ ਮਹਤਵਪੂਰਨ ਸਮਝਿਆ। ਗੁਰੂ ਜੀ ਨੇ ਖਾਲਸਾ ਵਿਚ ਇਹ ਵਿਚਾਰ ਵੀ ਭਰ ਦਿੱਤਾ ਕਿ ਉਹ ਪਰਮਾਤਮਾ ਦੀ ਖ਼ਾਸ ਹਿਫ਼ਾਜ਼ਤ ਵਿਚ ਹੈ ਅਤੇ ਪਰਮਾਤਮਾਂ ਹਮੇਸ਼ਾ ਸਰਬਤ ਖਾਲਸਾ ਵਿਚ ਮੌਜੂਦ ਹੈ। ਗੁਰੂ ਜੀ ਦਾ ਹੁਕਮ ਸੀ ਕਿ ਜਦੋਂ ਵੀ ਕਦੀ ਪੰਜ ਸਿੱਖ ਇਕੱਠੇ ਹੋਣਗੇ ਗੁਰੂ ਉਨ੍ਹਾਂ ਵਿਚ ਹਾਜ਼ਰ-ਨਾਜ਼ਰ ਹੋਵੇਗਾ। ਉਨ੍ਹਾਂ ਨੂੰ ਇਹ ਵੀ ਦੱਸਿਆ ਗਿਆ ਕਿ ਉਹ ਜਿੱਤਣ ਲਈ ਹੀ ਪੈਦਾ ਹੋਏ ਹਨ। ਉਨ੍ਹਾਂ ਦੇ ਆਪਸੀ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੀ ਬਖਸ਼ਿਸ਼ ਕੀਤੀ। ਪਰ ਸਿੰਘ ਸਿਰਫ ਸਿਪਾਹੀ ਹੀ ਨਹੀਂ ਸਨ ਸਗੋਂ ਇਹ ਜ਼ਰੂਰੀ ਸੀ ਕਿ ਇਕੋ ਹੀ ਸਮੇਂ ਉਹ ਸੰਤ ਵੀ ਸਨ। ਉਹ ਪਰਮਾਤਮਾ ਦੀ ਭਗਤੀ ਕਰਨ ਵਾਲੇ ਗੁਰਬਾਣੀ ਵਿਚ ਲੀਨ, ਨਿਤਨੇਮ ਕਰਨ ਵਾਲੇ ਅਤੇ ਉੱਚੇ ਅਤੇ ਸੁੱਚੇ ਚਰਿੱਤਰ ਵਾਲੇ। ਖਾਲਸਾ ਸਾਜਨ ਵੇਲੇ ਗੁਰੂ ਜੀ ਸਿੱਖਾਂ ਨੂੰ ਅਲੱਗ ਹੋਂਦ ਦਾ ਨਿਸ਼ਾਨ, ਜੋ ਕੇਸ ਅਤੇ ਦਾਹੜੀ ਦਾ ਕੁਦਰਤੀਪਨ ਸੀ, ਦੇਣ ਦਾ ਆਦੇਸ਼ ਦਿਤਾ। ਇਸ ਸਰੂਪ ਨੇ ਸਿਰਫ ਸਿੱਖਾਂ ਨੂੰ ਆਪਣੀ ਵਿਚਾਰਧਾਰਾ ਦੇ ਅਨੁਕੂਲ ਸ਼ਕਲ ਹੀ ਨਹੀਂ ਬਲਕਿ ਇਕ ਵਖਰੀ ਹੋਂਦ ਦਾ ਅਹਿਸਾਸ ਵੀ ਦਿੱਤਾ, ਜਿਸ ਅਨੁਸਾਰ ਉਹ ਆਪਣੇ ਆਪ ਨੂੰ ਛੁਪਾ ਨਹੀਂ ਸੀ ਸਕਦੇ।

ਅਕਤੂਬਰ 7, 1708 ਨੂੰ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਵਿਖੇ ਜੋਤੀ-ਜੋਤ ਸਮਾ ਗਏ। ਇਕ ਦਿਨ ਪਹਿਲਾਂ ਉਨ੍ਹਾਂ ਨੇ ਇਕ ਇਤਿਹਾਸਕ ਕੰਮ ਕੀਤਾ ਤੇ ਉਹ ਸੀ; ਵਿਅਕਤੀਗਤ ਗੁਰੂਆਂ ਦੀ ਕਤਾਰ ਖਤਮ ਕਰਕੇ ਗੁਰੂ ਗ੍ਰੰਥ ਨੂੰ ਗੁਰਗੱਦੀ ਸੌਂਪਣੀ ਅਤੇ ਖਾਲਸਾ ਨੂੰ ਸਾਰੀਆਂ ਤਾਕਤਾਂ ਪ੍ਰਦਾਨ ਕਰਨੀਆਂ। ਇਸ ਤਰ੍ਹਾਂ ਵਿਅਕਤੀਗਤ ਅਗਵਾਈ ਸਮੂਹਿਕ ਅਗਵਾਈ ਵਿਚ ਬਦਲ ਗਈ। ਸਰਬੱਤ ਖਾਲਸਾ ਦੀਆਂ ਤਾਕਤਾਂ ਦਾ ਨਾਂਦੇੜ ਵਿਖੇ ਇਕ ਅਹਿਮ ਐਲਾਨ ਸੀ।

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦਾ ਆਖਰੀ ਸਮਾਂ ਸਿੱਖ ਇਤਿਹਾਸ ਵਿਚ ਉਹ ਸਮਾਂ ਆਉਂਦਾ ਹੈ ਜਦੋਂ ਸਿੱਖ ਕੌਮ ਉੱਨਤੀ ਦੀਆਂ ਸਿਖਰਾਂ ਤੇ ਸੀ। ਉਨ੍ਹਾਂ ਨੇ ਸੰਗਤ ਦੀ

ਉੱਨਤੀ ਨੂੰ ਸੰਪੂਰਨ ਕੀਤਾ। ਗੁਰੂ ਜੀ ਦੁਆਰਾ ਖਾਲਸੇ ਦੀ ਸਾਜਨਾ ਸਿਰਫ ਕੌਮ ਦੀ ਏਕਤਾ ਨੂੰ ਬਣਾਈ ਰੱਖਣ ਵਾਸਤੇ ਹੀ ਨਹੀਂ ਸੀ ਬਲਕਿ ਉਨ੍ਹਾਂ ਤੋਂ ਪਹਿਲਾਂ ਹੋਏ ਗੁਰੂਆਂ ਦੁਆਰਾ ਚਲਾਈ ਗਈ ਸਮਾਜਿਕ ਅਤੇ ਧਾਰਮਿਕ ਜ਼ਿੰਦਗੀ ਵਿਚ ਕ੍ਰਾਂਤੀ ਨੂੰ ਅੱਗੇ ਚਲਾ ਕੇ ਪੂਰਨਤਾ ਤਕ ਪੁਚਾਉਣਾ ਸੀ। ਗੁਰੂ ਗੋਬਿੰਦ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਵਿਚ ਆਪਣੇ ਪਿਤਾ ਗੁਰੂ ਤੇਗ ਬਹਾਦਰ ਦੀ ਬਾਣੀ ਸ਼ਾਮਿਲ ਕੀਤੀ ਅਤੇ ਇਸ ਦਾ ਪ੍ਰਕਾਸ਼ ਕੀਤਾ। ਸਿੱਟੇ ਵਜੋਂ 'ਆਦਿ ਗ੍ਰੰਥ' ਦੇ ਇਸ ਸੰਪੂਰਨ ਸਰੂਪ ਨੂੰ ਗੁਰਗੱਦੀ ਸੌਂਪੀ ਗਈ।

ਪਰ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਸਿਰਫ ਕੰਮ ਸੰਪੂਰਨ ਕਰਨ ਦਾ ਹੀ ਸਮਾਂ ਨਹੀਂ ਸੀ ਸਗੋਂ ਇਹ ਸ਼ੁਰੂਆਤ ਕਰਨ ਦਾ ਸਮਾਂ ਵੀ ਸੀ। ਉਨ੍ਹਾਂ ਦੇ ਸੁਧਾਰਾਂ ਅਤੇ ਉਨ੍ਹਾਂ ਦੇ ਪ੍ਰਭਾਵਸ਼ਾਲੀ ਵਿਅਕਤੀਤਵ ਅਤੇ ਚੁੰਬਕੀ ਅਗਵਾਈ ਕਰਕੇ ਨਾ ਸਿਰਫ ਸਿੱਖ ਕੌਮ ਨੂੰ ਤਾਕਤ ਹੀ ਮਿਲੀ ਬਲਕਿ ਇਹ ਕੌਮ ਇਨਕਲਾਬ ਦਾ ਮਹਾਨ ਸਾਧਨ ਬਣ ਗਈ। ਖਾਲਸਾ ਨੇ ਮੁਗਲ ਰਾਜ ਦੀ ਸ਼ਕਤੀਸ਼ਾਲੀ ਵੰਗਾਰ ਨੂੰ ਸਵੀਕਾਰ ਕੀਤਾ ਅਤੇ ਅਜ਼ਾਦੀ ਦੀ ਕੌਮੀ ਲੜਾਈ ਸ਼ੁਰੂ ਕਰ ਦਿੱਤੀ। ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਦੋ ਸਾਲ ਦੇ ਅੰਦਰ ਪਹਿਲਾ ਸਿੱਖ ਰਾਜ ਸਥਾਪਿਤ ਕੀਤਾ ਗਿਆ। ਇਹ ਸਫਲਤਾ ਥੋੜੀ ਦੇਰ ਦੀ ਰਹੀ ਅਤੇ ਜ਼ਿਆਦਾ ਕਰਕੇ ਸਰਕਾਰ ਸਿੱਖਾਂ ਨੂੰ ਦਬਾਉਣ ਲਈ ਤਤਪਰ ਹੋ ਗਈ। ਪਰ ਖਾਲਸੇ ਨੇ ਅੰਤ ਵਿਚ ਮੁਗਲਾਂ ਦੇ ਖਿਲਾਫ ਸੰਘਰਸ਼ ਜਿੱਤ ਲਿਆ ਅਤੇ ਬਾਅਦ ਵਿਚ ਉਨ੍ਹਾਂ ਤੋਂ ਪਿਛੋਂ ਆਉਣ ਵਾਲੇ ਅਫ਼ਗਾਨਾਂ ਨੂੰ ਜਿੱਤ ਕੇ ਅਠ੍ਹਾਰਵੀਂ ਸਦੀ ਦੇ 60ਵੇਂ ਸਾਲਾਂ ਵਿਚ ਪੰਜਾਬ ਵਿਚ ਆਪਣੀ ਪ੍ਰਭੁਸਤਾ ਕਾਇਮ ਕਰ ਲਈ।[13]

---

13. ਉਹੀ, ਪੰਨਾ 23-42.

ਅਧਿਆਇ ਤੀਜਾ

ਸਿੱਖ ਸਿਧਾਂਤ ਦਾ ਪ੍ਰੇਰਨਾ ਸ੍ਰੋਤ : ਗੁਰੂ ਗ੍ਰੰਥ ਸਾਹਿਬ

ਉੱਤਰ ਭਾਰਤ ਦੀ ਜਨਸੰਖਿਆ ਦਾ ਇਕ ਬਹੁਤ ਅਹਿਮ ਹਿੱਸਾ ਸਿੱਖ ਧਰਮ ਗ੍ਰੰਥ ਨਾਲ ਜੁੜਿਆ ਹੋਇਆ ਹੈ। ਸਿੱਖਾਂ ਦਾ ਧਰਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਵਜੋਂ ਜਾਣਿਆ ਜਾਂਦਾ ਹੈ। ਧਾਰਮਿਕ ਗ੍ਰੰਥ ਦੇ ਨਾਲ 'ਗੁਰੂ' ਸ਼ਬਦ ਨੂੰ ਇਸ ਕਰਕੇ ਜੋੜਿਆ ਗਿਆ ਹੈ ਕਿਉਂਕਿ ਇਸ ਧਰਮ ਗ੍ਰੰਥ ਨੂੰ ਜਿੰਦਾ-ਜਾਗਦਾ ਅਧਿਆਤਮਿਕ ਗੁਰੂ ਮੰਨਣ ਦਾ ਹੁਕਮ ਹੈ। ਕਿਉਂਕਿ ਇਹ ਪਰਮਾਤਮਾ ਦੇ ਸ਼ਬਦ ਦਾ ਜਾਗਦਾ ਪ੍ਰਵਾਹ ਹੈ ਜੋ ਬ੍ਰਹਮ ਗਿਆਨ ਦੀ ਲਗਾਤਾਰ ਚਲਦੀ ਧਾਰਾ ਦਾ ਪ੍ਰਤੱਖ ਪ੍ਰਮਾਣ ਹੈ। 1604 ਈ. ਵਿੱਚ ਇਸ ਗ੍ਰੰਥ ਨੂੰ ਸਿੱਖਾਂ ਦੇ ਸੁਤੰਤਰ ਧਾਰਮਿਕ ਗ੍ਰੰਥ ਵਜੋਂ ਸੰਕਲਿਤ ਕੀਤਾ ਗਿਆ ਸੀ। ਉਸ ਵੇਲੇ ਇਸ ਨੂੰ 'ਆਦਿ ਗ੍ਰੰਥ' ਦਾ ਨਾਂ ਦਿੱਤਾ ਗਿਆ ਸੀ ਜਿਸ ਦਾ ਭਾਵ ਸੀ 'ਮੁੱਢਲਾ ਗ੍ਰੰਥ'। 1708ਈ. ਵਿਚ ਇਸ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਦੀਵੀ ਗੁਰੂ ਦਾ ਦਰਜਾ ਦੇ ਕੇ ਸਤਿਕਾਰਿਆ ਗਿਆ, ਜਿਸ ਦਾ ਭਾਵ ਬਣਦਾ ਸੀ ਕਿ ਪਰਮਾਤਮਾ ਵੱਲੋਂ ਭੇਜੇ ਗਏ ਸ਼ਬਦ ਸੰਗ੍ਰਹਿ ਦਾ ਇਹ ਠੋਸ ਮੁਜੱਸਮਾ ਸਿੱਖਾਂ ਦਾ ਸਦੀਵੀ ਗੁਰੂ ਹੈ। ਸਿੱਖਾਂ ਲਈ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਮੌਜੂਦ ਸ਼ਬਦ ਮਹਾਨ ਅਧਿਆਤਮਿਕ ਪ੍ਰੇਰਣਾ ਸ੍ਰੋਤ ਹੈ ਅਤੇ ਮਨੁੱਖੀ ਇਤਿਹਾਸ ਵਿੱਚ ਪਰਮਾਤਮਾ ਦੇ ਗਿਆਨ ਦਾ ਠੋਸ ਪ੍ਰਗਟਾਵਾ ਹੈ। ਰੱਬੀ ਗਿਆਨ ਅਤੇ ਅਨੁਭਵ ਦਾ ਇਹ ਮਹਾਨ ਸਮੁੰਦਰ ਹੈ। ਇਸ ਕਰਕੇ ਸ਼ਬਦ ਦੇ ਪ੍ਰਭਾਵ ਅਤੇ ਪ੍ਰੇਰਣਾ ਨੂੰ ਜੀਵਿਤ ਦੇਹਧਾਰੀ ਗੁਰੂ ਦੀ ਪ੍ਰੇਰਨਾ ਤੋਂ ਵੀ ਵੱਧ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਮੰਨਿਆ ਗਿਆ ਹੈ। ਇਹ ਮੰਨਿਆਂ ਜਾਂਦਾ ਹੈ ਕਿ ਪਰਮਾਤਮਾ ਮਨੁੱਖੀ ਇਤਿਹਾਸ ਵਿੱਚ ਮਨੁੱਖੀ ਭਾਸ਼ਾ ਰਾਹੀਂ ਆਪਣੇ ਆਪ ਨੂੰ ਜਾਂ ਆਪਣੇ ਗਿਆਨ ਨੂੰ ਪ੍ਰਗਟ ਕਰਦਾ ਹੈ। ਬਲਕਿ ਬਾਣੀ ਨੂੰ ਪਰਮਾਤਮ ਦਰਸ਼ਨ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗਾ। ਗੁਰੂ ਸਾਹਿਬਾਂ ਕਿਹਾ ਹੈ:-

ਆਪੇ ਸਬਦੁ ਆਪੇ ਨੀਸਾਨੁ ॥
ਆਪੇ ਸੁਰਤਾ ਆਪੇ ਜਾਨੁ ॥[1]

ਅਤੇ

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥[2]

---

1. ਗੁਰੂ ਗ੍ਰੰਥ ਸਾਹਿਬ, ਪੰਨਾ 795.
2. ਗੁਰੂ ਗ੍ਰੰਥ ਸਾਹਿਬ, ਪੰਨਾ 515.

ਗੁਰੂ ਗ੍ਰੰਥ ਸਾਹਿਬ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੀ ਰਚਨਾ ਨਾਲ ਹੁੰਦਾ ਹੈ ਜਿਨ੍ਹਾਂ ਨੇ ਪਰਮਾਤਮਾ ਦੀ ਬਾਣੀ ਨੂੰ ਸਿੱਧੇ ਤੌਰ ਤੇ ਪ੍ਰਾਪਤ ਕੀਤਾ। ਸੱਚੇ ਇਲਾਹੀ ਧਰਮ ਨੂੰ ਪ੍ਰਚਾਰਨ ਦਾ ਜ਼ਿੰਮਾ ਉਹਨਾਂ ਦੇ ਸਿਰ ਲੱਗਿਆ ਸੀ। ਉਹਨਾਂ ਦੇ ਜੀਵਨ ਨਾਲ ਸੰਬੰਧਿਤ ਇਕ ਆਮ ਕਹਾਣੀ ਹੈ ਕਿ ਇਕ ਵਾਰੀ ਉਹਨਾਂ ਨੂੰ ਪਰਮਾਤਮਾ ਦੇ ਸਨਮੁਖ ਹੋਣ ਦਾ ਮੌਕਾ ਮਿਲਿਆ। ਜਿਥੇ ਅਕਾਲ ਪੁਰਖ ਵੱਲੋਂ ਉਹਨਾਂ ਨੂੰ ਇਹ ਪ੍ਰੇਰਣਾ ਦਿੱਤੀ ਗਈ ਕਿ ਉਹ ਸੱਚ ਅਤੇ ਧਰਮ ਦੇ ਰਾਹ ਤੇ ਸੰਸਾਰ ਨੂੰ ਲੈ ਕੇ ਜਾਣ। ਉਸ ਪ੍ਰਕਾਸ਼ਮਈ ਦਰਸ਼ਨ ਤੋਂ ਬਾਅਦ ਜਦੋਂ ਗੁਰੂ ਨਾਨਕ ਦੇਵ ਜੀ ਵਾਪਿਸ ਆਏ ਤਾਂ ਉਹਨਾਂ ਨੇ ਜੋ ਪਹਿਲਾ ਸ਼ਬਦ ਉਚਾਰਿਆ ਉਹ ਸੀ 'ਨਾ ਕੋਈ ਹਿੰਦੂ ਨਾ ਮੁਸਲਮਾਨ'। ਇਤਿਹਾਸਿਕ ਤੌਰ ਤੇ ਇਹ ਸਮਝਿਆ ਜਾ ਸਕਦਾ ਹੈ ਕਿ ਕਿਉਂਕਿ ਉਸ ਵੇਲੇ ਹਿੰਦੂ ਆਪਣੀ ਮੁੱਢਲੀ ਅਧਿਆਤਮਿਕ ਧਾਰਾ ਨੂੰ ਭੁੱਲ ਚੁੱਕੇ ਸਨ ਅਤੇ ਮੁਸਲਮਾਨ ਵੀ ਆਪਣੀ ਅਸਲੀ ਵਿਚਾਰਧਾਰਾ ਦੇ ਵਿਵਹਾਰ ਤੋਂ ਭਟਕ ਚੁੱਕੇ ਸਨ। ਗੁਰੂ ਸਾਹਿਬ ਦਾ ਇਕੋ ਹੀ ਨਾਹਰਾ ਸੀ ਕਿ ਹਿੰਦੂ ਜਾਂ ਮੁਸਲਮਾਨ ਹੋਣ ਤੋਂ ਉਪਰ ਉਠ ਕੇ ਪਰਮਾਤਮਾ ਦੇ ਭਗਤ ਹੋਣਾ ਲਾਜ਼ਮੀ ਹੈ। ਉਸ ਤੋਂ ਬਾਅਦ ਜੋ ਪਹਿਲੇ ਸ਼ਬਦ ਉਹਨਾਂ ਨੇ ਉਚਾਰੇ ਉਸ ਨੂੰ ਮੂਲ ਮੰਤਰ ਦੇ ਤੌਰ ਤੇ ਜਾਣਿਆ ਗਿਆ ਜੋ ਕਿ ਗੁਰੂ ਗ੍ਰੰਥ ਸਾਹਿਬ ਦੀ ਮੁੱਢਲੀ ਰਚਨਾ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿੱਚ ਸਥਿਤ ਹੈ। ਇਸ ਦਾ ਅਰਥ ਹੈ ਪਰਮਾਤਮਾ ਇਕ ਹੈ ਅਤੇ ਹਰ ਜਗ੍ਹਾ ਇਕ ਰਸ ਮੌਜੂਦ ਹੈ, ਜੋ ਆਪਣੇ ਆਪ ਨੂੰ ਅਪਣੀ ਰਚਨਾ ਵਿੱਚ ਪ੍ਰਗਟ ਕਰਦਾ ਹੈ ਉਸ ਦਾ ਨਾਂ ਸੱਚ ਹੈ। ਉਹ ਇਸ ਸੰਸਾਰ ਦਾ ਇਕੱਲਾ ਹੀ ਰਚਣਹਾਰ ਹੈ, ਜਿਸ ਨੂੰ ਕਿਸੇ ਦਾ ਡਰ ਨਹੀਂ, ਜਿਸ ਦਾ ਕਿਸੇ ਨਾਲ ਵਿਰੋਧ ਨਹੀਂ ਜੋ ਸਮੇਂ ਦੇ ਬੰਧਨ ਤੋਂ ਪਰ੍ਹੇ ਹੈ ਅਤੇ ਜੋ ਆਪਣੀ ਰਚਨਾ ਵਿਚ ਹਰ ਰੂਪ ਵਿਚ ਮੌਜੂਦ ਹੈ। ਉਹ ਕਦੇ ਜਨਮ ਨਹੀਂ ਲੈਂਦਾ ਅਤੇ ਉਸ ਨੇ ਆਪਣੇ ਆਪ ਨੂੰ ਆਪ ਹੀ ਸਥਾਪਿਤ ਕੀਤਾ ਹੋਇਆ ਹੈ। ਗੁਰੂ ਦੀ ਕਿਰਪਾ ਨਾਲ ਉਸ ਸੱਚ ਨੂੰ ਜਾਣਿਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਨਿਚੋੜ ਮੂਲ ਮੰਤਰ ਹੈ। ਜੋ ਅੱਗੇ ਚਲ ਕੇ ਸਿੱਖ ਅਧਿਆਤਮਿਕ ਅਤੇ ਦੈਵੀ ਸੂਝ ਦਾ ਆਧਾਰ ਬਣਿਆ। ਰੱਬੀ ਸੰਦੇਸ ਨੂੰ ਸੰਚਾਰਿਤ ਕਰਨ ਲਈ ਗੁਰੂ ਨਾਨਕ ਦੇਵ ਜੀ ਉਸ ਵੇਲੇ ਦੇ ਭਾਰਤ ਦੇ ਹਰ ਕੋਨੇ ਵਿਚ ਗਏ। ਭਾਰਤ ਤੋਂ ਬਾਹਰ ਅਨੇਕਾਂ ਦੇਸ਼ਾਂ-ਦੇਸ਼ਾਂਤਰਾਂ ਦਾ ਰਟਨ ਕਰਦੇ ਹੋਏ ਗੁਰੂ ਜੀ ਆਪਣੇ ਸੰਦੇਸ਼ ਦੇ ਪ੍ਰਵਾਹ ਨੂੰ ਚਲਾਉਂਦੇ ਰਹੇ। ਉਹਨਾਂ ਨੇ ਉੱਤਰ, ਦੱਖਣ, ਪੂਰਬ ਅਤੇ ਪੱਛਮ ਵੱਲ ਨੂੰ ਚਾਰ ਉਦਾਸੀਆਂ ਕੀਤੀਆਂ ਜੋ ਕਿ ਵੱਖ-ਵੱਖ ਤਰ੍ਹਾਂ ਦੇ ਲੋਕਾਂ ਨੂੰ ਵੱਖ-ਵੱਖ ਦਿਸ਼ਾਵਾਂ ਵਿਚ ਪਰਮਾਤਮਾ ਦੇ ਸੰਦੇਸ਼ ਨੂੰ ਪਹੁੰਚਾਉਣ ਲਈ ਕੀਤੀਆਂ ਗਈਆਂ। ਆਪਣੀਆ ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਜੀ ਬਹੁਤ ਸਾਰੀਆਂ ਦਾਰਸ਼ਨਿਕ ਅਤੇ ਧਾਰਮਿਕ ਪਰੰਪਰਾਵਾਂ ਜਿਵੇਂ ਕਿ ਹਿੰਦੂ, ਮੁਸਲਮਾਨ, ਸੂਫੀ, ਨਾਥ ਜੋਗੀ ਅਤੇ ਹੋਰ ਅਨੇਕਾਂ ਮੱਤਾ ਦੇ ਲੋਕਾਂ ਨੂੰ ਮਿਲੇ। ਗੁਰੂ ਜੀ ਨੇ ਉਹਨਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਉਹਨਾਂ ਦੇ ਵਿਸ਼ਵਾਸ਼ ਨੂੰ ਸਮਝਿਆ। ਉਸ ਵਿਸ਼ਵਾਸ਼ ਦੀ ਕਦਰ ਕੀਤੀ। ਪਰ ਨਾਲ ਹੀ ਉਸ ਵਿਸ਼ਵਾਸ਼ ਨੂੰ ਉਹਨਾਂ ਤੱਕ ਪਹੁੰਚਾਇਆ ਜਿਹੜਾ ਉਹਨਾਂ ਲਈ ਉਹ ਆਪ ਅਕਾਲ ਪੁਰਖ ਤੋਂ ਲੈ ਕੇ ਆਏ ਸਨ। ਗੁਰੂ ਜੀ ਨੇ ਉਹਨਾਂ ਲੋਕਾਂ ਦੀਆਂ ਧਾਰਮਿਕ ਗਤੀਵਿਧੀਆਂ ਨੂੰ ਬੜੇ ਧਿਆਨ ਨਾਲ

ਵੇਖਿਆ ਜਿਵੇਂ ਇਕ ਵਿਸ਼ਵਾਸ਼ ਵਾਲਾ ਮਨੁੱਖ ਵੇਖਦਾ ਹੈ, ਪਰ ਨਾਲ ਹੀ ਗੁਰੂ ਜੀ ਨੇ ਬੜੇ ਸਹਿਜ ਭਾਵ ਨਾਲ ਉਹਨਾਂ ਨੂੰ ਸਮਝਾਇਆ ਕਿ ਉਹਨਾਂ ਦੀਆਂ ਧਾਰਮਿਕ ਗਤੀਵਿਧੀਆਂ ਅਤੇ ਵਿਸ਼ਵਾਸ ਵਿਚ ਕੀ ਕਮੀ ਸੀ।

ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੇ ਗਏ ਸੁਝਾਅ ਉਹਨਾਂ ਧਰਮਾਂ ਦੀ ਅਲੋਚਨਾ ਕੱਤਈ ਨਹੀਂ ਸੀ ਬਲਕਿ ਗੁਰੂ ਨਾਨਕ ਨੇ ਉਹਨਾਂ ਨੂੰ ਬਜ਼ੁਰਗ ਵਾਂਗ ਉਹ ਸੁਝਾਅ ਦਿੱਤੇ ਜਿਸ ਨਾਲ ਉਹਨਾਂ ਦੇ ਧਰਮ ਅਤੇ ਧਾਰਮਿਕ ਅਮਲ ਦੀ ਉਹਨਾਂ ਨੂੰ ਸਹੀ ਸੇਧ ਮਿਲ ਸਕੇ। ਗੁਰੂ ਜੀ ਦਾ ਜ਼ਿਆਦਾ ਜ਼ੋਰ ਇਸ ਤੱਥ ਤੇ ਸੀ ਕਿ ਆਪਣੇ ਸਹੀ ਰਸਤੇ ਤੋਂ ਭਟਕੀ ਹੋਈ ਮਨੁੱਖਤਾ, ਪ੍ਰਭੂ ਪ੍ਰੇਮ ਅਤੇ ਸਮਾਜ ਸੇਵਾ ਦੇ ਅਸਲੀ ਰਾਹ ਤੇ ਵਾਪਸ ਆਵੇ। ਪਰ ਗੁਰੂ ਨਾਨਕ ਦੇਵ ਜੀ ਦੀ ਇਕ ਖਾਸੀਅਤ ਰਹੀ ਹੈ ਕਿ ਉਹਨਾਂ ਨੇ ਕਦੇ ਵੀ ਕਿਸੇ ਨੂੰ ਆਪਣੇ ਵਿਸ਼ੇਸ਼ ਧਾਰਮਿਕ ਪ੍ਰਬੰਧ ਵਿਚ ਸ਼ਾਮਿਲ ਹੋਣ ਲਈ ਨਹੀਂ ਕਿਹਾ ਬਲਕਿ ਉਹਨਾਂ ਵਿਸ਼ੇਸ਼ ਧਾਰਮਿਕ ਵਿਚਾਰਧਾਰਾਵਾਂ ਦੇ ਸ਼ੀਸ਼ੇ ਨੂੰ ਸਾਫ ਕਰਨ ਦੀ ਕੋਸ਼ਿਸ਼ ਕੀਤੀ, ਜੋ ਕਿਸੇ ਤਰ੍ਹਾਂ ਗੈਰ-ਜ਼ਰੂਰੀ ਰਸਮਾਂ ਅਤੇ ਅਗਿਆਨ ਦੀ ਮਿੱਟੀ ਨਾਲ ਢਕਿਆ ਹੋਇਆ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਅਨੇਕਾਂ ਲੋਕ ਅਨੇਕਾਂ ਤਰ੍ਹਾਂ ਨਾਲ ਪੂਜਾ ਕਰ ਰਹੇ ਹਨ। ਜਿਵੇਂ ਉਨ੍ਹਾਂ ਲਿਖਿਆ ਹੈ:

ਅਸੰਖ ਜਪ ਅਸੰਖ ਭਾਉ ॥
ਅਸੰਖ ਪੂਜਾ ਅਸੰਖ ਤਪ ਤਾਉ ॥[3]

ਦੇਸ਼ਾਂ ਦੇਸ਼ਾਂਤਰਾਂ ਦਾ ਰਟਨ ਕਰਦੇ ਹੋਏ ਜਿਥੇ-ਜਿਥੇ ਉਹ ਵੱਖ-ਵੱਖ ਧਰਮਾਂ ਦੇ ਮਹਾਂਪੁਰਸ਼ਾਂ ਨੂੰ ਮਿਲੇ, ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕੀਤਾ, ਉਥੇ ਉਨ੍ਹਾਂ ਨੇ ਉਨ੍ਹਾਂ ਮਹਾਂਪੁਰਸ਼ਾਂ ਦੀ ਬਾਣੀ ਨੂੰ ਵੀ ਇਕੱਤਰ ਕੀਤਾ। ਮਨੁੱਖੀ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਦਾ ਇਹ ਰਵਈਆ ਇਕ ਖਾਸ ਕਿਸਮ ਦੇ ਧਾਰਮਿਕ ਗ੍ਰੰਥ ਦੇ ਆਧਾਰ ਲਈ ਪ੍ਰੇਰਣਾ ਸ੍ਰੋਤ ਬਣਿਆ। ਸੰਸਾਰ ਦਾ ਇਹ ਪਹਿਲਾ ਅਤੇ ਇਕੱਲਾ ਧਰਮ ਗ੍ਰੰਥ ਹੈ ਜਿਸ ਨੂੰ ਅੰਤਰ ਧਾਰਮਿਕ ਗ੍ਰੰਥ ਕਿਹਾ ਜਾ ਸਕਦਾ ਹੈ। ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਇਸ ਗ੍ਰੰਥ ਦਾ ਸੰਕਲਨ ਕੀਤਾ। ਇਕੱਤਰ ਕੀਤੀ ਹੋਈ ਬਾਣੀ ਨੂੰ ਇਕ ਜਗ੍ਹਾ ਸਥਾਪਿਤ ਕੀਤਾ। ਗੁਰੂ ਅਰਜਨ ਦੇਵ ਜੀ ਨੇ ਉਹ ਰਚਨਾਵਾਂ ਵੀ ਇਕੱਠੀਆਂ ਕੀਤੀਆਂ ਜਿਨ੍ਹਾਂ ਦਾ ਸੁਭਾਅ ਇਲਾਹੀ ਸ਼ਬਦ ਵਿਚੋਂ ਪੈਦਾ ਹੁੰਦਾ ਹੈ। ਜਿਸ ਨੂੰ ਸਤਿਕਾਰ ਨਾਲ ਬਾਣੀ ਜਾਂ ਗੁਰੂ ਬਾਣੀ ਕਿਹਾ ਗਿਆ। ਇਸ ਦਾ ਇਹ ਭਾਵ ਬਣਿਆ ਕਿ ਸਾਰੀ ਇਕੱਤਰ ਕੀਤੀ ਬਾਣੀ ਪ੍ਰਭੂ ਦੇ ਆਪਣੇ ਸ਼ਬਦ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵਖ-ਵਖ ਰਚਨਾਵਾਂ ਦੇ ਸ਼ਾਮਿਲ ਹੋਣ ਦਾ ਮੁੱਖ ਮਾਪ-ਦੰਡ ਸੀ ਧਾਰਮਿਕ ਅਨੁਭਵ ਅਤੇ ਪ੍ਰਭੂ ਪ੍ਰੇਮ। ਗੁਰੂ ਜੀ ਨੇ ਹਿੰਦੂ ਭਗਤ, ਮੁਸਲਮਾਨ ਸੂਫੀ ਅਤੇ ਗੁਰੂ ਦਰਬਾਰ ਦੇ ਭੱਟਾਂ ਸਮੇਤ ਵਖ-ਵਖ ਇਨ੍ਹਾਂ ਮਹਾਂਪੁਰਖਾਂ ਦੀ ਬਾਣੀ ਇਕੱਤਰ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚ ਕੁਲ 36 ਰਚਨਾਕਾਰ ਹਨ, ਜਿੰਨਾਂ ਵਿਚੋਂ ਛੇ ਗੁਰੂ ਸਾਹਿਬਾਨ, ਪੰਦਰਾਂ ਹਿੰਦੂ ਭਗਤ ਅਤੇ ਸੂਫੀ, ਗਿਆਰਾਂ ਭੱਟ ਅਤੇ ਚਾਰ ਗੁਰੂ ਘਰ ਦੇ ਨਿਕਟਵਰਤੀਆਂ ਦੀ ਬਾਣੀ ਮੌਜੂਦ ਹੈ। ਇਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ; ਕਬੀਰ, ਫਰੀਦ,

3. ਗੁਰੂ ਗ੍ਰੰਥ ਸਾਹਿਬ, ਪੰਨਾ 3.

ਨਾਮਦੇਵ, ਰਵਿਦਾਸ, ਰਾਮਾਨੰਦ, ਜੈਦੇਵ, ਤ੍ਰਿਲੋਚਨ, ਧੰਨਾ, ਸੈਣ, ਪੀਪਾ, ਭੀਖਨ, ਸਧਨਾ, ਸੂਰਦਾਸ, ਪਰਮਾਨੰਦ ਅਤੇ ਬੇਣੀ। ਇਸੇ ਤਥ ਦੀ ਪੁਸ਼ਟੀ ਕਰਦੇ ਹੋਏ ਤਾਂ ਜਸਪਾਲ ਸਿੰਘ ਲਿਖਦੇ ਹਨ "ਇਸ ਤੋਂ ਇਲਾਵਾ ਸੁੰਦਰ ਦਾ ਰਾਮਕਲੀ ਸੱਦ, ਸੱਤਾ ਅਤੇ ਬਲਵੰਡ ਦੀ ਵਾਰ ਅਤੇ ਭੱਟਾਂ ਦੇ ਸਵੈਯੇ ਵੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੇ ਗਏ ਹਨ। ਗੁਰੂ ਗ੍ਰੰਥ ਸਾਹਿਬ ਦਾ ਬਹੁਤ ਥੋੜਾ ਹਿੱਸਾ ਛੱਡ ਕੇ ਬਾਕੀ ਬਾਣੀ ਰਾਗਾਂ ਵਿਚ ਰਚੀ ਗਈ ਹੈ ਅਤੇ ਕੁਲ ਰਾਗਾਂ ਦੀ ਗਿਣਤੀ ਇਕੱਤੀ ਹੈ।"[4] ਇਹ ਸਾਰੇ ਲੋਕ ਦੇਖਣ ਨੂੰ ਜਾਂ ਬਾਹਰੀ ਤੌਰ ਤੇ ਵਖ-ਵਖ ਧਾਰਮਿਕ ਪਰੰਪਰਾਵਾਂ ਨਾਲ ਸੰਬੰਧਿਤ ਸਨ ਪਰ ਪ੍ਰਭੂ ਪ੍ਰੇਮ ਅਤੇ ਭਗਤੀ ਵਿਚ ਇਕ ਹੋਏ-ਹੋਏ ਸਨ। ਉਪਰੋਕਤ ਸਾਰੇ ਰਚਨਾਕਾਰ ਇਕੋ ਹੀ ਮੰਤਵ ਨੂੰ ਦ੍ਰਿੜ ਕਰਕੇ ਉਸ ਦੀ ਹੀ ਪ੍ਰੇਰਣਾ ਦਿੰਦੇ ਹਨ ਅਤੇ ਉਹ ਪ੍ਰੇਰਣਾ ਹੈ ਪਰਮਾਤਮਾ ਦੇ ਸ਼ਬਦ ਰੂਪ ਦੀ ਪ੍ਰਮਾਣਿਕਤਾ ਅੱਗੇ ਸਿਰ ਝੁਕਾਉਣਾ ਅਤੇ ਆਪਣੇ ਆਪ ਨੂੰ ਉਸ ਸ਼ਬਦ ਨਾਲ ਇਕਮਿਕ ਕਰਨ ਲਈ ਹਮੇਸ਼ਾ ਸਮਰਪਿਤ ਰਹਿਣਾ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਭਾਰਤੀ ਸਮਾਜਿਕ ਵਿਵਸਥਾ ਵਿਚ ਬ੍ਰਾਹਮਣ ਸਭ ਤੋਂ ਉੱਚੇ ਪੱਧਰ ਤੇ ਅਤੇ ਸ਼ੂਦਰ ਸਭ ਤੋਂ ਨੀਵੇਂ ਪੱਧਰ ਤੇ ਗਿਣਿਆ ਜਾਂਦਾ ਸੀ। ਧਰਮ ਗ੍ਰੰਥਾਂ ਨੂੰ ਪੜ੍ਹਨਾ, ਉਹਨਾਂ ਨੂੰ ਸਮਝਣਾ, ਦੂਜਿਆ ਨੂੰ ਉਹ ਗਿਆਨ ਵੰਡਣਾ ਕੇਵਲ ਬ੍ਰਾਹਮਣ ਦਾ ਹੀ ਵਿਸ਼ੇਸ਼ ਅਧਿਕਾਰ ਸੀ। ਦੂਜੇ ਪਾਸੇ ਸ਼ੂਦਰ ਦਾ ਵਿਅਕਤੀਗਤ ਤੌਰ ਤੇ ਅਤੇ ਸਮਾਜਿਕ ਪੱਧਰ ਤੇ ਧਾਰਮਿਕ ਜੀਵਨ ਵਿਚ ਕੋਈ ਅਧਿਕਾਰ ਨਹੀਂ ਸੀ। ਸ਼ੂਦਰ ਦੇ ਧਾਰਮਿਕ ਅਨੁਭਵ ਨੂੰ ਨਾ ਤਾਂ ਸੁਣਿਆ ਹੀ ਜਾਂਦਾ ਸੀ ਅਤੇ ਨਾ ਹੀ ਉੱਚੀ ਜਾਤੀ ਵਾਲੇ ਦੇ ਬਰਾਬਰ ਉਸ ਅਨੁਭਵ ਦੀ ਮਾਨਤਾ ਸੀ। ਪਰ ਗੁਰੂ ਸਾਹਿਬ ਨੇ ਧਾਰਮਿਕ ਅਨੁਭਵ ਅਤੇ ਧਾਰਮਿਕ ਅਮਲ ਨੂੰ ਬਰਾਬਰ ਦੀ ਮਾਨਤਾ ਦਿੱਤੀ ਜੋ ਕਿ ਸ਼ੂਦਰ ਅਤੇ ਉਚ ਸ੍ਰੇਣੀ ਬ੍ਰਾਹਮਣ ਨੂੰ ਬਰਾਬਰ ਦੇ ਸਤਰ ਤੇ ਹਾਸਲ ਹੋਈ। ਸ਼ੂਦਰ ਸੰਤ ਜਾਂ ਭਗਤ ਦਾ ਧਾਰਮਿਕ ਅਨੁਭਵ ਜਿਸ ਦਾ ਪ੍ਰਗਟਾਵਾ ਉਸ ਨੇ ਆਪਣੀ ਭਾਸ਼ਾ ਵਿਚ ਕੀਤਾ ਹੈ ਉਹ ਗੁਰੂ ਗ੍ਰੰਥ ਸਾਹਿਬ ਦਾ ਬਰਾਬਰ ਦਾ ਆਦਰ ਯੋਗ ਹਿੱਸਾ ਹੈ। ਸਿੱਖ ਉਹਨਾਂ ਸਾਰਿਆਂ ਦੀਆਂ ਰਚਨਾਵਾਂ ਤੋਂ ਅਧਿਆਤਮਿਕ ਅਤੇ ਨੈਤਿਕ ਅਗਵਾਈ ਲੈਂਦੇ ਹਨ ਜਿੰਨ੍ਹਾਂ ਦੀਆਂ ਰਚਨਾਵਾਂ ਗੁਰੂ ਗੰਥ ਸਾਹਿਬ ਵਿਚ ਮੌਜੂਦ ਹਨ। ਰਚਨਾਕਾਰ ਦੇ ਜਾਤੀ ਜਾਂ ਧਾਰਮਿਕ ਸੰਬੰਧ ਇਸ ਰਵਈਏ ਵਿਚ ਨਹੀਂ ਆਉਂਦੇ।

ਗੁਰੂ ਗ੍ਰੰਥ ਸਾਹਿਬ ਵਿਚ ਸਮਕਾਲੀ ਮਹਾਂਪੁਰਸ਼ਾਂ ਦੀ ਅਧਿਆਤਮਿਕ ਚੇਤਨਾ ਅਤੇ ਧਾਰਮਿਕ ਅਨੁਭਵ ਆਪਣੇ ਸਿਖਰ ਰੂਪ ਵਿਚ ਸੰਮਿਲਿਤ ਹੋਏ ਹਨ। ਗੁਰੂ ਗ੍ਰੰਥ ਸਾਹਿਬ ਦੀ ਬਣਤਰ ਦਾ ਸਮਾਂ ਦਸਵੇਂ ਗੁਰੂ ਦੇ ਇਸ ਗ੍ਰੰਥ ਨੂੰ ਗੁਰੂ ਥਾਪਣ ਦੇ ਨਾਲ ਸਮਾਪਤ ਹੁੰਦਾ ਹੈ। ਵੇਦਾਂ, ਉਪਨਿਸ਼ਦਾਂ, ਸ਼ਾਸ਼ਤਰਾਂ ਅਤੇ ਭਾਰਤੀ ਧਾਰਮਿਕ ਫਲਸਫੇ ਦੀਆਂ ਹੋਰ ਪ੍ਰਣਾਲੀਆਂ ਵਿਚੋਂ ਲਏ ਗਏ ਸੰਕੇਤਾਂ ਨਾਲ ਗੁਰੂ ਗ੍ਰੰਥ ਸਾਹਿਬ ਦਾ ਧਾਰਮਿਕ ਚੇਤਨਾ ਦਾ ਸਮਾਂ ਕਈ ਹਜ਼ਾਰ ਸਾਲ ਪਿੱਛੇ ਤੱਕ ਜਾਂਦਾ ਹੈ। ਇਸ ਵਿਚ ਸਥਿਤ ਰਚਨਾਕਾਰਾਂ ਦੀ ਬਾਣੀ ਭਾਰਤ ਦੇ ਕਈ ਵਖ-ਵਖ ਹਿੱਸਿਆਂ ਤੋਂ ਵਖ-ਵਖ ਧਾਰਮਿਕ ਅਨੁਭਵ ਅਤੇ ਅਮਲ ਨੂੰ ਮਾਨਤਾ ਦਿੰਦੇ

---

4. ਡਾ. ਜਸਪਾਲ ਸਿੰਘ, ਸਿੱਖ ਧਰਮ ਤੇ ਰਾਜਨੀਤੀ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1997, ਪੰਨਾ 27.

ਹੋਏ ਇਕੱਤਰ ਕੀਤੀ ਗਈ। ਭਾਰਤ ਦੇ ਵਖ-ਵਖ ਰਾਜਾਂ ਜਿਵੇਂ; ਬੰਗਾਲ, ਬਿਹਾਰ, ਮਹਾਰਾਸ਼ਟਰ, ਸਿੰਧ, ਉਤਰ ਪ੍ਰਦੇਸ਼, ਮਧ ਪ੍ਰਦੇਸ਼, ਰਾਜਸਥਾਨ ਅਤੇ ਪੰਜਾਬ ਦੇ ਲੋਕਾਂ ਦੇ ਧਾਰਮਿਕ ਅਨੁਭਵ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਮਾਨਤਾ ਦਿੱਤੀ ਗਈ ਹੈ। ਜਿਥੋਂ ਤੱਕ ਭਾਸ਼ਾ ਦੀ ਵਿਭਿੰਨਤਾ ਦਾ ਸਵਾਲ ਹੈ ਇਸ ਵਿਚ ਤਕਰੀਬਨ ਚੌਦਾਂ ਸਥਾਨਕ ਭਾਸ਼ਾਵਾਂ ਨੂੰ ਵਰਤਿਆ ਗਿਆ ਹੈ। ਉਸ ਵੇਲੇ ਧਾਰਮਿਕ ਗ੍ਰੰਥ ਕੇਵਲ ਕੁਝ ਇਕ ਖਾਸ ਜ਼ੁਬਾਨਾਂ ਵਿਚ ਹੀ ਲਿਖੇ ਹੋਏ ਸਨ। ਗੁਰੂ ਗ੍ਰੰਥ ਸਾਹਿਬ ਨੂੰ ਆਮ ਆਦਮੀ ਦੀ ਭਾਸ਼ਾ ਵਿਚ ਹੀ ਪ੍ਰਸਤੁਤ ਕੀਤਾ ਗਿਆ। ਜਿੰਨ੍ਹਾਂ ਭਾਸ਼ਾਵਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਹੋਈ ਉਹ ਗੁਰਮੁਖੀ, ਸ਼ਾਹ ਮੁਖੀ, ਲਹਿੰਦੀ, ਬ੍ਰਜ, ਅਪਭ੍ਰੰਸ਼, ਸੰਸਕ੍ਰਿਤ, ਅਰਬੀ, ਫਾਰਸੀ, ਬੰਗਾਲੀ, ਮਰਾਠੀ, ਗੁਜਰਾਤੀ ਅਤੇ ਅਵਧੀ ਆਦਿ ਹਨ।

ਅਸਲ ਵਿਚ ਗੁਰੂ ਗ੍ਰੰਥ ਸਾਹਿਬ ਵਿਚਲਾ ਧਾਰਮਿਕ ਅਨੁਭਵ, ਸਮਾਂ, ਸਥਾਨ ਅਤੇ ਭਾਸ਼ਾਈ ਵਖਰੇਵਿਆਂ ਤੋਂ ਉਪੱਰ ਹੈ। ਇਸ ਵਿਚਲੀ ਬਾਣੀ ਦੇ ਰਚਨਾਕਾਰ ਕਵੀ ਅਤੇ ਭਗਤ ਸਨ ਨਾ ਕਿ ਸੰਸਕ੍ਰਿਤ ਜਾਂ ਅਰਬੀ ਸਾਹਿਤ ਦੀਆਂ ਬਾਰੀਕੀਆਂ ਦੇ ਵਿਦਵਾਨ। ਉਹਨਾਂ ਦਾ ਮੁੱਖ ਸਰੋਕਾਰ ਸੀ ਪਰਮਾਤਮਾ ਦੀ ਮਹਿਮਾ ਗਾਉਣਾ ਤੇ ਜਨਸਧਾਰਨ ਵਿਚ ਨੈਤਿਕ ਗੁਣ ਪਰਪੱਕ ਕਰਨੇ। ਕਦੇ-ਕਦੇ ਉਹ ਆਮ ਪ੍ਰਚਲਿਤ ਸਮਾਜਿਕ ਬੁਰਾਈਆਂ ਤੇ ਵੀ ਵਿਅੰਗ ਕਸਦੇ। ਉਹਨਾਂ ਦੀਆਂ ਰਚਨਾਵਾਂ ਦਾ ਸਬੰਧ ਪੜ੍ਹੇ ਲਿਖੇ ਅਤੇ ਅਨਪੜ੍ਹ, ਮਰਦ ਅਤੇ ਔਰਤਾਂ ਲਈ ਬਰਾਬਰ ਸੀ। ਉਹਨਾਂ ਦੀ ਭਾਸ਼ਾ ਜਨ-ਸਧਾਰਨ ਦੀ ਅਸਾਨੀ ਨਾਲ ਸਮਝਗੋਚਰੀ ਹੋ ਸਕਦੀ ਸੀ।[5] ਜਨ-ਸਧਾਰਨ ਦੀ ਭਾਸ਼ਾ ਹੋਣ ਦੇ ਨਾਤੇ ਸਿੱਖ ਧਰਮ ਗ੍ਰੰਥ ਨੂੰ ਮੀਂਹ ਦੇ ਪਾਣੀ ਨਾਲ ਤੁਲਨਾ ਕੀਤੀ ਗਈ ਹੈ ਜੋ ਸਾਰਿਆ ਲਈ ਬਿਨਾਂ ਕਿਸੇ ਭੇਦ ਭਾਵ ਦੇ ਲਾਭਕਾਰੀ ਹੁੰਦਾ ਹੈ। ਪਰੰਪਰਾਗਤ ਧਰਮ ਗ੍ਰੰਥ ਦੀ ਭਾਸ਼ਾ ਵਜੋਂ ਸੰਸਕ੍ਰਿਤ ਭਾਸ਼ਾ ਨੂੰ ਉਸ ਵੇਲੇ ਖੂਹ ਦੇ ਪਾਣੀ ਨਾਲ ਤੁਲਨਾ ਦਿੱਤੀ ਗਈ ਜਿਸ ਦਾ ਲਾਭ ਕੁਝ ਕੁ ਲੋਕਾਂ ਨੂੰ ਹੀ ਹੋ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਦੇ ਅਣਗਿਣਤ ਨਾਮ ਵਰਤੇ ਗਏ ਹਨ ਅਤੇ ਇਹਨਾਂ ਸਾਰੇ ਨਾਵਾਂ ਨੂੰ ਬਰਾਬਰ ਦਾ ਆਦਰ ਦਿੱਤਾ ਗਿਆ। ਇਹ ਨਾਮ ਹਨ ਜਿਵੇਂ ਰਾਮ, ਰਹੀਮ, ਅੱਲ੍ਹਾ, ਵਿਸ਼ਨੂੰ, ਸ਼ਿਵ, ਕਰੀਮ, ਖ਼ੁਦਾ, ਹਰਿ, ਗੋਬਿੰਦ, ਗੋਪਾਲ, ਮਾਧੋ, ਮੋਹਨ, ਆਦਿ। ਇਹ ਨਾਮ ਖਾਸ ਕਰਕੇ ਦੋ ਵਖ-ਵਖ ਧਾਰਮਿਕ ਪਰੰਪਰਾਵਾਂ ਵਿਚ ਮਿਲਦੇ ਹਨ। ਦੋ ਵਿਰੋਧੀ ਪਰੰਪਰਾਵਾਂ ਦੇ ਸ਼ਰਧਾਲੂ ਇਤਿਹਾਸ ਦੇ ਉਸ ਸਤਰ ਤੇ ਕਿਸੇ ਵੀ ਤਰ੍ਹਾਂ ਇਕ ਦੂਜੇ ਦੇ ਪਰਮਾਤਮਾ ਸੰਬੰਧੀ ਵਿਚਾਰਾਂ ਨੂੰ ਮੰਨਣ ਤੋਂ ਇਨਕਾਰੀ ਸਨ। ਪਰ ਗੁਰੂ ਗ੍ਰੰਥ ਸਾਹਿਬ ਵਿਚ ਅੰਤਿਮ ਸੱਤਾ ਬਾਰੇ ਵਰਤੇ ਗਏ ਨਾਮ ਇਹ ਦਰਸਾਉਂਦੇ ਹਨ ਕਿ ਇਕੋ ਸੱਚ ਦੇ ਹੀ ਇਹ ਸਾਰੇ ਨਾਮ ਹਨ ਜੋ ਰਹੀਮ ਹੈ ਉਹੀ ਗੋਵਿੰਦ ਹੈ, ਜੋ ਖ਼ੁਦਾ ਹੈ ਉਹੀ ਗੋਪਾਲ ਹੈ ਅਤੇ ਜੋ ਅੱਲ੍ਹਾ ਹੈ ਉਹੀ ਰਾਮ ਹੈ। ਇਹ ਨਾਮ ਦਰਸਾਉਂਦੇ ਹਨ ਕਿ ਇਹ ਹਿੰਦੂ ਅਤੇ ਮੁਸਲਮਾਨਾਂ ਦਾ ਸਾਂਝਾ ਅਧਿਆਤਮਿਕ ਗ੍ਰੰਥ ਹੈ। ਹਾਲਾਂਕਿ ਗੁਰੂ ਸਾਹਿਬ ਸਪੱਸ਼ਟ ਤੌਰ ਤੇ ਇਸ ਸਿਧਾਂਤ ਨੂੰ ਪ੍ਰਗਟ

5. ਪ੍ਰੋ. ਹਰਬੰਸ ਸਿੰਘ, (Editor-in-Chief) *The Encyclopaed÷ of Sikhism,* Vol. AV, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 250.

ਕਰਦੇ ਹਨ ਕਿ ਪਰਮਾਤਮਾ ਇਕ ਹੈ, ਇਕਲਾ ਹੈ ਜੋ ਅਪੰਰਪਾਰ ਵੀ ਹੈ ਅਤੇ ਸਰਬ-ਵਿਆਪਕ ਵੀ ਹੈ। ਪਰ ਨਾਮ ਜਿਹੜੇ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਹਨ ਉਹ ਇਕ ਪਾਸੇ ਹਿੰਦੂ ਅਵਤਾਰਾਂ ਦੇ ਨਾਮ ਹਨ ਅਤੇ ਦੂਜੇ ਪਾਸੇ ਸ਼ੁੱਧ ਇਕ-ਈਸ਼ਵਰਵਾਦੀ ਇਸਲਾਮੀ ਪਰੰਪਰਾ ਦੇ ਸਿਧਾਂਤ ਨੂੰ ਦਰਸਾਉਂਦੇ ਨਾਮ ਹਨ। ਇਹ ਨਾਮ ਇਕੋ ਹੀ ਮਕਸਦ ਲਈ ਵਰਤੇ ਗਏ ਹਨ ਜਿਸ ਦਾ ਭਾਵ ਬਣਦਾ ਹੈ ਕਿ ਸੰਸਾਰ ਦੀ ਇਕੋ-ਇਕ ਸ਼ਕਤੀ ਦੀ ਹੀ ਪੂਜਾ ਹੋ ਸਕਦੀ ਹੈ ਅਤੇ ਉਸੇ ਦੀ ਹੀ ਪ੍ਰੇਮਾ ਭਗਤੀ ਹੋ ਸਕਦੀ ਹੈ। ਉਹ ਪਰਮਾਤਮਾ ਹੈ।

ਗੁਰੂ ਸਾਹਿਬ ਵਖ-ਵਖ ਤਰ੍ਹਾਂ ਦੇ ਅਧਿਆਤਮਿਕ ਅਨੁਭਵਾਂ ਨੂੰ ਬਰਾਬਰ ਮੰਨਦੇ ਸਨ, ਜਿੰਨ੍ਹਾਂ ਅਨੁਸਾਰ ਅੰਤਿਮ ਸੱਚਾਈ ਨੂੰ ਸਮਝਿਆ ਜਾ ਸਕਦਾ ਹੈ। ਭਾਵੇਂ ਗੁਰੂ ਸਾਹਿਬ ਦਾ ਕਹਿਣਾ ਸੀ ਕਿ ਸੱਚ ਉਹ ਅਸਲੀਅਤ ਹੈ ਜਿਸ ਨੂੰ ਆਮ ਤੌਰ ਤੇ ਜਾਂ ਆਮ ਸੰਕੇਤਾਂ ਨਾਲ ਸਮਝਿਆ ਨਹੀਂ ਜਾ ਸਕਦਾ। ਉਨ੍ਹਾਂ ਅਨੁਸਾਰ ਇਹ ਸੱਚ ਇੰਨਾਂ ਜਟਿਲ ਹੈ ਕਿ ਇਹ ਮਨੁੱਖੀ ਵਿਚਾਰਾਂ ਦੇ ਘੇਰੇ ਵਿਚ ਨਹੀਂ ਆ ਸਕਦਾ। ਇਸ ਕਰਕੇ ਕੋਈ ਵਿਅਕਤੀ ਵਿਸ਼ੇਸ਼ ਅੰਤਿਮ ਸੱਚ ਬਾਰੇ ਆਪਣਾ ਨਿਰਣਾ ਸਥਾਪਿਤ ਨਹੀਂ ਕਰ ਸਕਦਾ। ਮਨੁੱਖੀ ਜੀਵਨ ਦਾ ਮਨੋਰਥ ਹੈ ਉਸ ਸੱਚ ਦੀ ਅਸਲੀਅਤ ਨੂੰ ਸਮਝਣਾ ਜੋ ਸਾਰੇ ਮਨੁੱਖੀ ਸਰੋਕਾਰਾਂ ਤੋਂ ਪਰ੍ਹੇ ਹੈ ਪਰ ਸਭ ਲਈ ਉਸ ਨੂੰ ਜਾਨਣਾ ਲਾਜ਼ਮੀ ਵੀ ਹੈ। ਇਸ ਵਿਚ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਵਿਅਕਤੀ ਵਿਸ਼ੇਸ਼ ਕਿਸ ਧਾਰਮਿਕ ਪਰੰਪਰਾ ਅਨੁਸਾਰ ਜਾਂ ਕਿਸ ਤਰ੍ਹਾਂ ਦੇ ਭਗਤੀ ਭਾਵ ਨਾਲ ਉਸ ਨੂੰ ਸਮਝਣਾ ਚਾਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ:

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥
ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ॥[6]

ਗੁਰੂ ਗ੍ਰੰਥ ਸਾਹਿਬ ਅਨੁਸਾਰ ਵਿਅਕਤੀਗਤ ਆਤਮਾ ਨੂੰ ਅੰਤਿਮ ਸਿੱਧੀ ਪ੍ਰਾਪਤ ਅਵਸਥਾ ਵਿਚ ਪਰਮਾਤਮਾ ਵਿਚ ਅਭੇਦ ਹੋਣਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਤੱਤ ਨੂੰ ਖਾਸ ਤੌਰ ਤੇ ਮੰਨਿਆ ਗਿਆ ਹੈ ਕਿ ਆਤਮਾ ਲਈ ਸਿੱਧੀ ਪ੍ਰਾਪਤ ਕਰਨ ਵਾਸਤੇ ਮਨੁੱਖ ਨੂੰ ਕਿਸੇ ਵਿਸ਼ੇਸ਼ ਧਰਮ ਦਾ ਹਿੱਸਾ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ। ਆਤਮ-ਸਿੱਧੀ ਲਈ ਮੁੱਖ ਸਰੋਕਾਰ ਹੈ: ਭਗਤੀ- ਜੋ ਕਿ ਪ੍ਰੇਮ ਨਾਲ ਕੀਤੀ ਜਾਵੇ। ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਰਾਹ ਮਨੁੱਖੀ ਸਰੀਰ ਦੇ ਅੰਦਰ ਤੋਂ ਹੀ ਸ਼ੁਰੂ ਹੁੰਦਾ ਹੈ, ਜਿਸ ਲਈ ਸੱਚੇ ਗੁਰੂ ਦੀ ਮਦੱਦ ਜ਼ਰੂਰੀ ਹੁੰਦੀ ਹੈ। ਕੋਈ ਵੀ, ਬਲਕਿ ਹਰ ਕੋਈ ਕਿਸੇ ਵੀ ਧਾਰਮਿਕ ਪਰੰਪਰਾ ਵਿਚੋਂ ਪ੍ਰਭੂ ਮਿਲਣ ਦੇ ਇਸ ਰਸਤੇ ਤੇ ਚੱਲ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਅਨੁਸਾਰ ਅਧਿਆਤਮਿਕ ਸਫ਼ਰ ਸ਼ੁਰੂ ਕਰਨ ਲਈ ਅਸੀਂ ਇਕ ਸਾਂਝੇ ਰਾਹ ਨੂੰ ਹੀ ਨਹੀਂ ਮੰਨਦੇ ਬਲਕਿ ਸਾਰੇ ਧਰਮਾਂ ਨੂੰ ਮੰਨਣ ਵਾਲਿਆਂ ਦੀ ਅੰਤਿਮ ਮੰਜ਼ਿਲ ਵੀ ਇਕ ਹੀ ਮੰਨੀ ਜਾਂਦੀ ਹੈ।[7]

ਇਸ ਕਰਕੇ ਇਸ ਧਰਮ ਗ੍ਰੰਥ ਨੂੰ ਸਿੱਧੇ ਸ਼ਬਦਾਂ ਵਿਚ ਅੰਤਰ ਧਾਰਮਿਕ ਗ੍ਰੰਥ ਕਿਹਾ ਜਾ ਸਕਦਾ ਹੈ। ਕਿਉਂਕਿ ਕੋਈ ਇਕ ਧਾਰਮਿਕ ਕੌਮ, ਜਾਤੀ, ਖਿੱਤੇ, ਭਾਸ਼ਾ, ਅਤੇ ਖਾਸ ਸਮਾਂ

6. ਗੁਰੂ ਗ੍ਰੰਥ ਸਾਹਿਬ, ਪੰਨਾ 853.
7. —ਉਹੀ—, ਪੰਨਾ 8.

ਇਸ ਨੂੰ ਕੇਵਲ ਆਪਣਾ ਹੀ ਧਰਮ ਗ੍ਰੰਥ ਨਹੀਂ ਮੰਨ ਸਕਦੇ। ਇਹ ਸਭ ਦਾ ਸਾਂਝਾ ਧਰਮ ਗ੍ਰੰਥ ਹੈ। ਮਹਾਨ ਇਤਿਹਾਸਕਾਰ ਆਰਨੌਲਡ ਟਾਇਨਬੀ (Arnold Toynbee) ਨੇ ਕਿਹਾ ਹੈ ਕਿ ਮਨੁੱਖ ਦਾ ਧਾਰਮਿਕ ਭਵਿਖ ਧੁੰਦਲਾ ਹੋ ਸਕਦਾ ਹੈ ਪਰ ਇਕ ਚੀਜ਼ ਸਪੱਸ਼ਟ ਤੌਰ ਤੇ ਪਹਿਲਾਂ ਹੀ ਦੇਖੀ ਜਾ ਸਕਦੀ ਹੈ ਅਤੇ ਉਹ ਹੈ ਕਿ ਪ੍ਰਚਲਿਤ ਮਹਾਨ ਧਰਮ ਇਕ ਦੂਸਰੇ ਨੂੰ ਪਹਿਲਾਂ ਨਾਲੋਂ ਅਉਣ ਵਾਲੇ ਸਮੇਂ ਵਿਚ ਜ਼ਿਆਦਾ ਪ੍ਰਭਾਵਿਤ ਕਰਨਗੇ, ਖਾਸ ਕਰਕੇ ਉਦੋਂ ਜਦੋਂ ਸਾਰੇ ਸੰਸਾਰ ਵਿਚੋਂ ਅਤੇ ਮਨੁੱਖੀ ਨਸਲਾਂ ਵਿਚੋਂ ਲੋਕ ਆਪਸ ਵਿਚ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਗੇ। ਆਉਣ ਵਾਲੇ ਸਮੇਂ ਵਿਚ ਧਾਰਮਿਕ ਵਿਚਾਰਾਂ ਦੇ ਆਦਾਨ-ਪ੍ਰਦਾਨ ਵਿਚ ਸਿੱਖ ਧਰਮ ਅਤੇ ਇਸ ਦਾ ਧਰਮ ਗ੍ਰੰਥ; ਆਦਿ ਗ੍ਰੰਥ ਸਾਰੇ ਸੰਸਾਰ ਨੂੰ ਕੁਝ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਕਰਨਗੇ। ਇਹ ਧਰਮ ਆਪਣੇ ਆਪ ਵਿਚ ਦੋ ਉਹਨਾਂ ਵਿਰੋਧੀ ਧਾਰਮਿਕ ਪਰੰਪਰਾਵਾਂ ਦਾ ਸਾਂਝਾ ਅਧਿਆਤਮਿਕ ਪ੍ਰਗਟਾਵਾ ਹੈ ਜਿਹਨਾਂ ਦਾ ਸੰਬੰਧ ਆਪਸ ਵਿਚ ਆਮ ਤੌਰ ਤੇ ਵਿਰੋਧੀ ਧਿਰ ਵਾਲਾ ਰਿਹਾ ਹੈ। ਇਹ ਇਕ ਬਹੁਤ ਹੀ ਵਧੀਆ ਸੰਕੇਤ ਹੈ।"[8]

ਇਹ ਧਰਮ ਗ੍ਰੰਥ ਪ੍ਰੇਮ ਦਾ ਮਹਾਨ ਸਰੋਤ ਹੈ ਜੋ ਵਖ-ਵਖ ਤਰ੍ਹਾਂ ਦੇ ਰੂਪਾਂ ਵਿਚ ਪ੍ਰਗਟ ਹੋਇਆ ਮਿਲਦਾ ਹੈ। ਇਕ ਪਾਸੇ ਇਸ ਧਰਮ ਗ੍ਰੰਥ ਦਾ ਨਿਰਮਾਣ ਅਤੇ ਦੂਸਰੇ ਪਾਸੇ ਇਸ ਵਿਚਲੀ ਵਿਚਾਰਧਾਰਾ ਇਹ ਪ੍ਰਗਟ ਕਰਦੀ ਹੈ ਕਿ ਪਰਮਾਤਮਾ ਪ੍ਰਤੀ ਪਿਆਰ ਦਾ ਸੰਕਲਪ ਇਸ ਧਰਮ ਗ੍ਰੰਥ ਵਿਚ ਕਿੰਨਾਂ ਮਹੱਤਵਪੂਰਨ ਹੈ। ਬਹੁਤ ਸਾਰੇ ਲੋਕਾਂ ਦੀਆਂ ਰਚਨਾਵਾਂ ਨੂੰ ਇਸ ਵਿਚ ਸ਼ਾਮਿਲ ਕਰਨ ਦਾ ਮਕਸਦ ਸੀ ਕਿ ਇਹ ਸਾਰੀਆਂ ਰਚਨਾਵਾਂ ਪ੍ਰਭੂ ਦੀ ਯਾਦ, ਉਸ ਦੇ ਪ੍ਰੇਮ ਵਿਚ ਅਤੇ ਉਸ ਦੀ ਮੌਜੂਦਗੀ ਨੂੰ ਹਾਜ਼ਰ-ਨਾਜ਼ਰ ਮੰਨ ਕੇ ਲਿਖੀਆਂ ਗਈਆਂ ਸਨ। ਇਹ ਉਹ ਧਰਮ ਗ੍ਰੰਥ ਹੈ ਜੋ ਵਖ-ਵਖ ਮਹਾਂਪੁਰਸ਼ ਦੇ ਅਧਿਆਤਮਕ ਵਿਚਾਰਾਂ ਨੂੰ ਇਕੋ ਥਾਂ ਪ੍ਰਸਤੁਤ ਕਰਦਾ ਹੈ। ਉਹ ਲੋਕ ਵਖ-ਵਖ ਜਗ੍ਹਾ ਪੈਦਾ ਹੋਏ, ਵਖ-ਵਖ ਸਮੇਂ, ਸਥਾਨ, ਜਾਤੀ, ਖਿੱਤੇ ਅਤੇ ਭਾਸ਼ਾ ਨਾਲ ਸੰਬੰਧ ਰੱਖਦੇ ਹੋਏ ਵੀ ਇਕ ਥਾਂ ਇਕੱਤਰ ਹੋਏ ਦਿਸਦੇ ਹਨ। ਅਸਲ ਵਿਚ ਇਹ ਪ੍ਰੇਮ ਸੀ ਜਿਸ ਨੇ ਬਹੁਤ ਸਾਰੇ ਵਖਰੇਵਿਆਂ ਨੂੰ ਇਕ ਸਾਂਝੀ ਜਗ੍ਹਾ ਤੇ ਇਕੱਤਰ ਕੀਤਾ। ਇਹੀ ਕਾਰਨ ਹੈ ਕਿ ਇਹ ਧਰਮ ਗ੍ਰੰਥ ਪਿਆਰ ਦਾ ਸ੍ਰੋਤ ਹੈ। ਇਹ ਕਿਹਾ ਜਾਂਦਾ ਹੈ ਕਿ ਕੁਝ ਕਵੀ ਲਾਹੌਰ ਤੋਂ ਆਏ ਜਿਹਨਾਂ ਦੇ ਨਾਮ ਸਨ ਛੱਜੂ, ਪੀਲੂ, ਕਾਨ੍ਹਾ ਅਤੇ ਸ਼ਾਹ ਹੁਸੈਨ। ਜਦੋਂ ਇਹਨਾਂ ਨੂੰ ਇਹ ਪਤਾ ਲੱਗਿਆ ਕਿ ਸਿੱਖਾਂ ਦੇ ਪੰਜਵੇਂ ਗੁਰੂ ਇਕ ਬਹੁਤ ਹੀ ਵਚਿੱਤਰ ਕਿਸਮ ਦਾ ਗ੍ਰੰਥ ਤਿਆਰ ਕਰ ਰਹੇ ਹਨ ਤਾਂ ਉਹਨਾਂ ਨੇ ਆ ਕੇ ਗੁਰੂ ਅਰਜਨ ਦੇਵ ਜੀ ਕੋਲ ਬੇਨਤੀ ਕੀਤੀ ਕਿ ਉਹਨਾਂ ਦੀਆਂ ਰਚਨਾਵਾਂ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰ ਲਿਆ ਜਾਵੇ। ਪਰ ਗੁਰੂ ਸਾਹਿਬ ਨੇ ਇਨਕਾਰ ਕਰ ਦਿਤਾ ਕਿਉਂਕਿ ਉਹਨਾਂ ਦੀਆਂ ਰਚਨਾਵਾਂ ਰੱਬੀ ਮੁਹੱਬਤ ਦਾ ਸੰਕੇਤ ਨਹੀਂ ਸਨ ਬਲਕਿ ਉਹਨਾਂ ਵਿਚੋਂ ਉਹਨਾਂ ਦਾ ਵਿਅਕਤੀਗਤ ਹੰਕਾਰ ਝਲਕਦਾ ਸੀ। ਇਸ ਕਰਕੇ ਉਨ੍ਹਾਂ ਦੀਆਂ ਰਚਨਾਵਾਂ ਇਸ ਧਰਮ ਗ੍ਰੰਥ ਦੇ ਮੁੱਖ ਵਿਸ਼ੇ ਨਾਲ ਮੇਲ ਨਹੀਂ ਖਾਂਦੀਆਂ ਸਨ।

ਗੁਰੂ ਗ੍ਰੰਥ ਸਾਹਿਬ ਦੀਆਂ ਰਚਨਾਵਾਂ ਦੇ ਰਚਨਾਕਾਰਾਂ ਦੀ ਪ੍ਰੇਮ ਤੜਪ ਨਾਲ ਹੀ ਇਹ

8. Arnold Toynbee, *The Sacred Writings of the Sikhs,* George Allen & Unwin Ltd., London, 1973, Pp. 10-11

ਰਚਨਾਵਾਂ ਘੜੀਆਂ ਹੋਈਆਂ ਹਨ। ਇਹਨਾਂ ਸਾਰਿਆ ਦੀਆਂ ਰਚਨਾਵਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਉਹ ਆਪਣੇ ਪਿਆਰੇ ਲਈ ਕਿੰਨੀ ਤੜਪ ਮਹਿਸੂਸ ਕਰਦੇ ਹਨ। ਅਧਿਆਤਮਿਕ ਪ੍ਰੇਮ ਨੂੰ ਕਈ ਤਰੀਕਿਆਂ ਨਾਲ ਵਿਅਕਤ ਕੀਤਾ ਗਿਆ ਹੈ। ਪ੍ਰਭੂ-ਪਿਆਰੇ ਦੇ ਪ੍ਰੇਮ ਨੂੰ ਮਨੁੱਖੀ ਰਿਸ਼ਤਿਆਂ ਦੀ ਬਹੁਤ ਪਿਆਰੇ ਸੰਬੰਧਾਂ ਨਾਲ ਤੁਲਨਾ ਕੀਤੀ ਗਈ ਹੈ। ਇਸ ਵਿਚ ਬਹੁਤ ਤਿੱਖਾ ਅਤੇ ਗਹਿਰਾ ਦਰਦ ਪਰਮਾਤਮਾ ਦੇ ਵਿਛੋੜੇ ਵਿਚ ਮਹਿਸੂਸ ਕੀਤਾ ਗਿਆ ਅਤੇ ਉਸ ਨੂੰ ਦੁਬਾਰਾ ਮਿਲਣ ਦੀ ਤਾਂਘ ਮਹਿਸੂਸ ਕੀਤੀ ਗਈ। ਇਹੀ ਪ੍ਰੇਮ ਗੁਰੂ ਸਾਹਿਬ ਦੀਆਂ ਰਚਨਾਵਾਂ ਦਾ ਮੁੱਖ ਵਿਸ਼ਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹੀ ਦਰਸਾਇਆ ਗਿਆ ਹੈ ਕਿ ਇਕ ਸੱਚੇ ਧਾਰਮਿਕ ਵਿਅਕਤੀ ਲਈ ਆਪਣਾ ਅੰਤਿਮ ਉਦੇਸ਼ ਪ੍ਰਾਪਤ ਕਰਨ ਲਈ ਦੈਵੀ-ਪ੍ਰੇਮ ਕਿੰਨਾ ਜ਼ਰੂਰੀ ਹੈ। ਇਸ ਕਰਕੇ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਪ੍ਰੇਮ ਹੀ ਅਧਿਆਤਮਿਕ ਸੰਪੂਰਨਤਾ ਹਾਸਿਲ ਕਰਨ ਦਾ ਇਕ ਮਾਤਰ ਰਸਤਾ ਹੈ। ਇਹ ਸਾਫ ਕਿਹਾ ਗਿਆ ਹੈ ਕਿ ਸਿਰਫ ਬਾਣੀ ਦਾ ਰਟਨ, ਤੀਰਥਾਂ ਤੇ ਜਾਣਾ, ਧਾਰਮਿਕ ਰਹੁ-ਰੀਤਾ ਨੂੰ ਮੰਨਣਾ, ਧਰਮ ਨਾਲ ਸੰਬੰਧਿਤ ਖਾਸ ਤਿਉਹਾਰਾਂ ਨੂੰ ਮਨਾਉਣਾ, ਧਾਰਮਿਕ ਅਤੇ ਸਭਿਆਚਾਰਕ ਫਰਜ਼ ਪੂਰੇ ਕਰਨ ਨਾਲ ਹੀ ਅਸਲੀ ਧਾਰਮਿਕ-ਅਧਿਆਤਮਿਕ ਸਿੱਧੀ ਪ੍ਰਾਪਤ ਨਹੀਂ ਹੁੰਦੀ, ਜ਼ਰੂਰਤ ਹੈ ਪ੍ਰਭੂ ਨਾਲ ਪ੍ਰੇਮਾ-ਭਗਤੀ ਅਤੇ ਵਿਅਕਤੀਗਤ ਸੰਬੰਧ ਸਥਾਪਿਤ ਕਰਨ ਦੀ। ਪ੍ਰਭੂ ਨਾਲ ਅਭੇਦ ਹੋਣ ਲਈ ਇਹ ਮੁਢੱਲੀ ਜ਼ਰੂਰਤ ਹੈ ਜਿਸ ਤੋਂ ਅਸੀਂ ਵਖ ਹੋਏ ਜਾਂ ਵਿਛੜੇ ਅਤੇ ਜਿਸ ਵਿਚ ਦੁਬਾਰਾ ਮਿਲਣਾ ਹੀ ਸਾਡੀ ਸੰਪੂਰਨਤਾ ਹੈ। ਇਹੀ ਸਿੱਖ ਜੀਵਨ ਦਾ ਮੁਖ ਸਰੋਕਾਰ ਹੈ। ਇਸ ਸੰਬੰਧੀ ਭਗਤ ਕਬੀਰ ਦਾ ਫੁਰਮਾਣ ਹੈ:-

ਕਹੁ ਕਬੀਰ ਜਨ ਭਏ ਖਾਲਸੇ
ਪ੍ਰੇਮ ਭਗਤਿ ਜਹਿ ਜਾਨੀ ।।[੯]

ਗੁਰੂ ਗ੍ਰੰਥ ਸਾਹਿਬ ਅਨੁਸਾਰ ਪਰਮਾਤਮਾ ਨੇ ਇਹ ਸੰਸਾਰ ਆਪਣੇ ਵਿਚੋਂ ਪੈਦਾ ਕੀਤਾ ਹੈ, ਇਸ ਕਰਕੇ ਇਹ ਜੋ ਸੰਸਾਰ ਨਜ਼ਰ ਆਉਂਦਾ ਹੈ ਇਸ ਨੇ ਵਾਪਿਸ ਉਸੇ ਵਿਚ ਹੀ ਸਮਾ ਜਾਣਾ ਹੈ, ਜੋ ਇਸ ਦਾ ਅਸਲੀ ਅਤੇ ਮੁਢਲਾ ਆਧਾਰ (ਪਰਮਾਤਮਾ) ਹੈ। ਗੁਰੂ ਗ੍ਰੰਥ ਸਾਹਿਬ ਵਿਚ ਫੁਰਮਾਣ ਹੈ:-

ਹਰਿ ਸਿਮਰਨਿ ਕੀਓ ਸਗਲ ਅਕਾਰਾ ।।
ਹਰਿ ਸਿਮਰਨ ਮਹਿ ਆਪਿ ਨਿਰੰਕਾਰਾ।।[10]

ਮਨੁੱਖ ਤੋਂ ਕੇਵਲ ਪ੍ਰਭੂ ਦੀ ਭਗਤੀ ਦੀ ਆਸ ਹੀ ਨਹੀਂ ਕੀਤੀ ਗਈ ਬਲਕਿ ਭਗਤੀ ਦਾ ਮੁੱਖ ਉਦੇਸ਼ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਇਆ ਗਿਆ ਹੈ। ਇਹ ਦੱਸਿਆ ਗਿਆ ਹੈ ਕਿ ਇਕ ਮਨ, ਨਿਰਵਿਕਲਪ, ਇਕਾਗਰ ਮਨ ਨਾਲ ਸੱਚੇ ਦਿਲੋਂ ਕੇਵਲ ਇਕ ਪਰਮਾਤਮਾ ਦੀ ਭਗਤੀ ਹੀ ਅਸਲ ਭਗਤੀ ਹੈ ਅਤੇ ਕੇਵਲ ਉਹੀ ਭਗਤੀ ਪਰਮਾਤਮਾ ਦੇ ਘਰ ਵਿਚ ਮਨਜ਼ੂਰ ਹੁੰਦੀ ਹੈ।[11]

---

9. ਗੁਰੂ ਗ੍ਰੰਥ ਸਾਹਿਬ, ਪੰਨਾ 655.
10. ਉਹੀ, ਪੰਨਾ 263.
11. ਉਹੀ, ਪੰਨਾ 489.

ਗੁਰੂ ਗ੍ਰੰਥ ਸਾਹਿਬ ਵਿਚਲਾ ਇਹ ਸਾਰਾ ਮਾਹੌਲ ਜਿਸ ਅਨੁਸਾਰ ਮਨੁੱਖ ਕੋਲੋਂ ਭਗਤੀ ਦੇ ਨਾਮ ਤੇ ਸੱਚੇ-ਸੁੱਚੇ ਪ੍ਰੇਮ ਦੀ ਮੰਗ ਕੀਤੀ ਗਈ ਹੈ ਇਹ ਦਰਸਾਉਂਦਾ ਹੈ ਕਿ ਪਰਮਾਤਮਾ ਦੀ ਇੱਛਾ ਹੋਈ ਕਿ ਉਸ ਦੇ ਜੀਵ ਉਸ ਨੂੰ ਪ੍ਰੇਮ ਕਰਨ, ਇਸ ਕਰਕੇ ਉਸ ਨੇ ਮਨੁੱਖ ਦੇ ਮਨ ਨੂੰ ਇਸ ਤਰ੍ਹਾਂ ਦਾ ਬਣਾਇਆ ਕਿ ਉਹ ਹਮੇਸ਼ਾਂ ਅਸ਼ਾਂਤ ਭਟਕਦਾ ਰਹੇਗਾ ਜਦੋਂ ਤੱਕ ਉਹ ਆਪਣੇ ਅਸਲੀ ਸਰੋਤ ਵਿਚ ਵਾਪਿਸ ਸੰਮਿਲਿਤ ਨਹੀਂ ਹੁੰਦਾ ਅਤੇ ਉਹ ਸਰੋਤ ਹੈ ਕੇਵਲ ਪਰਮਾਤਮਾ। ਜੀਵ ਅਤੇ ਪਰਮਾਤਮਾ ਦੇ ਪੁਨਰ-ਮਿਲਨ ਦਾ ਇਹ ਰਸਤਾ ਵੀ ਕੇਵਲ ਪ੍ਰਭੂ ਨੇ ਹੀ ਨਿਰਧਾਰਿਤ ਕੀਤਾ ਹੈ ਅਤੇ ਉਹ ਰਾਹ ਹੈ ਕੇਵਲ ਅਤੇ ਕੇਵਲ ਪਰਮਾਤਮਾ ਦੀ ਪ੍ਰੇਮਾ-ਭਗਤੀ। ਉਹ ਉਹਨਾਂ ਨੂੰ ਹੀ ਮੁਕਤੀ ਦਿੰਦਾ ਹੈ, ਜੋ ਉਸ ਨੂੰ ਪ੍ਰੇਮ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵਖ-ਵਖ ਪਵਿੱਤਰ ਆਤਮਾਵਾਂ ਨੂੰ ਪਰਮਾਤਮਾ ਵਲੋਂ ਹੋਏ ਇਲਹਾਮ ਰਾਹੀਂ ਇਹੀ ਤੱਥ ਸ਼ੁੱਧ ਰੂਪ ਵਿਚ ਪ੍ਰਗਟ ਹੋਇਆ ਹੈ।

ਦੈਵੀ ਪਿਆਰ ਸਮਾਜ ਦੇ ਵਖ-ਵਖ ਸਮੁਦਾਇਆਂ ਵਿਚ ਆਪਸੀ ਪ੍ਰੇਮ ਵੱਲ ਵੀ ਇਸ਼ਾਰਾ ਹੈ ਕਿਉਂਕਿ ਰਚਨਾ ਦੇ ਆਧਾਰ ਤੇ ਸਮਾਜਿਕ ਵਰਤਾਰਾ ਅਤੇ ਵਿਸ਼ਵ-ਭਾਈਚਾਰਾ ਸਮਝਣ ਦੀ ਸਹੂਲਤ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੌਜੂਦ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀਆਂ ਬਾਣੀਆਂ ਸਾਰੀ ਮਨੁੱਖਤਾ ਲਈ ਪ੍ਰੇਮ ਦੇ ਸਰੋਤ ਵਜੋਂ ਰਹਿਨਮਾਈ ਕਰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿਚਲੇ ਸੰਸਾਰ ਉਤੱਪਤੀ ਦੇ ਸਿਧਾਂਤ ਨਾਲ ਇਹ ਪ੍ਰੇਰਨਾ ਮਿਲਦੀ ਹੈ ਕਿ ਸਾਰੀ ਕਾਇਨਾਤ ਪਿਆਰ ਅਤੇ ਆਦਰ-ਭਾਵ ਲਈ ਹੀ ਪੈਦਾ ਹੋਈ ਹੈ। ਪਰਮਾਤਮਾ ਨੇ ਇਹ ਸੰਸਾਰ ਸਿਰਫ ਆਪਣੇ ਵਿਚੋਂ ਹੀ ਨਹੀਂ ਬਣਾਇਆ ਬਲਕਿ ਉਸ ਨੇ ਇਸ ਸੰਸਾਰ ਨੂੰ ਆਪਣੇ ਆਪ ਦੇ ਪ੍ਰਗਟਾਵੇ ਲਈ ਵੀ ਬਣਾਇਆ ਹੈ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਫੁਰਮਾਣ ਹੈ:-

ਆਪਿ ਸਤਿ ਕੀਆ ਸਭੁ ਸਤਿ ॥ ਆਪੇ ਜਾਨੈ ਅਪਨੀ ਮਿਤਿ ਗਤਿ॥

ਪਰਮਾਤਮਾ ਅਪਰੰਪਾਰ ਹੀ ਨਹੀਂ ਬਲਕਿ ਇਸ ਸੰਸਾਰ ਵਿਚ ਵਿਆਪਕ ਵੀ ਹੈ। ਉਹ ਇਸ ਤੋਂ ਪਰੇ ਜਾਂ ਉਪਰ ਵੀ ਹੈ ਪਰ ਇਸ ਦੇ ਅੰਦਰ ਵੀ ਮੌਜੂਦ ਹੈ। ਜੇਕਰ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਸੱਚਾ ਧਰਮ ਹੈ ਆਪਣੇ ਪੂਰੇ ਅਤੇ ਸੱਚੇ ਮਨ ਨਾਲ ਉਸ ਪਰਮਾਤਮਾ ਨੂੰ ਪਿਆਰ ਕਰਨਾ ਤਾਂ ਸਾਡੇ ਤੋਂ ਇਹੀ ਆਸ ਕੀਤੀ ਜਾਂਦੀ ਹੈ ਕਿ ਅਸੀਂ ਪੂਰੇ ਮਨ ਨਾਲ ਪਰਮਾਤਮਾ ਦੀ ਬਣਾਈ ਹੋਈ ਸਾਰੀ ਕਾਇਨਾਤ ਨੂੰ ਵੀ ਪਿਆਰ ਕਰੀਏ। ਸਾਡਾ ਪਿਆਰ ਪਰਮਾਤਮਾ ਦੇ ਕੁਝ ਹਿੱਸਿਆਂ ਲਈ ਨਹੀਂ ਹੋ ਸਕਦਾ ਕਿਉਂਕਿ ਇਸ ਦਾ ਮਤਲਬ ਬਣਦਾ ਹੈ ਕਿ ਅਸੀਂ ਉਸ ਦੇ ਕੁਝ ਹਿੱਸਿਆਂ ਨੂੰ ਨਫਰਤ ਕਰੀਏ, ਜੋ ਨਹੀਂ ਹੋ ਸਕਦਾ। ਜੇ ਅਸੀਂ ਪਰਮਾਤਮਾ ਨੂੰ ਪਿਆਰ ਕਰਦੇ ਹਾਂ ਤਾਂ ਸਾਨੂੰ ਉਸ ਦੀ ਸੰਪੂਰਨ ਹੋਂਦ ਨਾਲ ਪਿਆਰ ਕਰਨਾ ਬਣਦਾ ਹੈ ਅਤੇ ਉਸ ਦੀ ਸੰਪੂਰਨ ਹੋਂਦ ਸਮੁੱਚੀ ਕਾਇਨਾਤ ਹੈ। ਜੋ ਵੀ ਅਸੀਂ ਦੇਖਦੇ ਹਾਂ ਉਹ ਉਸੇ ਪਰਮਾਤਮਾ ਦਾ ਪ੍ਰਗਟ ਰੂਪ ਹੈ। ਸਮੁੱਚੀ ਰਚਨਾ ਦੇ ਰੂਪ ਵਿਚ ਪਰਮਾਤਮਾ ਆਪ ਹੀ ਮੌਜੂਦ ਹੁੰਦਾ ਹੈ। ਇਕ ਭਗਤ ਦਾ ਸੱਚਾ ਪਿਆਰ ਪਰਮਾਤਮਾ ਦੀ ਸਮੁੱਚਤਾ ਨਾਲ ਹੁੰਦਾ ਹੈ ਜੋ ਸਾਰੇ ਸੰਸਾਰ ਦੇ ਵਿਚ ਵਿਆਪਕ ਵੀ ਹੈ ਅਤੇ ਅਪਰੰਪਾਰ ਰੂਪ ਵਿਚ ਵੀ ਹੈ।

ਸਿੱਖ ਗੁਰੂ ਸਾਹਿਬਾਨ ਨੇ ਸਾਨੂੰ ਸੰਸਾਰਿਕ ਪਿਆਰਦਿਆਂ ਸੰਕੁਚਿਤ ਦਾਇਰਿਆਂ

'ਚੋਂ ਕਢੱਣ ਦਾ ਯਤਨ ਕੀਤਾ ਹੈ ਕਿਉਂਕਿ ਉਹ ਦਾਇਰੇ ਸਾਡੀਆਂ ਵਿਅਕਤੀਗਤ ਮਨੋਬਿਰਤੀਆਂ ਨਾਲ ਬੰਨ੍ਹੇ ਹੋਏ ਹੁੰਦੇ ਹਨ। ਉਹਨਾਂ ਦਾ ਮਨੋਰਥ ਸੁਆਰਥੀ ਹੁੰਦਾ ਹੈ, ਉਹ ਅਸਥਾਈ ਹੁੰਦੇ ਹਨ ਅਤੇ ਉਹ ਪਦਾਰਥਵਾਦੀ ਬੰਧਨ ਹੁੰਦੇ ਹਨ ਜਿੰਨ੍ਹਾ ਵਿਚ ਫਸਿਆ ਮਨੁੱਖ ਕਦੀ ਵੀ ਆਜ਼ਾਦ ਨਹੀਂ ਹੋ ਸਕਦਾ ਬਲਕਿ ਇਹ ਸੰਕੁਚਿਤ ਦਾਇਰੇ ਸਾਡੇ ਲਈ ਦੈਵੀ ਅਤੇ ਸਦੀਵੀ ਪਿਆਰ ਲਈ ਰੁਕਾਵਟ ਹੁੰਦੇ ਹਨ। ਪਰ ਦੂਜੇ ਪਾਸੇ ਸ਼ੁੱਧ, ਨਿਸ਼ਕਾਮ, ਸਦੀਵੀ, ਸੱਚਾ ਅਤੇ ਵਿਸ਼ਾਲ ਪਿਆਰ ਜੋ ਅਸੀਂ ਪਰਮਾਤਮਾ ਬਾਰੇ ਆਪਣੇ ਮਨ ਵਿਚ ਰੱਖਦੇ ਹਾਂ ਉਹ ਸਾਨੂੰ ਸਹਿਜ ਵਿਚ ਰੱਖਦਾ ਹੈ ਅਤੇ ਅਸੀਂ ਉਸ ਪਿਆਰ ਵਿਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਾਂ। ਇਹ ਪਿਆਰ ਮਨੁੱਖੀ ਮਨ ਦੇ ਨਾਲ-ਨਾਲ ਸਾਰੇ ਸੰਸਾਰ ਨੂੰ ਰੁਸ਼ਨਾ ਦਿੰਦਾ ਹੈ ਕਿਉਂਕਿ ਇਹ ਸਰਬੱਤ ਲਈ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਅਨੁਸਾਰ ਪਿਆਰ ਦੀ ਸੰਪੂਰਨਤਾ ਸਰਬੱਤ ਪ੍ਰਤੀ ਪਿਆਰ ਵਿਚ ਹੈ। ਪਰਮਾਤਮਾ ਪ੍ਰਤੀ ਪਿਆਰ ਅਤੇ ਉਸ ਦੀ ਬਣਾਈ ਹੋਈ ਸਾਰੀ ਰਚਨਾ ਪ੍ਰਤੀ ਪਿਆਰ ਹੀ ਸੰਪੂਰਨ ਪਿਆਰ ਹੈ। ਇਹ ਆਤਮਾ ਤੋਂ ਪਰਮਾਤਮਾ ਨੂੰ, ਭਾਵ; ਉੱਪਰ ਦੀ ਸੇਧ ਵੱਲ ਅਤੇ ਮਨੁੱਖ ਤੋਂ ਸਾਰੀ ਕਾਇਨਾਤ ਵੱਲ ਵਿਸ਼ਾਲਤਾ ਦੀ ਸੇਧ ਵਿਚ ਦੋਨੋਂ ਪਾਸੇ ਚਲੱਣ ਵਾਲਾ ਪਿਆਰ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਣਤਰ ਅਤੇ ਉਸ ਵਿਚਲੀ ਬਾਣੀ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਦੇਖਦੇ ਹਾਂ ਕਿ ਇਹ ਸਾਰੇ ਦਾ ਸਾਰਾ ਸਰੋਤ ਵਿਸਵ-ਸ਼ਾਂਤੀ ਲਈ ਇਕ ਮਹਾਨ ਸਰੋਤ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਣਤਰ ਵਿਚ ਵਖ-ਵਖ ਸਭਿਆਚਾਰਕ ਅਤੇ ਵਖ-ਵਖ ਧਾਰਮਿਕ ਕੌਮਾਂ ਦੀ ਸ਼ਮੂਲੀਅਤ ਹੈ। ਇਹ ਉਹ ਕੌਮਾਂ ਹਨ ਜੋ ਆਮ ਤੌਰ ਤੇ ਉਸ ਵੇਲੇ ਆਪਸ ਵਿਚ ਯੁੱਧ ਕਰ ਰਹੀਆਂ ਸਨ ਤੇ ਆਪਣੇ ਧਰਮ ਅਤੇ ਆਪਣੇ ਸਭਿਆਚਾਰ ਨੂੰ ਇਕ-ਦੂਸਰੇ ਉਪਰ ਸਥਾਪਿਤ ਕਰਨ ਲਈ ਲੜ ਰਹੀਆਂ ਸਨ। ਉਹਨਾਂ ਵਿਚੋਂ ਖਾਸ ਜ਼ਿਕਰ ਯੋਗ ਹਨ, ਇਕ ਪਾਸੇ ਹਿੰਦੂ-ਮੁਸਲਿਮ ਅਤੇ ਦੂਸਰੇ ਪਾਸੇ ਛੋਟੀ ਜਾਤੀ ਦੇ ਅਤੇ ਉਚ ਜਾਤੀ ਦੇ ਹਿੰਦੂ। ਇਸ ਸਤਰ ਤੇ ਇਸ ਤਰ੍ਹਾਂ ਦਾ ਸੋਚਿਆ ਜਾਣਾ ਆਪਣੇ ਆਪ ਵਿਚ ਅਚੰਭਾ ਸੀ ਕਿ ਇਹ ਦੋਨੋਂ ਆਪਸ ਵਿਚ ਵਿਰੋਧੀ ਧਿਰਾਂ ਉਸ ਆਪਸ ਵਿਰੋਧੀ ਵਰਤਾਰੇ ਵਿਚ ਕਿਵੇਂ ਇਕ ਸਾਂਝੇ ਮੰਚ ਤੇ ਆਪਣੀਆਂ-ਆਪਣੀਆਂ ਵਿਚਾਰਧਾਰਾਵਾਂ ਦੀ ਰਹਿਨੁਮਾਈ ਕਰਨ ਲਈ ਇਕੱਠੇ ਹੋਏ। ਇਹ ਗੁਰੂ ਨਾਨਕ ਦੀ ਕਰਾਮਾਤ ਹੀ ਸੀ ਜਿਸ ਨੇ ਉਹਨਾਂ ਦੋਨਾਂ ਨੂੰ, ਭਾਵ; ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਕ ਦੂਜੇ ਦੇ ਨੇੜੇ ਲਿਆਂਦਾ ਅਤੇ ਉਹਨਾਂ ਨੂੰ ਆਪਣੇ-ਆਪਣੇ ਵਿਸ਼ੇਸ਼ ਧਰਮ ਵਿਚ ਪਰਪਕ ਹੋਣ ਦੀ ਉਪਦੇਸ਼ ਦਿਤਾ।

ਜਾਤੀ ਪ੍ਰਥਾ ਕਰਕੇ ਉਸ ਸਮੇਂ ਦਾ ਸਮਾਜ ਇਸ ਤਰ੍ਹਾਂ ਪ੍ਰਭਾਵਿਤ ਹੋਇਆ ਸੀ ਕਿ ਨੀਵੀ ਜਾਤ ਦੇ ਹਿੰਦੂ ਨੂੰ ਮੰਦਿਰ ਵਿਚ ਪੂਜਾ ਸਥਾਨ ਤੇ ਜਾਣ ਦਾ ਅਧਿਕਾਰ ਨਹੀਂ ਸੀ, ਜਿਵੇਂ ਕਿ ਇਕ ਉਚ ਜਾਤੀ ਹਿੰਦੂ ਨੂੰ ਸੀ। ਨੀਵੀ ਜਾਤ ਦਾ ਹਿੰਦੂ, ਉੱਚੀ ਜਾਤ ਦੇ ਹਿੰਦੂ ਲਈ ਅਛੂਤ ਸੀ ਅਤੇ ਉਚੀ ਜਾਤ ਵਾਲਾ ਹਿੰਦੂ ਨੀਵੀ ਜਾਤ ਵਾਲੇ ਹਿੰਦੂ ਲਈ ਨਫ਼ਰਤ ਦਾ ਪਾਤਰ ਸੀ। ਇਸ ਮਾਹੌਲ ਨੇ ਉਸ ਵੇਲੇ ਦੇ ਭਾਰਤੀ ਸਮਾਜ ਵਿਚ ਨਫ਼ਰਤ ਦਾ ਇਕ ਖਾਸ ਮਾਹੌਲ ਪੈਦਾ ਕੀਤਾ ਹੋਇਆ ਸੀ ਜਿਸ ਨੇ ਦੇਸ਼ ਦੇ ਸ਼ਾਂਤੀ-ਪੂਰਵਕ ਮਾਹੌਲ ਨੂੰ ਕਾਫੀ ਖਰਾਬ ਕਰ ਰੱਖਿਆ ਸੀ। ਸਮਾਜਿਕ ਅਸੰਤੁਸ਼ਟੀ ਦੇ ਉਸ ਮਾਹੌਲ ਵਿਚ ਗੁਰੂ ਨਾਨਕ ਨੇ ਭਾਰਤੀ

ਸਮਾਜ ਨੂੰ ਇਕ ਖਾਸ ਕਿਸਮ ਦਾ ਨਿਆਂ ਦਿੱਤਾ ਜੋ ਕਿ ਸਮਾਜ ਦੇ ਸਾਰੇ ਵਰਗਾਂ ਨੂੰ ਮਨਜ਼ੂਰ ਸੀ। ਨੀਵੀ ਜਾਤ ਵਾਲੇ ਹਿੰਦੂਆਂ ਨੂੰ ਨਾ ਕੇਵਲ ਪੂਰਾ ਅਧਿਕਾਰ ਮਿਲਿਆ ਬਲਕਿ ਉਹਨਾਂ ਦੀਆਂ ਰਚਨਾਵਾਂ ਨੂੰ ਸਿੱਖ ਧਰਮ ਗ੍ਰੰਥ; ਗੁਰੂ ਗ੍ਰੰਥ ਸਾਹਿਬ ਵਿਚ ਇਕ ਆਦਰਯੋਗ ਸਥਾਨ ਵੀ ਮਿਲਿਆ। ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਬ੍ਰਾਹਮਣ, ਛੇ ਖੱਤਰੀ, ਸੱਤ ਛੋਟੀ ਜਾਤੀ ਨਾਲ ਸਬੰਧਤ ਅਤੇ ਇਕ ਰਾਜਕੁਮਾਰ ਦੇ ਨਾਲ-ਨਾਲ ਮੁਸਲਮਾਨ ਸੂਫੀਆਂ ਜਿਹਨਾਂ ਨੂੰ ਗਰੀਬ ਫਕੀਰ ਦੇ ਤੌਰ ਤੇ ਮੰਨਿਆ ਗਿਆ ਹੈ ਉਹਨਾਂ ਦੀਆਂ ਰਚਨਾਵਾਂ ਸਾਂਝੇ ਤੌਰ ਤੇ ਮੌਜੂਦ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਕ ਜੁੱਤੀਆਂ ਬਣਾਉਣ ਵਾਲਾ ਅਤੇ ਇਕ ਰਾਜਕੁਮਾਰ ਦੋਨੋਂ ਹੀ ਬਾਣੀਕਾਰ ਦੇ ਰੂਪ ਵਿਚ ਆਪਣਾ-ਆਪਣਾ ਯੋਗਦਾਨ ਪਾ ਰਹੇ ਹਨ ਅਤੇ ਦੋਨਾਂ ਦੀਆਂ ਰਚਨਾਵਾਂ ਨੂੰ ਬਰਾਬਰ ਦਾ ਆਦਰ-ਮਾਣ ਪ੍ਰਾਪਤ ਹੈ। ਇਕ ਬੁਚੱੜ ਨੂੰ ਬ੍ਰਾਹਮਣ ਦੇ ਬਰਾਬਰ ਦਾ ਅਧਿਕਾਰ ਦਿਤਾ ਗਿਆ ਹੈ ਜਿਵੇਂ ਜੈਦੇਵ ਇਕ ਬ੍ਰਾਹਮਣ ਹੈ ਅਤੇ ਸਧਨਾ ਇਕ ਬੁੱਚੜ ਹੈ। ਰਾਮਾਨੰਦ ਇਕ ਹਿੰਦੂ ਹੈ, ਉਸ ਨੂੰ ਵੀ ਉਹੀ ਸਥਾਨ ਪ੍ਰਾਪਤ ਹੈ ਜੋ ਭੀਖਣ ਨੂੰ ਮਿਲਿਆ ਜੋ ਇਕ ਸੂਫੀ ਫਕੀਰ ਹੈ। ਇਸੇ ਤਰ੍ਹਾਂ ਭਾਸ਼ਾਈ ਸਰੋਕਾਰ ਵੀ ਕਿਸੇ ਵਿਤਕਰੇ ਦਾ ਕਾਰਨ ਨਹੀਂ ਬਣੀ। ਭਾਸ਼ਾ ਦੇ ਆਧਾਰ ਤੇ ਨਾਂ ਤਾਂ ਕਿਸੇ ਨੂੰ ਖਾਸ ਰਿਆਇਤ ਮਿਲੀ ਅਤੇ ਨਾ ਹੀ ਕਿਸੇ ਨਾਲ ਵਿਤਕਰਾ ਹੋਇਆ ਜਿਸ ਤਰ੍ਹਾਂ ਕਿ ਨਾਮਦੇਵ ਨੇ ਮਰਾਠੀ ਵਿਚ ਲਿਖਿਆ ਅਤੇ ਜੈਦੇਵ ਨੇ ਸੰਸਕ੍ਰਿਤ ਵਿਚ ਲਿਖਿਆ। ਪਰ ਉਹਨਾਂ ਦੋਨਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਇਕੋ ਜਿਹੀ ਪ੍ਰਤੀਨਿਧਤਾ ਪ੍ਰਾਪਤ ਹੋਈ ।ਇਸ ਤਰ੍ਹਾਂ ਗੁਰੂ ਨਾਨਕ ਦੁਆਰਾ ਅੰਤਰ-ਧਾਰਮਿਕ ਸੰਵਾਦ ਜੋ ਨਿਆਂ ਅਤੇ ਸ਼ਾਂਤੀ ਬਣਾਏ ਰੱਖਣ ਲਈ ਆਰੰਭ ਕੀਤਾ ਗਿਆ ਸੀ ਉਸ ਨਾਲ ਇਕ ਸ਼ਾਂਤ ਸਮਾਜਿਕ ਮਾਹੌਲ ਨੂੰ ਬਣਾਉਣ ਲਈ ਇਕ ਖਾਸ ਵਿਚਾਰਧਾਰਾ ਉਭਰ ਕੇ ਸਾਹਮਣੇ ਆਉਂਦੀ ਹੈ।

ਅੰਤਰ-ਧਾਰਮਿਕ ਵਿਚਾਰ-ਵਿਟਾਂਦਰੇ ਦਾ ਸਿਧਾਂਤ ਜੋ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ ਉਹ ਅਸਲ ਵਿਚ ਵਖ-ਵਖ ਧਾਰਮਿਕ ਅਤੇ ਸਭਿਆਚਾਰਕ ਵਿਚਾਰਧਾਰਾਵਾਂ ਦਾ ਸ਼ਾਂਤੀ-ਪੂਰਵਕ ਸੰਗ੍ਰਹਿ ਹੈ ਜੋ ਇਕੋ ਮੰਚ ਉਪਰ ਮੌਜੂਦ ਹੈ। ਵਖ-ਵਖ ਧਰਮਾਂ ਅਤੇ ਸਭਿਆਚਾਰਾਂ ਦੇ ਬਹੁਤ ਹੀ ਸੂਖਮ ਤੱਤਾਂ ਨੂੰ ਬਹੁਤ ਖੁੱਲ ਕੇ ਬਿਆਨ ਕੀਤਾ ਗਿਆ ਹੈ, ਭਾਵੇਂ ਉਹਨਾਂ ਨਾਲ ਸਹਿਮਤੀ ਜਤਾਈ ਅਤੇ ਭਾਵੇਂ ਅਸਹਿਮਤੀ ਵੀ ਜਤਾਈ ਹੈ ਪਰ ਉਹਨਾਂ ਸਾਰੀਆਂ ਵਿਚਾਰਧਾਰਾਵਾਂ ਦੇ ਆਪਸੀ ਸੰਬੰਧਾਂ ਨੂੰ ਸ਼ਾਂਤੀ ਪੂਰਵਕ ਤਰੀਕੇ ਨਾਲ ਸਥਾਪਿਤ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਖ-ਵਖ ਧਾਰਮਿਕ, ਸਭਿਆਚਾਰਕ ਅਤੇ ਸਿਧਾਂਤਕ ਤਾਕਤਾਂ ਦਾ ਇਹ ਬਹੁਤ ਹੀ ਅਨੋਖਾ ਅਤੇ ਸ਼ਾਂਤੀ ਪੂਰਵਕ ਸੁਮੇਲ ਹੈ, ਜਿਹਨਾਂ ਦਾ ਕਿ ਇਤਿਹਾਸ ਵਿਚ ਲਗਾਤਾਰ ਵਿਰੋਧ ਹੀ ਚਲਦਾ ਆ ਰਿਹਾ ਸੀ।

ਗੁਰੂ ਗ੍ਰੰਥ ਸਾਹਿਬ ਦੀ ਵਿਸ਼ੇਸ਼ਤਾ ਇਹ ਹੈ ਕਿ ਸਾਰੇ ਧਰਮਾਂ ਦੇ ਲੋਕਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜੋ ਧਾਰਮਿਕ ਰਾਹ ਸੱਚੇ ਧਾਰਮਿਕ ਬਣਨ ਲਈ ਮਦਦ ਨਹੀਂ ਕਰਦਾ, ਉਹ ਫਜ਼ੂਲ ਹੈ। ਕਿਉਂਕਿ ਉਹ ਧਰਮ ਜੋ ਪਰਮਾਤਮਾ ਪ੍ਰਤੀ ਪ੍ਰੇਮ ਪੈਦਾ ਨਹੀਂ ਕਰਦਾ ਉਹ ਮਨੁੱਖ ਦੇ ਮਨ ਦੀ ਸ਼ਾਂਤੀ ਅਤੇ ਪਰਮਾਤਮਾ ਨਾਲ ਉਸ ਦੇ ਸਥਿਰ ਸੰਬੰਧਾਂ ਵਿਚ ਰੁਕਾਵਟ ਬਣਦਾ ਹੈ। ਇਹ ਅਣ-ਸੁਖਾਵਾਂਪਣ ਮਨੁੱਖ ਵਿਚ ਅਤੇ ਦੂਜੇ ਸ਼ਬਦਾਂ ਵਿਚ

ਮਨੁੱਖੀ ਸਮਾਜ ਦੇ ਸਾਰੇ ਖੇਤਰਾਂ ਵਿਚ ਅਣਸੁਖਾਵਾਂਪਣ ਪੈਦਾ ਕਰਦਾ ਹੈ। ਜਿਹੜੇ ਸਮਾਜ ਵਿਚ ਜਿੰਨੇ ਜ਼ਿਆਦਾ ਮਨੁੱਖ ਅਸ਼ਾਂਤ ਹੋਣਗੇ ਉਹਨਾਂ ਹੀ ਉਹ ਸਾਰਾ ਸਮਾਜ ਅਸ਼ਾਂਤ ਹੋਵੇਗਾ, ਇਹ ਸੁਭਾਵਿਕ ਹੀ ਹੈ। ਸੰਸਾਰ ਦੇ ਇਤਿਹਾਸ ਨੇ ਬਹੁਤ ਸਾਰੇ ਯੁੱਧ ਦੇਖੇ ਹਨ ਜੋ ਕਿ ਆਮ ਤੌਰ ਤੇ ਕਿਸੇ ਇਕ ਵਿਅਕਤੀ ਦੇ ਮਨ ਦੀ ਅਸ਼ਾਤੀ ਦਾ ਹੀ ਪ੍ਰਗਟਾਵਾ ਹੋ ਕੇ ਸਾਹਮਣੇ ਆਏ। ਇਕ ਸ਼ਾਂਤ ਮਨ ਜਿਸ ਦਾ ਆਪਣੇ ਆਪੇ ਨਾਲ ਸ਼ਾਂਤੀ ਪੂਰਵਕ ਸੰਬੰਧ ਹੋਵੇ ਅਤੇ ਆਪਣੇ ਹੰਕਾਰ ਦੇ ਬੰਧਨ ਤੋਂ ਉਹ ਮੁਕਤ ਹੋਵੇ ਉਸ ਤੇ ਆਪਣੇ ਨਾਲ ਦੇ ਸਾਥੀਆਂ ਜਾਂ ਆਪਣੇ ਸਮਾਜ ਦੇ ਵਿਅਕਤੀਆਂ ਨਾਲ ਸ਼ਾਂਤੀ ਅਤੇ ਵਿਵਸਥਾ ਬਣਾਏ ਰੱਖਣ ਲਈ ਭਰੋਸਾ ਕੀਤਾ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਮਨੁੱਖ ਦੇ ਅਧਿਆਤਮਿਕ ਰਾਹ ਦੀ ਮੁੱਖ ਰੁਕਾਵਟ ਹਉਮੈਂ ਹੈ ਜਿਸ ਨੂੰ ਸੂਝ ਅਤੇ ਅਕਲ ਦੇ ਨਾਲ ਨਿਯਮਬੱਧ ਕਰਨ ਲਈ ਉੱਚਾ ਉਠਾਇਆ ਜਾ ਸਕਦਾ ਹੈ। ਸਿੱਖ ਧਰਮ ਵਿਚ ਇਸੇ ਨੂੰ ਹੀ ਬੰਧਨ ਤੋਂ ਛੁਟਕਾਰਾ ਕਿਹਾ ਗਿਆ ਹੈ। ਇਕ ਸੁਖੀ ਵਿਅਕਤੀ ਜਿਸ ਦੇ ਮਨ ਵਿਚ ਸ਼ਾਂਤੀ ਹੈ ਕੇਵਲ ਉਹ ਹੀ ਇਕ ਸ਼ਾਂਤ ਅਤੇ ਸੱਭਿਆ ਸਮਾਜ ਨੂੰ ਸਿਰਜਣ ਲਈ ਯਤਨਸ਼ੀਲ ਹੋ ਸਕਦਾ ਹੈ। ਸਿੱਖ ਧਰਮ ਉਹਨਾਂ ਸਾਰੇ ਧਰਮਾਂ ਨਾਲ ਸਹਿਮਤ ਹੈ ਜੋ ਇਹ ਮੰਨਦੇ ਹਨ ਕਿ ਮਨੁੱਖਤਾ ਦੇ ਭਲੇ ਨੂੰ ਕੇਂਦਰ ਬਣਾ ਕੇ ਕੰਮ ਕਰਿਆ ਜਾਣਾ ਚਾਹੀਦਾ ਹੈ। ਸਿੱਖ ਸੰਗਤ ਦੇ ਵਿਚ ਜਦੋਂ ਅਰਦਾਸ ਸੰਪੂਰਨ ਹੁੰਦੀ ਹੈ ਤਾਂ ਇਹਨਾਂ ਸ਼ਬਦਾਂ ਨਾਲ ਹੁੰਦੀ ਹੈ:- 'ਤੇਰੇ ਭਾਣੇ ਸਰਬੱਤ ਦਾ ਭਲਾ।'

ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਨੌ ਅਧਿਆਤਮਕ ਉਤਰਾਧਿਕਾਰੀਆਂ ਨੇ ਸ਼ਾਂਤੀ ਅਤੇ ਸਮਾਜਿਕ ਇਕਸੁਰਤਾ ਬਣਾਈ ਰੱਖਣ ਲਈ ਇਕ ਖਾਸ ਕਿਸਮ ਦੀ ਵਿਧੀ ਅਪਣਾਈ। ਇਹ ਤਰੀਕਾ ਸੀ ਪ੍ਰਭੂ ਪ੍ਰੇਮ ਵਿਚ ਆਪਣੇ ਆਪ ਨੂੰ ਸਥਿਤ ਰੱਖਣਾ ਅਤੇ ਦੂਜਾ ਸੀ ਜਰੂਰਤਮੰਦਾਂ ਦੀ ਸੇਵਾ ਲਈ ਆਪਣੇ ਆਪ ਨੂੰ ਹਮੇਸ਼ਾਂ ਤਿਆਰ ਰੱਖਣਾ। ਇਹ ਦੋਨੋਂ ਪੱਖ ਆਪਸ ਵਿਚ ਪੂਰੀ ਤਰ੍ਹਾਂ ਜੁੜੇ ਹੋਏ ਸਨ। ਇਕ ਸੱਚੇ ਸਿੱਖ ਦੀ ਪਹਿਚਾਣ ਹੀ ਇਹੀ ਹੈ ਕਿ ਉਹ ਪਰਮਾਤਮਾ ਦੇ ਨਾਮ ਵਿਚ ਰੰਗਿਆ ਹੋਇਆ ਹੁੰਦਾ ਹੈ ਅਤੇ ਦੂਸਰਿਆਂ ਦੇ ਭਲੇ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ। ਇਹ ਇਸ ਤਰ੍ਹਾਂ ਦੀ ਸ਼ੁੱਧ ਆਤਮਾ ਤੋਂ ਇਹ ਆਸ ਹੀ ਨਹੀਂ ਕੀਤੀ ਜਾ ਸਕਦੀ ਕਿ ਉਹ ਕਿਸੇ ਤਰ੍ਹਾਂ ਦੀ ਬਰਬਾਦੀ ਜਾ ਮਨੁੱਖੀ ਜੀਵਨ ਨੂੰ ਨੁਕਸਾਨ ਕਰਨ ਵਾਲਾ ਕੋਈ ਰਵਈਆ ਅਪਨਾਵੇ, ਬਾਰੂਦੀ ਤਬਾਹੀ ਤਾਂ ਇਕ ਪਾਸੇ ਰਹੀ।[13]

ਭਗਤ ਰਵਿਦਾਸ ਜਿਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹੈ ਉਹਨਾਂ ਨੇ ਆਪਣੇ ਆਪ ਨੂੰ ਇਕ ਐਸੇ ਆਦਰਸ਼ ਸ਼ਹਿਰ ਦਾ ਨਾਗਰਿਕ ਹੋ ਕੇ ਦੇਖਣ ਦੀ ਕੋਸ਼ਿਸ਼ ਕੀਤੀ ਜਿਥੇ ਕੋਈ ਵਿਤਕਰਾ ਨਹੀਂ, ਕੋਈ ਦੁੱਖ ਦਰਦ ਨਹੀਂ, ਹਰ ਕੋਈ ਬਰਾਬਰ ਹੈ ਅਤੇ ਪਰਮਾਤਮਾ ਦੇ ਰਾਜ ਦੇ ਵਿਚ ਸਾਰੇ ਇਕ ਦੂਸਰੇ ਨੂੰ ਪਿਆਰ ਕਰਦੇ ਹਨ।

ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥[14]

---

12. ਗੁਰੂ ਗ੍ਰੰਥ ਸਾਹਿਬ, ਪੰਨਾ 284.
13. —ਉਹੀ ——, ਪੰਨਾ 1188.
14. ਵਜ਼ੀਰ ਸਿੰਘ, *The Sikh Vision*, Ess Ess Publications, ਨਵੀਂ ਦਿਲੀ, 1992, ਪੰਨਾ 73-74.

ਅਸਲ ਵਿਚ ਸਮਾਜ ਵਿਚ ਕਿਸੇ ਤਰ੍ਹਾਂ ਦੀ ਵੀ ਅਸ਼ਾਂਤੀ ਹੋਣ ਦੇ ਤਿੰਨ ਕਾਰਨ ਹੁੰਦੇ ਹਨ। ਉਹ ਹਨ:- ਸ਼੍ਰੇਣੀ ਅਸਮਾਨਤਾ, ਆਰਥਿਕ ਅਸਮਾਨਤਾ ਅਤੇ ਨੈਤਿਕ ਅਸਮਾਨਤਾ। ਉਪਰੋਕਤ ਕਾਰਨਾਂ ਦੇ ਆਧਾਰ ਤੇ ਜੋ ਅਸਮਾਨਤਾ ਹੁੰਦੀ ਹੈ ਉਸ ਨਾਲ ਸਮਾਜ ਦੀ ਵਿਵਸਥਾ ਲਾਜ਼ਮੀ ਹੀ ਵਿਗੜਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਅਸਮਾਨਤਾਵਾਂ ਦੇ ਖਿਲਾਫ ਬਹੁਤ ਚੰਗੀ ਤਰ੍ਹਾਂ ਸਮਝਾਇਆ ਗਿਆ ਹੈ। ਕੇਵਲ ਧਰਮ ਗ੍ਰੰਥ ਦੀ ਬਣਤਰ ਨਾਲ ਹੀ ਸਮਾਜ ਦੀ ਭਾਈਚਾਰਕ ਸਾਂਝ ਦਿਖਾਈ ਨਹੀਂ ਦਿੰਦੀ ਸਗੋਂ ਗ੍ਰੰਥ ਸਾਹਿਬ ਵਿਚਲੀਆਂ ਰਚਨਾਵਾਂ ਦਾ ਮੁੱਖ ਮੁੱਦਾ ਹੀ ਇਹ ਹੈ ਕਿ ਸਮਾਜ ਦੇ ਕਿਸੇ ਵੀ ਵਰਗ ਦੇ ਵਿਰੁੱਧ ਅਨਿਆਂ ਦੇ ਖਿਲਾਫ ਆਵਾਜ਼ ਉਠਾਈ ਜਾਵੇ। ਗੁਰਬਾਣੀ ਵਿਚ ਉਹਨਾਂ ਲੋਕਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਲਾਇਆ ਗਿਆ ਹੈ ਜੋ ਦੱਬੇ ਕੁਚਲੇ ਹੋਏ ਲੋਕ ਸਨ, ਖਾਸ ਕਰਕੇ ਨੀਵੀਂ ਜਾਤ, ਗਰੀਬ ਅਤੇ ਔਰਤਾਂ। ਬਹੁਤ ਸਾਰੇ ਐਸੇ ਹਵਾਲੇ ਮਿਲਦੇ ਹਨ ਜਿਹਨਾਂ ਅਨੁਸਾਰ ਰਚਨਾਕਾਰ ਆਮ ਲੋਕਾਂ ਨੂੰ ਸਮਝਾਉਂਦੇ ਹਨ ਕਿ ਜਾਤੀ ਪ੍ਰਥਾ, ਔਰਤਾਂ ਉਪਰ ਜ਼ੁਲਮ ਅਤੇ ਮੁਜਲੂਮਾਂ ਦੇ ਵਿਰੁੱਧ ਅਨਿਆਂ ਵਰਗੀਆਂ ਸਮਾਜਿਕ ਬੁਰਾਈਆਂ ਦੇ ਵਿਰੁੱਧ ਕਿਸ ਤਰ੍ਹਾਂ ਡਟ ਕੇ ਖੜ੍ਹਨਾ ਅਤੇ ਲੜਨਾ ਹੈ।

ਗੁਰੂ ਸਾਹਿਬ ਦੇ ਵਿਵਹਾਰਕ ਜੀਵਨ ਸ਼ੈਲੀ ਨਾਲ ਸੰਬੰਧਿਤ ਜੋ ਉਹਨਾਂ ਦੀ ਵਿਚਾਰਧਾਰਾ ਹੈ ਉਹ ਬਹੁਤ ਹੀ ਅਨੋਖੀ ਹੈ। ਸਮਾਜ ਵਿਚੋਂ ਕਿਸੇ ਤਰ੍ਹਾਂ ਦੀ ਵੀ ਅਸਮਾਨਤਾ ਦੂਰ ਕਰਨ ਲਈ ਉਹਨਾਂ ਨੂੰ ਆਪਣੇ ਸਿੱਖਾਂ ਨੂੰ ਇਕ ਥਾਂ ਇਕੱਤਰ ਹੋ ਕੇ ਸੰਗਤ ਰੂਪ ਵਿਚ ਪਰਮਾਤਮਾ ਦੀ ਉਸਤਤੀ ਗਾਉਣ ਅਤੇ ਇਕ ਜਗ੍ਹਾ ਤੇ ਭੋਜਨ ਕਰਨ ਦੀ ਸਿੱਖਿਆ ਦਿਤੀ। ਉਸ ਵੇਲੇ ਦੇ ਸਮਾਜ ਵਿਚ ਇਸ ਤਰ੍ਹਾਂ ਦੀ ਸਿੱਖਿਆ ਆਪਣੇ ਆਪ ਵਿਚ ਬੇਹੱਦ ਲੋੜਵੰਦ ਸਿੱਖਿਆ ਸੀ। ਸਭ ਤੋਂ ਵੱਡੀ ਗਲ ਜਿਹੜੀ ਉਹਨਾਂ ਨੇ ਕੀਤੀ ਉਹ ਇਹ ਸੀ ਕਿ ਕਿਸੇ ਵੀ ਜਾਤੀ ਜਾਂ ਧਾਰਮਿਕ ਪਿਛੋਕੜ ਦਾ ਇਨਸਾਨ ਇਸ ਤਰ੍ਹਾਂ ਦੇ ਵਿਅਕਤੀ ਸਮੂਹ ਵਿਚ ਸ਼ਾਮਿਲ ਹੋ ਸਕਦਾ ਸੀ। ਉਸ ਵੇਲੇ ਦੀ ਬਹੁਤ ਬੁਰੀ ਤਰਾਂ ਵੰਡੀ ਹੋਈ ਸਮਾਜਿਕ ਵਿਵਸਥਾ ਲਈ ਇਹ ਇਕ ਬਹੁਤ ਵੱਡਾ ਧੱਕਾ ਸੀ। ਆਰਥਿਕ ਨਾਬਰਾਬਰੀ ਲਈ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮਨੁੱਖ ਨੂੰ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਮਿਹਨਤ ਜ਼ਰੂਰ ਕਰਨੀ ਚਾਹੀਦੀ ਹੈ। ਮਿਹਨਤ ਦੀ ਉਸ ਕਮਾਈ ਵਿਚੋਂ ਗੁਰੂ ਜੀ ਨੇ ਹੁਕਮ ਦਿਤਾ ਕਿ ਹਰ ਇਕ ਲਈ ਦਸਵਾਂ ਹਿੱਸਾ ਦਾਨ ਦੇ ਰੂਪ ਵਿਚ ਦੇਣਾ ਜ਼ਰੂਰੀ ਹੈ। ਇਹ ਵਿਵਸਥਾ ਮੁਢੱਲੇ ਤੌਰ ਤੇ ਇਕ ਤਾਂ ਸਮਾਜ ਵਿਚੋਂ ਆਰਥਿਕ ਨਾਬਰਾਬਰੀ ਦੂਰ ਕਰਨ ਵਾਸਤੇ ਸੀ ਅਤੇ ਦੂਸਰਾ ਹਰ ਤਰ੍ਹਾਂ ਦੇ ਸ਼ੋਸ਼ਣ ਨੂੰ ਦੂਰ ਕਰਨਾ ਸੀ। ਨੈਤਿਕ ਨਾਬਰਾਬਰੀ ਵਾਸਤੇ ਗੁਰੂ ਸਾਹਿਬ ਨੇ ਕਿਹਾ ਕਿ ਕਾਮ, ਕ੍ਰੋਧ, ਲੋਭ ਮੋਹ, ਹੰਕਾਰ ਵਰਗੀਆਂ ਵਿਅਕਤੀਗਤ ਬੁਰਾਈਆਂ ਤੋਂ ਜ਼ਰੂਰ ਬਚਣਾ ਚਾਹੀਦਾ ਹੈ ਕਿਉਂਕਿ ਜੋ ਮਨੁੱਖ ਇਹਨਾਂ ਬੁਰਾਈਆਂ ਤੋਂ ਪ੍ਰਭਾਵਿਤ ਹੁੰਦੇ ਹਨ ਜਾਂ ਇਹਨਾਂ ਬੁਰੀਆਂ ਤਾਕਤਾਂ ਦੇ ਅਸਰ ਅਧੀਨ ਚਲਦੇ ਹਨ ਉਹ ਕਦੇ ਵੀ ਇਕ ਸਿਹਤਮੰਦ ਸਮਾਜ ਅਤੇ ਸਿਹਤਮੰਦ ਸੰਸਾਰਿਕ ਭਾਈਚਾਰਾ ਨਹੀਂ ਬਣਾ ਸਕਦੇ।

ਨੈਤਿਕ ਨਾਬਰਾਬਰੀ ਦੀ ਗੜਬੜ ਕਰਕੇ ਮਨੁੱਖੀ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ। ਇਸ ਨਾਲ ਸਮੁੱਚੇ ਮਨੁੱਖੀ ਵਿਵਹਾਰ ਵਿਚ ਨਾਬਰਾਬਰੀ ਪੈਦਾ ਹੁੰਦੀ ਹੈ, ਜਿਸ ਦੇ

ਅਸਰ ਕਰਕੇ ਸਾਰੇ ਸਮਾਜਿਕ ਮਾਹੌਲ ਉਪਰ ਅਸਰ ਪੈਂਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਦੀ ਖਾਸੀਅਤ ਇਹੀ ਹੈ ਕਿ ਉਹ ਪਦਾਰਥਕ ਵਿਵਹਾਰ ਵਿਚ ਆਪਣਾ ਇਕ ਸੰਕੁਚਿਤ ਅਤੇ ਤੰਗ ਦਿਲ ਰਵਈਆ ਰੱਖਦਾ ਹੈ। ਇਸੇ ਨੂੰ ਹੀ ਹਉਮੈਂ ਕਿਹਾ ਗਿਆ ਹੈ। ਇਹ ਇਕ ਐਸਾ ਰਵਈਆ ਹੈ ਜਿਸ ਵਿਚ ਉਹ ਆਪਣੇ ਆਪੇ ਦੇ ਆਲੇ-ਦੁਆਲੇ ਘੁੰਮਦਾ ਹੈ ਅਤੇ ਇਸ ਵਿਚ ਉਹ ਆਪਣੇ ਆਪ ਨੂੰ ਹੀ ਸਭ ਤੋਂ ਮਹਤੱਵਪੂਰਨ ਮੰਨਦਾ ਹੈ। ਨੈਤਿਕਤਾ ਦੀ ਸਮੱਸਿਆ ਜਾਂ ਉਸ ਕਰਕੇ ਸਾਰੀ ਜਿੰਦਗੀ ਦੀ ਸਮੱਸਿਆ ਇਹੀ ਹੈ ਕਿ ਇਕ ਸੰਕੀਰਨ ਸਵੈ-ਕੇਂਦਰਿਤ ਰਵਈਏ ਨੂੰ ਵਿਸ਼ਾਲ ਕਿਵੇਂ ਕੀਤਾ ਜਾਵੇ? ਇਸ ਲਈ ਤਾਂ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਹੈ ਕਿ ਇਕ ਖਾਸ ਕਿਸਮ ਦਾ ਵਿਸ਼ਾਲ ਰਵਈਆ ਅਪਨਾ ਕੇ ਮਨੁੱਖ ਆਪਣੇ ਆਪ ਨੂੰ ਉਸ ਵਿਸ਼ਾਲ ਸੱਚ ਨਾਲ ਜੋੜੇ ਜੋ ਉਸ ਦਾ ਆਪਣਾ ਆਪਾ ਹੈ ਅਤੇ ਉਹ ਉਸ ਦਾ ਆਪਣੇ ਆਪ ਦਾ ਸੱਚ ਹੈ।

ਗੁਰੂ ਗ੍ਰੰਥ ਸਾਹਿਬ ਸਾਨੂੰ ਇਹਨਾਂ ਬੁਰਾਈਆਂ ਦੇ ਖਿਲਾਫ ਇਸ ਤਰ੍ਹਾਂ ਸਮਝਾਉਂਦੇ ਹਨ:- 1. ਪਰਮਾਤਮਾ ਦੀ ਪ੍ਰੇਮ ਭਰੀ ਯਾਦ ਵਿਚ ਭਿੱਜੇ ਰਹਿਣਾ। 2. ਆਪਣੇ ਆਪ ਨੂੰ ਉਹਨਾਂ ਅਧਿਆਤਮਕ ਅਤੇ ਨੈਤਿਕ ਜਿੰਮੇਵਾਰੀਆਂ ਨਾਲ ਜੋੜਨਾ ਜਿਹਨਾਂ ਤੇ ਤੁਰੇ ਬਿਨਾਂ ਅਸੀਂ ਆਪਣੀ ਆਤਮਿਕ ਸੰਪੂਰਨਤਾ ਹਾਸਿਲ ਕਰਨ ਦੇ ਸਮਰਥ ਨਹੀਂ ਹੋ ਸਕਦੇ। 3. ਗੁਰੂ ਸਾਹਿਬ ਸਾਨੂੰ ਉਪਦੇਸ਼ ਕਰਦੇ ਹਨ ਤਾਂ ਕਿ ਇਹਨਾਂ ਬੁਰਾਈਆਂ ਦੇ ਖਿਲਾਫ ਲੜਕੇ ਅਤੇ ਜਿੱਤ ਹਾਸਿਲ ਕਰਕੇ ਸਾਨੂੰ ਮੌਤ ਤੋਂ ਬਾਦ ਆਉਣ ਵਾਲੀ ਜਿੰਦਗੀ ਵਿਚ ਵੀ ਜਮਾਂ ਦੀ ਮਾਰ ਨਾ ਸਹਿਣੀ ਪਵੇ।[15]

ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਅਵਸਥਾ ਅਸਲ ਵਿਚ ਇਕ ਸ਼ਾਂਤੀ ਪੂਰਵਕ ਜੀਵਨ ਦਾ ਉਦੇਸ਼ ਹੈ। ਉਹ ਸ਼ਾਂਤੀ ਵਿਅਕਤੀਗਤ ਪਧੱਰ 'ਤੇ ਅਤੇ ਸੰਸਾਰ ਪਧੱਰ ਤੇ ਜੀਵਨ ਨਾਲ ਸੰਬੰਧਿਤ ਹੈ ਕਿਉਂਕਿ ਇਹ ਸੰਸਾਰ ਸਮੁੱਚੇ ਤੌਰ ਤੇ ਕੇਵਲ ਉਸ ਸੱਚ ਦੀ ਰਚਨਾ ਹੀ ਨਹੀਂ ਸਗੋਂ ਉਸ ਦਾ ਸਵੈ-ਪ੍ਰਗਟਾਵਾ ਹੈ। ਪਰਮਾਤਮਾ ਨਾਲ ਸ਼ਾਂਤੀ ਅਤੇ ਪਿਆਰ ਵਾਲਾ ਸੰਬੰਧ ਸਥਾਪਿਤ ਕਰਨ ਲਈ ਇਹ ਜ਼ਰੂਰੀ ਹੈ ਕਿ ਉਸ ਦੇ ਉਸ ਸਰੂਪ ਨਾਲ ਸੰਬੰਧ ਸਥਾਪਿਤ ਕੀਤਾ ਜਾਵੇ ਅਤੇ ਇਹ ਸੰਬੰਧ ਬਿਨਾਂ ਕਿਸੇ ਭੇਦ-ਭਾਵ ਤੋਂ ਸਥਾਪਤ ਕੀਤਾ ਜਾਵੇ ਜੋ ਸਾਹਮਣੇ ਨਜ਼ਰ ਆਉਂਦਾ ਹੈ। ਇਹ ਸੰਸਾਰ ਕੇਵਲ ਇਕ ਸੱਚ ਦਾ ਹੀ ਵਿਸ਼ਾਲ ਰੂਪ ਹੈ, ਇਸੇ ਕਰਕੇ ਇਸ ਨੂੰ ਜਾਤੀ, ਰੰਗ, ਨਸਲ, ਖਿੱਤੇ ਅਤੇ ਭਾਸ਼ਾ ਦੇ ਹਿੱਸਿਆ ਵਿਚ ਵੰਡਿਆ ਨਹੀਂ ਜਾ ਸਕਦਾ। ਇਸੇ ਕਰਕੇ ਗੁਰੂ ਸਾਹਿਬ ਨੇ ਕਿਹਾ ਹੈ ਕਿ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਤਰੀਕਾ ਉਸ ਨੂੰ ਪਿਆਰ ਕਰਨਾ ਹੈ। ਇਸੇ ਲਈ ਕੋਈ ਇਹ ਨਹੀਂ ਕਰ ਸਕਦਾ ਕਿ ਉਹ ਪਰਮਾਤਮਾ ਦੇ ਇਕ ਹਿੱਸੇ ਨੂੰ ਪਿਆਰ ਕਰੇ ਅਤੇ ਦੂਸਰੇ ਨੂੰ ਨਫਰਤ। ਅਸੀਂ ਪਰਮਾਤਮਾ ਨੂੰ ਵਖ-ਵਖ ਹਿੱਸਿਆਂ ਵਿਚ ਵੰਡਣ ਲਈ ਸਮਰਥ ਨਹੀਂ ਹਾਂ।

---

15. ਗੁਰੂ ਗ੍ਰੰਥ ਸਾਹਿਬ, ਪੰਨਾ, 345.
16. ਡਾ. ਅਵਤਾਰ ਸਿੰਘ, *Ethics of the Sikhs*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983, ਪੰਨਾ 25.

ਭਾਗ ਦੂਜਾ

ਗੁਰੂ ਗ੍ਰੰਥ ਸਾਹਿਬ ਵਿਚਲੇ ਅਧਿਆਤਮਿਕ ਸਰੋਕਾਰ

ਅਧਿਆਇ ਚੌਥਾ

ਸਿੱਖ ਜੀਵਨ ਦਾ ਅੰਤਿਮ ਉਦੇਸ਼

ਪ੍ਰੀਭਾਸ਼ਾ:-

ਮਨੁੱਖ ਲਗਾਤਾਰ ਦੁੱਖ ਦੇ ਬੱਦਲਾਂ ਨਾਲ ਘਿਰਿਆ ਰਹਿੰਦਾ ਹੈ। ਇਸੇ ਕਰਕੇ ਆਪਣੇ ਆਪੇ ਦੀ ਸੰਭਾਲ ਦੇ ਨਾਲ-ਨਾਲ ਉਹ ਇਸ ਤਾਕ ਵਿਚ ਵੀ ਰਹਿੰਦਾ ਹੈ ਕਿ ਉਸ ਨੂੰ ਸੁਖ ਕਿਵੇਂ ਪ੍ਰਾਪਤ ਹੋਵੇ। ਉਸ ਦੀ ਹਰ ਸੋਚ, ਹਰ ਕੰਮ, ਹਰ ਰਿਸ਼ਤਾ, ਹਰ ਸੁਪਨਾ ਉਸ ਦੇ ਮਨ ਦੀ ਇਸੇ ਇੱਛਾ ਨਾਲ ਜੁੜਿਆ ਹੁੰਦਾ ਹੈ। ਦੁੱਖਾਂ ਤੋਂ ਛੁਟਕਾਰਾ ਅਤੇ ਸਦਾ ਸੁਖੀ ਹੋਣ ਦੀ ਇੱਛਾ ਉਸ ਨੂੰ ਆਪਣੇ ਜੀਵਨ ਦਾ ਅੰਤਿਮ ਉਦੇਸ਼ ਲੱਗਦਾ ਹੈ। ਉਸ ਦੀ ਇਹੀ ਬਿਰਤੀ ਉਸ ਨੂੰ ਇਕ ਖਾਸ ਕਿਸਮ ਦੇ ਰਵਈਏ ਨਾਲ ਜੋੜੀ ਰੱਖਦੀ ਹੈ। ਸੁਖ ਪ੍ਰਾਪਤੀ ਨੂੰ ਮੁੱਖ ਰੱਖ ਕੇ ਹੀ ਉਹ ਜੀਵਨ ਦੇ ਵਿਅਕਤੀਗਤ, ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਵਿਚਰਦਾ ਹੈ। ਜੀਵਨ ਦੇ ਹਰ ਖੇਤਰ ਵਿਚ ਲਗਾਤਾਰ ਸੁਖ ਦੀ ਭਾਲ ਕਰਨ ਵਾਲਾ ਮਨੁੱਖ, ਇਕ ਤੋਂ ਬਾਅਦ ਦੂਜੇ ਅਤੇ ਦੂਜੇ ਤੋਂ ਬਾਅਦ ਤੀਜੇ ਸੁਖ ਦੀ ਭਾਲ ਵਿਚ ਇਸ ਤਰਾਂ ਗੁਆਚ ਜਾਂਦਾ ਹੈ ਕਿ ਉਹ ਇਹ ਵੀ ਭੁੱਲ ਜਾਂਦਾ ਹੈ ਕਿ ਸੁਖ ਦੇ ਜਿਨ੍ਹਾਂ ਸਾਧਨਾ ਤੋਂ ਉਹ ਸਦਾ ਵਾਸਤੇ ਸੁਖੀ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ ਅਸਲ ਵਿਚ ਉਨ੍ਹਾਂ ਕੋਲ ਸਦੀਵੀ ਸੁਖ ਦੇਣ ਦੀ ਸਮਰੱਥਾ ਹੀ ਨਹੀਂ ਹੈ। ਜਦੋਂ ਮਨੁੱਖ ਕਿਸੇ ਵੀ ਸੁਖ ਸਾਧਨ ਤੋਂ ਪੂਰੀ ਤਰਾਂ ਸੁਖੀ ਨਹੀਂ ਹੁੰਦਾ ਤਾਂ ਉਹ ਕਿਸੇ ਐਸੇ ਵਸੀਲੇ ਦੀ ਭਾਲ ਕਰਨ ਦੀ ਕੋਸ਼ਿਸ਼ ਕਰਦਾ ਹੈ ਜੋ ਉਸ ਨੂੰ ਸਦੀਵੀ ਸੁਖ ਪ੍ਰਦਾਨ ਕਰੇ, ਪਰ ਅਣਜਾਣ ਹੋਣ ਕਰਕੇ ਉਸ ਦੀ ਸਮਝ ਕਿਸੇ ਵੀ ਸਿੱਟੇ ਤੇ ਨਹੀਂ ਪਹੁੰਚਦੀ ਕਿ ਉਹ ਸਦੀਵੀ ਸੁਖ ਪ੍ਰਾਪਤ ਕਰਨ ਲਈ ਕੀ ਕਰੇ? ਇਸ ਕਰਕੇ ਦੁੱਖਾਂ ਤੋਂ ਨਵਿਰਤੀ ਅਤੇ ਸਦੀਵੀ ਸੁਖ ਦੀ ਪ੍ਰਾਪਤੀ ਲਈ ਉਹ ਆਪਣੀ ਸਮਝ ਤੋਂ ਬਾਹਰ ਦੇਖਣ ਦਾ ਯਤਨ ਕਰਦਾ ਹੈ। ਇਸ ਮਾਮਲੇ ਵਿਚ ਧਰਮ ਅਤੇ ਧਾਰਮਿਕ ਸੂਝ ਉਸ ਦੀ ਹਮੇਸ਼ਾਂ ਹੀ ਸਹਾਇਤਾ ਕਰਦੀ ਹੈ।

ਹਰ ਵਿਚਾਰਵਾਨ ਨੇ ਜੀਵਨ ਦੇ ਅੰਤਿਮ ਉਦੇਸ਼ ਨੂੰ ਆਪਣੇ ਤਰੀਕੇ ਨਾਲ ਨਿਰਧਾਰਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੁਝ ਦਾ ਵਿਚਾਰ ਹੈ ਕਿ ਮਨੁੱਖੀ ਮਾਨਸਿਕਤਾ ਦਾ ਅਤਿ ਉੱਤਮ ਅਵਸਥਾ ਤਕ ਪਹੁੰਚਣਾ ਹੀ ਉਸ ਦੀ ਸੰਪੂਰਨਤਾ ਦੀ ਨਿਸ਼ਾਨੀ ਹੁੰਦੀ ਹੈ। ਕੁਝ ਦਾ ਵਿਚਾਰ ਹੈ ਕਿ ਸਮਾਜਕ ਵਿਵਸਥਾ ਵਿਚ ਵਿਚਰਦਿਆਂ ਹੋਇਆਂ ਮਨੁੱਖ ਦੁਆਰਾ ਸਭ ਤੋਂ ਵਧੀਆ ਵਿਵਹਾਰ ਅਪਣਾ ਸਕਣਾ ਹੀ ਉਸ ਦੀ ਸਭ ਤੋਂ ਵੱਧ ਵਿਕਸਿਤ ਹੋਣ ਦੀ ਨਿਸ਼ਾਨੀ ਹੁੰਦੀ ਹੈ। ਅਧਿਆਤਮਿਕ ਸੂਝ ਰੱਖਣ ਵਾਲੇ ਮੰਨਦੇ ਹਨ ਕਿ ਮਨੁੱਖੀ ਜੀਵਨ ਦਾ ਉਦੇਸ਼ ਆਤਮਿਕ ਸੰਪੂਰਨਤਾ ਹਾਸਿਲ ਕਰਨਾ ਹੈ। ਮਨ ਦੇ ਆਪਣੇ ਅਸਲੀ ਰੂਪ ਵਿਚ ਆਉਣ ਨੂੰ

ਹੀ ਆਤਮ-ਸਿੱਧੀ ਦਾ ਨਾਮ ਦਿੱਤਾ ਗਿਆ ਹੈ। ਆਤਮ-ਸਿੱਧੀ ਜਾਂ ਆਤਮਕ ਸੰਪੂਰਨਤਾ ਦਾ ਲਫਜ਼ੀ ਅਰਥ ਹੈ ਜੀਵ ਦੀ ਹੋਂਦ ਦਾ ਉਸ ਦੀ ਆਪਣੀ ਮੁੱਢਲੀ ਅਵਸਥਾ ਵਿਚ ਪਹੁੰਚਣਾ ਜਿੱਥੇ ਉਹ ਆਪਣੇ ਅਸਲੀ ਆਧਾਰ ਰੂਪ ਵਿਚ ਪਹੁੰਚ ਸਕੇ। ਇਹ ਹੋਂਦ ਦੀ ਸਭ ਤੋਂ ਵਿਕਸਿਤ ਅਵਸਥਾ ਹੁੰਦੀ ਹੈ। ਇਸ ਅਵਸਥਾ ਵਿਚ ਮਨੁੱਖ ਸਰੀਰ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਣੇ ਅਸਲੀ ਸਰੂਪ ਭਾਵ ਸਦੀਵੀ ਆਨੰਦ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਵੱਖ-ਵੱਖ ਵਿਚਾਰਵਾਨਾਂ ਨੇ ਆਪਣੀ-ਆਪਣੀ ਸੋਚ ਦੇ ਖੇਤਰ ਦੇ ਆਧਾਰ ਤੇ ਸਵੈ ਦੀ ਸੰਪੂਰਨਤਾ ਦੇ ਕਈ ਤਰਾਂ ਦੇ ਉਦੇਸ਼ ਥਾਪੇ ਹਨ।

ਸੰਸਾਰ ਦੇ ਬਹੁਤ ਸਾਰੇ ਧਰਮ ਗ੍ਰੰਥਾਂ ਵਿਚ ਆਤਮਾ ਦੀ ਅੰਤਿਮ ਉੱਨਤ ਅਵਸਥਾ ਨੂੰ ਜਾਂ ਆਤਮਕ-ਸੰਪੂਰਨਤਾ ਨੂੰ ਕਈ ਤਰਾਂ ਨਾਲ ਸੰਬੋਧਨ ਕੀਤਾ ਗਿਆ ਹੈ। ਕੁਝ ਵਿਚਾਰਵਾਨਾਂ ਦਾ ਮੱਤ ਹੈ ਕਿ ਮਨੁੱਖੀ ਆਤਮਾ ਦੇ ਕਿਸੇ ਵੀ ਬੰਧਨ ਤੋਂ ਛੁਟਕਾਰੇ ਨੂੰ ਹੀ ਆਤਮਿਕ-ਸੰਪੂਰਨਤਾ ਦਾ ਨਾਮ ਦਿੱਤਾ ਗਿਆ ਹੈ। ਕਈ ਮੰਨਦੇ ਹਨ ਕਿ ਮਨੁੱਖੀ ਮਨ ਦਾ ਆਪਣੀਆਂ ਇਛਾਵਾਂ ਤੋਂ ਛੁਟਕਾਰਾ ਹੀ ਮੁਕਤੀ ਹੈ ਅਤੇ ਇਹੀ ਸਾਡੀ ਆਤਮਾ ਦੀ ਅਸਲੀ ਮੰਜ਼ਿਲ ਵੀ ਹੈ। ਕਈ ਵਿਚਾਰਵਾਨ ਇਹ ਵੀ ਮੰਨਦੇ ਹਨ ਕਿ ਮਨੁੱਖ ਦੁਆਰਾ ਕੁਝ ਵੀ ਪੂਰੀ ਸਮਰਥਾ ਨਾਲ ਕਰ ਸਕਣ ਨੂੰ ਹੀ ਆਤਮ-ਸਿੱਧੀ ਕਿਹਾ ਜਾ ਸਕਦਾ ਹੈ। ਹਰ ਤਰਾਂ ਨਾਲ ਵਿਚਾਰਵਾਨਾਂ ਨੇ ਆਤਮਾ ਦੀ ਸੰਪੂਰਨਤਾ, ਆਤਮ-ਸਿੱਧੀ ਜਾਂ ਮਨੁੱਖੀ ਹੋਂਦ ਦੀ ਮੁਕਤ ਜਾਂ ਸੰਪੂਰਨ ਅਵਸਥਾ ਉਸ ਸਥਿਤੀ ਨੂੰ ਮੰਨਿਆ ਹੈ ਜਿਥੇ ਮਨੁੱਖੀ ਆਤਮਾ ਸਦਾ ਵਾਸਤੇ ਗਿਆਨ, ਸੁਖ, ਆਨੰਦ, ਟਿਕਾਅ ਦੀ ਅਵਸਥਾ ਦੀ ਧਾਰਨੀ ਹੋ ਜਾਂਦੀ ਹੈ, ਜਿੱਥੇ ਉਹ ਦੁਬਾਰਾ ਜਨਮ-ਮਰਨ ਦੇ ਚੱਕਰ ਵਿਚ ਨਹੀਂ ਪੈਂਦੀ।

ਵੱਖ-ਵੱਖ ਧਾਰਮਿਕ ਵਿਚਾਰਧਾਰਾਵਾਂ ਅਨੁਸਾਰ ਆਤਮਾ ਦੀ ਇਹ ਅਵਸਥਾ ਵੀ ਵੱਖ-ਵੱਖ ਤਰਾਂ ਨਾਲ ਬਿਆਨ ਕੀਤੀ ਗਈ ਹੈ। ਭਾਰਤੀ ਧਰਮਾਂ ਅਨੁਸਾਰ ਮਨੁੱਖੀ ਆਤਮਾ ਨੂੰ ਚੌਰਾਸੀ ਲੱਖ ਜੂਨਾਂ ਵਿਚ ਭਟਕਣਾ ਪੈਂਦਾ ਹੈ। ਬਾਰ-ਬਾਰ ਜਨਮ ਮਰਨ ਦੇ ਚੱਕਰ ਵਿਚ ਭਟਕਦੀ ਹੋਈ ਆਤਮਾ ਅਨੇਕਾਂ ਕਿਸਮ ਦੇ ਦੁੱਖ ਸਹਿੰਦੀ ਹੈ। ਜਨਮ ਅਤੇ ਮੌਤ ਆਪਣੇ ਆਪ ਵਿਚ ਬੇਹੱਦ ਦੁਖਦਾਈ ਸਥਿਤੀਆਂ ਹੁੰਦੀਆਂ ਹਨ। ਆਤਮਾ ਦੁਆਰਾ ਜਨਮ-ਮਰਨ ਦੇ ਚੱਕਰ ਤੋਂ ਛੁਟਕਾਰਾ ਹੀ ਉਸ ਦੀ ਮੁਕਤ ਅਵਸਥਾ ਅਤੇ ਆਖਰੀ ਮੰਜ਼ਿਲ ਹੈ। ਸਾਮੀ ਧਰਮਾਂ ਅਨੁਸਾਰ ਮਨੁੱਖੀ ਆਤਮਾ ਦਾ ਸਵਰਗ ਵਿਚ ਪਰਵੇਸ਼ ਹੀ ਉਸ ਦੀ ਅੰਤਿਮ ਮੰਜ਼ਿਲ ਹੈ। ਕਿਉਂਕਿ ਜੀਵਨ ਵਿਚ ਇਨਸਾਨ ਜੋ ਕਰਮ ਕਰਦਾ ਹੈ ਉਹਨਾਂ ਦਾ ਫਲ ਹਰ ਇੱਕ ਨੂੰ ਭੁਗਤਣਾ ਹੀ ਪੈਂਦਾ ਹੈ। ਉਸ ਵਾਸਤੇ ਜੇ ਚੰਗੇ ਕਰਮ ਹੋਣ ਤਾਂ ਸਵਰਗ ਮਿਲਦਾ ਹੈ ਅਤੇ ਜੇ ਬੁਰੇ ਕਰਮ ਹੋਣ ਤਾਂ ਨਰਕ ਮਿਲਦਾ ਹੈ। ਸਾਮੀ ਧਰਮਾਂ ਅਨੁਸਾਰ ਮਨੁੱਖੀ ਆਤਮਾ ਆਪਣੀ ਮੁਕਤ ਅਵਸਥਾ ਵਿਚ ਸਦੀਵੀ ਤੌਰ ਤੇ ਸਵਰਗ ਵਿਚ ਰਹਿੰਦੀ ਹੈ ਜਿਥੇ ਹਰ ਤਰਾਂ ਦਾ ਸੁਖ ਹੁੰਦਾ ਹੈ, ਪਰ ਇਸ ਦੇ ਉਲਟ ਬੁਰੀਆਂ ਆਤਮਾਵਾਂ ਨੂੰ ਸਦੀਵੀ ਦੁੱਖ ਭੋਗਣਾ ਪੈਂਦਾ ਹੈ। ਇਹ ਮਨੁੱਖੀ ਆਤਮਾ ਦੀ ਸਦੀਵੀ ਅਵਸਥਾ ਹੁੰਦੀ ਹੈ। ਇਸ ਸਦੀਵੀ ਦੁੱਖਦਾਈ ਅਵਸਥਾ ਤੋਂ ਛੁਟਕਾਰਾ ਪ੍ਰਾਪਤ ਕਰਕੇ ਮਨੁੱਖੀ ਆਤਮਾ ਨਿਰਵਾਣ ਜਾਂ ਮੁਕਤੀ ਚਾਹੁੰਦੀ ਹੈ ਅਤੇ ਇਹੀ ਮੁਕਤ ਅਵਸਥਾ ਹੀ ਉਸ ਦੀ ਹੋਂਦ ਦੀ ਅੰਤਿਮ ਮੰਜ਼ਿਲ ਹੈ।

ਸਿੱਖ ਧਰਮ ਅਨੁਸਾਰ ਮੁਕਤੀ :-

ਮਨੁੱਖੀ ਹੋਂਦ ਦੇ ਤਿੰਨ ਪ੍ਰਮੁੱਖ ਪਹਿਲੂ ਹੁੰਦੇ ਹਨ; ਮਨ, ਸਰੀਰ ਅਤੇ ਆਤਮਾ। ਇਹ ਤਿੰਨੋ ਪੱਖ ਆਪਸ ਵਿਚ ਇਸ ਤਰਾਂ ਜੁੜੇ ਹੋਏ ਹੁੰਦੇ ਹਨ ਕਿ ਇਹੀ ਮਿਲ ਕੇ ਮਨੁੱਖੀ ਹੋਂਦ ਦੀ ਸਮੁੱਚਤਾ ਨੂੰ ਪਰਵਾਨ ਚਾੜ੍ਹਦੇ ਹਨ। ਕੁਦਰਤੀ ਤੌਰ ਤੇ ਇਨ੍ਹਾਂ ਤਿੰਨਾਂ ਦੀ ਕਾਰਜ ਵਿਧੀ ਇਸ ਤਰਾਂ ਬਣਾਈ ਗਈ ਹੈ ਕਿ ਉਹ ਆਪਸ ਵਿਚ ਪਰਸਪਰ ਸੰਬੰਧੀ ਵੀ ਹਨ ਅਤੇ ਇਕ ਦੂਜੇ ਉਤੇ ਪ੍ਰਭਾਵੀ ਵੀ ਰਹਿੰਦੇ ਹਨ। ਸਰੀਰ ਨੂੰ ਰੱਥ, ਮਨ ਨੂੰ ਬੈਲ ਅਤੇ ਆਤਮਾ ਨੂੰ ਰਥਵਾਨ ਮੰਨਿਆ ਗਿਆ ਹੈ। ਮਨ ਰੂਪੀ ਬੈਲ ਲਗਾਤਾਰ ਆਤਮਾ ਰੂਪੀ ਰਥਵਾਨ ਤੋਂ ਬੇਮੁੱਖ ਹੋ-ਕੇ ਆਪਹੁਦਰਾਪਨ ਕਰਦਾ ਰਹਿੰਦਾ ਹੈ। ਮਨ ਦਾ ਆਪਹੁਦਰਾਪਨ ਹੀ ਅਸਲ ਵਿਚ ਮਨੁੱਖ ਲਈ ਦੁੱਖ ਦਾ ਕਾਰਨ ਵੀ ਹੈ ਅਤੇ ਇਹੀ ਉਸ ਨੂੰ ਬੰਧਨ ਵਿਚ ਜਕੜੀ ਰੱਖਦਾ ਹੈ।

ਗੁਰਬਾਣੀ ਅਨੁਸਾਰ ਸਰੀਰ ਪੰਜ ਅਸਥੂਲ ਤੱਤਾਂ (ਅੱਗ, ਪਾਣੀ, ਹਵਾ, ਧਰਤੀ, ਆਕਾਸ਼) ਦਾ ਬਣਿਆ ਹੋਇਆ ਹੈ, ਪਰ ਮਨ ਸੂਖਮ ਹੈ। ਉਹ ਬੇਹੱਦ ਗਤੀਸ਼ੀਲ ਵਿਚਾਰਾਂ ਦਾ ਸਮੂਹ ਹੈ ਜੋ ਲਗਾਤਾਰ ਸਰੀਰ ਦੀ ਹਰ ਕ੍ਰਿਆ ਉਤੇ ਪ੍ਰਭਾਵੀ ਰਹਿੰਦਾ ਹੈ। ਮਨ ਹੀ ਸਰੀਰ ਤੋਂ ਵੱਖ-ਵੱਖ ਸਮੇਂ ਤੇ ਵੱਖ-ਵੱਖ ਤਰ੍ਹਾਂ ਦੇ ਕਰਮ ਕਰਵਾਉਂਦਾ ਰਹਿੰਦਾ ਹੈ। ਇਹੀ ਕਾਰਨ ਹੈ ਕਿ ਕਰਮ ਮਨ ਕਰਵਾਉਂਦਾ ਹੈ, ਪਰ ਉਨ੍ਹਾਂ ਦਾ ਫਲ ਸਰੀਰ ਨੂੰ ਭੋਗਣਾ ਪੈਂਦਾ ਹੈ ਕਿਉਂਕਿ ਕਰਤਾ ਸਰੀਰ ਹੁੰਦਾ ਹੈ। ਮਨ ਦੇ ਵਿਚਾਰ ਅਤੇ ਕਰਮ ਮਿਲ ਕੇ ਸੰਸਕਾਰਾਂ ਦੀ ਇਕ ਐਸੀ ਲੜੀ ਬਣਾਉਂਦੇ ਹਨ ਕਿ ਉਹ ਲਗਾਤਾਰ ਆਤਮਾ ਨੂੰ ਘੇਰੀ ਰੱਖਦੇ ਹਨ। ਸਿੱਖ ਧਰਮ ਅਨੁਸਾਰ ਬੇਸ਼ੱਕ ਆਤਮਾ ਪਰਮਾਤਮਾ ਦੀ ਅੰਸ਼ ਹੈ, ਪਰ ਉਹ ਸਰੀਰ ਵਿਚ ਸਥਿਤ ਹੈ ਅਤੇ ਮਨ ਦੇ ਪਰਦਿਆਂ ਵਿਚ ਕੈਦ ਹੈ। ਆਤਮਾ ਦਾ ਮਨ ਰੂਪੀ ਬੰਧਨ ਤੋਂ ਮੁਕਤ ਹੋ ਕੇ ਆਪਣੇ ਤੱਤ ਸਰੂਪ ਵਿਚ ਵਾਪਸ ਮਿਲ ਜਾਣਾ ਹੀ ਆਤਮਿਕ ਸੰਪੂਰਨਤਾ ਕਹਾਉਂਦਾ ਹੈ। ਸੰਪੂਰਨ ਬ੍ਰਹਿਮੰਡੀ ਸ਼ਕਤੀ ਦੇ ਰੂਪ ਵਿਚ ਉਹੀ ਪਰਮਾਤਮਾ ਹੈ ਅਤੇ ਵਿਅਕਤੀ ਦੀ ਅੰਦਰੂਨੀ ਸ਼ਕਤੀ ਦੇ ਰੂਪ ਵਿਚ ਉਹੀ ਆਤਮਾ ਹੈ। ਇਹ ਜਿੰਨਾ ਵੀ ਸੰਸਾਰ ਸਾਨੂੰ ਨਜ਼ਰ ਆਉਂਦਾ ਹੈ ਇਸ ਨੂੰ ਰਚਣ ਵਾਲਾ ਪ੍ਰਭੂ ਇਸ ਸੰਸਾਰ ਦੇ ਤੱਤ ਸਰੂਪ ਜਾਂ ਉਸ ਦੀ ਅੰਤਰ ਆਤਮਾ ਦੇ ਰੂਪ ਵਿਚ ਇਸ ਵਿਚ ਵਿਦਮਾਨ ਹੈ। ਜੀਵਾਂ ਦਾ ਅਸਲੀ ਤੇ ਅੰਦਰੂਨੀ ਸਰੂਪ ਉਹਨਾਂ ਦੇ ਬਾਹਰੀ ਕੁਦਰਤੀ ਤੱਤਾਂ ਦੇ ਬਣੇ ਹੋਏ ਸਰੀਰ ਹੀ ਨਹੀਂ ਹੁੰਦੇ ਸਗੋਂ ਉਹਨਾਂ ਵਿਚ ਜੋਤ ਸਰੂਪ ਵਿਚ ਵਿਦਮਾਨ ਉਹਨਾਂ ਦੀ ਆਤਮਾ ਹੁੰਦੀ ਹੈ ਜੋ ਪ੍ਰਭੂ ਦਾ ਸਰੂਪ ਹੈ। ਗੁਰੂ ਸਾਹਿਬਾਂ ਨੇ ਫੁਰਮਾਇਆ ਹੈ:

> ਏਹੁ ਵਿਸੁ ਸੰਸਾਰੁ ਤੁਮ ਦੇਖਦੇ
> ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥[1]

ਆਪਣੇ ਅਸਲੀ ਸਰੂਪ ਤੋਂ ਵਿਛੜੇ ਹੋਣ ਕਰਕੇ ਆਤਮਾ ਸਦੀਵੀ ਵਿਛੋੜੇ ਵਿਚ ਲਿਪਟੀ ਰਹਿੰਦੀ ਹੈ। ਮਨ ਦੀ ਅਗਿਆਨਤਾ ਕਰਕੇ ਆਤਮਾ ਉਪਰ ਮੈਲ ਦੇ ਪਰਦੇ ਚੜ੍ਹੇ ਹੋਏ ਹੁੰਦੇ ਹਨ ਜਿਸ ਕਰਕੇ ਆਤਮਾ ਅਤੇ ਪਰਮਾਤਮਾ ਵਿਚ ਭੇਦ ਜਾਂ ਵਿਛੋੜਾ ਬਣਿਆ ਰਹਿੰਦਾ

---

1. ਗੁਰੂ ਗ੍ਰੰਥ ਸਾਹਿਬ, ਪੰਨਾ 922.

ਹੈ। ਇਹੀ ਕਾਰਨ ਹੈ ਕਿ ਜੀਵ ਨੂੰ ਆਪਣੇ ਦੁੱਖ ਦੇ ਅਸਲੀ ਕਾਰਣ ਦਾ ਗਿਆਨ ਨਹੀਂ ਹੁੰਦਾ। ਇਹ ਵਿਛੋੜਾ ਉਸ ਦੇ ਮਨ ਅੰਤਰ ਵਿਚ ਹਮੇਸ਼ਾਂ ਬੇਚੈਨੀ ਪੈਦਾ ਕਰੀ ਰੱਖਦਾ ਹੈ। ਇਹ ਉਸ ਦਾ ਮਾਨਸਿਕ ਦੁੱਖ ਹੁੰਦਾ ਹੈ, ਪਰ ਭੌਤਿਕ ਤੱਤਾਂ ਦੇ ਬਣੇ ਹੋਏ ਹੋਣ ਕਰਕੇ ਮਨੁੱਖ ਕਈ ਤਰਾਂ ਦੇ ਸਰੀਰਕ ਦੁੱਖ ਵੀ ਭੋਗਦਾ ਹੈ। ਦੁੱਖ ਭੋਗਦਾ ਹੋਇਆ ਮਨੁੱਖ ਦੁੱਖਾਂ ਦੇ ਬੰਧਨ ਤੋਂ ਛੁਟਕਾਰਾ ਪ੍ਰਾਪਤ ਕਰਨਾ ਚਾਹੁੰਦਾ ਹੈ। ਇਸ ਤਰ੍ਹਾਂ ਅਧਿਆਤਮਕ, ਮਾਨਸਿਕ ਅਤੇ ਸਰੀਰਕ ਦੁੱਖਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਦੀ ਇੱਛਾ ਹੀ ਉਸ ਦੀ ਸਮੁੱਚੀ ਹੋਂਦ ਦਾ ਉਦੇਸ਼ ਹੋ ਜਾਂਦਾ ਹੈ। ਮਨੁੱਖ ਦੁਆਰਾ ਆਪਣੇ ਜੀਵਨ ਸਮੇਂ ਵਿਚ ਦੁੱਖਾਂ ਦੇ ਇਨ੍ਹਾਂ ਬੰਧਨਾਂ ਵਿਚੋਂ ਨਿਕਲਨਾ ਹੀ ਉਸ ਲਈ ਮੁਕਤੀ ਹੈ। ਇਸ ਬੰਧਨ ਤੋਂ ਮੁਕਤੀ ਨੂੰ ਕਈ ਤਰ੍ਹਾਂ ਦੇ ਨਾਮ ਦਿੱਤੇ ਗਏ ਹਨ। ਇਸ ਕਰਕੇ ਸਿੱਖ ਧਰਮ ਅਨੁਸਾਰ ਇਕ ਤਾਂ ਮਨੁੱਖ ਨੇ ਦੁੱਖਾਂ ਕਲੇਸ਼ਾਂ ਤੋਂ ਆਪਣੇ ਆਪ ਨੂੰ ਆਜ਼ਾਦ ਕਰਵਾਉਣਾ ਹੈ, ਦੂਜਾ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋਣਾ ਹੁੰਦਾ ਹੈ।

ਜਿੰਨੀ ਵੀ ਰਚਨਾ ਪਰਮਾਤਮਾ ਨੇ ਕੀਤੀ ਉਸ ਵਿਚੋਂ ਮਨੁੱਖ ਨੂੰ ਪਰਧਾਨਤਾ ਹਾਸਿਲ ਹੈ ਕਿਉਂਕਿ ਮਨੁੱਖ ਹੀ ਇਕ ਮਾਤਰ ਇਹੋ ਜਿਹਾ ਪ੍ਰਾਣੀ ਹੈ ਜੋ ਬਾਕੀ ਸਾਰੇ ਜੀਵਾਂ ਤੋਂ ਵੱਧ ਮਾਨਸਿਕ ਅਤੇ ਅਧਿਆਤਮਿਕ ਚੇਤਨਤਾ ਦਾ ਧਾਰਨੀ ਹੈ। ਇਸੇ ਕਰਕੇ ਇਹ ਕੇਵਲ ਮਨੁੱਖ ਹੀ ਹੈ ਜੋ ਆਪਣੇ ਆਪ ਦੀ ਅਸਲੀ ਹਾਲਤ ਵਿਚ ਆਉਣ ਲਈ ਵਿਕਸਿਤ ਹੋ ਸਕਦਾ ਹੈ। ਸਿੱਖ ਧਰਮ ਅਨੁਸਾਰ ਆਤਮਾ ਦੀ ਸੰਪੂਰਨ ਅਵਸਥਾ ਅਸਲ ਵਿਚ ਇੰਨੀ ਵਿਕਸਿਤ ਅਵਸਥਾ ਹੈ ਕਿ ਉਸ ਵਿਚ ਆਤਮਾ ਆਪ ਪਰਮਾਤਮ ਰੂਪ ਹੋ ਜਾਂਦੀ ਹੈ। ਉਹ ਆਪਣੇ ਤੱਤ ਰੂਪ ਵਿਚ ਪਰਮਾਤਮਾ ਵਿਚ ਅਭੇਦ ਹੀ ਹੋ ਜਾਂਦੀ ਹੈ। ਅਭੇਦਤਾ ਦੀ ਇਹ ਅਵਸਥਾ ਉਸ ਨੂੰ ਪਰਮਾਤਮਾ ਬਣਾ ਦਿੰਦੀ ਹੈ।

ਪਰ ਇਹ ਵੀ ਮੰਨਿਆ ਗਿਆ ਹੈ ਕਿ ਭਾਵੇਂ ਆਤਮਾ ਪਰਮਾਤਮਾ ਦੀ ਹੀ ਅੰਸ਼ ਹੈ, ਪਰ ਫਿਰ ਵੀ ਜੀਵ ਆਪਣੇ ਕਰਮਾਂ ਦੇ ਆਧਾਰ ਤੇ ਕਈ ਖਾਸ ਜਨਮ ਧਾਰਨ ਕਰਦੇ ਹਨ। ਕਰਮਾਂ ਦੇ ਚੰਗੇ ਜਾਂ ਬੁਰੇ ਹੋਣ ਕਰਕੇ ਆਤਮਾ ਦੀ ਸਥਿਤੀ ਨਿਰਧਾਰਤ ਹੁੰਦੀ ਹੈ। ਭਾਰਤੀ ਧਾਰਮਿਕ ਵਿਚਾਰਧਾਰਾ ਅਨੁਸਾਰ ਕੁੱਲ ਚੌਰਾਸੀ ਲੱਖ ਜੂਨਾਂ ਮੰਨੀਆਂ ਗਈਆਂ ਹਨ। ਆਪਣੇ ਕਰਮਾਂ ਦੇ ਆਧਾਰ 'ਤੇ ਜੀਵ ਇਨ੍ਹਾਂ ਚੌਰਾਸੀ ਲੱਖ ਜੂਨਾਂ ਵਿਚ ਭਟਕਦੇ ਰਹਿੰਦੇ ਹਨ। ਉਹਨਾਂ ਵਿਚੋਂ ਕੇਵਲ ਮਨੁੱਖ ਦੀ ਜੂਨ ਹੀ ਐਸੀ ਹੈ ਜਦੋਂ ਜੀਵ ਜਨਮ-ਮਰਨ ਦੇ ਭਟਕਣ ਵਾਲੇ ਦੁੱਖਦਾਈ ਰਾਹ ਤੋਂ ਮੁਕਤ ਹੋ ਸਕਦਾ ਹੈ। ਗੁਰਮਤਿ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਇਕ ਪਾਸੇ ਆਤਮਾ ਜਨਮ-ਮਰਨ ਦੇ ਚੱਕਰ ਤੋਂ ਛੁਟਕਾਰਾ ਪ੍ਰਾਪਤ ਕਰਦੀ ਹੈ ਦੂਜੇ ਪਾਸੇ ਆਪਣੀ ਅਸਲੀ ਹੋਂਦ ਦੇ ਸਰੂਪ ਵਿਚ ਵਾਪਸ ਸਮਾ ਜਾਂਦੀ ਹੈ। ਇਹ ਅਵਸਥਾ ਹੁੰਦੀ ਹੈ ਆਤਮਾ ਦਾ ਪਰਮਾਤਮਾ ਵਿਚ ਅਭੇਦ ਹੋਣਾ ਜਿੱਥੋਂ ਉਹ ਹੋਂਦ ਵਿਚ ਆਈ ਹੁੰਦੀ ਹੈ ਅਤੇ ਜਿਥੇ ਉਸ ਨੇ ਆਪਣੀ ਅਸਲੀ ਹੋਂਦ ਹਾਸਿਲ ਕਰ ਕੇ ਵਾਪਸ ਅਭੇਦ ਹੋਣਾ ਹੁੰਦਾ ਹੈ। ਇਹ ਵੀ ਮੰਨਿਆ ਗਿਆ ਹੈ ਕਿ ਜੀਵ ਜਨਮ-ਮਰਨ ਦੇ ਚੱਕਰ ਦੌਰਾਨ ਚੰਗੇ ਜਾਂ ਬੁਰੇ ਕਰਮ ਕਰਦਾ ਹੋਇਆ ਵਿਚਰਦਾ ਰਹਿੰਦਾ ਹੈ ਅਤੇ ਉਹ ਕਰਮ ਉਸ ਦੀ ਆਤਮਾ ਦੇ ਪਰਦਿਆਂ ਦੇ ਰੂਪ ਵਿਚ ਲਿਪਟੀਆਂ ਸੰਸਕਾਰਾਂ ਦੀਆਂ ਤਹਿਆਂ ਬਣ ਕੇ ਸਦੀਵੀ ਨਿਸ਼ਾਨ ਪੈਦਾ ਕਰ ਦਿੰਦੇ ਹਨ। ਉਹਨਾਂ ਨਿਸ਼ਾਨਾਂ ਸਦਕਾ ਜੀਵ ਦੀ ਆਤਮਾ ਪੁਨਰ-ਜਨਮ ਅਖਤਿਆਰ ਕਰਦੀ

ਹੋਈ ਵੱਖ-ਵੱਖ ਜਨਮਾਂ ਵਿਚ ਭਟਕਦੀ ਰਹਿੰਦੀ ਹੈ। ਉਸ ਦੇ ਬੁਰੇ ਕਰਮ ਅਸਲ ਵਿਚ ਉਸ ਦੀ ਆਤਮਾ ਤੇ ਮੈਲੇ ਪਰਦੇ ਪਾ ਦਿੰਦੇ ਹਨ। ਕਰਮਾਂ ਦੇ ਇਹ ਮੈਲੇ ਪਰਦੇ ਜੀਵ ਨੂੰ ਉਸ ਦੀ ਅਸਲੀ ਮੰਜ਼ਿਲ; ਭਾਵ ਪ੍ਰਭੂ ਮਿਲਨ ਤੋਂ ਰੋਕ ਕੇ ਰੱਖਦੇ ਹਨ। ਉਹਨਾਂ ਮੈਲੇ ਪਰਦਿਆਂ ਨੂੰ ਉਤਾਰ ਕੇ ਹੀ ਜੀਵ-ਆਤਮਾ ਆਪਣੇ ਅਸਲੀ ਸਰੂਪ ਦੀ ਸ਼ੁਧਤਾ ਨੂੰ ਧਾਰਨ ਕਰ ਸਕਦੀ ਹੈ, ਪਰ ਇਹ ਸਾਰੀ ਵਿਧੀ ਇੰਨੀ ਆਸਾਨ ਨਹੀਂ ਜਿੰਨੀ ਸੁਣਨ ਜਾਂ ਪੜ੍ਹਨ ਨੂੰ ਲੱਗਦੀ ਹੈ।

ਮਨੁੱਖੀ ਹੋਂਦ ਦੀ ਮਹੱਤਤਾ:-

ਸਿੱਖ ਧਰਮ ਦਰਸ਼ਨ ਅਨੁਸਾਰ ਮੰਨਿਆ ਗਿਆ ਹੈ ਕਿ ਕੇਵਲ ਮਨੁੱਖੀ ਜੀਵਨ ਹੀ ਐਸੀ ਅਵਸਥਾ ਹੈ ਜਦੋਂ ਆਤਮਾ ਮੁਕਤੀ ਪ੍ਰਾਪਤ ਕਰ ਸਕਦੀ ਹੈ। ਸੰਸਾਰ ਤੇ ਤਕਰੀਬਨ ਸਾਰੇ ਧਰਮਾਂ ਨੇ ਇਸ ਤੱਤ ਨੂੰ ਮਾਨਤਾ ਦਿੱਤੀ ਹੈ ਕਿ ਮਨੁੱਖੀ ਹੋਂਦ ਸਭ ਤਰ੍ਹਾਂ ਦੇ ਜੀਵਾਂ ਤੋਂ ਉੱਤਮ ਹੈ ਕਿਉਂਕਿ ਉਹ ਮਾਨਸਿਕ ਅਤੇ ਸਮਾਜਿਕ ਤੌਰ ਤੇ ਸਭ ਤੋਂ ਵਿਕਸਿਤ ਪ੍ਰਾਣੀ ਹੋਣ ਦੇ ਨਾਲ-ਨਾਲ ਅਧਿਆਤਮਿਕ ਤੌਰ ਤੇ ਵੀ ਜ਼ਿਆਦਾ ਚੇਤੰਨ ਪ੍ਰਾਣੀ ਹੈ। ਸਭ ਜੀਆਂ ਜੰਤਾਂ ਵਿਚੋਂ ਕੇਵਲ ਮਨੁੱਖ ਨੂੰ ਹੀ ਪਰਮਾਤਮਾ ਦੇ ਗਿਆਨ ਅਤੇ ਪ੍ਰਭੂ ਪ੍ਰੇਮ ਦਾ ਮਾਣ ਪ੍ਰਾਪਤ ਹੋ ਸਕਦਾ ਹੈ ਇਸ ਖਿਆਲ ਨੂੰ ਚੰਗੀ ਤਰ੍ਹਾਂ ਦਰਸਾਉਣ ਲਈ ਗੁਰੂ ਸਾਹਿਬ ਨੇ ਮਨੁੱਖੀ ਜੂਨ ਦੀ ਵਿਸ਼ੇਸ਼ਤਾ ਨੂੰ ਬਾਰੰਬਾਰ ਕਥਨ ਕੀਤਾ ਹੈ। ਜੀਵਾਂ ਦੇ ਸ਼ਰੀਰਕ ਰੰਗ ਰੂਪ ਵਿਚ ਇਕ ਦੂਜੇ ਨਾਲੋਂ ਭਿੰਨ-ਭੇਦ ਹੈ, ਇਸ ਲਈ ਗੁਰੂ ਸਾਹਿਬ ਨੇ ਮਨੁੱਖਾ ਜਨਮ ਦੀ ਵਿਸ਼ੇਸ਼ਤਾ ਦੱਸਣ ਲਈ ਮਨੁੱਖ ਦੀ ਸ਼ਰੀਰਕ ਸੁੰਦਰਤਾ ਨੂੰ ਦਰਸਾਇਆ ਹੈ। ਉਹਨਾਂ ਮਨੁੱਖੀ ਸਰੀਰ ਨੂੰ ਹਰੀ-ਮੰਦਰ ਕਿਹਾ ਹੈ, ਇਸ ਸਰੀਰ ਦੁਆਰਾ ਹੀ ਪਰਮਾਤਮਾ ਨਾਲ ਮੇਲ ਹੋ ਸਕਦਾ ਹੈ। ਗੁਰੂ ਸਾਹਿਬ ਨੇ ਨੇ ਫੁਰਮਾਇਆ ਹੈ:

> ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ॥
> ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ॥[2]
> ਉਨ੍ਹਾਂ ਅੱਗੇ ਲਿਖਿਆ ਹੈ ਕਿ:
> ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ॥
> ਸਚੈ ਆਪਣਾ ਖੇਲੁ ਰਚਾਇਆ ਆਵਾਗਉਣੁ ਪਾਸਾਰਾ॥[3]

ਗੁਰਮਤਿ ਅਨੁਸਾਰ ਇਹ ਵੀ ਮੰਨਿਆ ਗਿਆ ਹੈ ਕਿ ਦੇਵਤੇ ਵੀ ਮਨੁੱਖਾ ਸਰੀਰ ਲਈ ਤਰਸਦੇ ਹਨ ਕਿਉਂਕਿ ਕੇਵਲ ਮਨੁੱਖਾ ਸਰੀਰ ਰਾਹੀਂ ਮੁਕਤੀ ਦਾ ਦਰਵਾਜ਼ਾ ਖੁੱਲ ਸਕਦਾ ਹੈ। ਭਾਰਤੀ ਦਰਸ਼ਨ ਤੋਂ ਬਾਅਦ ਸਿੱਖ ਧਰਮ ਦਰਸ਼ਨ ਵਿਚ ਵੀ ਮੰਨਿਆ ਗਿਆ ਹੈ ਕਿ ਜੀਵ ਆਤਮਾ ਚੌਰਾਸੀ ਲੱਖ ਜੂਨਾਂ ਵਿਚੋਂ ਭਟਕਦੀ ਹੋਈ ਅਖੀਰ ਵਿਚ ਮਨੁੱਖਾ ਸਰੀਰ ਧਾਰਨ ਕਰਦੀ ਹੈ। ਇਹ ਮੁਕਤੀ ਪ੍ਰਾਪਤ ਕਰਨ ਦੀ ਵਾਰੀ ਹੁੰਦੀ ਹੈ। ਇਸ ਜਨਮ ਵਿਚ ਉਸ ਦਾ ਹੋਰ ਕੋਈ ਕੰਮ ਨਹੀਂ ਹੁੰਦਾ ਉਸ ਨੇ ਕੇਵਲ ਪ੍ਰਭੂ ਦੀ ਭਗਤੀ ਹੀ ਕਰਨੀ ਹੁੰਦੀ ਹੈ ਜਿਸ ਨਾਲ ਉਸ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ। ਇਸ ਜਨਮ ਨੂੰ ਵਿਅਰਥ ਗੁਆਉਣ ਤੋਂ ਬਾਅਦ

---

2. ਗੁਰੂ ਗ੍ਰੰਥ ਸਾਹਿਬ, ਪੰਨਾ 952.
3. ਉਹੀ, ਪੰਨਾ 754.

ਮਨੁੱਖ ਨੂੰ ਦੁਬਾਰਾ ਚੌਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਮੁੜ ਘੁੰਮਣਾ ਪੈਂਦਾ ਹੈ। ਇਸ ਕਰਕੇ ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਮਨੁੱਖਾ ਜਨਮ ਬੇਹੱਦ ਕੀਮਤੀ ਹੈ ਇਸ ਨੂੰ ਵਿਅਰਥ ਨਹੀਂ ਗੁਆਉਣਾ ਚਾਹੀਦਾ। ਮਨੁੱਖਾ ਜਨਮ ਦੀ ਮਹੱਤਤਾ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਜਗ੍ਹਾ ਪ੍ਰਮਾਣ ਮਿਲਦੇ ਹਨ। ਜਿਵੇਂ:-

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥[4]

ਭਗਤ ਕਬੀਰ ਇਸ ਬਾਰੇ ਇਸ ਤਰ੍ਹਾਂ ਫਰਮਾਉਂਦੇ ਹਨ ਕਿ:

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥[5]

ਗੁਰੂ ਜੀ ਦਾ ਫ਼ੁਰਮਾਨ ਹੈ:

ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ॥[6]

ਇਹ ਮਨੁੱਖਾ ਜਨਮ ਹੀ ਹੁੰਦਾ ਹੈ ਜਦੋਂ ਮਨੁੱਖ ਵਕਤ ਸੰਭਾਲ ਸਕਦਾ ਹੈ ਅਤੇ ਉਹ ਹੈ ਗੁਰੂ ਦਾ ਕਿਹਾ ਮੰਨ ਕੇ ਅੰਤਿਮ ਸੱਚ ਨੂੰ ਜਾਨਣਾ ਅਤੇ ਪ੍ਰਭੂ ਦੀ ਭਗਤੀ ਕਰਨਾ ਜੋ ਆਪ ਹੀ ਅੰਤਿਮ ਸੱਚ ਹੈ। ਡਾ. ਸੰਤੋਖ ਸਿੰਘ ਦਾ ਕਹਿਣਾ ਹੈ ਕਿ:

ਇਸ ਬ੍ਰਹਿਮੰਡ ਵਿਚ ਕੇਵਲ ਮਨੁੱਖ ਹੀ ਇਕ ਮਾਤਰ ਪ੍ਰਾਣੀ ਹੈ ਜੋ ਚੇਤਨ ਸੂਝ ਦਾ ਧਾਰਨੀ ਹੈ ਅਤੇ ਜੋ ਆਪਣੀ ਸੋਚ, ਕੰਮ, ਕਾਰਜ ਵਿਧੀ ਨੂੰ ਨਿਯਮਬੱਧ ਕਰਨ ਲਈ ਆਪਣੀ ਮਰਜ਼ੀ ਵਰਤ ਸਕਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਹ ਇਸ ਸੰਸਾਰ ਦਾ ਸਿਰਮੌਰ ਪ੍ਰਾਣੀ ਹੈ। ਭਾਵੇਂ ਉਸ ਦੀ ਕੁਦਰਤੀ ਹੋਂਦ ਹੈ, ਪਰ ਉਸ ਦੀਆਂ ਇੱਛਾਵਾਂ ਅਧਿਆਤਮਿਕ ਸੁਭਾਅ ਦੀਆਂ ਹਨ। ਉਹ ਉਸ ਹਕੀਕਤ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਜੋ ਸਰਬੋਤਮ ਹੈ, ਜੋ ਅੰਤਿਮ ਹੈ ਜਾਂ ਜਿਸ ਤੋਂ ਉਪਰ ਹੋਰ ਕੋਈ ਨਹੀਂ ਹੈ। ਮਨੁੱਖ ਸੰਪੂਰਨਤਾ ਤੋਂ ਘੱਟ ਕਿਤੇ ਵੀ ਸਮਝੌਤਾ ਨਹੀਂ ਕਰਦਾ। ਅੰਤਿਮ ਸੱਚਾਈ ਹੀ ਉਸ ਲਈ ਅੰਤਿਮ ਕੀਮਤ ਹੈ, ਜਿਸ ਨੂੰ ਉਸ ਨੇ ਪ੍ਰਾਪਤ ਕਰਨ ਦੀ ਇੱਛਾ ਕਰਨੀ ਹੁੰਦੀ ਹੈ। ਸਿੱਖ ਅਧਿਆਤਮਿਕ ਵਿਚਾਰਧਾਰਾ ਅਨੁਸਾਰ, ਪਰਮਾਤਮਾ ਅੰਤਿਮ ਸੱਚਾਈ ਹੈ ਅਤੇ ਮਨੁੱਖ ਉਸ ਸੱਚ ਨੂੰ ਪ੍ਰਾਪਤ ਕਰਨ ਲਈ ਯੋਗ ਹੈ, ਜਿਸ ਨੂੰ ਉਹ ਉਸ ਇਲਾਹੀ ਜੋਤ ਦੇ ਰੂਪ ਵਿਚ ਪ੍ਰਾਪਤ ਕਰ ਸਕਦਾ ਹੈ ਜੋ ਉਸ ਦੇ ਆਪਣੇ ਅੰਦਰ ਹੀ ਮੌਜੂਦ ਹੁੰਦੀ ਹੈ।[7]

ਮਨੁੱਖੀ ਹੋਂਦ ਨੂੰ ਇਸ ਕਰਕੇ ਵੀ ਮਹੱਤਵਪੂਰਨ ਮੰਨਿਆ ਗਿਆ ਹੈ ਕਿਉਂਕਿ

4. ਗੁਰੂ ਗ੍ਰੰਥ ਸਾਹਿਬ, ਪੰਨਾ 12.
5. ਗੁਰੂ ਗ੍ਰੰਥ ਸਾਹਿਬ, ਪੰਨਾ 1366.
6. ਗੁਰੂ ਗ੍ਰੰਥ ਸਾਹਿਬ, ਪੰਨਾ 220.
7. ਸੰਤੋਖ ਸਿੰਘ, ਫਿਲੋਸੋਫੀਕਲ ਫਾਊਂਡੇਸ਼ਨ ਆਫ ਦੀ ਸਿੱਖ ਵੈਲਿਉ ਸਿਸਟਮ, ਪੰਨਾ 51.

ਮਨੁੱਖ ਵਿਚ ਚੇਤਨਾ ਦਾ ਸਤਰ ਬਾਕੀ ਜੀਵਾਂ ਤੋਂ ਜ਼ਿਆਦਾ ਹੁੰਦਾ ਹੈ। ਉਸ ਦਾ ਇਹੀ ਸਵੈ-ਚੇਤਨਾ ਦਾ ਸਤਰ ਉਸ ਨੂੰ ਇਸ ਸੋਝੀ ਵੱਲ ਪ੍ਰੇਰਿਤ ਕਰਦਾ ਹੈ ਕਿ ਉਹ ਅੰਤਿਮ ਉਦੇਸ਼ ਦੇ ਰੂਪ ਵਿਚ ਕੀ ਪ੍ਰਾਪਤ ਕਰਨਾ ਚਾਹੁੰਦਾ ਹੈ। ਮਨੁੱਖੀ ਚੇਤਨਾ ਦੇ ਆਮ ਤੌਰ ਤੇ ਚਾਰ ਪੱਖ ਮੰਨੇ ਗਏ ਹਨ, ਜਿਵੇਂ ਮਨ, ਬੁੱਧੀ, ਚਿਤ ਅਤੇ ਅਹੰਕਾਰ। ਮਨ ਹੈ, ਕਿਸੇ ਵੀ ਤਰ੍ਹਾਂ ਦਾ ਵਿਚਾਰ। ਬੁੱਧੀ ਹੈ, ਉਸ ਵਿਚਾਰ ਨੂੰ ਗ਼ਲਤ ਜਾਂ ਸਹੀ ਰੂਪ ਵਿਚ ਦੇਖਣ ਦੀ ਸ਼ਕਤੀ। ਚਿਤ ਹੈ, ਵਿਚਾਰਾਂ ਨੂੰ ਵਾਪਰਦੇ ਹੋਏ ਮਹਿਸੂਸ ਕਰਨ ਦੀ ਚੇਤਨਾ ਅਤੇ ਅਹੰਕਾਰ ਹੈ, ਉਨ੍ਹਾਂ ਵਿਚਾਰਾਂ ਵਿਚੋਂ ਪੈਦਾ ਹੋਣ ਵਾਲੇ ਕਰਮ ਨੂੰ ਜਾਂ ਵਿਚਾਰਾਂ ਦਾ ਕਰਤਾ ਆਪਣੇ ਆਪ ਨੂੰ ਮੰਨ ਲੈਣਾ। ਮਨੁੱਖੀ ਹੋਂਦ ਦੀਆਂ ਇਨ੍ਹਾਂ ਚਾਰ ਸ਼ਕਤੀਆਂ ਨੂੰ ਅੰਤਹਕਰਣ ਵੀ ਕਿਹਾ ਜਾਂਦਾ ਹੈ। ਜਿਸ ਦਾ ਭਾਵ ਹੁੰਦਾ ਹੈ ਕਿ ਜਦੋਂ ਮਨੁੱਖ ਆਪਣੇ ਆਪ ਵਿਚ ਅੰਦਰੂਨੀ ਤੌਰ ਤੇ ਕ੍ਰਿਆਸ਼ੀਲ ਹੁੰਦਾ ਹੈ ਤਾਂ ਇਹੀ ਚਾਰ ਸ਼ਕਤੀਆਂ ਉਸ ਦਾ ਪ੍ਰੇਰਨਾ ਸ੍ਰੋਤ ਹੁੰਦੀਆਂ ਹਨ, ਪਰ ਮਨ ਇਹਨ੍ਹਾਂ ਸਾਰੀਆਂ ਸ਼ਕਤੀਆਂ ਤੋਂ ਪ੍ਰਬਲ ਹੈ। ਮਨ ਦਾ ਸਹੀ ਦਿਸ਼ਾ ਵਿਚ ਪ੍ਰੇਰਿਤ ਹੋਣਾ ਜਾਂ ਕਹਿ ਲਈਏ ਕਿ ਮਨ ਦਾ ਸਾਧਿਆ ਜਾਣਾ, ਬਾਕੀ ਸਾਰੀਆਂ ਸ਼ਕਤੀਆਂ ਨੂੰ ਪ੍ਰੇਰਿਤ ਅਤੇ ਪ੍ਰਭਾਵਿਤ ਕਰਦਾ ਹੈ। ਕਿਉਂਕਿ ਇਹ ਵੀ ਮੰਨਿਆ ਜਾ ਸਕਦਾ ਹੈ ਕਿ ਮਨ ਹੀ ਪੂਰੇ ਅੰਤਹਕਰਨ ਦਾ ਮੁੱਢਲਾ ਸ੍ਰੋਤ ਹੁੰਦਾ ਹੈ। ਮਨ ਦਾ ਸਾਧਿਆ ਜਾਣਾ, ਭਾਵ ਸਾਰੇ ਅੰਤਹਕਰਣ ਦਾ ਸਾਧਿਆ ਜਾਣਾ ਹੋ ਸਕਦਾ ਹੈ। ਕੇਵਲ ਮਨੁੱਖ ਮਾਤਰ ਹੀ ਇਕ ਐਸਾ ਪ੍ਰਾਣੀ ਹੈ ਜਿਸ ਵਿਚ ਅੰਤਹਕਰਣ ਨੂੰ ਸਮਝਣ ਦੀ ਸ਼ਕਤੀ ਹੈ। ਮਨੁੱਖੀ ਮਨ ਕੋਲ ਵਿਚਾਰ ਹੈ, ਵਿਚਾਰਾਂ ਦੇ ਸਹੀ ਜਾਂ ਗਲਤ ਹੋਣ ਦੀ ਸੂਝ ਹੈ, ਵਿਚਾਰਾਂ ਨੂੰ ਵਿਅਕਤ ਕਰਨ ਦੀ ਸੂਝ ਹੈ ਅਤੇ ਉਸ ਸੂਝ ਨੂੰ ਅਮਲੀ ਜਾਮਾ ਪਹਿਨਾਉਣ ਲਈ ਭਾਸ਼ਾ ਹੈ।

ਮਨੁੱਖੀ ਇਤਿਹਾਸ ਦੀ ਹੁੰਦਾ ਹੈ ਜਿਵੇਂ ਇਲਾਹੀ ਹੁਕਮ ਜਾਂ ਇਲਹਾਮ ਨਾਜ਼ਲ ਹੁੰਦਾ ਹੈ ਅਤੇ ਮਨੁੱਖੀ ਮਨ ਨਾਲ ਹੀ ਉਸ ਇਲਾਹੀ ਵਰਤਾਰੇ ਨੂੰ ਸਮਝਿਆ, ਸਮਝਾਇਆ ਅਤੇ ਜੀਵਿਆ ਜਾਂਦਾ ਹੈ। ਕੇਵਲ ਮਨੁੱਖਾ ਹੋਂਦ ਹੀ ਹੈ ਜਿਸ ਕੋਲ ਗੁਰੂ ਹੈ, ਧਰਮ ਗ੍ਰੰਥ ਹਨ, ਸਾਧ ਸੰਗਤ ਹੈ ਅਤੇ ਉਸ ਸਭ ਕੁਝ ਦੀ ਵਿਆਖਿਆ ਹੈ।

ਗੁਰੂ ਨਾਨਕ ਦੇ 'ਘਟਿ ਘਟਿ ਵਾਜੈ ਨਾਦਿ' ਅਤੇ ਗੁਰੂ ਅਰਜਨ ਦੇ ਹਵਾਲੇ 'ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ॥ ਘਟਿ ਘਟਿ ਸੁਨੀ ਸ੍ਰਵਨ ਬਖਾਣੀ' ਵਲ ਇਸ਼ਾਰਾ ਕਰਦਿਆਂ ਇਹ ਤਾਂ ਦੱਸਣ ਦੀ ਕ੍ਰਿਪਾ ਕੀਤੀ ਹੈ ਕਿ ਹਰ ਸਰੀਰ ਵਿਚ ਇਲਾਹੀ ਧੁਨ, ਜਿਸ ਨੂੰ ਅਨਹਦ ਧੁਨ ਕਿਹਾ ਗਿਆ ਹੈ, ਵਜ ਰਹੀ ਹੈ, ਪਰ ਉਸ ਨੂੰ ਸਮਝਣ, ਉਸ ਤਕ ਪਹੁੰਚਣ ਅਤੇ ਉਸ ਨੂੰ ਵਿਅਕਤ ਕਰਨ ਦੀ ਸ਼ਕਤੀ ਕੇਵਲ ਮਨੁੱਖ ਨੂੰ ਹੀ ਪ੍ਰਾਪਤ ਹੋਈ ਜਾਪਦੀ ਹੈ। ਗੁਰੂ ਨਾਨਕ ਦੇਵ ਜੀ ਸਿੱਧਾਂ ਨਾਲ ਵਾਰਤਾਲਾਪ ਕਰਦੇ ਹੋਏ ਕਹਿ ਰਹੇ ਹਨ:

ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ॥
ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ॥
ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ॥
ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ॥[8]

---

8. ਗੁਰੂ ਗ੍ਰੰਥ ਸਾਹਿਬ, ਪੰਨਾ 945.

ਉਪਰੀ ਸਤਹ ਤੋਂ ਵੀ ਦੇਖਣ ਤੇ ਮਾਲੂਮ ਹੁੰਦਾ ਹੈ ਕਿ ਆਮ ਜੀਵਨ ਵਿਚ ਹਰ ਪ੍ਰਾਣੀ ਮਹਿਜ ਆਪਣੀਆਂ ਸਰੀਰਕ ਜਰੂਰਤਾਂ ਪੂਰੀਆਂ ਕਰਨ ਤਕ ਮਹਿਦੂਦ ਰਹਿੰਦਾ ਹੈ। ਕੇਵਲ ਮਨੁੱਖ ਮਾਤਰ ਹੀ ਹੈ ਜੋ ਸਰੀਰ ਦੀਆਂ ਜਰੂਰਤਾਂ ਤੋਂ ਅੱਗੇ ਵੀ ਚੱਲਦਾ ਹੈ। ਉਸ ਦੇ ਸਰੀਰ ਤੋਂ ਬਿਨ੍ਹਾਂ ਉਸ ਦੇ ਮਨ ਦੀਆਂ ਜਰੂਰਤਾਂ ਵੀ ਹਨ ਜੋ ਉਸ ਨੂੰ ਹੋਰ ਅੱਗੇ, ਹੋਰ ਅੱਗੇ ਪ੍ਰਾਪਤੀਆਂ ਲਈ ਪ੍ਰੇਰਦੀਆਂ ਰਹਿੰਦੀਆਂ ਹਨ। ਫਲਸਰੂਪ ਮਨੱਖੀ ਮਨ ਕੇਵਲ ਸਰੀਰ ਦੀਆਂ ਜਰੂਰਤਾਂ ਤਕ ਸੀਮਿਤ ਨਹੀਂ ਰਹਿੰਦਾ। ਉਸ ਦੀਆਂ ਪ੍ਰਾਪਤੀਆਂ ਉਸ ਨੂੰ ਹਰ ਤਰ੍ਹਾਂ ਦੀ ਉਨਤੀ ਵੱਲ ਉਤਸਾਹਿਤ ਕਰਦੀਆਂ ਹਨ। ਉਸ ਦੀ ਅਸੰਤੁਸ਼ਟੀ ਹੀ ਉਸ ਲਈ ਵਰਦਾਨ ਹੋ ਨਿਬੜਦੀ ਹੈ। ਇਕ ਅਚੇਤ-ਚੇਤਨਾ ਮਨੁੱਖੀ ਮਨ ਵਿਚ ਪ੍ਰਬਲ ਹੁੰਦੀ ਹੈ ਜੋ ਉਸ ਨੂੰ ਉਸ ਦੇ ਅਸਲੀ ਠਿਕਾਣੇ ਤੇ ਪਹੁੰਚਣ ਲਈ ਮਜਬੂਰ ਕਰੀ ਰੱਖਦੀ ਹੈ। ਇਸ ਮਜਬੂਰੀ ਦੀ ਸੂਝ ਅਤੇ ਵਿਅਕਤ ਕਰਨ ਦੀ ਸਮਰਥਾ ਕੇਵਲ ਮਨੁੱਖਾਂ ਵਿਚ ਹੀ ਪਾਈ ਜਾਂਦੀ ਹੈ। ਇਹੀ ਕਾਰਨ ਹੈ ਕਿ ਮਨੁੱਖੀ ਹੋਂਦ ਕੁਦਰਤ ਦੇ ਬਾਕੀ ਸਾਰੇ ਪ੍ਰਾਣੀਆਂ ਤੋਂ ਸਿਰਮੌਰ ਹੁੰਦੀ ਹੈ, ਪਰ ਫਿਰ ਭੀ ਮਨੁੱਖ ਸਾਰੇ ਪ੍ਰਾਣੀਆਂ ਤੋਂ ਬਲਵਾਨ ਹੋਣ ਦੇ ਬਾਵਜੂਦ ਇੰਨਾ ਸ਼ਕਤੀਸ਼ਾਲੀ ਨਹੀਂ ਕਿ ਆਪਣੀ ਅੰਤਿਮ ਮੰਜ਼ਿਲ ਆਪਣੀ ਨਿਜੀ ਸਮਰਥਾ ਨਾਲ ਪ੍ਰਾਪਤ ਕਰ ਸਕੇ। ਇਸ ਕਰਕੇ ਇਸ ਨੂੰ ਉਸ ਉਦੇਸ਼ ਲਈ ਉਸ ਸਮਰਥਾਵਾਨ ਦੀ ਜ਼ਰੂਰਤ ਹੁੰਦੀ ਹੈ ਜੋ ਇਸ ਨੂੰ ਬਿਨਾਂ ਵਿਘਨ ਆਪਣੀ ਅਸਲੀ ਮੰਜ਼ਿਲ ਤਕ ਪਹੁੰਚਦਾ ਕਰ ਸਕੇ।

ਸੱਚੇ ਗੁਰੂ ਦੀ ਭੂਮਿਕਾ :-

ਪ੍ਰਭੂ ਦਾ ਫੁਰਮਾਨ ਹੈ ਕਿ ਪ੍ਰਭੂ ਨੇ ਦੁਨੀਆਂ ਦੇ ਸਮਸਤ ਲੋਕਾਂ ਨੂੰ ਉਨ੍ਹਾਂ ਦੇ ਵਿਚ ਪੈਗੰਬਰ ਭੇਜ ਕੇ, ਉਨਾਂ ਰਾਹੀਂ ਆਪਣਾ ਗਿਆਨ ਭੇਜਿਆ ਹੈ। ਕਿਉਂਕਿ ਪਰਮਾਤਮਾ ਇਕ ਹੈ ਤੇ ਉਸ ਦਾ ਗਿਆਨ ਵੀ ਇਕ ਹੈ। ਉਹ ਆਪ ਸਚੁ ਹੈ, ਸਦੀਵੀ ਹੈ, ਸਰਬ-ਵਿਆਪਕ ਹੈ ਅਤੇ ਉਸ ਦਾ ਗਿਆਨ ਵੀ ਸਚੁ, ਸਦੀਵੀ ਅਤੇ ਸਰਬ-ਵਿਆਪਕ ਹੈ। ਉਸ ਦਾ ਸਚੁ, ਉਸ ਦੇ ਗਿਆਨ ਦਾ ਸਚੁ ਭਾਂਵੇ ਹਜ਼ਾਰਾਂ ਸਾਲਾਂ ਤੋਂ ਮਨੁੱਖੀ ਇਤਿਹਾਸ ਦਾ ਵਿਆਪਕ ਹਿੱਸਾ ਰਿਹਾ ਹੈ, ਪਰ ਕਿਸੇ ਵੀ ਸਮਾਜ, ਸਮੇਂ ਅਤੇ ਸਥਾਨ ਦਾ ਵਿਅਕਤੀ ਆਪਣੇ ਤੌਰ ਤੇ ਅਜੇ ਤਕ ਇੰਨ੍ਹਾਂ ਸਮਰੱਥ ਨਹੀਂ ਹੋ ਸਕਿਆ ਕਿ ਪਰਮਾਤਮਾ ਦੇ ਸੱਚ ਦੇ ਸੱਚੇ ਗਿਆਨ ਤਕ ਆਪਣੀ ਅਕਲ ਸਮਝ ਅਤੇ ਆਪਣੀ ਵਿਅਕਤੀਗਤ ਜੁਗਤੀ ਨਾਲ ਪਹੁੰਚ ਸਕਿਆ ਹੋਵੇ। ਦੁਨੀਆਂ ਦੇ ਹਰ ਇਨਸਾਨ ਨੂੰ ਸੱਚ ਦੇ ਗਿਆਨ ਵਾਸਤੇ ਕਿਸੇ ਐਸੇ ਗੁਰੂ ਦੀ ਜ਼ਰੂਰਤ ਹੁੰਦੀ ਹੈ ਜੋ ਉਸ ਇਲਾਹੀ ਗਿਆਨ ਨੂੰ ਸਾਧਾਰਨ ਮਨੁੱਖ ਦੀ ਭਾਸ਼ਾ, ਜੀਵਨ ਸ਼ੈਲੀ ਅਤੇ ਉਸ ਦੇ ਨਿਜੀ ਅਤੇ ਸਮਾਜਕ ਸੰਦਰਭ ਵਿਚ ਸਮਝਣ ਗੋਚਰਾ ਕਰ ਸਕੇ। ਭਾਵੇਂ ਸੱਚ ਦਾ ਗਿਆਨ ਦੇਣ ਵਾਲੇ ਦਾ ਨਾਮ ਜਾਂ ਰੂਪ ਵੱਖ-ਵੱਖ ਸਮੇਂ ਅਤੇ ਸਥਾਨਕ ਹਾਲਾਤਾਂ ਵਿਚ ਵੱਖ-ਵੱਖ ਰਿਹਾ ਹੋਵੇ, ਪਰ ਬਿਨਾਂ ਸ਼ੱਕ ਧਾਰਮਿਕ ਮਾਹੌਲ ਦਾ ਸਮੁੱਚਾ ਇਤਿਹਾਸ ਇਸ ਤਕ ਦਾ ਗਵਾਹ ਹੈ ਕਿ ਕਿਸੇ ਵੀ ਮਨੁੱਖ ਨੂੰ ਆਪਣੀ ਵਿਅਕਤੀਗਤ ਸੂਝ ਨਾਲ ਸੱਚੇ ਗਿਆਨ ਦੀ ਪ੍ਰਾਪਤੀ ਨਹੀਂ ਹੋਈ। ਹਾਂ, ਭਾਵੇਂ ਉਸ ਸੂਝ ਦਾ ਮੂਲ ਸ਼੍ਰੋਤ ਉਸ ਦੇ ਆਪਣੇ ਅੰਦਰ ਹੀ ਹੈ, ਪਰ ਉਸ ਤਕ ਪਹੁੰਚਣ ਦੀ ਸੋਧ ਉਸ ਨੂੰ ਗੁਰੂ ਦੀ ਸਿੱਖਿਆ ਤੋਂ ਹੀ ਹਾਸਿਲ ਹੋਈ। ਸਮੇਂ, ਸਥਾਨ ਅਤੇ ਭਾਸ਼ਾਈ ਵਖਰੇਵਿਆਂ ਕਰਕੇ ਬੇਸ਼ਕ ਇਸ ਤਰ੍ਹਾਂ ਦੇ ਮਾਹੌਲ ਨੂੰ

ਵੱਖ-ਵੱਖ ਤਰ੍ਹਾਂ ਨਾਲ ਬਿਆਨ ਕਰ ਦਿੱਤਾ ਗਿਆ ਹੋਵੇ, ਪਰ ਜੇ ਮਨੁੱਖੀ ਹੋਂਦ ਦੀ ਸੱਚਾਈ ਇਕ ਹੈ, ਪਰਮਾਤਮਾ ਦੀ ਹੋਂਦ ਦੀ ਸੱਚਾਈ ਇਕ ਹੈ ਤਾਂ ਇਸ ਬਾਰੇ ਗਿਆਨ ਦੇਣ ਵਾਲੇ ਅਤੇ ਲੈਣ ਵਾਲਿਆਂ ਦੇ ਰਿਸ਼ਤੇ ਦੀ ਸੱਚਾਈ ਵੀ ਇਕੋ ਹੀ ਹੋਵੇਗੀ। ਇਸੇ ਕਰਕੇ ਗੁਰੂ ਸਾਹਿਬ ਨੇ ਕਿਹਾ ਹੈ ਕਿ:

ਏਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥[9]

ਜਾਂ

ਛਿਅ ਘਰ ਛਿਅ ਗੁਰ ਛਿਅ ਉਪਦੇਸ॥ ਗੁਰੁ ਗੁਰੁ ਏਕੋ ਵੇਸ ਅਨੇਕ॥[10]

ਭਾਰਤੀ ਧਾਰਮਿਕ ਪਰੰਪਰਾ ਅਨੁਸਾਰ ਗੁਰੂ ਉਸ ਸ਼ਖ਼ਸੀਅਤ ਨੂੰ ਕਿਹਾ ਜਾ ਸਕਦਾ ਹੈ ਜੋ ਇਕ ਤਾਂ ਆਪਣੇ ਵਿਦਿਆਰਥੀ ਨੂੰ ਗਿਆਨ ਪ੍ਰਦਾਨ ਕਰਦਾ ਹੈ, ਦੂਜਾ ਐਸਾ ਗਿਆਨ ਦਿੰਦਾ ਹੈ ਕਿ ਉਸ ਗਿਆਨ ਨਾਲ ਉਸ ਦਾ ਵਿਦਿਆਰਥੀ ਉਸ ਦੇ ਵਰਗਾ ਹੀ ਹੋ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ; ਗੁਰੂ ਸ਼ਬਦ, "ਗ੍ਰੀ ਧਾਤੂ ਤੋਂ ਬਣਿਆ ਹੈ, ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ, ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤਵਗਯਾਨ ਸਮਝਾਉਂਦਾ ਹੈ, ਉਹ ਗੁਰੂ ਹੈ, ਗੁਰਬਾਣੀ ਵਿਚ ਗੁਰ, ਗੁਰੁ ਅਤੇ ਗੁਰੂ ਸ਼ਬਦ ਇਕ ਹੀ ਅਰਥ ਵਿਚ ਆਏ ਹਨ।"[11]

ਭਾਈ ਸਾਹਿਬ ਨੇ ਗੁਰੂ ਦੀ ਸੰਗਿਆ ਧਰਮ ਉਪਦੇਸ਼ਟਾ, ਧਰਮ ਦਾ ਆਚਾਰਯ ਵੀ ਦੱਸੀ ਹੈ। ਸ੍ਰੀ ਗੁਰੂ ਹਰਿਗੋਬਿੰਦ ਨੇ ਚਾਰ ਪ੍ਰਕਾਰ ਦੇ ਗੁਰੂ ਦੱਸੇ ਹਨ:

(ੳ) ਭ੍ਰਿੰਗੀਗੁਰੁ, ਭ੍ਰਿੰਗੀ ਖਾਸ ਕਿਸਮ ਦੇ ਕੀੜੇ ਨੂੰ ਆਪ ਜੇਹਾ ਕਰ ਲੈਂਦਾ ਹੈ, ਪਰ ਹਰੇਕ ਕ੍ਰਿਮਿ ਨੂੰ ਨਹੀਂ।

(ਅ) ਪਾਰਸ ਗੁਰੁ, ਲੋਹੇ ਨੂੰ ਸੋਨਾ ਕਰਦਾ ਹੈ, ਪਰ ਪਾਰਸ ਰੂਪ ਕਿਸੇ ਨੂੰ ਨਹੀਂ ਕਰਦਾ।

(ੲ) ਵਾਮਨਚੰਦਨ ਗੁਰੁ, ਖਾਸ ਰੁੱਤ ਵਿਚ ਪਾਸ ਦੇ ਬਿਰਛਾਂ ਨੂੰ ਸੁਗੰਧਿ ਵਾਲਾ ਕਰ ਦਿੰਦਾ ਹੈ, ਪਰ ਸਾਰੀਆਂ ਰੁੱਤਾਂ ਵਿਚ ਨਹੀਂ ਅਤੇ ਬਾਂਸ ਨੂੰ ਕਿਸੇ ਰੁੱਤ ਵਿਚ ਭੀ ਸੁਗੰਧਿ ਵਾਲਾ ਨਹੀਂ ਕਰਦਾ।

(ਸ) ਦੀਪਕ ਗੁਰੁ, ਆਪਣੇ ਤੁੱਲ ਹੀ ਦੂਜੇ ਦੀਪਕ ਨੂੰ ਜੋਤਿ ਵਾਲਾ ਕਰ ਦਿੰਦਾ ਹੈ।[12]

ਸਿੱਖ ਧਰਮ ਵਿਚ ਗੁਰੂ ਨੂੰ ਦੀਪਕ ਦੀ ਸੰਗਿਆ ਇਸ ਕਰਕੇ ਦਿੱਤੀ ਗਈ ਹੈ ਕਿ ਇਕ ਤਾਂ ਉਹ ਪ੍ਰਭੂ ਦੀ ਜੋਤ ਦਾ ਮਨੁੱਖੀ ਰੂਪ ਵਿਚ ਤਰਜਮਾ ਹੁੰਦਾ ਹੈ ਦੂਜਾ ਆਪਣੇ ਸਿੱਖ ਨੂੰ ਆਪਣੇ ਵਰਗਾ ਕਰ ਲੈਂਦਾ ਹੈ। ਕਿਉਂਕਿ ਪ੍ਰਭੂ ਆਪ ਨਿਰਾਕਾਰ ਹੈ ਇਸ ਕਰਕੇ ਜੀਵ ਆਪ ਸਿੱਧੇ ਰੂਪ ਵਿਚ ਉਸ ਨੂੰ ਪ੍ਰਾਪਤ ਨਹੀਂ ਕਰ ਸਕਦੇ ਬਲਕਿ ਉਸੇ ਪ੍ਰਭੂ ਦੇ ਆਕਾਰ ਵਿਚ ਵਿਅਕਤ ਰੂਪ ਰਾਹੀਂ ਹੀ ਉਸ ਤਕ ਪਹੁੰਚ ਸਕਦੇ ਹਨ। ਪ੍ਰਭੂ ਆਪਣੇ ਆਪ ਨੂੰ ਆਕਾਰ ਰੂਪ

---

9. *ਗੁਰੂ ਗ੍ਰੰਥ ਸਾਹਿਬ*, ਪੰਨਾ 646.
10. *ਗੁਰੂ ਗ੍ਰੰਥ ਸਾਹਿਬ*, ਪੰਨਾ 357.
11. ਭਾਈ ਕਾਨ੍ਹ ਸਿੰਘ ਨਾਭਾ, *ਗੁਰ ਸ਼ਬਦ ਰਤਨਾਕਰ*, ਪੰਨਾ, 415.
12. ਉਹੀ, ਪੰਨਾ, 419.

ਵਿਚ ਆਪਣੀ ਬਾਣੀ ਰਾਹੀਂ ਪ੍ਰਗਟ ਕਰਦਾ ਹੈ ਜੋ ਉਹ ਆਪਣੇ ਪੈਗੰਬਰਾਂ ਰਾਹੀਂ ਮਨੁੱਖੀ ਇਤਿਹਾਸ ਵਿਚ ਵਿਅਕਤ ਕਰਦਾ ਹੈ। ਉਸ ਨਾਲ ਉਹ ਆਪਣੇ ਜੀਵਾਂ ਨੂੰ ਆਪਣੇ ਰਾਹ ਵੱਲ ਪ੍ਰੇਰਦਾ ਹੈ। ਸਿੱਖ ਧਰਮ ਅਨੁਸਾਰ ਕੋਈ ਵੀ ਵਿਅਕਤੀ ਚਾਹੇ ਉਹ ਕਿੰਨੀਆਂ ਵੀ ਸ਼ਕਤੀਆਂ ਦਾ ਮਾਲਿਕ ਕਿਉਂ ਨਾ ਹੋਵੇ ਉਹ ਆਪਣੇ ਆਪ ਉਨੀ ਦੇਰ ਤਕ ਸੱਚੇ ਗਿਆਨ ਦੀ ਪ੍ਰਾਪਤੀ ਨਹੀਂ ਕਰ ਸਕਦਾ ਜਿੰਨੀ ਦੇਰ ਤਕ ਉਸ ਨੂੰ ਸੱਚੇ ਗੁਰੂ ਦੁਆਰਾ ਸੱਚ ਦਾ ਰਾਹ ਨਾ ਦਿਖਾਇਆ ਜਾਵੇ। ਗੁਰੂ ਨਾਨਕ ਦੇਵ ਜੀ ਇਸ ਸੰਬੰਧੀ ਫਰਮਾਉਂਦੇ ਹਨ:

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[13]

ਲੱਖਾਂ ਵਾਰੀ ਇਸ਼ਨਾਨ ਕਰਨ ਨਾਲ ਵੀ ਸੱਚੀ ਸ਼ੁੱਧਤਾ ਪ੍ਰਾਪਤ ਨਹੀਂ ਹੁੰਦੀ। ਲਗਾਤਾਰ ਸਮਾਧੀ ਵਿਚ ਲੀਨ ਰਹਿ ਕੇ ਵੀ ਮਨ ਪੂਰੀ ਤਰ੍ਹਾਂ ਸ਼ਾਂਤ ਨਹੀਂ ਹੁੰਦਾ। ਅਤ੍ਰਿਪਤ ਮਨ ਦੀ ਭੁੱਖ ਕਦੇ ਨਹੀਂ ਮਿਟਦੀ ਭਾਵੇਂ ਕਈ ਸੰਸਾਰਾਂ ਦਾ ਸਮਾਨ ਨਾਲ ਬੰਨਿਆ ਹੋਵੇ। ਭਾਵੇਂ ਕਿਸੇ ਕੋਲ ਆਪਣੀਆਂ ਹਜ਼ਾਰਾਂ ਲੱਖਾਂ ਅਕਲਾਂ ਹੋਣ ਤਾਂ ਵੀ ਵਾਹਿਗੁਰੂ ਦੇ ਰਸਤੇ ਤੇ ਇਕ ਵੀ ਕੰਮ ਨਹੀਂ ਆਉਂਦੀ। ਸੱਚ ਦੇ ਰਾਹ ਤੇ ਚੱਲਣ ਵਾਲਾ ਸੱਚਾ ਕਿਵੇਂ ਬਣਿਆ ਜਾਵੇ ਅਤੇ ਝੂਠ ਦਾ ਪਰਦਾ ਕਿਵੇਂ ਟੁੱਟੇ। ਗੁਰੂ ਨਾਨਕ ਆਪ ਹੀ ਇਸ ਸੁਆਲ ਦਾ ਜੁਆਬ ਦਿੰਦੇ ਹੋਏ ਦੱਸਦੇ ਹਨ ਕਿ:

ਹੇ ਨਾਨਕ ! ਇਹ ਤਥ ਵੀ ਨਾਲ ਹੀ ਲਿਖਿਆ ਹੋਇਆ ਹੈ ਕਿ ਪ੍ਰਭੂ ਦੇ ਦੱਸੇ ਹੋਏ ਨਿਯਮਾਂ ਦੀ ਪਾਲਨਾ ਕਰਨ ਨਾਲ ਅਤੇ ਉਸ ਦੀ ਮਰਜ਼ੀ ਮੰਨਣ ਨਾਲ ਹੀ ਉਸ (ਸੱਚ) ਦੇ ਰਸਤੇ ਉਪਰ ਚੱਲਿਆ ਜਾ ਸਕਦਾ ਹੈ ਅਤੇ ਪ੍ਰਭੂ ਦੇ ਨਿਯਮ ਅਤੇ ਉਸ ਦੀ ਮਰਜ਼ੀ ਗੁਰੂ ਰਾਹੀਂ ਹੀ ਪ੍ਰਗਟ ਹੁੰਦੇ ਹਨ।

ਸਿੱਧਾਂ ਨਾਲ ਗੋਸ਼ਟਿ ਕਰਦੇ ਹੋਏ ਵੀ ਗੁਰੂ ਨਾਨਕ ਫੁਰਮਾਉਂਦੇ ਹਨ :
ਬਿਨੁ ਗੁਰ ਭਰਮੈ ਆਵੈ ਜਾਇ॥ ਬਿਨੁ ਗੁਰ ਘਾਲ ਨ ਪਵਈ ਥਾਇ॥
ਬਿਨੁ ਗੁਰ ਮਨੂਆ ਅਤਿ ਡੋਲਾਇ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥
ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ॥ ਨਾਨਕ ਗੁਰ ਬਿਨੁ ਘਾਟੇ ਘਾਟ॥[14]

ਜਿਸ ਦਾ ਭਾਵ ਬਣਦਾ ਹੈ, "ਮਨੁੱਖ ਭਾਵੇਂ ਅਨੇਕ ਯਤਨ ਕਰੇ, ਥਾਂ-ਥਾਂ ਤੇ ਫਿਰਦਾ ਰਵ੍ਹੇ, ਤਟਾਂ ਤੀਰਥਾਂ ਤੇ ਆਵੇ-ਜਾਵੇ, ਪਰ ਗੁਰੂ ਤੋਂ ਬਿਨਾਂ ਉਸ ਦੀ ਮਿਹਨਤ ਬੇਅਰਥ ਹੀ

---

13. ਗੁਰੂ ਗ੍ਰੰਥ ਸਾਹਿਬ, ਪੰਨਾ, 1.
14. ਗੁਰੂ ਗ੍ਰੰਥ ਸਾਹਿਬ, ਪੰਨਾ, 942.

ਰਹਿੰਦੀ ਹੈ। ਭਾਵੇਂ ਜਿੰਨੇ ਮਰਜ਼ੀ ਪੁੰਨ, ਦਾਨ, ਇਸ਼ਨਾਨ, ਤਪੱਸਿਆ ਆਦਿ ਕਰੇ ਉਹ ਸਭ ਬੇਅਰਥ ਹੈ। ਪੂਰੇ ਗੁਰੂ ਦੇ ਮਿਲਾਪ ਤੋਂ ਬਿਨਾਂ ਉਸ ਦੇ ਮਨ ਨੂੰ ਅਸਲੀ ਟਿਕਾਣਾ ਨਹੀਂ ਮਿਲਦਾ। ਇਸ ਕਰਕੇ ਉਹ ਡੋਲਦਾ ਰਹਿੰਦਾ ਹੈ। ਬਿਨ੍ਹਾਂ ਗੁਰੂ ਮਿਲੇ ਮਨ ਨੂੰ ਸ਼ਾਂਤੀ ਕਦੇ ਨਹੀਂ ਮਿਲਦੀ। ਬਿਨਾਂ ਗੁਰੂ ਦੇ ਮਿਲਣ ਤੋਂ ਮਨੁੱਖ ਸੰਸਾਰ ਦੇ ਵਿਸ਼ ਰੂਪੀ ਵਿਕਾਰਾਂ ਨੂੰ ਭੋਗਦਾ ਹੀ ਮਰ ਜਾਂਦਾ ਹੈ, ਪਰ ਉਸ ਨੂੰ ਸੰਤੁਸ਼ਟੀ ਕਦੇ ਨਹੀਂ ਮਿਲਦੀ ਬਲਕਿ ਉਹ ਮਾਇਆ ਦੀ ਅੱਗ ਵਿਚ ਜਲਦਾ ਹੀ ਰਹਿੰਦਾ ਹੈ। ਗੁਰੂ ਤੋਂ ਬਿਨਾਂ ਉਸ ਨੂੰ ਮੌਤ ਰੂਪੀ ਸੱਪ ਡਸ ਲੈਂਦਾ ਹੈ। ਗੁਰੂ ਤੋਂ ਬਿਨਾਂ ਉਹ ਜੋ ਕਾਰਜ ਵੀ ਕਰਦਾ ਹੈ ਉਸ ਵਿਚ ਉਸ ਨੂੰ ਘਾਟਾ ਹੀ ਘਾਟਾ ਹੁੰਦਾ ਹੈ।

> ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ॥ ਅਵਗਣ ਮੇਟੈ ਗੁਣਿ ਨਿਸਤਾਰੈ॥
> ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ॥ ਗੁਰਮੁਖਿ ਕਦੇ ਨ ਆਵੈ ਹਾਰਿ॥
> ਤਨੁ ਹਟੜੀ ਇਹੁ ਮਨੁ ਵਣਜਾਰਾ॥ ਨਾਨਕ ਸਹਜੇ ਸਚੁ ਵਾਪਾਰਾ॥[15]

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਿਸ ਨੂੰ ਗੁਰੂ ਮਿਲ ਗਿਆ ਉਸ ਨੂੰ ਗੁਰੂ ਨੇ ਅੱਗ ਦੇ ਸਾਗਰ ਰੂਪੀ ਸੰਸਾਰ ਤੋਂ ਪਾਰ ਉਤਾਰ ਦਿੱਤਾ ਹੈ। ਗੁਰੂ ਉਸ ਦੇ ਅਵਗੁਣ ਦੂਰ ਕਰਕੇ ਅਤੇ ਉਸ ਨੂੰ ਆਪਣੇ ਵਲੋਂ ਗੁਣਾਂ ਦਾ ਖਜਾਨਾ ਦੇ ਕੇ ਉਸ ਨੂੰ ਇਸ ਸੰਸਾਰ ਤੋਂ ਪਾਰ ਉਤਾਰ ਲੈਂਦਾ ਹੈ। ਸਿੱਖ ਗੁਰੂ ਦੇ ਸ਼ਬਦ ਦੀ ਵਿਚਾਰ ਕਰ-ਕਰ ਕੇ ਮੁਕਤੀ ਅਤੇ ਪਰਮ ਸੁਖ ਦੀ ਪ੍ਰਾਪਤੀ ਕਰ ਲੈਂਦਾ ਹੈ। ਜਦੋਂ ਮਨੁੱਖ ਗੁਰੂ ਦੇ ਕਹੇ ਅਨੁਸਾਰ ਚੱਲਦਾ ਹੈ ਤਾਂ ਇਸ ਨੂੰ ਕਦੇ ਵੀ ਨਾ ਇਸ ਸੰਸਾਰ ਵਿਚ ਅਤੇ ਨਾ ਹੀ ਇਸ ਤੋਂ ਪਰਲੇ ਸੰਸਾਰ ਵਿਚ ਹਾਰ ਆਉਂਦੀ ਹੈ। ਦੁਕਾਨ ਰੂਪੀ ਸਰੀਰ ਵਿਚ ਮਨੁੱਖ ਦਾ ਮਨ ਵਣਜਾਰਾ ਹੋ ਕੇ ਸੱਚ ਦਾ ਵਾਪਾਰ ਕਰਦਾ ਹੈ। ਇਹ ਕੰਮ ਗੁਰੂ ਦੀ ਕ੍ਰਿਪਾ ਨਾਲ ਮਨ ਦੀ ਸਹਿਜਤਾ ਪ੍ਰਾਪਤ ਕਰਕੇ ਸਿਰੇ ਚੜ੍ਹਦਾ ਹੈ।

> ਗੁਰਮੁਖਿ ਨਾਮੁ ਨਿਰੰਜਨ ਪਾਏ॥ ਗੁਰਮੁਖਿ ਹਉਮੈ ਸਬਦਿ ਜਲਾਏ॥
> ਗੁਰਮੁਖਿ ਸਾਚੇ ਕੇ ਗੁਣ ਗਾਏ॥ ਗੁਰਮੁਖਿ ਸਾਚੈ ਰਹੈ ਸਮਾਏ॥
> ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ॥
> ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ॥[16]

ਗੁਰੂ ਦੀ ਕ੍ਰਿਪਾ ਨਾਲ ਗੁਰਮੁਖ ਹੋ ਕੇ ਗੁਰੂ ਦੇ ਮੁਖਾਰਬਿੰਦ ਤੋਂ ਮਨੁੱਖ ਨੂੰ ਪਰਮੇਸ਼ਰ ਦਾ ਪਵਿੱਤਰ ਨਾਮ ਪ੍ਰਾਪਤ ਹੁੰਦਾ ਹੈ। ਗੁਰੂ ਦੇ ਸ਼ਬਦ ਨਾਲ ਹੀ ਇਹ ਆਪਣੇ ਅੰਦਰੋਂ ਹੰਕਾਰ ਜਲਾ ਕੇ ਖਤਮ ਕਰ ਲੈਂਦਾ ਹੈ। ਗੁਰੂ ਦੀ ਕ੍ਰਿਪਾ ਸਦਕਾ ਇਹ ਸੱਚੇ ਪਰਮੇਸ਼ਰ ਦੇ ਸੱਚੇ ਗੁਣਾਂ ਦਾ ਗਾਇਨ ਕਰਦਾ ਹੈ। ਗੁਰੂ ਦੀ ਕ੍ਰਿਪਾ ਸਦਕਾ ਇਹ ਸੱਚ ਵਿਚ ਸਮਾਇਆ ਰਹਿੰਦਾ ਹੈ। ਗੁਰਮੁਖ ਹੋ ਕੇ ਹੀ ਇਸ ਮਨ ਨੂੰ ਸੱਚੇ ਨਾਮ ਦੇ ਸਿਮਰਨ ਦੀ ਉੱਤਮ ਮੱਤ ਪ੍ਰਾਪਤ ਹੋਈ। ਗੁਰਮੁਖ ਹੋ ਕੇ ਹੀ ਇਸ ਨੂੰ ਸਾਰੇ ਭਵਣਾਂ ਦੀ ਸੋਝੀ ਪ੍ਰਾਪਤ ਹੋਈ।

ਜਿਵੇਂ ਕਿ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਹੀ ਦੱਸਿਆ ਹੈ ਕਿ

---

15. ਗੁਰੂ ਗ੍ਰੰਥ ਸਾਹਿਬ, ਪੰਨਾ, 942.
16. ਗੁਰੂ ਗ੍ਰੰਥ ਸਾਹਿਬ, ਪੰਨਾ, 942.

ਪਰਮਾਤਮਾ ਸੱਚ ਹੈ ਉਸ ਸੱਚ ਨੂੰ ਸੱਚ ਦੇ ਰਾਹ ਤੇ ਚੱਲ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਸੱਚ ਦੀ ਅਤੇ ਸੱਚ ਦੇ ਰਾਹ ਦੀ ਪਛਾਣ ਕੇਵਲ ਸੱਚੇ ਗੁਰੂ ਨੂੰ ਹੀ ਹੋ ਸਕਦੀ ਹੈ ਜੋ ਉਸ ਸੱਚ ਵਿਚ ਸਮਾਇਆ ਹੋਇਆ ਸੱਚ ਸਰੂਪ ਹੁੰਦਾ ਹੈ। ਇਸ ਤਥ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਸਚਿਆਰ ਹੋਣ ਲਈ, ਸੱਚ ਦੇ ਰਾਹ ਤੇ ਚੱਲਦੇ ਰਹਿਣ ਲਈ ਅਤੇ ਆਪ ਸੱਚ ਸਰੂਪ ਹੋਣ ਲਈ ਸਿੱਖ ਨੂੰ ਲਗਾਤਾਰ ਸੱਚੇ ਗੁਰੂ ਦੀ ਅਗਵਾਈ ਦੀ ਜ਼ਰੂਰਤ ਹੁੰਦੀ ਹੈ। ਉਹ ਇਸ ਲਈ ਤਾਂ ਕਿ ਉਸ ਦਾ ਮਨ ਸਦਾ ਪ੍ਰਭੂ ਦੇ ਸੱਚੇ ਗਿਆਨ ਵੱਲ ਪ੍ਰੇਰਿਤ ਰਹੇ। ਇਸੇ ਵਿਚਾਰ ਨੂੰ ਗੁਰੂ ਅਰਜਨ ਦੇਵ ਜੀ ਨੇ ਵੀ ਸੁਖਮਨੀ ਸਾਹਿਬ ਵਿਚ ਇੰਜ ਲਿਖਿਆ ਹੈ ਕਿ ਕਿਉਂਕਿ ਮਨੁੱਖ ਲਗਾਤਾਰ ਸੋਚਦਾ ਰਹਿਣ ਵਾਲਾ ਪ੍ਰਾਣੀ ਹੈ, ਉਹ ਹਮੇਸ਼ਾਂ ਆਪਣੀ ਨਿਜੀ ਸੋਚ ਤੋਂ ਪ੍ਰਭਾਵਤ ਹੁੰਦਾ ਰਹਿੰਦਾ ਹੈ ਅਤੇ ਫਲਸਰੂਪ ਉਸ ਦੇ ਮਨ ਵਿਚ ਕਈ ਤਰ੍ਹਾਂ ਦੇ ਸ਼ੰਕੇ ਉਠਦੇ ਰਹਿੰਦੇ ਹਨ ਜਿੰਨਾਂ ਦੀ ਨਿਵਿਰਤੀ ਗੁਰੂ ਦੁਆਰਾ ਸੱਚ ਦਾ ਗਿਆਨ ਦੇ ਕੇ ਹੀ ਕੀਤੀ ਜਾ ਸਕਦੀ ਹੈ। ਇਕ ਸਿੱਖ ਦੀ ਮਨੋ ਸਥਿਤੀ ਨਿਰਸ਼ੰਸੀ ਰਹਿਣੀ ਜ਼ਰੂਰੀ ਹੁੰਦੀ ਹੈ ਨਹੀਂ ਤਾਂ ਉਹ ਨਿਰਵਿਘਨ ਆਪਣੇ ਅਸਲੀ ਅਧਿਆਤਮਿਕ ਰਾਹ ਤੇ ਨਹੀਂ ਚੱਲ ਸਕਦਾ। ਉਸ ਦੇ ਮਨ ਵਿਚ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੋਣ ਕਰਕੇ ਉਹ ਆਪਣੇ ਅਧਿਆਤਮਿਕ ਰਾਹ ਤੋਂ ਭਟਕ ਕੇ ਕੁਰਾਹੇ ਪਿਆ ਰਹਿੰਦਾ ਹੈ। ਇਸ ਕਰਕੇ ਸੰਸਾਰ ਬਾਰੇ, ਸੰਸਾਰ ਦੇ ਕਰਤਾ ਬਾਰੇ, ਮਨੁੱਖ ਬਾਰੇ ਅਤੇ ਉਨ੍ਹਾਂ ਦੇ ਆਪਸੀ ਰਿਸ਼ਤੇ ਬਾਰੇ ਸਹੀ ਗਿਆਨ ਉਹੀ ਦੇ ਸਕਦਾ ਹੈ ਜੋ ਸੱਚ ਦਾ ਆਪ ਗਿਆਨੀ ਹੋਵੇ। ਇਸ ਕਰਕੇ ਸਿੱਖ ਧਰਮ ਵਿਚ ਗੁਰੂ ਉਸੇ ਸ਼ਖ਼ਸੀਅਤ ਨੂੰ ਕਿਹਾ ਜਾ ਸਕਦਾ ਹੈ ਜੋ ਪਰਮਾਤਮਾ ਵਿਚ ਇਕ-ਮਿਕ ਹੋ ਗਿਆ ਹੋਵੇ ਅਤੇ ਆਪ ਸੱਚ ਸਰੂਪ ਹੋ ਗਿਆ ਹੋਵੇ। ਗੁਰੂ ਸਾਹਿਬ ਨੇ ਇਹ ਵੀ ਆਪ ਹੀ ਸਥਾਪਤ ਕੀਤਾ ਹੈ ਕਿ ਪਰਮਾਤਮਾ ਅਤੇ ਉਹ ਜੋ ਉਸ ਵਿਚ ਸਮਾਇਆ ਹੋਇਆ ਹੋਵੇ ਉਨ੍ਹਾਂ ਦੋਨਾਂ ਵਿਚ ਕੋਈ ਭੇਦ ਨਹੀਂ ਹੁੰਦਾ।

ਗੁਰੂ ਸਾਹਿਬ ਬਾਣੀ ਦੇ ਮਾਧਿਅਮ ਰਾਹੀਂ ਕਈ ਤਰ੍ਹਾਂ ਦੇ ਦ੍ਰਿਸ਼ਟਾਂਤ ਦਿੰਦੇ ਹੋਏ ਕਹਿ ਰਹੇ ਹਨ ਜਿਵੇਂ:

ਸੰਸਾਰ ਚਿੱਕੜ ਨਾਲ ਭਰਿਆ ਹੋਇਆ ਹੈ ਅਤੇ ਗੁਰੂ ਸ਼ੁਧ ਜਲ ਦਾ ਖਜਾਨਾ ਹੈ। ਉਸ ਦੇ ਸਰੋਵਰ ਦੀ ਵੱਟ ਹਮੇਸ਼ਾਂ ਸਥਿਰ ਰਹਿਣ ਵਾਲੀ ਹੈ। ਉਸ ਦੀ ਦ੍ਰਿਸ਼ਟੀ ਸੰਸਾਰ ਦੇ ਔਗੁਣਾਂ ਜਾਂ ਮਾਇਆ ਦੇ ਜੰਜਾਲ ਰੂਪੀ ਚਿੱਕੜ ਨੂੰ ਧੋ ਸਕਣ ਦੀ ਸਮਰਥਾ ਰੱਖਦੀ ਹੈ। ਉਸ ਦਾ ਉਪਦੇਸ਼ ਧਾਰਨ ਕਰਨ ਨਾਲ ਜਮ ਦਾ ਦੰਡ ਭਰਨਾ ਨਹੀਂ ਪੈਂਦਾ ਜਿਸ ਦਾ ਭਾਵ ਇਹ ਲਿਆ ਜਾ ਸਕਦਾ ਹੈ ਕਿ ਇਸ ਜੀਵਨ ਵਿਚ ਅਤੇ ਇਸ ਤੋਂ ਬਾਅਦ ਦੁੱਖ ਨਹੀਂ ਸਹਿਣੇ ਪੈਂਦੇ। ਇਸ ਕਰਕੇ ਜੀਵ ਨੂੰ ਹਦਾਇਤ ਹੈ ਕਿ ਸੱਚੇ ਗੁਰੂ ਦੀ ਤਲਾਸ਼ ਕਰੇ ਤਾਂ ਕਿ ਉਸ ਦੇ ਮਨ ਤੋਂ ਬੁਰੇ ਸੰਸਕਾਰਾਂ ਦੀ ਮੈਲ ਉਤਰ ਸਕੇ, ਉਸ ਦੇ ਬੁਰੇ ਕਰਮਾਂ ਦੇ ਪ੍ਰਭਾਵ ਕਰਕੇ ਉਸ ਨੂੰ ਜਨਮਾਂ ਦੀ ਮਾਰ ਤੋਂ ਛੁਟਕਾਰਾ ਮਿਲ ਸਕੇ ਅਤੇ ਉਸ ਦਾ ਅੰਤਹਕਰਨ ਸ਼ੁੱਧ ਹੋ ਸਕੇ, ਤਾਂ ਕਿ ਉਹ ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕਰਕੇ ਪਰਮਾਤਮਾ ਦੇ ਦੇਸ਼ ਵਿਚ ਪਹੁੰਚ ਸਕੇ। ਕੇਵਲ ਸੱਚੇ ਗੁਰੂ ਦੀ ਸਿੱਖਿਆ ਧਾਰਨ ਕਰਨ ਨਾਲ ਹੀ ਮਨੁੱਖੀ ਹਿਰਦੇ ਵਿਚ ਅਸਲੀ ਸ਼ੁਧੀ ਹਾਸਿਲ ਹੁੰਦੀ ਹੈ ਕਿਉਂਕਿ ਗੁਰੂ ਹੀ ਤੀਰਥ ਹੈ, ਗੁਰੂ ਹੀ ਦਰਿਆ ਹੈ, ਪਰ ਇਥੇ ਸਵਾਲ ਇਹ ਉੱਠਦਾ ਹੈ ਕਿ ਸੱਚਾ ਗੁਰੂ ਕੌਣ ਹੋਵੇ ਇਸ ਬਾਰੇ ਆਪ ਹੀ ਗੁਰੂ ਸਾਹਿਬ ਫੁਰਮਾਉਂਦੇ ਹਨ:

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥[17]

ਸੱਚੇ ਗੁਰੂ ਦੀ ਪਛਾਣ ਹੈ ਕਿ ਇਕ ਤਾਂ ਉਹ ਆਪਣੇ ਸਿੱਖ ਨੂੰ ਆਪਣੇ ਵਿਅਕਤੀ ਰੂਪ ਨਾਲ ਨਹੀਂ ਬਲਕਿ ਆਪਣੇ ਅੰਦਰੋਂ ਪਰਿਵਾਹਿਤ ਹੋ ਰਹੇ ਇਲਾਹੀ ਸ਼ਬਦ ਨਾਲ ਜੋੜਦਾ ਹੈ। ਦੂਜਾ ਉਹ ਆਪਣੇ ਸਿੱਖ ਦਾ ਹਰ ਸ਼ੰਕਾ ਦੂਰ ਕਰਦਾ ਹੋਇਆ ਉਸ ਨੂੰ ਸੰਸਾਰ ਦੇ ਗੁੱਝੇ ਭੇਦ ਅਤੇ ਇਸ ਦੇ ਅੰਤਿਮ ਸੱਚ ਤੋਂ ਜਾਣੂ ਕਰਵਾਉਂਦਾ ਹੈ ਕਿ ਜਿਸ ਅੰਤਿਮ ਤੱਤ ਦਾ ਹਿੱਸਾ ਉਹ (ਆਤਮਾ) ਹੈ ਉਹ ਹੈ ਕੀ? ਉਸ ਦਾ ਰੂਪ ਕੀ ਹੈ, ਉਸ ਦੀ ਅਸਲੀਅਤ ਕੀ ਹੈ ਅਤੇ ਉਸ ਦੇ ਗੁਣ ਕੀ ਹਨ? ਜਿਸ ਤੱਤ ਸਰੂਪ ਵਿਚੋਂ ਉਸ ਦੀ ਹੋਂਦ ਹੋਈ ਹੈ ਅਤੇ ਜਿਸ ਤੱਤ ਸਰੂਪ ਵਿਚ ਉਸ ਨੇ ਇਸ ਜੀਵਨ ਤੋਂ ਬਾਅਦ ਵਾਪਸ ਜਾਣਾ ਹੈ ਉਸ ਦਾ ਸਰੂਪ ਕੀ ਹੈ ਅਤੇ ਉਸ ਨੂੰ ਪ੍ਰਾਪਤ ਕਰਨ ਦਾ ਮਾਧਿਅਮ ਕੀ ਹੋ ਸਕਦਾ ਹੈ? ਮਨੁੱਖ ਨੂੰ ਦੁੱਖ ਦੇਣ ਵਾਲੇ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਦੁੱਖਾਂ ਦੇ ਖਾਤਮੇ ਦਾ ਸਾਧਨ ਗੁਰੂ ਦੀ ਸਿੱਖਿਆ ਵਿਚ ਹੀ ਛੁਪਿਆ ਹੁੰਦਾ ਹੈ।

ਗੁਰੂ ਸਾਹਿਬ ਦੱਸਦੇ ਹਨ ਕਿ ਪ੍ਰਭੂ ਦੀ ਜੋਤ ਸਭ ਜੀਵਾਂ ਵਿਚ ਇਕ-ਰਸ ਮੌਜੂਦ ਹੈ ਉਸੇ ਜੋਤ ਦੀ ਮੌਜੂਦਗੀ ਕਰਕੇ ਹੀ ਸਭ ਜੀਵਾਂ ਵਿਚ ਜੀਵਨ ਮੌਜੂਦ ਹੁੰਦਾ ਹੈ। ਗੁਰੂ ਦੀ ਕ੍ਰਿਪਾ ਨਾਲ ਉਸ ਜੋਤ ਦੇ ਪ੍ਰਗਟ ਹੋਣ ਨਾਲ ਮਨੁੱਖ ਦੇ ਪਾਪ ਆਪਣੇ ਆਪ ਹੀ ਖ਼ਤਮ ਹੋ ਜਾਂਦੇ ਹਨ। ਇਸੇ ਕਰਕੇ ਕਿਹਾ ਗਿਆ ਹੈ ਕਿ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਏ॥
ਗੁਰ ਸਾਖੀ ਜੋਤ ਪਰਗਟੁ ਹੋਇ॥[18]

ਇਸ ਦਾ ਭਾਵ ਬਣਦਾ ਹੈ ਕਿ ਪ੍ਰਭੂ ਆਪ ਸਭ ਜੀਵਾਂ ਵਿਚ ਮੌਜੂਦ ਹੈ ਅਤੇ ਉਸ ਦਾ ਜੀਵ ਵਿਚੋਂ ਆਪਣੇ ਅਸਲੀ ਸਰੂਪ ਵਿਚ ਪ੍ਰਗਟ ਹੋਣਾ ਹੀ ਜੀਵ ਦੀ ਅਪਣੀ ਸੰਪੂਰਨਤਾ ਹੈ ਇਹੀ ਜੀਵ ਲਈ ਆਤਮ ਗਿਆਨ ਦਾ ਰਾਹ ਹੁੰਦਾ ਹੈ। ਇਹ ਇਕ ਬੇਹੱਦ ਵਿਚਿੱਤਰ ਕਿਸਮ ਦਾ ਸੰਬੰਧ ਹੈ ਜੋ ਜੀਵ ਅਤੇ ਉਸ ਦੇ ਕਰਤਾ; ਪਰਮਾਤਮਾ ਦੇ ਵਿਚਕਾਰ ਹੁੰਦਾ ਹੈ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਕਿਉਂਕਿ ਸਿੱਖ ਵਿਚਾਰਧਾਰਾ ਅਨੁਸਾਰ ਆਤਮਾ ਦੀ ਪਛਾਣ ਤੋਂ ਪਹਿਲਾਂ ਉਸ ਸ੍ਰੋਤ ਦੀ ਪਛਾਣ ਵੀ ਜ਼ਿਆਦਾ ਜ਼ਰੂਰੀ ਹੋ ਜਾਂਦੀ ਹੈ ਜਿਸ ਸ੍ਰੋਤ ਵਿਚੋਂ ਆਤਮਾ ਦਾ ਆਰੰਭ ਹੋਇਆ ਅਤੇ ਜਿਸ ਸ੍ਰੋਤ ਵਿਚ ਮਿਲ ਕੇ ਹੀ ਆਤਮਾ ਦੀ ਸੰਪੂਰਨਤਾ ਹੋ ਸਕਦੀ ਹੈ; ਜੋ ਪਰਮਾਤਮਾ ਆਪ ਹੈ। ਇਹ ਸਾਰੀ ਸੂਝ ਅਤੇ ਉਸ ਤਕ ਪਹੁੰਚਣ ਦੀ ਸਮਰਥਾ ਗੁਰੂ ਤੋਂ ਬਿਨਾਂ ਆ ਹੀ ਨਹੀਂ ਸਕਦੀ। ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਲਿਖਦੇ ਹਨ:

---

17. ਗੁਰੂ ਗ੍ਰੰਥ ਸਾਹਿਬ, ਪੰਨਾ, 168.
18. ਗੁਰੂ ਗ੍ਰੰਥ ਸਾਹਿਬ, ਪੰਨਾ, 663.

ਗੁਰ ਪ੍ਰਸਾਦਿ ਆਪਨ ਆਪੁ ਸੁਝੈ॥
ਤਿਸ ਕੀ ਜਾਨਹੁ ਤ੍ਰਿਸਨਾ ਬੁਝੈ॥[19]
ਅੰਤਰਗਤਿ ਜਿਸੁ ਆਪਿ ਜਨਾਏ॥
ਨਾਨਕ ਤਿਸੁ ਜਨ ਆਪਿ ਬੁਝਾਏ॥[20]

ਇਸ ਕਰਕੇ ਅਕਾਲ ਪੁਰਖ ਦੇ ਗੁਣਾਂ ਦੇ ਸਹੀ ਗਿਆਨ ਦਾ ਸ੍ਰੋਤ ਕੇਵਲ ਸੱਚੇ ਗੁਰੂ ਨੂੰ ਹੀ ਮੰਨਿਆ ਗਿਆ ਹੈ। ਗੁਰੂ ਦੁਆਰਾ ਦਿੱਤੇ ਗਏ ਗਿਆਨ ਨੂੰ ਸੁਣ ਕੇ, ਸਮਝ ਕੇ, ਉਸ ਵਿਚ ਵਿਸ਼ਵਾਸ ਪਰਪੱਕ ਕਰਕੇ,-ਉਸ ਨੂੰ ਮੰਨ ਕੇ ਅਤੇ ਫੇਰ ਉਸ ਅਨੁਸਾਰ ਚੱਲ ਕੇ ਜੋ ਕ੍ਰਿਸ਼ਮਾ ਹੁੰਦਾ ਹੈ ਉਸ ਦਾ ਹਵਾਲਾ ਗੁਰੂ ਨਾਨਕ ਨੇ ਇਸ ਤਰ੍ਹਾਂ ਦਿੱਤਾ ਹੈ:

ਸੁਣਿਐ ਸਿਧ ਪੀਰ ਸੁਰਿ ਨਾਥ॥
ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ॥
ਸੁਣਿਐ ਪੋਹਿ ਨ ਸਕੈ ਕਾਲੁ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥[21]

ਉਸ ਵਾਹਿਗੁਰੂ ਦੇ ਗੁਣਾਂ ਨੂੰ ਸੁਣਨ ਨਾਲ ਇਨਸਾਨ ਆਤਮਿਕ ਸ਼ਕਤੀ ਵਾਲਾ, ਧਾਰਮਿਕ ਆਗੂ, ਦੇਵਤਾ ਅਤੇ ਮਹਾਨ ਯੋਗੀ ਵਰਗਾ ਹੋ ਜਾਂਦਾ ਹੈ। ਉਸ ਦੇ ਗੁਣਾਂ ਨੂੰ ਸੁਣਨ ਨਾਲ ਧਰਤੀ, ਉਸ ਦੇ ਹੇਠਲੇ ਬਲਦ ਅਤੇ ਆਕਾਸ਼ ਦੇ ਭੇਦਾਂ ਦਾ ਗਿਆਨ ਹੋ ਜਾਂਦਾ ਹੈ। ਉਸ ਦੇ ਗੁਣਾਂ ਨੂੰ ਸੁਣਨ ਨਾਲ ਵੱਖ-ਵੱਖ ਟਾਪੂਆਂ, ਵੱਖ-ਵੱਖ ਧਰਤੀਆਂ ਅਤੇ ਧਰਤੀ ਹੇਠਾਂ ਹੋਰ ਧਰਤੀਆਂ ਦਾ ਭੇਦ ਪਤਾ ਚੱਲ ਜਾਂਦਾ ਹੈ। ਉਸ ਦੇ ਗੁਣਾਂ ਨੂੰ ਸੁਣਨ ਨਾਲ ਮੌਤ ਨੇੜੇ ਨਹੀਂ ਆ ਸਕਦੀ। ਉਸ ਦੇ ਗੁਣਾਂ ਨੂੰ ਸੁਣਨ ਨਾਲ ਮਨੁੱਖ ਦੇ ਦੁੱਖਾਂ ਅਤੇ ਪਾਪਾਂ ਦਾ ਖ਼ਾਤਮਾ ਹੁੰਦਾ ਹੈ। ਉਸ ਦੇ ਗੁਣਾਂ ਨੂੰ ਸੁਣਨ ਨਾਲ ਇਨਸਾਨ ਸ਼ਿਵ, ਬ੍ਰਹਮਾ ਅਤੇ ਇੰਦਰ ਆਦਿ ਦੇਵਤਿਆਂ ਵਰਗੇ ਸਥਾਨ ਹਾਸਿਲ ਕਰ ਲੈਂਦਾ ਹੈ। ਪਰਮਾਤਮਾ ਦੇ ਗੁਣਾਂ ਨੂੰ ਸੁਣ ਕੇ ਬੁਰੇ ਲੋਕ ਵੀ ਮੂੰਹੋ ਉਸ ਦੀਆਂ ਸਿਫ਼ਤਾਂ ਕਰਨ ਲੱਗ ਪੈਂਦੇ ਹਨ। ਉਸ ਦਾ ਨਾਮ ਸੁਣਨ ਨਾਲ ਸਰੀਰ ਅਤੇ ਮਨ ਨੂੰ ਕਾਬੂ ਕਰਨ ਦੇ ਤਰੀਕੇ ਅਤੇ ਸਰੀਰ ਦੇ ਅੰਦਰਲੇ ਭੇਦਾਂ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਉਸ ਦੀ ਉਸਤਤ ਸੁਣਨ ਨਾਲ ਸ਼ਾਸਤਰਾਂ, ਸਿਮਰਤੀਆਂ ਅਤੇ ਵੇਦਾਂ ਦੀ ਸਮਝ ਪੈ ਜਾਂਦੀ ਹੈ। ਪ੍ਰਭੂ ਦਾ ਜਸ ਸੁਣਨ ਨਾਲ ਦੁੱਖ ਅਤੇ ਪਾਪ ਖ਼ਤਮ ਹੋ ਜਾਂਦੇ ਹਨ। ਪਰਮਾਤਮਾ ਦਾ ਜਸ ਸੁਣਨ ਨਾਲ ਸੱਚ, ਸੰਤੁਸ਼ਟੀ ਅਤੇ ਸੱਚੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਉਸ ਦੀ ਸਿਫ਼ਤ ਸੁਣਨ ਨਾਲ ਅਠਾਹਠ ਤੀਰਥਾਂ ਦੇ ਇਸ਼ਨਾਨ ਕਰਨ ਜਿੰਨਾਂ ਫਲ ਪ੍ਰਾਪਤ ਹੋ ਜਾਂਦਾ ਹੈ। ਉਸ ਦੀਆਂ ਸਿਫ਼ਤਾਂ ਸੁਣਨ ਅਤੇ ਪੜ੍ਹਨ ਨਾਲ ਇੱਜ਼ਤ-ਮਾਣ ਪ੍ਰਾਪਤ

19. ਗੁਰੂ ਗ੍ਰੰਥ ਸਾਹਿਬ, ਪੰਨਾ, 281.
20. ਗੁਰੂ ਗ੍ਰੰਥ ਸਾਹਿਬ, ਪੰਨਾ, 294.
21. ਗੁਰੂ ਗ੍ਰੰਥ ਸਾਹਿਬ, ਪੰਨਾ, 2.

ਹੁੰਦਾ ਹੈ। ਉਸ ਦੀਆਂ ਸਿਫ਼ਤਾਂ ਸੁਣਨ ਨਾਲ ਸੌਖੀ ਤਰ੍ਹਾਂ ਹੀ ਵਾਹਿਗੁਰੂ ਦੇ ਨਾਮ ਵਿਚ ਧਿਆਨ ਜੁੜ ਜਾਂਦਾ ਹੈ। ਉਸ ਪ੍ਰਭੂ ਦੇ ਜਸ ਨੂੰ ਸੁਣਨ ਨਾਲ ਦੁੱਖ ਅਤੇ ਪਾਪ ਖ਼ਤਮ ਹੋ ਜਾਂਦੇ ਹਨ। ਵਾਹਿਗੁਰੂ ਦੇ ਨਾਮ ਨੂੰ ਸੁਣਨ ਨਾਲ ਗੁਣਾਂ ਦੇ ਸਮੁੰਦਰਾਂ ਉਪਰ ਜਿੱਤ ਪ੍ਰਾਪਤ ਹੋ ਜਾਂਦੀ ਹੈ। ਪ੍ਰਭੂ ਦੇ ਗੁਣਾਂ ਨੂੰ ਸੁਣ ਕੇ ਇਨਸਾਨ ਵਿਦਵਾਨ, ਪੀਰ (ਅਧਿਆਤਮਿਕ ਆਗੂ) ਅਤੇ ਬਾਦਸ਼ਾਹ ਵਰਗੀ ਪਦਵੀ ਹਾਸਿਲ ਕਰ ਲੈਂਦਾ ਹੈ। ਪ੍ਰਭੂ ਦਾ ਨਾਮ ਸੁਣ ਕੇ ਅਧਿਆਤਮਿਕ ਤੌਰ ਤੇ ਅੰਨ੍ਹਾ ਆਦਮੀ ਵੀ ਪ੍ਰਭੂ ਵਲ ਜਾਣ ਦਾ ਰਾਹ ਲੱਭ ਲੈਂਦਾ ਹੈ। ਪਰਮਾਤਮਾ ਦੀ ਸਿਫਤ ਸੁਣਨ ਨਾਲ ਸਮੁੰਦਰ ਦਾ ਅਪਹੁੰਚ ਖਜ਼ਾਨਾ ਵੀ ਹੱਥ ਆ ਜਾਂਦਾ ਹੈ। ਉਸ ਦਾ ਜਸ ਸੁਣਨ ਨਾਲ ਦੁੱਖਾਂ ਅਤੇ ਪਾਪਾਂ ਦਾ ਖ਼ਾਤਮਾ ਹੋ ਜਾਂਦਾ ਹੈ।

ਜੋ ਗੁਰੂ ਦੀ ਸਿੱਖਿਆ ਸੁਣ ਕੇ ਉਸ ਤੇ ਅਮਲ ਕਰਦਾ ਹੈ ਉਸ ਦੀ ਸਥਿਤੀ ਬਿਆਨ ਹੀ ਨਹੀਂ ਕੀਤੀ ਜਾ ਸਕਦੀ। ਜੋ ਕੋਈ ਉਸ ਬਾਰੇ ਕੁਝ ਕਹਿਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਅਖ਼ੀਰ ਵਿਚ ਉਸ ਨੂੰ ਪਛਤਾਉਣਾ ਹੀ ਪੈਂਦਾ ਹੈ। ਸੰਸਾਰ ਵਿਚ ਕੋਈ ਐਸਾ ਕਾਗਜ਼, ਕਲਮ ਜਾਂ ਲਿਖਾਰੀ ਨਹੀਂ ਹੈ ਜੋ ਬੈਠ ਕੇ ਪ੍ਰਭੂ ਦੇ ਹੁਕਮ ਨੂੰ ਮੰਨਣ ਵਾਲੇ ਬਾਰੇ ਕੁਝ ਕਹਿ ਜਾਂ ਸੁਣ ਸਕੇ। ਵਾਹਿਗੁਰੂ ਦਾ ਨਾਮ ਇੰਨਾ ਪਵਿੱਤਰ ਅਤੇ ਬੇਲਾਗ ਹੈ। ਜੋ ਗੁਰੂ ਦੇ ਕਹਿਣੇ ਵਿਚ ਚੱਲ ਕੇ ਨਾਮ ਸਿਮਰਦਾ ਹੈ ਕੇਵਲ ਉਹੀ ਇਸ ਦੇ ਬਾਰੇ ਜਾਣ ਸਕਦਾ ਹੈ। ਜੋ ਗੁਰੂ ਦੇ ਭਾਣੇ ਨੂੰ ਮੰਨਦੇ ਹਨ ਉਨ੍ਹਾਂ ਦਾ ਮਨ ਵਾਹਿਗੁਰੂ ਦੇ ਨਾਮ ਵਿਚ ਜੁੜਦਾ ਹੈ ਅਤੇ ਉਸ ਵਿਚ ਗਿਆਨ ਦਾ ਪਾਸਾਰ ਹੁੰਦਾ ਹੈ।

ਜੋ ਗੁਰੂ ਦੇ ਭਾਣੇ ਵਿਚ ਚੱਲ ਕੇ ਪ੍ਰਭੂ ਦਾ ਸਿਮਰਨ ਕਰਦਾ ਹੈ ਉਸ ਨੂੰ ਸਾਰੇ ਸੰਸਾਰ ਦਾ ਗਿਆਨ ਹੋ ਜਾਂਦਾ ਹੈ। ਗੁਰੂ ਦਾ ਕਹਿਣਾ ਮੰਨਣ ਵਾਲੇ ਨੂੰ ਇਸ ਜੀਵਨ ਵਿਚ ਅਤੇ ਇਸ ਤੋਂ ਬਾਅਦ ਵੀ ਦੁੱਖ ਨਹੀਂ ਸਹਿਣੇ ਪੈਂਦੇ। ਗੁਰੂ ਦਾ ਭਾਣਾ ਮੰਨਣ ਵਾਲਾ ਮੌਤ ਦੇ ਦੂਤ ਨਾਲ ਨਹੀਂ ਜਾਂਦਾ। ਪ੍ਰਭੂ ਦਾ ਨਾਮ ਇੰਨਾ ਪਵਿੱਤਰ ਹੈ। ਜੋ ਗੁਰੂ ਦੇ ਕਹਿਣੇ ਵਿਚ ਚੱਲ ਕੇ ਨਾਮ ਸਿਮਰਦਾ ਹੈ ਕੇਵਲ ਉਹੀ ਇਸ ਦੇ ਬਾਰੇ ਜਾਣ ਸਕਦਾ ਹੈ। ਗੁਰੂ ਦਾ ਹੁਕਮ ਮੰਨਣ ਵਾਲੇ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਆਉਂਦੀ। ਹੁਕਮ ਮੰਨਣ ਵਾਲਾ ਸੰਸਾਰ ਵਿਚ ਨਾਮ ਕਮਾ ਕੇ ਇੱਜ਼ਤ ਨਾਲ ਵਾਹਿਗੁਰੂ ਦੇ ਘਰ ਜਾਂਦਾ ਹੈ। ਗੁਰੂ ਵਿਚ ਵਿਸ਼ਵਾਸ ਕਰਨ ਵਾਲਾ, ਸੰਸਾਰੀ ਅਤੇ ਕਰਮਕਾਂਡੀ ਧਾਰਮਿਕ ਰਸਤਿਆਂ ਤੇ ਨਹੀਂ ਚੱਲਦਾ। ਗੁਰੂ ਦੇ ਹੁਕਮ ਨੂੰ ਮੰਨਣ ਵਾਲੇ ਦਾ ਸੰਬੰਧ ਕੇਵਲ ਆਪਣੇ ਧਰਮ; ਭਾਵ ਪਰਮਾਤਮਾ ਦੇ ਸਿਮਰਨ ਨਾਲ ਹੀ ਹੁੰਦਾ ਹੈ। ਪ੍ਰਭੂ ਦਾ ਨਾਮ ਇੰਨਾ ਪਵਿੱਤਰ ਹੈ। ਜੋ ਗੁਰੂ ਦੇ ਕਹਿਣੇ ਵਿਚ ਚੱਲਕੇ ਨਾਮ ਸਿਮਰਦਾ ਹੈ ਕੇਵਲ ਉਹੀ ਇਸ ਦੇ ਬਾਰੇ ਜਾਣ ਸਕਦਾ ਹੈ। ਗੁਰੂ ਦਾ ਹੁਕਮ ਮੰਨਣ ਵਾਲਾ ਮੁਕਤੀ ਦਾ ਦਰਵਾਜ਼ਾ ਪ੍ਰਾਪਤ ਕਰ ਲੈਂਦਾ ਹੈ। ਪ੍ਰਭੂ ਦੇ ਰਸਤੇ ਤੇ ਚੱਲਣ ਵਾਲਾ ਆਪਣੇ ਪਰਿਵਾਰ ਨੂੰ ਵੀ ਸਿੱਧੇ ਰਸਤੇ ਤੇ ਪਾ ਲੈਂਦਾ ਹੈ। ਪ੍ਰਭੂ ਵਿਚ ਵਿਸ਼ਵਾਸ ਵਾਲਾ ਆਪ ਵੀ ਗੁਰੂ ਦੀ ਸਿੱਖਿਆ ਨਾਲ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਅਤੇ ਦੂਜਿਆਂ ਨੂੰ ਵੀ ਮੁਕਤੀ ਦਾ ਰਾਹ ਦਿਖਾਉਂਦਾ ਹੈ ਜੋ ਗੁਰੂ ਦਾ ਹੁਕਮ ਮੰਨਦੇ ਹਨ ਉਹ ਥਾਂ-ਥਾਂ ਤੇ ਭੀਖ ਮੰਗਦੇ ਭਟਕਦੇ ਨਹੀਂ ਫਿਰਦੇ। ਪ੍ਰਭੂ ਦਾ ਨਾਮ ਇੰਨਾ ਪਵਿੱਤਰ ਹੈ। ਜੋ ਗੁਰੂ ਦੇ ਕਹਿਣੇ ਵਿਚ ਚੱਲਕੇ ਨਾਮ ਸਿਮਰਦਾ ਹੈ ਕੇਵਲ ਉਸੇ ਦਾ ਮਨ ਹੀ ਉਸ ਬਾਰੇ ਜਾਣ ਸਕਦਾ ਹੈ।

ਗੁਰੂ ਵਿਚ ਵਿਸ਼ਵਾਸ ਕਰਨ ਵਾਲਾ, ਸੰਸਾਰੀ ਅਤੇ ਕਰਮਕਾਂਡੀ ਧਾਰਮਿਕ ਰਸਤਿਆਂ ਤੇ ਨਹੀਂ ਚਲਦਾ। ਗੁਰੂ ਦੇ ਹੁਕਮ ਨੂੰ ਮੰਨਣ ਵਾਲੇ ਦਾ ਸੰਬੰਧ ਕੇਵਲ ਆਪਣੇ ਧਰਮ; ਭਾਵ ਪਰਮਾਤਮਾ ਦੇ ਸਿਮਰਨ ਨਾਲ ਹੀ ਹੁੰਦਾ ਹੈ।

ਇਹੀ ਕਾਰਨ ਹੈ ਕਿ ਸਿੱਖ ਸਿਧਾਂਤ ਅਨੁਸਾਰ ਗੁਰੂ ਦੀ ਹੋਂਦ ਅਤੇ ਉਸ ਦੀ ਸਮਰਥਾ ਨੂੰ ਭਾਰਤੀ ਧਾਰਮਿਕ ਪਰੰਪਰਾ ਵਿਚ ਪੂਜੀਆਂ ਜਾਣ ਵਾਲੀਆਂ ਸਾਰੀਆਂ ਹਸਤੀਆਂ ਤੋਂ ਸਿਰਮੌਰ ਮੰਨਿਆ ਗਿਆ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਜਪੁਜੀ ਵਿਚ ਲਿਖਦੇ ਹਨ:

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸ਼ਮਾਈ।।[22]

ਗੁਰੂ ਦੀ ਬਾਣੀ ਵਿਚ ਹੀ ਪ੍ਰਭੂ ਦੀ ਆਵਾਜ਼ ਹੈ, ਉਸ ਦਾ ਗਿਆਨ ਹੈ ਅਤੇ ਵਾਹਿਗੁਰੂ ਆਪ ਉਸ ਵਿਚ ਵੱਸਿਆ ਹੋਇਆ ਹੈ। ਗੁਰੂ ਹੀ ਸ਼ਿਵ, ਵਿਸ਼ਨੂੰ, ਬ੍ਰਹਮਾ ਅਤੇ ਗੁਰੂ ਹੀ ਪਾਰਬਤੀ, ਲਕਸ਼ਮੀ ਅਤੇ ਸਰਸਵਤੀ ਮਾਂ ਹੈ। ਸਰੀਰ ਰੂਪੀ ਕੱਪੜਾ ਚੰਗੇ ਕਰਮਾਂ ਕਰਕੇ ਅਤੇ ਮੁਕਤੀ ਦਾ ਦਰਵਾਜ਼ਾ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਕਰਕੇ ਪ੍ਰਾਪਤ ਹੁੰਦਾ ਹੈ। ਹੇ ਨਾਨਕ ! ਜੇ ਇਸ ਤਰ੍ਹਾਂ ਸਮਝ ਲਈਏ ਤਾਂ ਸੱਚ ਦਾ ਰਾਹ ਆਪਣੇ ਆਪ ਪ੍ਰਾਪਤ ਹੋ ਜਾਂਦਾ ਹੈ। ਮਨੁੱਖ ਦੀ ਸੋਚ ਵਿਚ ਹੀ ਹੀਰੇ ਜਵਾਹਰ ਅਤੇ ਲਾਲ ਹੁੰਦੇ ਹਨ ਜੇ ਕੇਵਲ ਗੁਰੂ ਦੀ ਇਕ ਸਿੱਖਿਆ ਨੂੰ ਸੁਣ ਕੇ ਹੀ ਉਸ ਤੇ ਚੱਲਿਆ ਜਾਵੇ।

ਗੁਰੂ ਦਾ ਹੁਕਮ ਮੰਨਣ ਵਾਲੇ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਆਉਂਦੀ। ਹੁਕਮ ਮੰਨਣ ਵਾਲਾ ਸੰਸਾਰ ਵਿਚ ਨਾਮ ਕਮਾ ਕੇ ਇੱਜ਼ਤ ਨਾਲ ਵਾਹਿਗੁਰੂ ਦੇ ਘਰ ਜਾਂਦਾ ਹੈ। ਗੁਰੂ ਵਿਚ ਵਿਸ਼ਵਾਸ ਕਰਨ ਵਾਲਾ, ਸੰਸਾਰੀ ਅਤੇ ਕਰਮਕਾਂਡੀ ਧਾਰਮਿਕ ਰਸਤਿਆਂ ਤੇ ਨਹੀਂ ਚੱਲਦਾ। ਗੁਰੂ ਦੇ ਹੁਕਮ ਨੂੰ ਮੰਨਣ ਵਾਲੇ ਦਾ ਸੰਬੰਧ ਕੇਵਲ ਆਪਣੇ ਧਰਮ; ਭਾਵ ਪਰਮਾਤਮਾ ਦੇ ਸਿਮਰਨ ਨਾਲ ਹੀ ਹੁੰਦਾ ਹੈ। ਪ੍ਰਭੂ ਦਾ ਨਾਮ ਇੰਨਾ ਪਵਿੱਤਰ ਹੈ। ਜੋ ਗੁਰੂ ਦੇ ਕਹਿਣੇ ਵਿਚ ਚੱਲਕੇ ਨਾਮ ਸਿਮਰਦਾ ਹੈ ਕੇਵਲ ਉਹੀ ਇਸ ਦੇ ਬਾਰੇ ਵਿਚ ਜਾਣ ਸਕਦਾ ਹੈ। ਗੁਰੂ ਦਾ ਹੁਕਮ ਮੰਨਣ ਵਾਲਾ ਮੁਕਤੀ ਦਾ ਦਰਵਾਜ਼ਾ ਪ੍ਰਾਪਤ ਕਰ ਲੈਂਦਾ ਹੈ। ਪ੍ਰਭੂ ਦੇ ਰਸਤੇ ਤੇ ਚੱਲਣ ਵਾਲਾ ਆਪਣੇ ਪਰਿਵਾਰ ਨੂੰ ਵੀ ਵਾਹਿਗੁਰੂ ਦੇ ਸਿੱਧੇ ਰਸਤੇ ਤੇ ਪਾ ਲੈਂਦਾ ਹੈ। ਪ੍ਰਭੂ ਵਿਚ ਵਿਸ਼ਵਾਸ ਵਾਲਾ ਆਪ ਵੀ ਗੁਰੂ ਦੀ ਸਿੱਖਿਆ ਨਾਲ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਅਤੇ ਦੂਜਿਆਂ ਨੂੰ ਵੀ ਮੁਕਤੀ ਦਾ ਰਾਹ ਦਿਖਾਉਂਦਾ ਹੈ ਜੋ ਗੁਰੂ ਦਾ ਹੁਕਮ ਮੰਨਦੇ ਹਨ ਉਹ ਥਾਂ-ਥਾਂ ਤੇ ਭੀਖ ਮੰਗਦੇ ਭਟਕਦੇ ਨਹੀਂ ਫਿਰਦੇ। ਪ੍ਰਭੂ ਦਾ ਨਾਮ ਇੰਨਾ ਪਵਿੱਤਰ ਹੈ। ਜੋ ਗੁਰੂ ਦੇ ਕਹਿਣੇ ਵਿਚ ਚੱਲਕੇ ਨਾਮ ਸਿਮਰਦਾ ਹੈ ਕੇਵਲ ਉਸੇ ਦਾ ਮਨ ਹੀ ਉਸ ਬਾਰੇ ਜਾਣ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ:-

ਪ੍ਰਭੂ ਦੇ ਗੁਣਾਂ ਬਾਰੇ, ਉਸ ਦੇ ਸੱਚੇ ਨਾਮ ਬਾਰੇ ਗਿਆਨ ਕੇਵਲ ਗੁਰੂ ਤੋਂ ਹੀ ਹਾਸਿਲ ਹੋ ਸਕਦਾ ਹੈ।

---

22. ਗੁਰੂ ਗ੍ਰੰਥ ਸਾਹਿਬ, ਪੰਨਾ, 2.

ਅਕਾਲ ਪੁਰਖ ਵਲੋਂ ਆਪਣੀ ਹੋਂਦ ਦੀ ਸੱਚਾਈ ਨੂੰ ਪ੍ਰਤੱਖ, ਪਰਪੱਕ, ਸ਼ੁੱਧ ਅਤੇ ਸਦੀਵੀ ਰੂਪ ਵਿਚ ਪਰਗਟ ਕਰਨ ਲਈ ਇਕ ਬਹੁਤ ਵੱਡੀ ਦੇਣ ਸਮੁੱਚੀ ਮਨੁੱਖਤਾ ਨੂੰ ਦਿੱਤੀ ਗਈ ਹੈ ਅਤੇ ਉਹ ਹੈ ਗੁਰੂ ਗ੍ਰੰਥ ਸਾਹਿਬ। ਅਜੋਕੇ ਸਿੱਖ ਜੀਵਨ ਢੰਗ ਵਿਚ ਗੁਰੂ ਗ੍ਰੰਥ ਸਾਹਿਬ ਹੀ ਇਕ ਸਿੱਖ ਲਈ ਸੱਚੇ ਗੁਰੂ ਅਤੇ ਅਧਿਆਤਮਿਕ ਰਸਤੇ ਦੇ ਗਿਆਨ ਦਾ ਮੁੱਖ ਸ੍ਰੋਤ ਹਨ। ਸਿੱਖ ਵਿਚਾਰਧਾਰਾ ਕਿਸੇ ਤਰ੍ਹਾਂ ਵੀ ਸਮੇਂ, ਸਥਾਨ, ਹਾਲਾਤ ਅਤੇ ਮਨੁੱਖਾਂ ਦੇ ਨਿਜੀ ਕਾਰਨਾਂ ਕਰਕੇ ਖਿੰਡ ਨਾ ਜਾਏ ਇਸ ਕਰਕੇ ਗੁਰਤਾ ਸਿਧਾਂਤਕ ਤੌਰ ਤੇ ਗੁਰੂ ਗ੍ਰੰਥ ਸਾਹਿਬ ਨੂੰ ਅਤੇ ਵਿਵਹਾਰਿਕ ਤੌਰ ਤੇ ਸਾਧ-ਸੰਗਤ ਨੂੰ ਦਿੱਤੀ ਗਈ ਹੈ। ਇਹ ਸ਼ੁਭ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਪਣੇ ਹਥੀਂ ਕੀਤਾ ਸੀ। ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਦੇ ਗਿਆਨ, ਉਸ ਦੇ ਗੁਣਾਂ ਦਾ ਵਿਖਿਆਨ ਅਤੇ ਸਿਮਰਨ ਦੇ ਵਿਧੀ-ਵਿਧਾਨ ਮੌਜੂਦ ਹਨ ਜਿੰਨਾਂ ਦੀ ਇਕ ਸਿੱਖ ਨੂੰ ਗੁਰੂ ਤੋਂ ਸਿੱਖਣ ਦੀ ਲੋੜ ਹੁੰਦੀ ਹੈ। ਇਸ ਕਰਕੇ ਇਕ ਸੱਚਾ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੱਲਾ ਫੜ ਕੇ ਹੀ ਆਤਮਿਕ-ਸੰਪੂਰਨਤਾ ਦੇ ਰਾਹ ਤੇ ਤੁਰ ਸਕਦਾ ਹੈ। ਇਹ ਮੰਨਿਆਂ ਜਾਂਦਾ ਹੈ ਕਿ ਗੁਰਬਾਣੀ ਦਾ ਅਧਿਐਨ ਅਤੇ ਉਸ ਦੀ ਗੰਭੀਰ ਵਿਚਾਰ ਇਕ ਸਾਧਾਰਨ ਵਿਅਕਤੀ ਨੂੰ ਸਿੱਖ ਅਤੇ ਇਕ ਸਾਧਾਰਨ ਸਿੱਖ ਨੂੰ ਗੁਰਮੁਖ ਬਣਾ ਦਿੰਦੀ ਹੈ। ਗੁਰਬਾਣੀ ਦੇ ਗੁੱਝੇ ਰਹੱਸਮਈ ਭੇਦਾਂ ਨੂੰ ਚਿੰਤਨ ਦੇ ਸਤਰ ਤੇ ਸਮਝ ਕੇ ਅਸੀਂ ਆਪਣੇ ਮਨ ਨੂੰ ਇਕ ਖਾਸ ਅਧਿਆਤਮਿਕ ਦਿਸ਼ਾ ਵੱਲ ਸੇਧ ਦੇ ਸਕਦੇ ਹਾਂ। ਇਸੇ ਨੂੰ ਗੁਰਬਾਣੀ ਅਨੁਸਾਰ ਸੱਚੇ ਗਿਆਨ ਦਾ ਨਾਮ ਦਿੱਤਾ ਗਿਆ ਹੈ ਆਪਣੇ ਅਸਲੀ ਉਦੇਸ਼ ਦੀ ਪ੍ਰਾਪਤੀ ਦੇ ਸਿੱਟੇ ਵਜੋਂ ਅਸੀਂ ਸੱਚ ਸਰੂਪ ਹੋਣਾਂ ਹੁੰਦਾ ਹੈ। ਇਹ ਸਭ ਕੁਝ ਦੇ ਸਕਣ ਦੀ ਸਮਰਥਾ ਨਿਸਚੇ ਹੀ ਗੁਰਬਾਣੀ ਵਿਚ ਹੈ। ਇਕ ਗੁਰਮੁਖ ਗੁਰੂ ਗ੍ਰੰਥ ਸਾਹਿਬ ਦੁਆਰਾ ਦੱਸੇ ਹੋਏ ਗਿਆਨ ਦੇ ਆਧਾਰ ਤੇ ਲਗਾਤਾਰ ਗੁਰੂ ਦੀ ਸ਼ਰਨ ਵਿਚ ਰਹਿ ਕੇ ਆਪਣਾ ਜੀਵਨ ਢਾਲ ਲੈਂਦਾ ਹੈ। ਸਰੀਰ ਅਤੇ ਮਨ ਨੂੰ ਨੈਤਿਕ ਅਤੇ ਅਧਿਆਤਮਿਕ ਪੱਧਰ ਤੇ ਸਾਧਣ ਲਈ ਉਹ ਗੁਰੂ ਦੁਆਰਾ ਦੱਸੀ ਵਿਧੀ ਅਨੁਸਾਰ ਆਪਣੀਆਂ ਗਿਆਨ ਅਤੇ ਕਰਮ ਇੰਦ੍ਰੀਆਂ ਨੂੰ ਸੇਧ ਗੁਰੂ ਗ੍ਰੰਥ ਸਾਹਿਬ ਦੇ ਵਿਚ ਸਥਿਤ ਸਿਧਾਤਾਂ ਅਨੁਸਾਰ ਦਿੰਦਾ ਹੈ। ਇਸੇ ਕਰਕੇ ਦਸ ਗੁਰੂ ਗੁਰੂ ਸਾਹਿਬ ਤੋਂ ਬਾਅਦ ਸਿੱਖ ਧਰਮ ਵਿਚ ਗੁਰਬਾਣੀ ਨੂੰ ਹੀ ਸੱਚਾ ਗੁਰੂ ਮੰਨਿਆ ਗਿਆ ਹੈ ਕਿਉਂਕਿ ਗੁਰਬਾਣੀ ਸ਼ਬਦ ਰੂਪ ਵਿਚ ਪ੍ਰਭੂ ਦੀ ਆਪਣੀ ਖੁਦ ਦੀ ਹੋਂਦ ਦਾ ਪ੍ਰਗਟਾਵਾ ਹੈ। ਗੁਰਬਾਣੀ ਹੀ ਮਨੁੱਖ ਨੂੰ ਪ੍ਰਭੂ ਮਿਲਣ ਵੱਲ ਚੱਲਣ ਦਾ ਰਾਹ, ਵਿਧੀ ਅਤੇ ਪ੍ਰੇਰਨਾ ਪਰਦਾਨ ਕਰਦੀ ਹੈ।

ਪਰ ਮਨੁੱਖੀ ਮਨ ਦੀਆਂ ਕਈ ਤੈਹਾਂ ਹਨ ਅਤੇ ਹਰ ਤਹਿ ਜਾਂ ਸਤਰ ਤੇ ਉਹ ਵੱਖ-ਵੱਖ ਤਰ੍ਹਾਂ ਦੀ ਸੂਝ ਰੱਖਦਾ ਹੈ ਜਿਸ ਨਾਲ ਉਸ ਦਾ ਜੀਵਨ ਅਤੇ ਉਸ ਦੀਆਂ ਗਤੀਵਿਧੀਆਂ ਨਿਰਧਾਰਿਤ ਹੁੰਦੀਆਂ ਹਨ। ਹਰ ਇਕ ਸਿੱਖ ਦੀ ਮਨੋਸਥਿਤੀ ਦੇ ਆਧਾਰ ਤੇ ਉਸ ਨੂੰ ਸਿੱਖਿਆ ਦਿੱਤੀ ਜਾਵੇ ਜਾਂ ਹਰ ਸਿੱਖ ਆਪਣੀ ਜ਼ਰੂਰਤ ਦੇ ਆਧਾਰ ਤੇ ਆਪਣੇ ਆਪ ਬਾਰੇ ਵਿਚਾਰ-ਵਿਟਾਂਦਰਾ ਕਰ ਸਕੇ ਇਸ ਲਈ ਸਿੱਖ ਜੀਵਨ ਢੰਗ ਵਿਚ ਸਾਧ-ਸੰਗਤ ਮੌਜੂਦ ਹੈ। ਭਾਵੇਂ ਸੱਚ ਤਕ ਪਹੁੰਚਣ ਦੀ ਵਿਚਾਰ, ਵਿਧੀ ਅਤੇ ਜਨਮ-ਮਰਨ ਦੇ ਚੱਕਰ ਤੋਂ ਛੁਟਕਾਰੇ ਦਾ ਸਾਰਾ ਸਾਮਾਨ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ, ਪਰ ਉਸ ਦੀ ਵਿਵਹਾਰਕ ਤਰਜ਼ਮਾਨੀ

ਅਤੇ ਪ੍ਰੇਰਨਾ ਸਾਧ-ਸੰਗਤ ਵਿਚ ਪ੍ਰਾਪਤ ਹੁੰਦੀ ਹੈ। ਇਹ ਗੁਰੂ ਸਾਹਿਬ ਦੁਆਰਾ ਸਥਾਪਤ ਇਕ ਬਹੁਤ ਹੀ ਅਹਿਮ ਵਿਧਾਨ ਹੈ।

ਸਾਧ-ਸੰਗਤ ਦੀ ਭੂਮਿਕਾ:-

ਮਨ ਵਿਚ ਸੰਸ਼ਾ ਰੱਖ ਕੇ ਕੋਈ ਵੀ ਪ੍ਰਭੂ ਭਗਤੀ ਦੇ ਸੱਚੇ ਮਾਰਗ ਤੇ ਅਡੋਲ ਮਨੋ ਸਥਿਤੀ ਨਾਲ ਨਹੀਂ ਚੱਲ ਸਕਦਾ, ਪਰ ਕਿਉਂਕਿ ਗੁਰਮਤਿ ਅਨੁਸਾਰ ਕੇਵਲ ਉਹੀ ਗੁਰਮੁਖ ਪ੍ਰਭੂ ਭਗਤੀ ਤੇ ਸਹੀ ਦਿਸ਼ਾ ਵਿਚ ਚੱਲ ਸਕਦਾ ਹੈ ਜੋ ਮਨ ਦੀ ਪੂਰੀ ਇਕਾਗਰਤਾ ਅਤੇ ਸੰਪੂਰਨ ਵਿਸ਼ਵਾਸ ਵਿਚ ਰਹਿ ਕੇ ਚੱਲਦਾ ਹੈ। ਇਹ ਧਾਰਨਾ ਬਹੁਤ ਸੋਝੀ ਪ੍ਰਦਾਨ ਕਰਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਜਾਂ ਸ਼ਬਦ ਗੁਰੂ ਆਪਣੇ ਆਪ ਵਿਚ ਗੁਰੂ ਦੀ ਆਤਮਿਕ ਹੋਂਦ ਹੈ ਅਤੇ ਸਾਧ ਸੰਗਤ ਉਸੇ ਦੀ ਸਰੀਰਕ ਹੋਂਦ। ਗੁਰੂ ਗ੍ਰੰਥ ਸਾਹਿਬ ਦੇ ਗੰਭੀਰ ਅਤੇ ਰਹੱਸਮਈ ਵਿਚਾਰ ਨੂੰ ਸਮਝਣ ਲਈ ਉਨੇ ਹੀ ਚੇਤੰਨ ਅਤੇ ਪਰਪੱਕ ਸਮਝਾਉਣ ਵਾਲੇ ਦੀ ਜ਼ਰੂਰਤ ਹੁੰਦੀ ਹੈ। ਇਸ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਮਨੁੱਖੀ ਇਤਿਹਾਸ ਵਿਚ ਇਲਾਹੀ ਮੌਜੂਦਗੀ ਦੀ ਆਤਮਾ ਅਤੇ ਸਾਧ-ਸੰਗਤ ਨੂੰ ਉਸ ਦਾ ਸਰੀਰ ਮੰਨਿਆ ਗਿਆ ਹੈ। ਗੁਰਮੁਖ ਲਈ ਆਪਣੀ ਅੰਤਿਮ ਮੰਜ਼ਿਲ ਵੱਲ ਸਫ਼ਰ ਤੈਅ ਕਰਨ ਵਾਸਤੇ ਸਾਧ-ਸੰਗਤ ਇਕ ਬੇਹੱਦ ਮਹੱਤਵਪੂਰਨ ਸਥਾਨ ਅਤੇ ਸਾਧਨ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕੱਤਰ ਹੋਇਆ ਜਨ ਸਮੂਹ ਜਿਸ ਦਾ ਇਕੋ ਹੀ ਨਿਸ਼ਾਨਾ ਜਾਂ ਉਦੇਸ਼ ਹੋਵੇ ਕਿ ਉਹਨਾਂ ਨੇ ਕੇਵਲ ਗੁਰ-ਸ਼ਬਦ ਦੀ ਵਿਚਾਰ ਅਤੇ ਗੁਰ ਇਤਿਹਾਸ ਦੇ ਵਿਖਿਆਨ ਨੂੰ ਸੁਣ ਕੇ, ਸਮਝ ਕੇ ਅਤੇ ਧਾਰਨ ਕਰਕੇ ਪ੍ਰਭੂ ਭਗਤੀ ਵਿਚ ਵਿਲੀਨ ਹੋਣਾ ਹੈ। ਕੇਵਲ ਉਸੇ ਜਨ ਸਮੂਹ ਨੂੰ ਅਸਲ ਵਿਚ ਸੱਚੀ ਸਾਧ-ਸੰਗਤ ਕਿਹਾ ਜਾਂਦਾ ਹੈ ਜਿਸ ਨੇ ਸਿਰਫ ਇੱਕੋ ਹੀ ਅਧਿਆਤਮਿਕ ਨਿਸ਼ਾਨੇ ਜਾਂ ਉਦੇਸ਼ ਨੂੰ ਪ੍ਰਾਪਤ ਕਰਨ ਲਈ ਆਪਣੇ ਮਨ ਦੀਆਂ ਸਾਰੀਆਂ ਬ੍ਰਿਤੀਆਂ ਨੂੰ ਸਿਰਫ ਇੱਕ ਥਾਂ ਇਕਾਗਰ ਕਰਨ ਵਾਲੇ ਜਨ ਸਮੂਹ ਨੂੰ ਗੁਰੂ ਦਾ ਰੂਪ ਮੰਨ ਲਿਆ ਜਾਂਦਾ ਹੈ। ਇਸ ਸਥਾਨ ਤੇ ਗੁਰਮੁੱਖ ਨੂੰ ਪ੍ਰਭੂ ਪ੍ਰੇਮ ਦੇ ਰਾਹ ਤੇ ਚੱਲਣ ਦੀ ਪ੍ਰੇਰਨਾ ਮਿਲਦੀ ਹੈ। ਇਕ ਸਿੱਖ ਦਾ ਇਹ ਸੰਬੰਧ ਸਾਮੂਹਿਕ ਵੀ ਹੁੰਦਾ ਹੈ ਅਤੇ ਵਿਅਕਤੀਗਤ ਵੀ ਹੁੰਦਾ ਹੈ। ਜਨ ਸਮੂਹ ਨਾਲ ਸੰਬੰਧ ਇਸ ਤਰ੍ਹਾਂ ਹੈ ਕਿ ਇਕ ਗੁਰਮੁਖ ਗੁਰਦੁਆਰੇ ਜਾ ਕੇ ਗੁਰ-ਸ਼ਬਦ ਅਤੇ ਗੁਰ-ਇਤਿਹਾਸ ਦੀ ਵਿਚਾਰ ਸੁਣ ਕੇ ਉਸ ਨੂੰ ਆਪਣੇ ਦਿਲ ਵਿਚ ਮੰਨ ਕੇ ਉਸ ਅਨੁਸਾਰ ਆਪਣਾ ਜੀਵਨ ਢਾਲਦਾ ਹੈ। ਇਸ ਦੇ ਇਲਾਵਾ ਗੁਰਮੁਖ ਦਾ ਵਿਅਕਤੀਗਤ ਸੰਬੰਧ ਹੁੰਦਾ ਹੈ ਉਹਨਾਂ ਗੁਰਮੁਖ ਪਿਆਰਿਆਂ ਨਾਲ ਜੋ ਅਧਿਆਤਮ ਦੇ ਰਾਹ ਤੇ ਕਾਮਯਾਬੀ ਨਾਲ ਚੱਲਦੇ ਹੋਏ ਕਦਮ-ਦਰ-ਕਦਮ ਆਪਣੀ ਮੰਜ਼ਿਲ ਤੇ ਪਹੁੰਚ ਚੁੱਕੇ ਹੁੰਦੇ ਹਨ ਜਾਂ ਤਕਰੀਬਨ ਪਹੁੰਚਣ ਵਾਲੇ ਹੀ ਹੁੰਦੇ ਹਨ। ਉਹਨਾਂ ਦੀ ਸੰਗਤ ਦੀ ਪ੍ਰੇਰਨਾ ਵਿਚ ਇਕ ਗੁਰਮੁਖ ਆਪਣੇ ਅਧਿਆਤਮਕ ਰਾਹ ਦੀਆਂ ਅਉਖੀਆਂ ਮੰਜ਼ਿਲਾਂ ਨੂੰ ਤੈਅ ਕਰਦਾ ਹੋਇਆ ਆਪਣੀ ਅਸਲੀ ਮੰਜ਼ਿਲ ਪ੍ਰਾਪਤ ਕਰ ਲੈਂਦਾ ਹੈ। ਪਰ ਉਹੀ ਸਾਧ-ਸੰਗਤ ਵਿਚ ਵਿਸ਼ਵਾਸ ਨਾਲ ਆਉਂਦਾ ਹੈ ਜਿਸ ਦੇ ਮਨ ਦੇ ਸੰਸਕਾਰ ਸਾਧ-ਸੰਗਤ ਵਿਚ ਆਉਣ ਦੇ ਯੋਗ ਹੋਣ। ਇਸ ਸੰਬੰਧੀ ਗੁਰੂ ਸਾਹਿਬ ਦਾ ਕਹਿਣਾ ਹੈ ਕਿ:

ਜਾ ਕੈ ਮਸਤਕਿ ਕਰਮ ਪ੍ਰਭਿ ਪਾਏ॥
ਸਾਧ ਸਰਣਿ ਨਾਨਕ ਤੇ ਆਏ।[23]

ਗੁਰ-ਸ਼ਬਦ ਦੀ ਵਿਚਾਰ ਅਤੇ ਗੁਰ-ਇਤਿਹਾਸ ਦੇ ਵਿਖਿਆਨ ਨਾਲ ਗੁਰਮੁਖ ਹਮੇਸ਼ਾਂ ਪ੍ਰਭੂ ਦੇ ਸੱਚੇ ਰਾਹ ਤੇ ਪ੍ਰੇਰਿਤ ਹੋਇਆ ਰਹਿੰਦਾ ਹੈ। ਇਹ ਜ਼ਰੂਰੀ ਹੁੰਦਾ ਹੈ ਕਿ ਗੁਰਮੁਖ ਦਾ ਵਿਸ਼ਵਾਸ ਹਮੇਸ਼ਾਂ ਗੁਰੂ ਅਤੇ ਪ੍ਰਭੂ ਵਿਚ ਬਣਿਆ ਰਹੇ। ਇਸ ਕਰਕੇ ਉਨ੍ਹਾਂ ਮਹਾਨ ਆਤਮਾਵਾਂ ਦੀ ਸੰਗਤ ਜਿਨ੍ਹਾਂ ਨੇ ਇਕ ਨਿਸ਼ਾਨੇ ਉਤੇ ਟਿਕਾ ਕੇ ਆਪਣਾ ਮਨ ਸਾਧ ਲਿਆ ਹੋਵੇ ਅਤੇ ਉਸ ਸੇਧ ਵਿਚ ਹੋਰਨਾਂ ਨੂੰ ਪ੍ਰੇਰਨਾ ਦੇਣ ਦੇ ਸਮਰਥ ਵੀ ਹੋ ਗਏ ਹੋਣ ਉਹੀ ਸਾਧ ਜਾਂ ਸੰਤ ਇਕ ਗੁਰਮੁਖ ਨੂੰ ਆਤਮਿਕ ਸੇਧ ਦੇ ਸਕਦੇ ਹਨ। ਇਸ ਖ਼ੂਬਸੂਰਤ ਸੰਬੰਧ ਕਰਕੇ ਇਕ ਗੁਰਮੁਖ ਨਿਰਵਿਘਨ ਆਪਣੀ ਮੰਜ਼ਿਲ ਦਾ ਸਫ਼ਰ ਤੈਅ ਕਰਨ ਦੇ ਯੋਗ ਹੋ ਸਕਦਾ ਹੈ। ਉਸ ਦੇ ਰਸਤੇ ਵਿਚ ਆਉਣ ਵਾਲੇ ਅਨੇਕ ਵਿਘਨ ਇਸ ਕਰਕੇ ਖ਼ਤਮ ਹੋ ਜਾਂਦੇ ਹਨ ਕਿਉਂਕਿ ਬਹੁਤ ਸਾਰੇ ਵਿਘਨਾਂ ਤੋਂ ਉਸ ਨੂੰ ਬਚਾ ਲਿਆ ਜਾਂਦਾ ਹੈ। ਇਸ ਬਾਰੇ ਗੁਰੂ ਅਰਜਨ ਦੇਵ ਜੀ ਲਿਖਦੇ ਹਨ:

ਅਨਿਕ ਬਿਘਨ ਤੇ ਸਾਧੂ ਰਾਖੈ।[24]

ਗੁਰੂ ਦੇ ਸਨਮੁਖ ਜਾਂ ਸਾਧ ਸੰਗਤ ਵਿਚ ਉਸ ਦੇ ਮਨ ਵਿਚ ਕਿਸੇ ਵੀ ਤਰ੍ਹਾਂ ਦੇ ਉਠੇ ਸੰਸ਼ੇ ਦੀ ਨਿਵਿਰਤੀ ਹੋ ਜਾਂਦੀ ਹੈ। ਇਸੇ ਕਰਕੇ ਇਕ ਸਾਧਕ ਨੂੰ ਲਗਾਤਾਰ ਸੱਚੇ ਗੁਰੂ ਦੀ ਸੱਚੀ ਅਗਵਾਈ ਦੀ ਜ਼ਰੂਰਤ ਹੁੰਦੀ ਹੈ। ਸਿੱਖ ਧਰਮ ਦੀ ਪਰਧਾਨ ਸੁਰ ਅਧਿਆਤਮਿਕ ਹੈ ਇਸ ਕਰਕੇ ਅਧਿਆਤਮਿਕ ਵਿਚਾਰ ਭਾਵੇਂ ਸਦੀਵੀ ਤੌਰ ਤੇ ਗੁਰੂ ਗ੍ਰੰਥ ਸਾਹਿਬ ਵਿਚ ਸਥਿਤ ਹਨ, ਪਰ ਉਨ੍ਹਾਂ ਵਿਚਾਰਾਂ ਦੀ ਵਿਆਖਿਆ ਅਤੇ ਸੇਧ ਦੀ ਪ੍ਰੇਰਨਾ ਸਾਧ-ਸੰਗਤ ਵਿਚੋਂ ਹੀ ਮਿਲਦੀ ਹੈ। ਸਿੱਖ ਧਰਮ ਅਨੁਸਾਰ ਜਿਸ ਨੇ ਆਪਣਾ ਜੀਵਨ ਗੁਰੂ ਗ੍ਰੰਥ ਸਾਹਿਬ ਦੇ ਅਨੁਸਾਰ ਢਾਲ ਲਿਆ ਜਾਂ ਗੁਰੂ ਗ੍ਰੰਥ ਸਾਹਿਬ ਦੀ ਸੇਧ ਵਿਚ ਸਾਧ ਲਿਆ ਹੋਵੇ ਉਹ ਦੂਜਿਆਂ ਲਈ ਪ੍ਰੇਰਨਾ ਸ੍ਰੋਤ ਹੋ ਜਾਂਦਾ ਹੈ। ਇਸ ਕਰਕੇ ਸਾਧ ਦੀ ਸੰਗਤ ਸਿੱਖ ਲਈ ਹਮੇਸ਼ਾ ਲਾਹੇਵੰਦ ਹੁੰਦੀ ਹੈ। ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਮੰਨਿਆਂ ਜਾਂਦਾ ਹੈ ਕਿ ਬਾਣੀ ਪਰਮਾਤਮਾ ਦੇ ਗਿਆਨ ਭਾਵ ਗੁਰੂ ਦੀ ਆਤਮਾ ਹੈ ਅਤੇ ਸਾਧ-ਸੰਗਤ ਉਸ ਦਾ ਸਰੀਰ ਹੈ। ਇਸ ਕਰਕੇ ਹੀ ਸਿੱਖ ਧਰਮ ਵਿਚ ਸਾਧ, ਸੰਤ, ਬ੍ਰਹਮਗਿਆਨੀ ਗੁਰੂ ਦੇ ਸਰੀਰ ਰੂਪ ਵਿਚ ਉਸ ਦੀ ਸਿੱਖਿਆ ਦੀ ਤਰਜਮਾਨੀ ਹੀ ਕਰਦੇ ਹਨ ਅਤੇ ਬ੍ਰਹਮਗਿਆਨੀ ਜੋ ਆਪ ਮਿਲਿਆ ਹੋਵੇ ਉਸ ਵਿਚ ਅੱਗੋਂ ਹੋਰਨਾਂ ਨੂੰ ਮਿਲਾਣ ਦੀ ਸ਼ਕਤੀ ਵੀ ਹੁੰਦੀ ਹੈ। ਅਧਿਆਤਮਿਕ ਰਸਤਾ ਨਾ ਤਾਂ ਇੰਨਾ ਆਸਾਨ ਹੁੰਦਾ ਹੈ ਕਿ ਕੋਈ ਵੀ ਆਪਣੀ ਖੁਦ ਦੀ ਮਰਜ਼ੀ ਨਾਲ ਉਸ ਨੂੰ ਤੈਅ ਕਰ ਸਕੇ ਅਤੇ ਦੂਜਾ ਉਸ ਰਸਤੇ ਦੇ ਬਹੁਤ ਸਾਰੇ ਰਹੱਸਮਈ ਭੇਦ ਹੁੰਦੇ ਹਨ ਜੋ ਕੇਵਲ ਉਹੀ ਜਾਣ ਸਕਦਾ ਹੈ ਜਿਸ ਨੇ ਉਹ ਰਸਤਾ ਸਾਧ ਲਿਆ ਹੋਵੇ। ਬ੍ਰਹਿਮੰਡ ਦਾ ਰਹੱਸਮਈ ਵਰਤਾਰਾ ਮਨੁੱਖ ਦੇ ਆਪਣੇ ਅੰਦਰ ਵੀ ਹੈ। ਸੱਚਾ ਗੁਰੂ ਉਹੀ ਹੁੰਦਾ ਹੈ ਜੋ ਉਸ ਨੂੰ ਉਹ ਸਭ ਕੁਝ ਉਸ

23. ਗੁਰੂ ਗ੍ਰੰਥ ਸਾਹਿਬ, ਪੰਨਾ, 296.
24. ਗੁਰੂ ਗ੍ਰੰਥ ਸਾਹਿਬ, ਪੰਨਾ, 283.

ਦੇ ਆਪਣੇ ਅੰਦਰੋਂ ਹੀ ਦਿਖਾ ਦੇਵੇ ਜੋ ਉਹ ਆਪ ਆਪਣੀ ਸਮਝ ਕਰਕੇ ਨਹੀਂ ਦੇਖ ਸਕਦਾ। ਗੁਝੇ ਰਹੱਸਮਈ ਭੇਦਾਂ ਦਾ ਗਿਆਨ ਗੁਰੂ ਤੋਂ ਪ੍ਰਾਪਤ ਕਰਕੇ ਇਕ ਸਿੱਖ ਉਸ ਅਨੁਸਾਰ ਆਪਣੇ ਅੰਦਰ ਸ਼ਬਦ ਨਾਲ ਅਭਿਆਸ ਕਰਨ ਦਾ ਤਜ਼ਰਬਾ ਵੀ ਕਰਦਾ ਹੈ। ਜਦੋਂ ਉਨ੍ਹਾਂ ਤਜ਼ਰਬਿਆਂ ਦਾ ਨਤੀਜਾ ਨਿਕਲਨਾ ਸ਼ੁਰੂ ਹੁੰਦਾ ਹੈ ਤਾਂ ਸਿੱਖ ਦੇ ਆਪਣੇ ਹੀ ਗੁਰੂ ਦੇ ਸੱਚੇ ਹੋਣ ਵਿਚ ਵਿਸ਼ਵਾਸ ਨੂੰ ਦ੍ਰਿੜਤਾ ਮਿਲਦੀ ਹੈ। ਆਪਣੇ ਹੀ ਅੰਦਰ ਦੇ ਸਫ਼ਰ ਵਿਚ ਜੋ ਅਨੁਭਵ ਉਸ ਨੂੰ ਹੁੰਦੇ ਹਨ ਇਸ ਬਾਰੇ ਗੁਰੂ ਨਾਨਕ ਸਾਹਿਬ ਕਹਿੰਦੇ ਹਨ:

ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥[25]

ਇਸ ਜੁਗਤ ਨੂੰ ਜਾਨਣ ਵਾਲਾ ਹੀ ਇਸ ਬਾਰੇ ਅੱਗੋਂ ਗਿਆਨ ਦੇ ਸਕਣ ਦੇ ਯੋਗ ਹੁੰਦਾ ਹੈ। ਸੰਤ ਈਸ਼ਰ ਸਿੰਘ ਜੀ ਰਾੜੇ ਵਾਲੇ ਲਿਖਦੇ ਹਨ ਕਿਉਂਕਿ; ਦੁਨੀਆਂ ਦੇ ਕੰਮ ਜੁਗਤੀ ਨਾਲ ਬੜੇ ਅਸਾਨ ਹੋ ਜਾਇਆ ਕਰਦੇ ਹਨ, ਪਰ ਬਿਨਾਂ ਜੁਗਤ, ਉਹੀ ਬੜੇ ਮੁਸ਼ਕਲ ਹੋ ਜਾਂਦੇ ਹਨ। ਇਸੀ ਤਰ੍ਹਾਂ ਵਾਹਿਗੁਰੂ ਦੀ ਪ੍ਰਾਪਤੀ ਵਾਸਤੇ ਭੀ ਜੁਗਤੀ ਦੀ ਲੋੜ ਹੈ, ਨਾ ਕਿ ਧੱਕੇ ਸ਼ਾਹੀ ਦੀ। ਸਤਿਪੁਰਸ਼, ਜਿਨਾਂ ਨੇ ਇਹ ਕਾਰਜ ਸੌਖਾ ਹੀ ਸਿੱਧ ਕੀਤਾ ਹੋਵੇ ਉਹਨਾਂ ਦਵਾਰਾ ਸੇਵਾ ਅਰ ਭਜਨ ਦੀਆਂ ਜੁਗਤੀਆਂ ਅਧਿਕਾਰੀ ਜਨਾਂ ਨੂੰ ਸਫ਼ਲ ਬਨਾਉਣ ਵਿਚ ਬਹੁਤ ਮਦਦਗਾਰ ਹੁੰਦੀਆਂ ਹਨ।

ਉਨ੍ਹਾਂ ਅੱਗੇ ਕਿਹਾ ਹੈ:

ਚੌਰਾਸੀ ਲੱਖ ਜੂਨੀਆਂ ਵਿਚੋਂ ਮਨੁੱਖ ਸਰੀਰ ਦੁਰਲੱਭ ਹੈ ਤਾਂ ਤੇ ਜਦ ਸਤਸੰਗ ਪਰਾਪਤ ਹੋ ਜਾਵੇ ਤਾਂ ਪਰਮਾਰਥ ਦਾ ਰਸਤਾ ਸੁਲਭ ਹੋ ਜਾਇਆ ਕਰਦਾ ਹੈ ਔਰ ਸਤ ਪੁਰਸ਼ਾਂ ਦੀ ਸੰਗਤ ਦੁਆਰਾ ਪ੍ਰਭੂ ਪ੍ਰਾਪਤੀ ਸੌਖੀ ਹੀ ਪ੍ਰਾਪਤ ਹੋ ਜਾਇਆ ਕਰਦੀ ਹੈ। ਇਸ ਕਰਕੇ ਇਸ ਨਿਰਦੇਸ਼ਨ ਦੀ ਵਿਸਤ੍ਰਿਤ ਵਿਆਖਿਆ ਕੇਵਲ ਸਾਧ-ਸੰਗਤ ਵਿਚ ਹੀ ਪ੍ਰਾਪਤ ਹੋ ਸਕਦੀ ਹੈ। ਸੱਚੇ ਗੁਰੂ ਦਾ ਉਪਦੇਸ਼ ਧਾਰਨ ਕੀਤੇ ਬਿਨਾਂ ਸੱਚ ਨੂੰ ਪ੍ਰਾਪਤ ਕਰਨ ਦੀ ਸੂਝ ਅਤੇ ਸੋਧ ਪ੍ਰਾਪਤ ਹੀ ਨਹੀਂ ਹੁੰਦੀ। ਸੱਚੇ ਗੁਰੂ ਦੇ ਨਿਰਦੇਸ਼ਨ ਜੋ ਕਿ ਸਾਧ-ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ ਉਸ ਤੋਂ ਬਿਨਾਂ ਸੱਚ (ਪਰਮਾਤਮਾ) ਵੱਲ ਨੂੰ ਜਾਂਦਾ ਰਸਤਾ ਨਾਂ ਤਾਂ ਸਮਝ ਆਉਂਦਾ ਹੈ ਅਤੇ ਨਾਂ ਹੀ ਤੈਅ ਹੋ ਪਾਂਦਾ ਹੈ। ਭਾਈ ਗੁਰਦਾਸ ਜੀ ਵੀ ਇਸ ਤਕ ਦੀ ਪੁਸ਼ਟੀ ਇਸ ਤਰ੍ਹਾਂ ਕਰਦੇ ਹਨ:

ਸਬਦ ਸੁਰਤਿ ਲਿਵ ਸਾਧ ਸੰਗਿ ਪੰਚ ਸਬਦ ਇਕ ਸਬਦ ਮਿਲਾਏ।
ਰਾਗ ਨਾਦ ਲਖ ਸਬਦ ਲਖਿ ਭਾਖਿਆ ਭਾਉ ਸੁਭਾਉ ਅਲਾਏ।
ਗੁਰਮਖਿ ਬ੍ਰਹਮ ਧਿਆਨੁ ਧੁਨਿ ਜਾਣੈ ਜੰਤ੍ਰੀ ਜੰਤ੍ਰ ਵਜਾਏ।
ਅਕਥ ਕਥਾ ਵੀਚਾਰਿ ਕੈ ਉਸਤਤਿ ਨਿੰਦਾ ਵਰਜਿ ਰਹਾਏ।

25. ਗੁਰੂ ਗ੍ਰੰਥ ਸਾਹਿਬ, ਪੰਨਾ, 1291.

ਗੁਰ ਉਪਦੇਸ ਅਵੇਸ ਕਰਿ ਮਿਠਾ ਬੋਲਣੁ ਮਨ ਪਰਚਾਏ।
ਜਾਇ ਮਿਲਨਿ ਗੁੜ ਕੀੜਿਆਂ ਰਖੈ ਰਖਣਹਾਰੁ ਭੁਕਾਏ।
ਗੰਨਾ ਹੋਇ ਕੋਲੂ ਪੀੜਾਏ।।[26]

ਆਤਮ ਸਮਰਪਣ ਅਤੇ ਗੁਰੂ ਦੀਖਿਆ:-

ਸੱਚੀ-ਸੰਗਤ ਹੀ ਸੱਚ ਤਕ ਪਹੁੰਚਣ ਦਾ ਇਕ ਮਾਤਰ ਰਾਹ ਹੈ। ਗੁਰੂ ਜੀ ਕਹਿੰਦੇ ਹਨ ਕਿ ਸੰਸਾਰ ਵਿਚ ਅਸਲੀ ਤੇ ਸੱਚਾ ਵਪਾਰ ਉਹੀ ਹੈ ਜਿਸ ਵਿਚ ਅਸਲੀ ਵਸਤੂ ਦਾ ਵਪਾਰ ਕੀਤਾ ਜਾਵੇ। ਇਸ ਮਕਸਦ ਲਈ ਗੁਰੂ ਦੀ ਸ਼ਰਨ ਵਿਚ ਜਾ ਕੇ ਆਪਾ ਸਮਰਪਿਤ ਕਰਨ ਦੀ ਜਰੂਰਤ ਹੁੰਦੀ ਹੈ। ਕਿਉਂਕਿ ਗੁਰੂ ਦੀ ਸ਼ਰਨ ਪਏ ਬਗੈਰ ਮਨੁੱਖ ਜੋ ਆਪਣੇ ਹੀ ਮਨ ਦੀ ਸੇਧ ਵਿਚ ਚੱਲਦਾ ਹੈ। ਉਸ ਨੂੰ ਸਹੀ ਰਸਤਾ ਪ੍ਰਾਪਤ ਨਹੀਂ ਹੁੰਦਾ। ਕਿਉਂਕਿ ਇਸ ਸੰਸਾਰ ਵਿਚਲੇ ਵਿਕਾਰਾਂ ਨੇ, ਮੋਹ ਨੇ, ਮਾਇਆ ਨੇ, ਮਨੁੱਖ ਦੀਆਂ ਬਿਰਤੀਆਂ ਨੂੰ ਇਸ ਤਰ੍ਹਾਂ ਘੇਰਿਆ ਹੋਇਆ ਹੈ ਕਿ ਮਾਨੋ ਉਸ ਦੇ ਅੱਗੇ ਅੱਗ ਦਾ ਤਲਾਬ ਹੈ ਅਤੇ ਪਿਛੇ ਭਿਆਨਕ ਸ਼ੇਰ। ਕਿਸੇ ਤਰ੍ਹਾਂ ਵੀ ਉਸ ਨੂੰ ਇਸ ਖ਼ਤਰਨਾਕ ਅਤੇ ਭਿਆਨਕ ਸਥਿਤੀ ਵਿਚੋਂ ਬਾਹਰ ਨਿਕਲਣ ਦਾ ਜ਼ਰੀਆ ਨਜ਼ਰ ਨਹੀਂ ਆਉਂਦਾ। ਇਸ ਭਿਆਨਕ ਭਵਸਾਗਰ ਨੂੰ ਤਰ ਕੇ ਪਾਰ ਉਹੀ ਨਿਕਲ ਸਕਦਾ ਹੈ ਜਿਸ ਨੂੰ ਤਰਨ ਦੀ ਜਾਚ ਆਉਂਦੀ ਹੋਵੇ। ਗੁਰੂ ਸਾਹਿਬ ਦਾ ਉਪਦੇਸ਼ ਹੈ ਕਿ ਇਸ ਮਕਸਦ ਲਈ ਸੱਚੀ ਸੰਗਤ ਭਾਵ; ਸੱਚੇ ਗੁਰੂ ਦਾ ਮਿਲਾਪ ਜਰੂਰੀ ਹੈ। ਉਹ ਵੀ ਇਸ ਤਰ੍ਹਾਂ ਕਿ ਮਨੁੱਖ ਆਪਣਾ ਮਨ ਅਤੇ ਤਨ ਗੁਰੂ ਅੱਗੇ ਸੌਂਪ ਦੇਵੇ।

ਆਪੇ ਭਾਵ ਦੀ ਚੇਤਨਾ ਦੇ ਹੰਕਾਰ ਨੂੰ ਨਾਲ ਰੱਖ ਕੇ ਕੋਈ ਵੀ ਗੁਰੂ ਦੇ ਸੱਚੇ ਰਸਤੇ ਤੇ ਨਿਸ਼ਠਾ ਨਾਲ ਨਹੀਂ ਚਲ ਸਕਦਾ। ਉਹ ਕਹਿੰਦੇ ਹਨ ਕਿ "ਹੇ ਸਿੱਖ! ਜੇ ਤੈਨੂੰ ਗੁਰੂ ਦੇ ਰਸਤੇ ਤੇ ਚਲਣ ਦਾ ਸ਼ੌਕ ਹੈ ਜੋ ਪ੍ਰਭੂ ਦੇ ਪ੍ਰੇਮ ਨੂੰ ਪ੍ਰਾਪਤ ਕਰਨ ਦਾ ਚਾਅ ਹੈ ਤਾਂ ਮੌਤ ਦੀ ਪਰਵਾਹ ਕੀਤੇ ਬਗੈਰ ਮੇਰੇ ਰਸਤੇ ਤੇ ਆ। ਜੇ ਇਸ ਰਸਤੇ ਤੇ ਚੱਲਣ ਲੱਗੀਏ ਤਾਂ ਗੁਰੂ ਕੋਲ ਆਪਾ ਵਾਰਨ ਲੱਗਿਆਂ ਝਿਜਕਣਾ ਨਹੀਂ ਚਾਹੀਦਾ ਭਾਵ; ਇਹ ਤਾਂ ਸਿੱਖ ਲਈ ਬੇਹੱਦ ਜ਼ਰੂਰੀ ਹੀ ਹੈ ਕਿ ਉਹ ਆਪਾ ਭਾਵ ਮਿਟਾ ਕੇ ਗੁਰੂ ਦੀ ਸ਼ਰਨ ਵਿਚ ਜਾਵੇ" ਗੁਰੂ ਜੀ ਨੇ ਫੁਰਮਾਇਆ ਹੈ:

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ।।[27]
ਇਸੇ ਕਰਕੇ ਹੀ ਤਾਂ ਕਿਹਾ ਹੈ:
ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।[28]

---

26. ਭਾਈ ਗੁਰਦਾਸ, ਵਾਰ 6, ਪਉੜੀ 10.
27. ਗੁਰੂ ਗ੍ਰੰਥ ਸਾਹਿਬ, ਪੰਨਾ, 918.
28. ਗੁਰੂ ਗ੍ਰੰਥ ਸਾਹਿਬ, ਪੰਨਾ, 1412.

ਸੰਤ ਨਿੱਕਾ ਸਿੰਘ ਜੀ ਆਖਦੇ ਹਨ: "ਜਦ ਵੀ ਨਾਮ ਧਿਆਉਣਾ ਹੈ, ਪਰਮੇਸ਼ਰ ਦਾ ਧਿਆਨ ਕਰਨਾ, ਨਾਮ ਦਾ ਸਿਮਰਨ ਕਰਨਾ। ਪਹਿਲੇ ਆਪਣਾ ਆਪ ਅਰਪਣ ਕਰ ਦਿਉ। ਇਕ ਹੁੰਦੈ ਵਿਚਾਰ, ਵਿਚਾਰ ਤੇ ਗਿਆਨ ਬੜਾ ਮੁਸ਼ਕਿਲ ਹੁੰਦਾ ਹੈ। ਕਿਸੇ ਦੇ ਪਿਛਲੇ ਹੀ ਪੁੰਨ ਹੋਣ, ਸਾਧਨ ਕੀਤੇ। ਜਦ ਆਪਣਾ ਆਪ ਅਰਪਣ ਕਰ ਦਿਉ, ਗਿਆਨ ਮੇਂ ਛਿਨ ਮਾਤਰ ਹੀ ਲਗਦੈ। ਉਹ ਅੱਗੇ ਕਹਿੰਦੇ ਹਨ; ਸੱਚਾ ਗਿਆਨ ਉਸੇ ਨੂੰ ਪ੍ਰਾਪਤ ਹੁੰਦਾ ਹੈ ਜੋ ਆਪਣੇ ਮੰਨ ਨੂੰ ਜਿੱਤ ਲਵੇ ਅਤੇ ਮਨ ਨੂੰ ਉਹੀ ਜਿੱਤ ਸਕਦੈ ਜੀਹਦੇ ਉਤੇ ਪੂਰਣ ਗੁਰੂ ਦੀ ਕਿਰਪਾ ਹੋਵੇ, ਨਾਮ ਅਤੇ ਪ੍ਰੇਮ ਪ੍ਰਾਪਤ ਹੋ ਜਾਵੇ ਫਿਰ ਉਹਦੀ ਲਿਵ ਲੱਗ ਜਾਂਦੀ ਹੈ। ਲਿਵ ਤੇ ਮਨ ਜਿੱਤਿਆ ਜਾਂਦਾ ਹੈ, ਅੱਗੇ ਮਨ ਨਹੀਂ ਰਹਿੰਦਾ, ਫਿਰ ਤਾਂ ਆਪਣਾ ਆਤਮਾ ਸਾਖਸ਼ੀ ਰਹਿੰਦਾ ਹੈ, ਚੇਤਨ। ਹੋਰ ਕੁਝ ਨਹੀਂ ਰਹਿੰਦਾ। ਉਹਨੂੰ ਦਾਨਾ ਬੀਨਾ ਕਹੋ, ਉਹਨੂੰ ਦ੍ਰਸ਼ਟਾ ਕਹੋ।"[29]

ਸੰਤ ਜੀ ਇਕ ਆਮ ਪ੍ਰਚੱਲਤ ਪੁਰਾਣਿਕ ਕਹਾਣੀ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ; "ਜਦੋਂ ਰਾਜਾ ਜਨਕ ਨੇ ਅਸ਼ਟਾਵਕਰ ਅੱਗੇ ਬੇਨਤੀ ਕੀਤੀ ਕਿ ਮੈਨੂੰ ਗਿਆਨ ਕਰਾਉ ਤਾਂ ਕਹਿੰਦੇ ਨੇ ਅਸ਼ਟਾਵਕਰ ਨੇ ਕਿਹਾ ਸੀ; ਕਿ ਹੇ ਰਾਜਨ ਪਹਿਲਾਂ ਆਪਣਾ ਤਨ, ਮਨ, ਧਨ ਆਪਣੇ ਗੁਰੂ ਨੂੰ ਅਰਪਿਤ ਕਰ ਤੇ ਫਿਰ ਹੁਕਮ ਸਾਡਾ ਮੰਨ, ਫਿਰ ਅਸੀਂ ਤੈਨੂੰ ਉਪਦੇਸ਼ ਕਰਾਂਗੇ। ਭਾਰਤੀ ਧਾਰਮਿਕ ਪਰੰਪਰਾ ਵਿਚ ਕਿਸੇ ਨੂੰ ਵਚਨ ਦੇਣ ਲਈ ਇਕ ਖਾਸ ਕਿਸਮ ਦੀ ਰਸਮ ਅਦਾ ਕੀਤੀ ਜਾਂਦੀ ਹੈ ਉਹ ਹੈ; ਚੂਲੀ ਵਿਚ ਪਾਣੀ ਭਰ ਕੇ ਆਪਣੇ ਵਚਨ ਨੂੰ ਦੁਹਰਾਂਦਿਆਂ ਹੋਇਆਂ ਪਾਣੀ ਨੂੰ ਹੱਥ ਵਿਚੋਂ ਛੱਡਣਾ। ਇਸ ਤਰ੍ਹਾਂ ਰਾਜਾ ਜਨਕ ਨੇ ਤਿੰਨ ਵਚਨ ਨਿਭਾਉਣ ਦੇ ਵਾਅਦੇ ਵਜੋਂ ਤਿੰਨੇ ਚੂਲੀਆਂ ਛੱਡ ਦਿੱਤੀਆਂ ਇਹ ਕਹਿੰਦਿਆਂ ਕਿ ਮੈਂ ਆਪਣਾਂ ਤਨ, ਮਨ, ਧਨ ਆਪ ਦੇ ਅਰਪਣ ਕਰਦਾ ਹਾਂ। ਫਿਰ ਉਸ ਨੇ ਆਪਣੇ ਮਨ ਅੰਦਰ ਖਿਆਲ ਕੀਤਾ, ਸੰਕਲਪ ਕੀਤਾ, ਹੁਣ ਮੈਂ ਘੋੜੇ ਤੇ ਪੈਰ ਰੱਖਾਂ, ਰਕਾਬ ਦੇ ਵਿਚ ਪੈਰ ਪਾਵਾਂ ਤਾਂ ਅਸ਼ਟਾਵਕਰ ਨੇ ਉਸ ਨੂੰ ਕਿਹਾ ਹੇ ਰਾਜਨ ਤੂੰ ਤਾਂ ਬੇਈਮਾਨ ਵੀ ਹੈਂ। ਉਹਨੇ ਆਖਿਆ ਕਿਉਂ? ਅਖੇ ਤੂੰ ਸੰਕਲਪ ਕੀਤਾ ਘੋੜੇ ਦੀ ਰਕਾਬ 'ਚ ਪੈਰ ਪਾਉਣ ਦਾ। ਕਾਹਦੇ ਨਾਲ ਕੀਤਾ? ਉਸ ਨੇ ਜੁਆਬ ਦਿੱਤਾ ਕਿ ਆਪਣੇ ਮਨ ਨਾਲ। ਇਸ ਤੇ ਅਸ਼ਟਾਵਕਰ ਨੇ ਕਿਹਾ ਮਨ ਤੇਰਾ ਹੈ ਕਿ ਮੇਰਾ? ਮਨ ਤਾਂ ਤੂੰ ਮੈਨੂੰ ਅਰਪਣ ਕਰ ਦਿੱਤਾ। ਉਹ ਬਾਦਸ਼ਾਹ ਸੀ, ਕਹਿੰਦਾ ਜੀ ਭੁਲ ਗਿਆ। ਉਹਨੇ ਸੰਕਲਪ ਤਿਆਗ ਦਿੱਤਾ। ਮੰਨ ਵਿਚੋਂ ਆਪਣੀ ਵਿਅਕਤੀਗਤ ਸੂਝ ਕਰਕੇ ਸੰਕਲਪ ਅਤੇ ਵਿਕਲਪ ਦਾ ਤਿਆਗ ਹੀ ਗੁਰੂ ਪ੍ਰਤੀ ਸਮਰਪਣ ਹੈ।[30]

ਇਸ ਤੋਂ ਭਾਵ ਇਹ ਲਿਆ ਜਾਂਦਾ ਹੈ ਕਿ ਮਨ ਦੀਆਂ ਖਿੱਲਰ ਰਹੀਆਂ ਬਿਰਤੀਆਂ ਨੂੰ ਸੰਕੋਚ ਕੇ ਮਨ ਨੂੰ ਗੁਰੂ ਦੀ ਸਿੱਖਿਆ ਨੂੰ ਸੁਣਨ ਤੇ ਕੇਂਦ੍ਰਿਤ ਕਰਨਾ। ਫਿਰ ਗੁਰੂ ਦੁਆਰਾ ਦੱਸੇ ਹੋਏ ਰਾਹ ਤੇ ਚੱਲਦੇ ਹੋਏ ਅਤੇ ਸੰਸਾਰ ਵਿਚ ਵਿਚਰਦੇ ਹੋਏ ਸਮਾਜਕ

---

29. ਸੰਤ ਨਿੱਕਾ ਸਿੰਘ ਜੀ, *ਸਹਜ ਕਥਾ*, ਨਿਰਮਲ ਆਸ਼ਰਮ, ਰਿਸ਼ੀਕੇਸ਼, 2001, ਪੰਨਾ, 6.
30. ਸੰਤ ਨਿੱਕਾ ਸਿੰਘ ਜੀ, *ਸਹਜ ਕਥਾ*, ਨਿਰਮਲ ਆਸ਼ਰਮ, ਰਿਸ਼ੀਕੇਸ਼, 2001, ਪੰਨਾ, 6.

ਜੀਵਨ ਜੀਣਾਂ। ਗੁਰੂ ਆਪਣੇ ਸਿੱਖ ਨੂੰ ਉਹ ਰਾਹ ਦੱਸਦਾ ਹੈ ਜਿਸ ਰਾਹੀਂ ਉਸ ਦਾ ਮਨ ਆਪਣੇ ਵਿਚਾਰਾਂ ਨੂੰ ਇਕ ਪ੍ਰਭੂ ਬਾਰੇ ਵਿਚਾਰਧਾਰਾ ਤੇ ਕੇਂਦਰਿਤ ਕਰਦਾ ਹੋਇਆ ਬਾਹਰੀ ਪ੍ਰਭਾਵਾਂ ਤੋਂ ਬਚ ਕੇ ਆਪਣੀਆਂ ਮਨੋਬਿਰਤੀਆਂ ਨੂੰ ਇਕ ਖਾਸ ਉਦੇਸ਼ ਦੀ ਪ੍ਰਾਪਤੀ ਦੀ ਦਿਸ਼ਾ ਵਿਚ ਚਲਾਂਦਾ ਹੈ। ਇਸ ਮਕਸਦ ਲਈ ਮਨੁੱਖ ਨੂੰ ਬਾਹਰੀ ਕਰਮ-ਕਾਂਡ ਜਾਂ ਤਪ-ਸਾਧਨਾ ਕਰਨ ਦੀ ਜ਼ਰੂਰਤ ਨਹੀਂ ਅਤੇ ਨਾ ਹੀ ਆਪਣੀਆਂ ਹੱਡੀਆਂ ਨੂੰ ਸੁੱਕੀਆਂ ਲੱਕੜੀਆਂ ਵਾਂਗ ਬਾਲਣ ਦੀ ਜ਼ਰੂਰਤ ਹੈ। ਆਪਣੇ ਆਪ ਨੂੰ ਉਲਟਾ ਲਟਕਾਉਣ ਨਾਲ ਵੀ ਪ੍ਰਭੂ ਨਹੀਂ ਮਿਲਦਾ। ਉਹ ਤਾਂ ਸਿਰਫ ਗੁਰੂ ਦੀ ਸਿੱਖਿਆ ਸੁਣਨ ਅਤੇ ਦੀਖਿਆ ਧਾਰਨ ਕਰਨ ਨਾਲ ਹੀ ਪ੍ਰਾਪਤ ਹੁੰਦਾ ਹੈ। ਅਸਲੀ ਬਾਣੀ ਤੀਰਥਾਂ ਤੇ ਜਾਣ, ਤਪੱਸਿਆ ਕਰਨ, ਜੀਵਾਂ ਤੇ ਦਇਆ ਕਰਨ ਅਤੇ ਦਾਨ ਕਰਨ ਨਾਲ ਅਗਰ ਕੋਈ ਇਸ ਤੋਂ ਸਨਮਾਨ ਪ੍ਰਾਪਤ ਕਰਦਾ ਹੈ ਤਾਂ ਉਹ ਕੇਵਲ ਤਿਲ ਜਿੰਨਾਂ ਹੀ ਹੁੰਦਾ ਹੈ। ਜਿਸ ਨੇ ਗੁਰੂ ਦੀ ਸਿੱਖਿਆ ਨੂੰ ਸੁਣ ਕੇ ਉਸ ਤੇ ਅਮਲ ਕੀਤਾ ਅਤੇ ਵਾਹਿਗੁਰੂ ਦੇ ਪਿਆਰ ਨੂੰ ਆਪਣੇ ਮਨ ਵਿਚ ਵਸਾਇਆ ਉਸ ਨੇ ਤੀਰਥਾਂ ਤੇ ਮਲ-ਮਲ ਕੇ ਨ੍ਹਾਉਣ ਜਿੰਨੀ ਸ਼ੁੱਧੀ ਆਪਣੇ ਅੰਦਰ ਹੀ ਪ੍ਰਾਪਤ ਕਰ ਲਈ।

ਜੋ ਗੁਰੂ ਦਾ ਹੁਕਮ ਮੰਨ ਕੇ ਉਸ ਅਨੁਸਾਰ ਆਪਣੇ ਮਨ ਅਤੇ ਸਰੀਰ ਨੂੰ ਢਾਲ ਲੈਂਦੇ ਹਨ, ਜੋ ਧੀਰਜ ਅਤੇ ਸੰਤੁਸ਼ਟੀ ਧਾਰਨ ਕਰਦੇ ਹਨ ਉਹੀ ਗੁਰੂ ਦੀਆਂ ਨਜ਼ਰਾਂ ਵਿਚ ਸੁਘੜ ਸਿਆਣੇ ਹਨ, ਉਨ੍ਹਾਂ ਦੇ ਹੀ ਮਨ ਦੀ ਖ਼ੂਬਸੂਰਤੀ ਉਨ੍ਹਾਂ ਦੇ ਸਰੀਰ ਵਿਚੋਂ ਝਲਕਦੀ ਹੈ। ਸੱਚ ਦੀ ਪ੍ਰਾਪਤੀ ਲਈ ਗੁਰੂ ਦੀ ਸਿੱਖਿਆ ਦਾ ਪੰਨਾ ਫੜਨ ਵਾਲੇ ਜ਼ਿਆਦਾ ਨਹੀਂ ਬਹੁਤ ਘੱਟ ਸਾਧੂ ਹੀ ਹਨ ਬਾਕੀ ਸੰਸਾਰ ਸਭ ਝੂਠ ਅਤੇ ਨਿਰਾ ਦਿਖਾਵਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਅਸਲੀ ਗੁਰੂ ਦੀ ਸਿੱਖਿਆ ਵਾਲੀ ਐਸੀ ਚੋਟ ਲੱਗਦੀ ਹੈ ਭਾਵ; ਐਸਾ ਗਹਿਰਾ ਅਸਰ ਹੁੰਦਾ ਹੈ ਕਿ ਜੀਵਨ ਦਾ ਹੰਕਾਰ ਖ਼ਤਮ ਹੋ ਜਾਂਦਾ ਹੈ। ਜੋ ਸਿੱਖ ਸੱਚੇ ਗੁਰੂ ਦੁਆਰਾ ਦਿਤੀ ਹੋਈ ਦੀਖਿਆ ਰੂਪੀ ਚੋਟ ਨਾਲ ਆਪਾ ਭਾਵ ਆਪਣੇ ਵਿਚੋਂ ਖ਼ਤਮ ਕਰ ਲੈਂਦਾ ਹੈ ਉਸੇ ਵਿਚੋਂ ਹੀ ਹੰਕਾਰ ਖ਼ਤਮ ਹੁੰਦਾ ਹੈ ਇਹੀ ਇਕ ਗੁਰਮੁਖ ਦੀ ਖ਼ੂਬਸੂਰਤੀ ਹੁੰਦੀ ਹੈ। ਹੰਕਾਰੀ ਮਨੁੱਖ ਕਿੰਨਾ ਵੀ ਖ਼ੂਬਸੂਰਤ ਹੋਵੇ, ਕਿੰਨੀਆਂ ਵੀ ਅਕਲਾਂ ਦਾ ਮਾਲਿਕ ਹੋਵੇ, ਪਰ ਉਹ ਹੰਕਾਰ ਦੇ ਰਹਿੰਦੇ ਹੋਏ ਖ਼ੂਬਸੂਰਤ ਕਤੱਈ ਨਹੀਂ ਲੱਗ ਸਕਦਾ। ਇਸੇ ਕਰਕੇ ਜੋ ਸੱਚੇ ਗੁਰੂ ਦੁਆਰਾ ਦਿਤੀ ਹੋਈ ਦੀਖਿਆ ਰੂਪੀ ਚੋਟ ਨਾਲ ਆਪਣੇ ਅੰਦਰੋਂ ਹੰਕਾਰ ਦਾ ਖ਼ਾਤਮਾ ਕਰ ਲੈਂਦਾ ਹੈ ਉਸੇ ਤੇ ਹੀ ਗੁਰੂ ਦੀ ਸਿੱਖਿਆ ਦਾ ਅਸਲੀ ਅਸਰ ਸਮਝਿਆ ਜਾਂਦਾ ਹੈ, ਪਰ ਗੁਰੂ ਦੁਆਰਾ ਦਿੱਤੀ ਹੋਈ ਦੀਖਿਆ ਰੂਪੀ ਚੋਟ ਉਸੇ ਨੂੰ ਲਗਦੀ ਹੈ ਜਿਸ ਉਪਰ ਪ੍ਰਭੂ ਦੀ ਕ੍ਰਿਪਾ ਹੋ ਜਾਂਦੀ ਹੈ। ਇਹ ਚੋਟ ਉਸ ਨੂੰ ਪ੍ਰਾਪਤ ਹੁੰਦੀ ਹੈ ਜਿਸ ਨੂੰ ਪ੍ਰਭੂ ਆਪ ਲਾਉਂਦਾ ਹੈ, ਉਸੇ ਦੀ ਚੋਟ ਭਾਵ; ਦੀਖਿਆ ਉਸ ਪ੍ਰਭੂ ਦੇ ਦਰਬਾਰ ਵਿਚ ਪਰਵਾਨ ਮੰਨੀ ਜਾਂਦੀ ਹੈ। ਗੁਰੂ ਜੀ ਦਾ ਫ਼ੁਰਮਾਨ ਹੈ:

ਨਾਨਕ ਲਗੀ ਤੁਰਿ ਮਰੈ ਜੀਵਣ ਨਾਹੀ ਤਾਣੁ॥
ਚੋਟੈ ਸੇਤੀ ਜੋ ਮਰੈ ਲਗੀ ਸਾ ਪਰਵਾਣੁ॥

ਜਿਸ ਨੋ ਲਾਏ ਤਿਸੁ ਲਗੈ ਲਗੀ ਤਾ ਪਰਵਾਣੁ॥
ਪਿਰਮ ਪੈਕਾਮੁ ਨ ਨਿਕਲੈ ਲਾਇਆ ਤਿਨਿ ਸੁਜਾਣਿ॥[31]

ਪਰ ਜਿੰਨੀ ਦੇਰ ਤਕ ਇਕ ਮਨੁੱਖ ਹਉਮੈ ਦਾ ਤਿਆਗ ਕਰ ਕੇ ਸਮਰਥ ਗੁਰੂ ਨੂੰ ਆਪਣਾ ਮਨ ਸਮਰਪਿਤ ਨਹੀਂ ਕਰਦਾ ਉਨੀ ਦੇਰ ਤਕ ਉਸ ਨੂੰ ਸੱਚ ਦੀ ਪ੍ਰਾਪਤੀ ਨਹੀਂ ਹੋ ਸਕਦੀ। ਆਪਣੇ ਹੀ ਮਨ ਅੰਦਰ ਸੱਚ ਦੀ ਪ੍ਰਾਪਤੀ ਕੇਵਲ ਉਸੇ ਨੂੰ ਹੀ ਹੁੰਦੀ ਹੈ ਜੋ ਸੱਚੇ ਗੁਰੂ ਦੀ ਸੱਚੀ ਸਿੱਖਿਆ ਨੂੰ ਧਾਰਨ ਕਰਦਾ ਹੈ ਕਿਉਂਕਿ ਮਨ ਆਪਣੇ ਸ਼ੁੱਧ ਸਰੂਪ ਵਿਚ ਆਪ ਹੀ ਆਤਮਾ ਹੈ, ਆਪ ਹੀ ਜੋਤ ਸਰੂਪੀ ਹੈ, ਆਪ ਹੀ ਅਨਹਦ ਨਾਦ ਹੈ, ਪਰ ਮਨ ਆਪਣੀ ਅਸਲੀ ਅਵਸਥਾ ਵਿਚ ਉਦੋਂ ਆਉਂਦਾ ਹੈ ਜਦੋਂ ਉਸ ਨੂੰ ਉਸ ਦੇ ਆਪਣੇ ਘਰ ਵਾਪਸ ਮੁੜਨ ਲਈ ਗੁਰੂ ਪਾਸੋਂ ਰਾਹਦਾਰੀ ਮਿਲਦੀ ਹੈ। ਮਨ ਨੂੰ ਆਪਣੇ ਅਸਲੀ ਘਰ ਵਿਚ ਪਹੁੰਚਣ ਲਈ ਗੁਰੂ ਤੋਂ ਬਿਨ੍ਹਾਂ ਹੋਰ ਕੋਈ ਰਾਹ ਮੌਜੂਦ ਨਹੀਂ ਹੈ। ਗੁਰੂ ਸਾਹਿਬ ਨੇ ਕਿਹਾ ਹੈ:

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥[32]

ਅਤੇ

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥[33]

ਗੁਰੂ ਅਰਜਨ ਦੇਵ ਜੀ ਲਿਖਦੇ ਹਨ:

ਪੂਰੇ ਗੁਰ ਕੀ ਪੂਰੀ ਦੀਖਿਆ॥
ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ॥[34]

ਮਨੁੱਖੀ ਮਨ ਹੰਕਾਰ ਦਾ ਸ਼ਿਕਾਰ ਹੋਣ ਕਰਕੇ ਗੁਰੂ ਦੀ ਸ਼ਰਨ ਵਿਚ ਨਹੀਂ ਜਾਂਦਾ। ਜੇ ਕਿਤੇ ਭੁੱਲੇ-ਚੁੱਕੇ ਚਲਾ ਵੀ ਜਾਵੇ ਤਾਂ ਸਵੈ ਸਮਰਪਣ ਦੀ ਭਾਵਨਾ ਨਾਲ ਨਹੀਂ ਬਲਕਿ ਆਪਣੇ ਆਪ ਦੇ ਕੁਝ ਹੋਣ ਦੇ ਹੰਕਾਰ ਨੂੰ ਨਾਲ ਲੈ ਕੇ ਜਾਂਦਾ ਹੈ। ਉਸ ਦੀ ਇਸੇ ਅਵਸਥਾ ਨੂੰ ਹੀ ਗੁਰਮਤਿ ਵਿਚ ਉੱਧੇ ਕੰਵਲ ਹੋਣ ਵਰਗੀ ਤੁਲਨਾ ਦਿੱਤੀ ਗਈ ਹੈ। ਜਿਵੇਂ ਉਲਟੇ ਕੰਵਲ ਵਿਚ ਮੀਂਹ ਦੀਆਂ ਪਵਿੱਤਰ ਬੂੰਦਾਂ ਨਹੀਂ ਪੈਂਦੀਆਂ ਇਸੇ ਤਰ੍ਹਾਂ ਹੰਕਾਰੀ ਮਨ ਵਿਚ ਵੀ ਗੁਰੂ ਦੀ ਸਿੱਖਿਆ ਦੀਆਂ ਅੰਮ੍ਰਿਤ ਰੂਪੀ ਬੂੰਦਾਂ ਨਹੀਂ ਪੈਂਦੀਆਂ। ਇਸੇ ਕਰਕੇ ਗੁਰੂ ਸਾਹਿਬ ਨੇ ਫੁਰਮਾਇਆ ਹੈ:

ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ॥
ਮਨਿ ਅੰਧੈ ਉਂਧੈ ਕਵਲਿ ਦਿਸਨਿ ਖਰੇ ਕਰੂਪ॥

31. ਗੁਰੂ ਗ੍ਰੰਥ ਸਾਹਿਬ, ਪੰਨਾ, 1411.
32. ਗੁਰੂ ਗ੍ਰੰਥ ਸਾਹਿਬ, ਪੰਨਾ, 1237.
33. ਗੁਰੂ ਗ੍ਰੰਥ ਸਾਹਿਬ, ਪੰਨਾ, 205.
34. ਗੁਰੂ ਗ੍ਰੰਥ ਸਾਹਿਬ, ਪੰਨਾ, 293.

ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ॥[35]

ਕਮਲ ਰੂਪੀ ਮਨ ਦੇ ਸਿੱਧੇ ਹੋਣ ਦੀ ਸਥਿਤੀ ਸਤਿਗੁਰਾਂ ਆਪ ਹੀ ਸਮਝਾ ਦਿੱਤੀ ਹੈ ਕਿ ਜੋ ਗੁਰੂ ਦਾ ਕਿਹਾ ਸੁਣਦੇ ਹਨ, ਮੰਨਦੇ ਹਨ ਅਤੇ ਉਸ ਤੇ ਅਸਰ ਕਰਦੇ ਹਨ ਕੇਵਲ ਉਨ੍ਹਾਂ ਦਾ ਮਨ ਹੀ ਸਿੱਧਾ ਕਮਲ ਹੁੰਦਾ ਹੈ। ਕਿਉਂਕਿ ਉਨ੍ਹਾਂ ਦੇ ਮਨਾਂ ਵਿਚ ਹੀ ਗੁਰੂ ਦੀ ਸਿੱਖਿਆ-ਦੀਖਿਆ ਰੂਪੀ ਅੰਮ੍ਰਿਤ ਦੀਆਂ ਬੂੰਦਾਂ ਪੈਂਦੀਆਂ ਹਨ। ਕਿਉਂਕਿ ਗੁਰੂ ਜੀ ਫੁਰਮਾਉਂਦੇ ਹਨ ਕਿ ਹੰਕਾਰ ਵਿਚ ਗ੍ਰਸਿਆ ਹੋਇਆ ਮਨੁੱਖ ਜੋ ਵੀ ਵਿਵਹਾਰ ਕਰਦਾ ਹੈ ਉਹ ਝੂਠਾ ਵਿਵਹਾਰ ਹੈ, ਪਰ ਨਾਲ ਹੀ ਕਹਿੰਦੇ ਹਨ ਕਿ ਸੱਚਾ ਵਿਵਹਾਰ ਕਿਵੇਂ ਅਪਣਾਇਆ ਜਾਵੇ? ਆਪ ਹੀ ਜੁਆਬ ਵਿਚ ਦੱਸਦੇ ਹਨ ਕਿ ਸੱਚੀ ਸੰਗਤ ਵਿਚੋਂ ਹੀ ਹੰਕਾਰ ਦੇ ਛੁਟਕਾਰੇ ਦਾ ਰਾਹ ਨਿਕਲਦਾ ਹੈ।

ਸਤਿਗੁਰਾਂ ਹਉਮੈ ਨੂੰ ਤਾਪ ਦਾ ਨਾਮ ਦਿੱਤਾ ਹੈ, ਬਿਮਾਰੀ ਦਾ ਨਾਮ ਦਿੱਤਾ ਹੈ, ਪਰ ਨਾਲ ਹੀ ਉਨ੍ਹਾਂ ਉਸ ਦਾ ਇਲਾਜ ਵੀ ਦੱਸਿਆ ਹੈ ਕਿ:

ਸਾਧ ਕੈ ਸੰਗਿ ਨਾਹੀ ਹਉ ਤਾਪੁ॥
ਸਾਧ ਕੈ ਸੰਗਿ ਤਜੈ ਸਭੁ ਆਪੁ॥[36]

ਗੁਰੂ ਸਾਹਿਬ ਦਾ ਕਹਿਣਾ ਹੈ ਕਿ ਬੁਰੇ ਮਨੁੱਖਾਂ ਦੀ ਸੰਗਤ ਵਿਚ ਮਨੁੱਖ ਦਾ ਹਿਰਦਾ ਕਦੇ ਵੀ ਸ਼ੁਧਤਾ ਪ੍ਰਾਪਤ ਨਹੀਂ ਕਰਦਾ। ਇਹ ਉਸੇ ਤਰ੍ਹਾਂ ਦਾ ਦ੍ਰਿਸਟਾਂਤ ਹੈ ਜਿਵੇਂ ਚਿੱਕੜ ਦੀ ਭਰੀ ਹੋਈ ਛੱਪੜੀ ਹੋਵੇ ਅਤੇ ਕਾਂ ਉਸ ਵਿਚ ਮਲ-ਮਲ ਕੇ ਨ੍ਹਾਉਣ ਤਾਂ ਕਿ ਚਿੱਟੇ ਨਿਕਲ ਆਉਣ, ਪਰ ਉਹ ਚਿੱਟੇ ਕਦੇ ਨਹੀਂ ਨਿਕਲਦੇ ਕਿਉਂਕਿ ਚਿੱਕੜ ਵਿਚ ਕਾਂ ਨੂੰ ਚਿੱਟਾ ਨਿਖਾਰਨ ਦੀ ਸਮਰਥਾ ਨਹੀਂ ਹੁੰਦੀ। ਕਾਵਾਂ ਦੀ ਬੁਰੀ ਸੰਗਤ ਵਿਚ ਰਹਿ ਕੇ ਸਗੋਂ ਹੰਸ ਵੀ ਬੁਰੀਆਂ ਆਦਤਾਂ ਅਤੇ ਬੁਰੇ ਸੰਸਕਾਰਾਂ ਦਾ ਸ਼ਿਕਾਰ ਹੋ ਜਾਂਦਾ ਹੈ। ਕੇਵਲ ਜਿਸ ਨੇ ਗੁਰੂ ਅੱਗੇ ਆਪਣੀ ਨਿਜੀ ਹੋਂਦ ਜਾਂ ਵਿਅਕਤੀਗਤ ਬੁੱਧੀ ਨੂੰ ਸਮਰਪਿਤ ਕਰਕੇ ਆਪਣੇ ਅੰਦਰੋਂ ਹੰਕਾਰ ਦਾ ਤਿਆਗ ਕਰ ਦਿੱਤਾ ਹੋਵੇ ਅਤੇ ਨਿਮਰਤਾ ਧਾਰਨ ਕਰਕੇ ਗੁਰੂ ਦੀ ਦਿੱਤੀ ਸੇਧ ਵਿਚ ਆ ਗਿਆ ਉਸੇ ਨੂੰ ਗੁਰੂ ਦੀ ਸਿੱਖਿਆ ਦਾ ਤੱਤ ਸਾਰ ਹਾਸਿਲ ਹੋਇਆ ਹੈ। ਜਿਸ ਨੇ ਗੁਰੂ ਦੀ ਸੰਗਤ ਗ੍ਰਹਿਣ ਕਰਕੇ ਉਸ ਅਨੁਸਾਰ ਕਰਮ ਕੀਤੇ ਉਸੇ ਨੂੰ ਆਪਣੇ ਅੰਦਰੋਂ ਸੱਚੀ ਸ਼ੁੱਧਤਾ ਪ੍ਰਾਪਤ ਹੋਈ ਹੈ। ਮਨ ਨੂੰ ਸਾਧਣ ਅਤੇ ਸੋਧਣ ਦਾ ਇਕੋ ਇਕ ਜ਼ਰੀਆ ਹੈ ਗੁਰੂ ਦੀ ਸਿੱਖਿਆ ਅਨੁਸਾਰ ਹਰੀ ਦੇ ਨਾਮ ਦਾ ਸਿਮਰਨ। ਵਰਨਾ ਹੰਕਾਰ ਰੂਪੀ ਬਿਮਾਰੀ ਮਨੁੱਖ ਦੇ ਅੰਦਰੋਂ ਜਾਂਦੀ ਹੀ ਨਹੀਂ ਹੈ। ਇਸ ਬਾਰੇ ਗੁਰੂ ਸਾਹਿਬ ਲਿਖਦੇ ਹਨ ਕਿ:

ਅਨਿਕ ਉਪਾਵੀ ਰੋਗੁ ਨ ਜਾਇ॥
ਰੋਗੁ ਮਿਟੈ ਹਰਿ ਅਵਖਧੁ ਲਾਇ॥[37]

---

35. ਗੁਰੂ ਗ੍ਰੰਥ ਸਾਹਿਬ, ਪੰਨਾ, 1411.
36. ਗੁਰੂ ਗ੍ਰੰਥ ਸਾਹਿਬ, ਪੰਨਾ, 271.
37. ਗੁਰੂ ਗ੍ਰੰਥ ਸਾਹਿਬ, ਪੰਨਾ, 288.

ਕਿਉਂਕਿ ਜਿਨ੍ਹਾਂ ਦਾ ਮਨ ਕੱਚਾ ਹੈ ਅਤੇ ਅਗਿਆਨ ਰੂਪੀ ਹਨੇਰਾ ਉਸ ਵਿਚ ਪਸਰਿਆ ਹੋਇਆ ਹੈ ਉਨ੍ਹਾਂ ਦੇ ਮਨ ਅੰਦਰ ਗੁਰੂ ਦੀ ਸਿੱਖਿਆ ਰੂਪੀ ਚਾਨਣ ਦਾ ਪਸਾਰਾ ਨਹੀਂ ਹੋ ਸਕਦਾ। ਗੁਰੂ ਆਪਣੀ ਵਡਮੁੱਲੀ ਦੀਖਿਆ ਦੀ ਕ੍ਰਿਪਾ ਰਾਹੀਂ ਮਨੁੱਖੀ ਮਨ ਨੂੰ ਚਾਨਣ ਵੀ ਬਖਸ਼ਦਾ ਹੈ ਅਤੇ ਪਕਿਆਈ ਵੀ, ਤਾਂ ਕਿ ਉਸ ਵਿਚ ਬ੍ਰਹਮ ਗਿਆਨ ਪੈਣ ਨਾਲ ਉਹ ਅੰਦਰੋਂ ਅਤੇ ਬਾਹਰੋਂ ਹੋਰ ਖ਼ੂਬਸੂਰਤ ਹੋ ਕੇ ਦਿਖਾਈ ਦੇਵੇ। ਗੁਰੂ ਦੀ ਦੀਖਿਆ ਨੂੰ ਧਾਰਨ ਕਰਕੇ ਗੁਰਮੁਖ ਪ੍ਰਭੂ ਨੂੰ ਆਪਣੇ ਅੰਤਰ-ਆਤਮੇ ਵਿਚ ਪ੍ਰੇਮ ਨਾਲ ਯਾਦ ਰੱਖਦਾ ਹੈ। ਗੁਰੂ ਦੀ ਕ੍ਰਿਪਾ ਕਰਕੇ ਹੀ ਉਹ ਗੁਰਮੁਖ ਦੇ ਅੰਦਰੋਂ ਹੀ ਪ੍ਰਗਟ ਹੋ ਜਾਂਦਾ ਹੈ। ਜਿਵੇਂ ਕਿਹਾ ਗਿਆ ਹੈ:

ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ॥
ਧੰਨੁ ਧੰਨੁ ਗੁਰੂ ਗੁਰ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ॥[38]

ਜਿਨ੍ਹਾਂ ਦੇ ਮਨਾਂ ਅੰਦਰ ਹਨੇਰਾ ਹੈ ਉਹ ਉਹ ਹਨ ਜੋ ਗੁਰੂ ਦਾ ਹੁਕਮ ਨਹੀਂ ਮੰਨਦੇ ਇਸ ਕਰਕੇ ਉਨ੍ਹਾਂ ਦਾ ਹਿਰਦਾ ਰੂਪੀ ਕੰਵਲ ਸਿੱਧਾ ਹੋ ਕੇ ਖਿੜਦਾ ਨਹੀਂ ਭਾਵ; ਉਨ੍ਹਾਂ ਦਾ ਆਤਮਿਕ ਅਸਤਿਤਵ ਉਜਾਗਰ ਨਹੀਂ ਹੁੰਦਾ ਇਸੇ ਕਰਕੇ ਉਨ੍ਹਾਂ ਦੇ ਸਰੀਰ ਦੇ ਲੱਛਣ ਵੀ ਕਰੂਪ ਦਿਸਣ ਲੱਗ ਪੈਂਦੇ ਹਨ। ਜੋ ਗੁਰੂ ਦਾ ਹੁਕਮ ਮੰਨਦੇ ਹਨ ਉਸ ਨੂੰ ਆਪਣੇ ਹਿਰਦੇ ਵਿਚ ਸਮਝ ਕੇ ਧਾਰਨ ਕਰਦੇ ਹਨ ਉਹ ਮਨੁੱਖ ਸੁਘੜ-ਸਿਆਣੇ ਹਨ ਅਤੇ ਉਨ੍ਹਾਂ ਦੇ ਮਨ ਦੀ ਖ਼ੂਬਸੂਰਤੀ ਉਨ੍ਹਾਂ ਦੇ ਸਰੀਰ ਵਿਚੋਂ ਵੀ ਝਲਕਦੀ ਹੈ।

ਇਹ ਸੰਸਾਰ ਪ੍ਰਭੂ ਦੁਆਰਾ ਖਿਲਾਰੀ ਹੋਈ ਮਾਇਆ ਹੈ ਜਿਸ ਦੀ ਹੋਂਦ ਥੋੜ-ਚਿਰੀ ਹੈ, ਪਰ ਇਹ ਮੀਂਹ ਹਨੇਰੀ ਅਤੇ ਹੜ੍ਹ ਦੀਆਂ ਬਹੁਤ ਤੇਜ਼ ਵਗਦੀਆਂ ਲਹਿਰਾਂ ਵਾਂਗ ਹੈ। ਇਸ ਕਰਕੇ ਇਸ ਵਿਚ ਮਨ ਲਾਉਣ ਦਾ ਭਾਵ ਹੈ ਇਸ ਦੇ ਮੋਹ ਰੂਪੀ ਚਿੱਕੜ ਵਿਚ ਗਲਤਾਨ ਹੋਣਾ। ਪਰ ਗੁਰੂ ਸਾਹਿਬ ਇਸ ਦਾ ਹੱਲ ਦੱਸਦੇ ਕਹਿ ਰਹੇ ਹਨ ਕਿ ਜਿਨ੍ਹਾਂ ਨੇ ਇਹ ਸਮਝ ਲਿਆ ਅਤੇ ਆਪਣਾ ਮਨ, ਤਨ ਸ਼ੁਭ ਲੋਕਾਂ ਦੀ ਸੰਗਤ ਅੱਗੇ ਸਮਰਪਤ ਕਰ ਦਿੱਤਾ ਉਹ ਬਹੁਤ ਸਮਝਦਾਰ ਹਨ। ਉਨ੍ਹਾਂ ਨੇ ਇਸ ਔਖੇ ਸਫ਼ਰ ਵਿਚੋਂ ਵੀ ਖ਼ੁਸ਼ੀ ਦਾ ਤੱਤ ਲੱਭ ਲਿਆ ਹੈ।

ਸਹਸੈ ਜੀਅਰਾ ਪਰਿ ਰਹਿਓ ਮਾ ਕਉ ਅਵਰੁ ਨ ਢੰਗੁ॥
ਨਾਨਕ ਗੁਰਮੁਖਿ ਛੁਟੀਐ ਹਰਿ ਪ੍ਰੀਤਮ ਸਿਉ ਸੰਗੁ॥[39]

ਡਾ. ਸੰਤੋਖ ਸਿੰਘ ਲਿਖਦੇ ਹਨ ਕਿ: "ਸਭ ਤੋਂ ਪਹਿਲਾਂ ਵਿਚਾਰ ਨਾਲ ਮਨੁੱਖ ਇਸ ਸੰਸਾਰ ਦੀ ਨਾਸ਼ਵਾਨਤਾ ਜਾਂ ਛਿੰਨ ਭੰਗਰਤਾ ਨੂੰ ਸਮਝ ਲੈਂਦਾ ਹੈ। ਇਹ ਉਦੋਂ ਹੀ ਹੁੰਦਾ ਹੈ ਜਦੋਂ ਉਸ ਨੂੰ ਗੁਰੂ ਤੋਂ ਗਿਆਨ ਪ੍ਰਾਪਤ ਹੁੰਦਾ ਹੈ। ਸੰਸਾਰ ਦੀ ਨਾਸ਼ਵਾਨਤਾ ਅਤੇ ਬੇਮਾਹਨੀ ਹੋਂਦ ਤੋਂ ਪ੍ਰੇਸ਼ਾਨ ਹੋ ਕੇ ਮਨੁੱਖ ਸਦੀਵੀ ਸੱਚ ਦੀ ਭਾਲ ਕਰਨ ਦੀ ਇੱਛਾ ਨਾਲ ਹੀ ਗੁਰੂ ਦੀ

38. ਗੁਰੂ ਗ੍ਰੰਥ ਸਾਹਿਬ, ਪੰਨਾ, 168.
39. ਗੁਰੂ ਗ੍ਰੰਥ ਸਾਹਿਬ, ਪੰਨਾ, 1410.

ਸਿੱਖਿਆ ਦਾ ਪੰਨਾ ਫੜਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਅਗਿਆਨਤਾ ਅਤੇ ਬੁਰਾਈ ਆਪਣੇ ਅੰਦਰ ਤਬਾਹੀ ਦੇ ਬੀਜ ਸਮੇਟੇ ਹੋਏ ਹੁੰਦੇ ਹਨ ਜਿਸ ਦਾ ਭਾਵ ਬਣਦਾ ਹੈ ਕਿ ਅਗਿਆਨਤਾ ਅਤੇ ਬੁਰਾਈ ਦੁੱਖ ਅਤੇ ਅਸੰਤੋਸ਼ ਦਾ ਕਾਰਨ ਹੁੰਦੇ ਹਨ ਜੋ ਆਪਣੀ ਵਾਰੀ ਵਿਚ ਆਪਣੇ ਕਾਰਨ ਦੀ ਤਬਾਹੀ ਆਪ ਕਰ ਦਿੰਦੇ ਹਨ। ਗੁਰੂ ਸਾਹਿਬ ਨੇ ਕਿਹਾ ਹੈ ਕਿ ਜਿੰਨੀ ਦੇਰ ਤਕ ਦੁੱਖ ਤਕਲੀਫ਼ ਨਾ ਹੋਵੇ ਉਨੀ ਦੇਰ ਤਕ ਉਸ ਸਥਿਤੀ ਤੋਂ ਉਭਰਨ ਦੀ ਇੱਛਾ ਵੀ ਨਹੀਂ ਪੈਦਾ ਹੁੰਦੀ।"

> ਦੁਖੁ ਦਾਰੂ ਸੁਖੁ ਰੋਗੁ ਭਇਆ
> ਜਾ ਸੁਖੁ ਤਾਮਿ ਨ ਹੋਈ॥[40]

ਮਨੁੱਖ ਦੇ ਅਧਿਆਤਮਕ ਸਫ਼ਰ ਦੀ ਦੂਜੀ ਅਵਸਥਾ ਹੈ ਗੁਰੂ ਦੀ ਸਿੱਖਿਆ ਤੇ ਵਿਚਾਰ ਅਤੇ ਸਾਧਾਂ ਦੀ ਸੰਗਤ ਵਿਚ ਨਾਮ ਤੇ ਮਨ ਨੂੰ ਟਿਕਾਅ ਕੇ ਇਸ ਨਾਸ਼ਵਾਨ ਸੰਸਾਰ ਤੋਂ ਉਪਰਾਮ ਰਹਿਣ ਦਾ ਰਵਈਆ ਅਪਨਾਉਣਾ। ਉਹ ਅਹਿਸਤਾ-ਅਹਿਸਤਾ ਗੁਰਮੁਖ ਹੋਣ ਲੱਗਦਾ ਹੈ ਅਤੇ ਨਾਮ ਵਿਚ ਸੁਰਤ ਜੋੜ ਕੇ ਕਾਫ਼ੀ ਹੱਦ ਤਕ ਆਪਣੇ ਹੰਕਾਰ ਉਤੇ ਕਾਬੂ ਪਾ ਲੈਂਦਾ ਹੈ। ਉਹ ਫਿਰ ਨਾਮ ਦੇ ਰਹੱਸਵਾਦੀ ਪ੍ਰਭਾਵ ਨੂੰ ਮਹਿਸੂਸ ਕਰਨ ਲੱਗ ਜਾਂਦਾ ਹੈ ਅਤੇ ਇਸ ਦੇ ਫ਼ਲਸਰੂਪ ਸ਼ਾਂਤੀ ਅਤੇ ਸੰਤੋਖ ਵਿਚ ਰਹਿਣ ਲੱਗਦਾ ਹੈ। ਇਸ ਸਥਿਤੀ ਨੂੰ ਪ੍ਰਾਪਤ ਕਰਨ ਲਈ ਸਿੱਖ ਨੂੰ ਕਿਸੇ ਕਿਸਮ ਦੇ ਕਰਮ-ਕਾਂਡ, ਬਲੀ, ਵਰਤ, ਨੇਮ, ਘਰ ਦਾ ਤਿਆਗ, ਤੀਰਥਾਂ ਤੇ ਇਸ਼ਨਾਨ ਕਰਨ ਦੀ ਜ਼ਰੂਰਤ ਨਹੀਂ ਹੈ। ਜਿਵੇਂ ਗੁਰੂ ਅਮਰਦਾਸ ਜੀ ਨੇ ਕਿਹਾ ਹੈ:

> ਕਰਮੀ ਸਹਜੁ ਨਾ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥[41]

ਨਾਮ ਅਤੇ ਸਿਮਰਨ:-

ਸਿੱਖ ਧਰਮ ਵਿਚ ਭਗਤੀ ਹਰੀ ਦੇ ਨਾਮ ਦੀ ਪ੍ਰੇਮ ਭਰੀ ਯਾਦ ਹੈ ਜੋ ਉਸ ਦੇ ਗੁਣਾਂ ਦੀ ਵਿਚਾਰ ਅਤੇ ਸਮਝ ਨਾਲ ਜੁੜੀ ਹੋਈ ਹੈ। ਗੁਰੂ ਸਾਹਿਬ ਦੇ ਵੇਲੇ ਦੇ ਭਾਰਤੀ ਧਾਰਮਿਕ ਸੰਦਰਭ ਵਿਚੋਂ ਭਗਤੀ ਦੇ ਮਾਹੌਲ ਨੂੰ ਸਮਝਣ ਤੋਂ ਬਾਅਦ ਇਹ ਗੱਲ ਭਲੀ ਭਾਂਤ ਸਮਝ ਆ ਜਾਂਦੀ ਹੈ ਕਿ ਗੁਰੂ ਸਾਹਿਬ ਦੁਆਰਾ ਅਕਾਲ ਪੁਰਖ ਵੱਲੋਂ ਇਹ ਵਰਤਾਰਾ ਕਿਉਂ ਵਰਤਾਇਆ ਗਿਆ। ਅਸਲ ਵਿਚ ਭਗਤੀ ਦੇ ਨਾਮ ਤੇ ਉਸ ਵੇਲੇ ਜੋ ਹੋ ਰਿਹਾ ਸੀ ਉਸ ਨੂੰ ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਹਰੀ ਜੋ ਹਰੇਕ ਵਿਚ ਵੱਸਦਾ ਹੈ ਉਸ ਵਿਚ ਆਮ ਜਨਸਮੂਹ ਦੀ ਆਸਥਾ ਨਹੀਂ ਸੀ, ਪਰ ਇਹ ਵੀ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਪੂਜਾ ਦੀਆਂ ਅਨੇਕਾਂ ਵਿਧੀਆਂ ਅਤੇ ਧਰਮ ਤੇ ਆਧਾਰਤ ਅਨੇਕਾਂ ਜੀਵਨ ਸ਼ੈਲੀਆਂ ਨਾਲ ਭਾਰਤੀ ਸਮਾਜ ਅਤੇ ਸਮੁੱਚੀ ਧਾਰਮਿਕ ਵਿਚਾਰਧਾਰਾ ਕਾਫੀ ਹੱਦ ਤਕ ਖਿੱਲਰੀ ਜ਼ਰੂਰ ਪਈ ਸੀ। ਭਗਤੀ ਦੇ ਵਿਧੀ ਵਿਧਾਨ ਬਾਹਰੀ ਹੋਣ ਕਰਕੇ ਜ਼ਿਆਦਾਤਰ ਫੋਕੇ ਕਰਮਕਾਂਡਾਂ ਨਾਲ ਜੁੜ ਗਏ ਸਨ।

---

40. ਗੁਰੂ ਗ੍ਰੰਥ ਸਾਹਿਬ, ਪੰਨਾ, 469.
41. ਗੁਰੂ ਗ੍ਰੰਥ ਸਾਹਿਬ, ਪੰਨਾ, 919.

ਕਰਮਕਾਂਡਾਂ ਨਾਲ ਜੁੜੇ ਹੋਣ ਕਰਕੇ ਵਖਰੇਵਿਆਂ ਦੀ ਸੰਭਾਵਨਾ ਜ਼ਿਆਦਾ ਵਧ ਗਈ ਸੀ। ਪੂਜਾ ਵਿਧੀਆਂ ਅਤੇ ਭਗਤੀ ਦੇ ਵਖਰੇਵਿਆਂ ਕਰਕੇ ਆਮ ਜਨ ਸਮੂਹ ਵਿਚ ਆਪਸੀ ਮਤਭੇਦਾਂ ਦੇ ਨਾਲ-ਨਾਲ ਵਿਅਕਤੀਗਤ ਧਾਰਮਿਕ ਚੇਤਨਤਾ ਵੀ ਬਹੁਤ ਬੁਰੀ ਤਰ੍ਹਾਂ ਉਲਝੀ ਹੋਈ ਸੀ। ਇਸੇ ਕਰਕੇ ਆਮ ਲੋਕ ਭਾਂਵੇਂ ਆਪਣੇ ਤੌਰ ਤੇ ਧਾਰਮਿਕ ਸਨ, ਪਰ ਇੱਕ ਤਾਂ ਉਨ੍ਹਾਂ ਕੋਲ ਸਮੁੱਚਤਾ ਨਾਲ ਜੁੜਨ ਦਾ ਕੋਈ ਸੁਖਾਲਾ ਰਾਹ ਮੌਜੂਦ ਨਹੀਂ ਸੀ ਦੂਜਾ ਉਹ ਇਕ ਦੂਜੇ ਦੇ ਧਰਮ ਜਾਂ ਧਾਰਮਿਕ ਵਿਸ਼ਵਾਸ ਨੂੰ ਸਹਿਣ ਨਹੀਂ ਸਨ ਕਰਦੇ। ਗੁਰੂ ਨਾਨਕ ਨੇ ਭਗਤੀ ਦਾ ਜੋ ਸਰੂਪ ਦਿੱਤਾ ਉਹ ਮੁਢਲੇ ਤੌਰ ਤੇ ਹਰ ਮਨੁੱਖ ਨਾਲ ਅੰਦਰੋਂ-ਅੰਦਰੀ ਜੁੜਿਆ ਹੋਇਆ ਸੀ। ਇਹ ਮਾਹੌਲ ਵਿਅਕਤੀਗਤ ਵੀ ਸੀ ਅਤੇ ਦੂਜੇ ਪਾਸੇ ਸਮੁੱਚਤਾ ਨੂੰ ਵੀ ਧਿਆਨ ਵਿਚ ਰੱਖਿਆ ਗਿਆ ਸੀ। ਗੁਰੂ ਨਾਨਕ ਦੁਆਰਾ ਦਿੱਤੀ ਪ੍ਰਭੂ ਭਗਤੀ ਜਾਂ ਪੂਜਾ ਦੀ ਵਿਧੀ ਸਰਬਤ ਨੂੰ ਸੰਬੋਧਿਤ ਹੈ। ਉਸ ਵਿਚ ਕਿਸੇ ਇਕ ਧਾਰਮਿਕ ਵਿਵਸਥਾ, ਕਿਸੇ ਇਕ ਧਾਰਮਿਕ ਫ਼ਿਰਕੇ ਜਾਂ ਕਿਸੇ ਇਕ ਪੂਜਾ ਵਿਧੀ ਨੂੰ ਉੱਤਮ ਜਾਂ ਨੀਵਾਂ ਨਹੀਂ ਮੰਨਿਆ ਗਿਆ। ਸਿੱਖ ਧਰਮ ਦਾ ਅਸਲੀ ਧੁਰਾ ਅਧਿਆਤਮਿਕ ਹੈ। ਹਰ ਵਿਚਾਰ ਅਤੇ ਵਿਵਹਾਰ ਪ੍ਰਭੂ ਭਗਤੀ ਅਤੇ ਉਸ ਦੇ ਸਿੱਟੇ ਵਜੋਂ ਪ੍ਰਭੂ ਮਿਲਾਪ ਵੱਲ ਨੂੰ ਵਧਦਾ ਇਕ ਕਦਮ ਹੈ। ਕਿਉਂਕਿ ਸਿੱਖ ਸਿਧਾਂਤ ਅਨੁਸਾਰ ਸਿੱਖ ਜੀਵਨ ਦਾ ਪਰਯੋਜਨ ਹੀ ਪ੍ਰਭੂ ਮਿਲਾਪ ਹੈ।

ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਤਕ ਪਹੁੰਚਣ ਦਾ ਰਾਹ ਸਹਿਜੇ ਹੀ ਸਮਝਾ ਦਿੱਤਾ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਸੱਚੇ ਪਰਮਾਤਮਾ ਨੂੰ ਮਿਲਣ ਲਈ ਸਚਿਆਰ ਕਿਵੇਂ ਬਣਿਆ ਜਾਵੇ ਤਾਂ ਇਸ ਦੇ ਜੁਆਬ ਵਿਚ ਉਨ੍ਹਾਂ ਦੱਸਿਆ ਕਿ ਪ੍ਰਭੂ ਦਾ ਹੁਕਮ ਮੰਨ ਕੇ ਹੀ ਜੀਵ ਉਸ ਸੱਚੇ ਰਾਹ ਤੇ ਚੱਲ ਸਕਦਾ ਹੈ। ਪਰਮਾਤਮਾ ਦਾ ਹੁਕਮ ਗੁਰੂ ਰਾਹੀਂ ਹੀ ਮਨੁੱਖੀ ਇਤਿਹਾਸ ਵਿਚ ਵਾਪਰ ਸਕਦਾ ਹੈ ਅਤੇ ਮੋਟੇ ਤੌਰ ਤੇ ਉਹ ਹੁਕਮ ਹੈ ਪ੍ਰਭੂ ਦੇ ਸੱਚੇ ਨਾਮ ਦਾ ਸਿਮਰਨ, ਉਸ ਦੇ ਗੁਣਾਂ ਅਤੇ ਉਸ ਦੀਆਂ ਵਡਿਆਈਆਂ ਦੀ ਵਿਚਾਰ। ਜਪੁਜੀ ਸਾਹਿਬ ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਹੈ:

> ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
> ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥
> ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥[42]

ਇਸ ਸੰਬੰਧ ਵਿਚ ਅੱਗੇ ਚੱਲ ਕੇ ਸਤਿਗੁਰਾਂ ਨੇ ਤਾਂ ਸਿੱਖ ਦੀ ਪਰਿਭਾਸ਼ਾ ਹੀ ਇਸ ਤਰ੍ਹਾਂ ਕੀਤੀ ਹੈ ਕਿ ਉਸ ਦੇ ਜੀਵਨ ਦਾ ਮਨੋਰਥ ਭਲੀ ਭਾਂਤ ਸਮਝ ਆ ਜਾਂਦਾ ਹੈ। ਜਿਵੇਂ ਹੇਠ ਦਿੱਤੀਆਂ ਪੰਕਤੀਆਂ ਦਰਸਾਉਂਦੀਆਂ ਹਨ ਕਿ:

> ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
> ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
> ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
> ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥

---

42. ਗੁਰੂ ਗ੍ਰੰਥ ਸਾਹਿਬ, ਪੰਨਾ, 2.

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥[43]

ਸਿੱਖ ਲਈ ਨਾਮ ਸਿਮਰਨ ਪ੍ਰਭੂ ਭਗਤੀ ਦਾ ਇਕ ਐਸਾ ਸਾਧਨ ਹੈ ਜਿਸ ਨੂੰ ਅਪਣਾਏ ਬਿਨਾਂ ਕੋਈ ਵੀ ਵਿਅਕਤੀ ਸਿੱਖ ਨਹੀਂ ਕਹਾ ਸਕਦਾ ਅਤੇ ਕੋਈ ਵੀ ਧਾਰਮਿਕਤਾ ਦੇ ਰਾਹ ਦਾ ਰਾਹੀ ਨਹੀਂ ਬਣ ਸਕਦਾ। ਕਿਉਂਕਿ ਇਕ ਸਾਧਾਰਣ ਵਿਅਕਤੀ ਇਕ ਸਿੱਖ ਤਾਂ ਹੀ ਹੁੰਦਾ ਹੈ ਜਿਸ ਨੇ ਗੁਰੂ ਦੀ ਸਿੱਖਿਆ ਨੂੰ ਇਕ ਖਾਸ ਮਕਸਦ ਲਈ ਅਪਨਾ ਕੇ ਆਪਣੇ ਰਾਹ ਤੇ ਚੱਲਣਾ ਹੁੰਦਾ ਹੈ। ਉਹ ਰਾਹ ਨਿਰਸੰਦੇਹ ਪ੍ਰਭੂ ਮਿਲਣ ਦਾ ਹੁੰਦਾ ਹੈ। ਸਿੱਖ ਜੀਵਨ ਢੰਗ ਵਿਚ ਜੋ ਰਾਹ ਗੁਰੂ ਦੱਸਦਾ ਹੈ ਉਹ ਰਾਹ ਹੁੰਦਾ ਹੈ ਪ੍ਰਭੂ ਦੇ ਗੁਣਾ ਦੇ ਗਿਆਨ ਅਤੇ ਗਾਇਨ ਦੇ ਨਾਲ-ਨਾਲ ਉਸ ਪ੍ਰਭੂ ਤਕ ਪਹੁੰਚਣ ਦੀ ਵਿਧੀ। ਇਹ ਵਿਧੀ ਕੇਵਲ ਨਾਮ ਸਿਮਰਨ ਤੋਂ ਸ਼ੁਰੂ ਹੁੰਦੀ ਹੈ। ਇਸੇ ਕਰਕੇ ਹੀ ਇਕ ਸਾਧਾਰਣ ਵਿਅਕਤੀ ਸਿੱਖ ਉਦੋਂ ਬਣਦਾ ਹੈ ਜਦੋਂ ਉਹ ਪ੍ਰਭੂ ਭਗਤੀ ਦੇ ਮਾਰਗ ਤੇ ਚੱਲਣ ਲਈ ਇਕ ਸੱਚੇ ਗੁਰੂ ਦਾ ਸ਼ਿਸ (ਸਿੱਖ) ਬਣਦਾ ਹੈ ਅਤੇ ਹਰ ਕਦਮ ਤੇ ਗੁਰੂ ਤੋਂ ਅਗਵਾਈ ਲੈਂਦਾ ਹੋਇਆ ਪਰਮਾਤਮਾ ਨੂੰ ਮਿਲਣ ਦਾ ਤਰੀਕਾ ਸਮਝ ਕੇ ਉਸ ਅਨੁਸਾਰ ਚੱਲਦਾ ਹੈ। ਗੁਰੂ ਰਾਹੀਂ ਹੀ ਪ੍ਰਭੂ ਦੇ ਗੁਣਾਂ ਦਾ ਗਿਆਨ ਹਾਸਿਲ ਕਰਕੇ ਇਕ ਗੁਰਮੁਖ ਪ੍ਰਭੂ ਦੇ ਪ੍ਰੇਮ-ਭਾਵ ਵਿਚ ਵਿਚਰਦਾ ਹੈ ਅਤੇ ਗੁਰੂ ਰਾਹੀਂ ਦੱਸੇ ਹੋਏ ਤਰੀਕੇ ਨਾਲ ਚੰਗੇ ਗੁਣ ਅਖਤਿਆਰ ਕਰਕੇ ਪ੍ਰਭੂ ਦਾ ਨਾਮ ਆਪਣੇ ਹਿਰਦੇ ਵਿਚ ਵਸਾਣ ਯੋਗ ਹੋ ਪਾਂਦਾ ਹੈ। ਸਿੱਖ ਕਿਸ ਤਰ੍ਹਾਂ ਦੇ ਹੁੰਦੇ ਹਨ ਇਸ ਬਾਰੇ ਭਾਈ ਗੁਰਦਾਸ ਜੀ ਵੀ ਲਿਖਦੇ ਹਨ ਕਿ:

ਅੰਮ੍ਰਿਤ ਵੇਲੇ ਉਠਿ ਕੈ ਜਾਇ ਅੰਦਰਿ ਦਰੀਆਉ ਨ੍ਹਵੰਦੇ।
ਸਹਜਿ ਸਮਾਧਿ ਅਗਾਧਿ ਵਿਚਿ ਇਕ ਮਨਿ ਹੋਇ ਗੁਰ ਜਾਪੁ ਜਪੰਦੇ।
ਮਥੈ ਟਿਕੇ ਲਾਲ ਲਾਇ ਸਾਧਸੰਗਤਿ ਚਲਿ ਜਾਇ ਬਹੰਦੇ।
ਸਬਦੁ ਸੁਰਤਿ ਲਿਵ ਲੀਣ ਹੋਇ ਸਤਿਗੁਰ ਬਾਣੀ ਗਾਇ ਸੁਣੰਦੇ।
ਭਾਇ ਭਗਤਿ ਭੈ ਵਰਤਿਮਾਨਿ ਗੁਰ ਸੇਵਾ ਗੁਰਪੁਰਬ ਕਰੰਦੇ।
ਸੰਝੈ ਸੋਦਰੁ ਗਾਵਣਾ ਮਨ ਮੇਲੀ ਕਰਿ ਮੇਲਿ ਮਿਲੰਦੇ।
ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦੁ ਵੰਡੰਦੇ।
ਗੁਰਮੁਖਿ ਸੁਖ ਫਲੁ ਪਿਰਮ ਚਖੰਦੇ॥3॥[44]

---

43. ਗੁਰੂ ਗ੍ਰੰਥ ਸਾਹਿਬ, ਪੰਨਾ, 305-6.
44. ਵਾਰ ਭਾਈ ਗੁਰਦਾਸ, 6-3.

ਕਿਉਂਕਿ ਇਕ ਗੁਰਮੁੱਖ ਲਈ ਆਤਮਿਕ ਸੰਪੂਰਨਤਾ ਦਾ ਰਾਹ ਨਾਂ ਤਾਂ ਕਿਸੇ ਤਰ੍ਹਾਂ ਦੇ ਬਾਹਰੀ ਕਰਮ ਕਾਂਡ ਤੋਂ ਸ਼ੁਰੂ ਹੁੰਦਾ ਹੈ ਅਤੇ ਨਾਂ ਹੀ ਕਿਸੇ ਬਾਹਰੀ ਸਾਧਨ ਵੱਲ ਪ੍ਰੇਰਿਤ ਹੁੰਦਾ ਹੈ। ਇਸ ਮਕਸਦ ਲਈ ਜੰਗਲਾਂ ਪਹਾੜਾਂ ਤੇ ਜਾਣ ਦੀ ਜ਼ਰੂਰਤ ਨਹੀਂ। ਇਕ ਤਾਂ ਇਹ ਰਾਹ ਮਨੁੱਖ ਦੇ ਅੰਦਰ ਤੋਂ ਹੀ ਪ੍ਰਭੂ ਪ੍ਰੇਮ ਦੇ ਰੂਪ ਅਤੇ ਸ਼ਬਦ ਦੇ ਮਾਧਿਅਮ ਰਾਹੀਂ ਹੁੰਦਾ ਹੈ ਦੂਜਾ ਇਸ ਦੀ ਮੰਜ਼ਿਲ ਵੀ ਮਨੁੱਖ ਨੂੰ ਆਪਣੇ ਅੰਦਰ ਹੀ ਪ੍ਰਾਪਤ ਹੁੰਦੀ ਹੈ। ਇਹ ਪ੍ਰਾਪਤੀ ਆਤਮ-ਗਿਆਨ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ। ਕਿਉਂਕਿ ਆਤਮਾ ਪਰਮਾਤਮਾ ਦੀ ਹੀ ਅੰਸ ਜੋ ਮਨੁੱਖੀ ਸਰੀਰ ਅਤੇ ਮਨ ਦੇ ਸੰਸਕਾਰਾਂ ਵਿਚ ਜਕੜੀ ਹੋਈ ਹੈ। ਮਨੁੱਖੀ ਸਰੀਰ ਵਿਚ ਰਹਿੰਦਿਆਂ ਹੋਇਆਂ ਉਸ ਨੇ ਆਪਣੇ ਅਸਲੀ ਸੁਭਾਅ ਵਿਚ ਪ੍ਰਗਟ ਹੋਣਾ ਹੁੰਦਾ ਹੈ। ਗੁਰਮਤਿ ਅਨੁਸਾਰ ਇਹ ਰਾਹ ਅੰਦਰ ਤੋਂ ਅੰਦਰ ਤਕ ਦਾ ਹੀ ਸਫ਼ਰ ਹੈ। ਕਿਉਂਕਿ ਇਹ ਆਪਣੇ ਆਪੇ ਦੀ ਹੀ ਖੋਜ ਹੈ ਜਦੋਂ ਆਪਾ ਪ੍ਰਾਪਤ ਹੋ ਗਿਆ ਉਦੋਂ ਪ੍ਰਭੂ ਪ੍ਰਾਪਤ ਹੋ ਗਿਆ। ਕਬੀਰ ਜੀ ਇਸ ਬਾਬਤ ਲਿਖਦੇ ਹਨ ਕਿ:

ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥
ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥[45]

ਉਹ ਪ੍ਰਭੂ ਦਾ ਸ਼ਬਦ ਹੈ ਜੋ ਹਰ ਸਰੀਰ ਵਿਚ ਵੱਜਦਾ ਸੁਣਾਈ ਦੇ ਰਿਹਾ ਹੈ ਉਸੇ ਵਿਚ ਧਿਆਨ ਕੇਂਦ੍ਰਿਤ ਕਰਨ ਦਾ ਜ਼ਿਕਰ ਬਾਣੀ ਵਿਚ ਬਾਰ-ਬਾਰ ਆਇਆ ਹੈ। ਕਿਉਂਕਿ ਸ਼ਬਦ ਮਨੁਖੀ ਸਰੀਰ ਵਿਚ ਹੀ ਪ੍ਰਭੂ ਦੀ ਹੋਂਦ ਦਾ ਲਖਾਇਕ ਹੈ ਇਸ ਕਰਕੇ ਸ਼ਬਦ ਵਿਚ ਧਿਆਨ ਜੋੜਨ ਦਾ ਭਾਵ ਹੈ ਪਰਮਾਤਮਾ ਦੇ ਨਾਮ ਵਿਚ ਧਿਆਨ ਕੇਂਦ੍ਰਿਤ ਕਰਨਾ। ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ "ਘਟਿ ਘਟਿ ਵਾਜੈ ਨਾਦ" ਕਹਿ ਕੇ ਵੀ ਸਮਝਾਇਆ ਹੈ ਕਿ ਵਾਹਿਗੁਰੂ ਦੀ ਧੁਨ ਜਾਂ ਸ਼ਬਦ ਜਾਂ ਉਸ ਦੀ ਆਪਣੀ ਗੂੰਜ ਹਰ ਸਰੀਰ ਵਿਚ ਵੱਜ ਰਹੀ ਹੈ। ਮਨੁੱਖੀ ਸਰੀਰ ਵਿਚ ਹੀ ਨਾਮ ਵਿਆਪਕ ਹੈ ਇਸ ਦਾ ਜ਼ਿਕਰ ਗੁਰਬਾਣੀ ਵਿਚ ਕਈ ਥਾਂਵਾਂ ਤੇ ਆਇਆ ਹੈ। ਸੁਖਮਨੀ ਸਾਹਿਬ ਵਿਚ ਭੀ ਇਸ ਤਕ ਦਾ ਜ਼ਿਕਰ ਇਸ ਤਰ੍ਹਾਂ ਹੈ:

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸ ਕਾ ਬਿਸ੍ਰਾਮ॥
ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ॥
ਨਾਨਕ ਤਿਸੁ ਜਨ ਸੋਝੀ ਪਾਏ॥
ਸੋ ਅੰਤਰਿ ਸੋ ਬਾਹਰਿ ਅਨੰਤ॥
ਘਟਿ ਘਟਿ ਬਿਆਪਿ ਰਹਿਆ ਭਗਵੰਤ॥[46]

---

45. ਗੁਰੂ ਗ੍ਰੰਥ ਸਾਹਿਬ, ਪੰਨਾ, 1369.
46. ਗੁਰੂ ਗ੍ਰੰਥ ਸਾਹਿਬ, ਪੰਨਾ, 293.

ਸਿੱਖ ਵਿਚਾਰਧਾਰਾ ਦੀ ਵਿਲੱਖਣਤਾ ਆਪਣੇ ਆਪ ਹੀ ਇਸ ਤਰਾਂ ਨਾਲ ਉੱਘੜ ਕੇ ਸਾਹਮਣੇ ਆਉਂਦੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਬਾਹਰੀ ਪੂਜਾ ਦੀ ਵਿਧੀ ਜਾਂ ਪੂਜਾ ਦਾ ਲਕਸ਼ ਇਸ ਰਾਹ ਤੇ ਕੰਮ ਨਹੀਂ ਆਉਂਦਾ। ਭਾਵੇਂ ਵੇਦ ਪੁਰਾਣਾ ਅਨੁਸਾਰ ਭਗਤੀ ਨੌ ਕਿਸਮ ਦੀ ਮੰਨੀ ਗਈ ਹੈ ਅਤੇ ਬਾਣੀ ਵਿਚ ਵੀ ਇਸ ਦਾ ਜ਼ਿਕਰ ਆਉਂਦਾ ਹੈ ਜਿਵੇਂ:

ਭਗਤਿ ਨਵੈ ਪਰਕਾਰਾ॥
ਪੰਡਿਤੁ ਵੇਦੁ ਪੁਕਾਰਾ॥[47]

ਪਰੰਪਰਾਗਤ ਭਗਤੀ ਦੀਆਂ ਉਹ ਨੌਂ ਕਿਸਮਾਂ ਆਮ ਤੌਰ ਤੇ ਇੰਜ ਮੰਨੀਆਂ ਜਾਂਦੀਆਂ ਹਨ:–

ਜਿਵੇਂ; 1. ਸਰਵਨ 2. ਕੀਰਤਨ 3. ਸਿਮਰਨ 4. ਬੰਦਨ 5. ਅਰਚਨ 6. ਸੇਵਨ 7. ਦਾਸਾ ਭਾਉ 8. ਸਖਾ ਜਾਂ ਸਖੀ ਭਾਉ 9. ਆਤਮ ਨਿਵੇਦਨ। ਗੁਰੂ ਸਾਹਿਬ ਨੇ ਆਪ ਹੀ ਕਿਹਾ ਹੈ ਕਿ ਉਸ ਪ੍ਰਭੂ ਨੂੰ ਯਾਦ ਕਰਨ ਦਾ ਕੋਈ ਇਕ ਤਰੀਕਾ ਨਹੀਂ ਹੈ। ਜਪੁਜੀ ਸਾਹਿਬ ਵਿਚ ਇਸ ਤਕ ਦੇ ਕਈ ਹਵਾਲੇ ਮਿਲਦੇ ਹਨ ਜਿਵੇਂ:

ਅਸੰਖ ਜਪ ਅਸੰਖ ਭਾਉ॥
ਅਸੰਖ ਪੂਜਾ ਅਸੰਖ ਤਪ ਤਾਉ॥
ਅਸੰਖ ਗਰੰਥ ਮੁਖਿ ਵੇਦ ਪਾਠ॥
ਅਸੰਖ ਜੋਗ ਮਨਿ ਰਹਹਿ ਉਦਾਸ॥
ਅਸੰਖ ਭਗਤ ਗੁਣ ਗਿਆਨ ਵੀਚਾਰ॥
ਅਸੰਖ ਸਤੀ ਅਸੰਖ ਦਾਤਾਰ॥
ਅਸੰਖ ਸੂਰ ਮੁਹ ਭਖ ਸਾਰ॥
ਅਸੰਖ ਮੋਨਿ ਲਿਵ ਲਾਇ ਤਾਰ॥
ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥[48]

ਪਰ ਗੁਰੂ ਜੀ ਨੇ ਇਹ ਵੀ ਕਿਹਾ ਹੈ ਕਿ:

ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ॥
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ॥[49]

ਅਤੇ

ਅਬ ਕਲੂ ਆਇਓ ਰੇ॥
ਇਕੁ ਨਾਮੁ ਬੋਵਹੁ ਬੋਵਹੁ॥

47. ਗੁਰੂ ਗ੍ਰੰਥ ਸਾਹਿਬ, ਪੰਨਾ, 71.
48. ਗੁਰੂ ਗ੍ਰੰਥ ਸਾਹਿਬ, ਪੰਨਾ, 3–4.
49. ਗੁਰੂ ਗ੍ਰੰਥ ਸਾਹਿਬ, ਪੰਨਾ, 797.

ਆਨ ਰਤ ਨਹੀ ਮਤ ਭਰਮ ਭੂਲੋ॥[50]

ਬੇਸ਼ਕ ਧਰਮਾਂ ਦੇ ਇਤਿਹਾਸ ਵਿਚੋਂ ਇਹ ਗੱਲ ਭਲੀ ਭਾਂਤ ਸਮਝ ਆਉਂਦੀ ਹੈ ਕਿ; 'ਜੈਸਾ ਦੇਵ ਤੈਸੀ ਪੂਜਾ' ਹੋਇਆ ਕਰਦੀ ਹੈ। ਸਿੱਖ ਸਿਧਾਂਤ ਅਨੁਸਾਰ ਸ਼ਬਦ ਹੀ ਅਰਾਧਨਾ ਦਾ ਧੁਰਾ ਹੈ ਇਸ ਕਰਕੇ ਪੂਜਾ ਵੀ ਸ਼ਬਦ ਦੀ ਅਤੇ ਸ਼ਬਦ ਦੇ ਮਾਧਿਅਮ ਰਾਹੀਂ ਹੀ ਹੋ ਸਕਦੀ ਹੈ। 'ਥਾਪਿਆ ਨ ਜਾਏ, ਕੀਤਾ ਨ ਹੋਏ' ਦਾ ਸਾਫ ਇਸ਼ਾਰਾ ਉਸ ਪ੍ਰਭੂ ਦੀ ਅਰਾਧਨਾ ਦੇ ਉਸ ਰੂਪ ਵੱਲ ਹੈ ਜੋ ਸਰਬ-ਵਿਆਪੀ ਹੈ; ਸ਼ਬਦ ਰੂਪ ਹੈ। ਅਧਿਆਤਮਿਕ ਖੇਤਰ ਵਿਚ ਸਿੱਖ ਧਰਮ ਦੀ ਨਵੇਕਲੀ ਪਛਾਣ ਵੀ ਇਸੇ ਕਰਕੇ ਹੈ ਕਿ ਸ਼ਬਦ ਨੂੰ ਹੀ ਪੂਜਾ ਦਾ ਮੁੱਖ ਧੁਰਾ ਅਤੇ ਸ਼ਬਦ ਵਿਚ ਧਿਆਨ ਨੂੰ ਹੀ ਪੂਜਾ ਵਿਧੀ ਦੀ ਸਮੁੱਚੀ ਸਮਗਰੀ ਮੰਨਿਆ ਗਿਆ ਹੈ। ਇਸ ਤਕ ਦੀ ਸਭ ਤੋਂ ਖੂਬਸੂਰਤ ਮਿਸਾਲ ਰਾਗ ਧਨਾਸਰੀ ਵਿਚ ਲਿਖੀ ਆਰਤੀ ਹੈ ਜਿਥੇ ਪ੍ਰਭੂ ਦੇ ਸਮੁੱਚੇ ਸਰੂਪ ਨੂੰ ਹਾਜ਼ਰ-ਨਾਜ਼ਰ ਮੰਨ ਕੇ ਪੂਜਾ ਵਿਧੀ ਅਤੇ ਸਮਗਰੀ ਪੇਸ਼ ਕਰਨ ਦਾ ਜ਼ਿਕਰ ਕੀਤਾ ਗਿਆ ਹੈ ਜਿਵੇਂ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥[51]

ਸਾਰੇ ਗੁਰੂ ਗ੍ਰੰਥ ਸਾਹਿਬ ਦਾ ਤੱਤ-ਸਾਰ ਇਹੀ ਹੈ ਕਿ ਕਿਸ ਤਰ੍ਹਾਂ ਸ਼ਬਦ ਵਿਚ ਸੁਰਤ ਨੂੰ ਪਰਪੱਕ ਕੀਤਾ ਜਾਵੇ। ਗੁਰੂ ਨਾਨਕ ਦੇਵ ਦੇ ਸਿੱਧਾਂ ਨਾਲ ਸੁਆਲ ਜੁਆਬ ਵਕਤ ਸ਼ਬਦ ਨਾਲ ਸੰਬੰਧਤ ਜੋ ਵਿਚਾਰ ਉਭਰ ਕੇ ਸਾਹਮਣੇ ਆਏ ਉਹ ਇਸ ਤਰ੍ਹਾਂ ਹਨ:

ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥
ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ॥
ਏਸੁ ਕਥਾ ਕਾ ਦੇਇ ਬੀਚਾਰੁ॥ ਭਵਜਲੁ ਸਬਦਿ ਲੰਘਾਵਣਹਾਰੁ॥[52]

ਜਦੋਂ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਕਿ ਹੇ ਬਾਲਕ ਨਾਨਕ! ਤੇਰਾ ਮੂਲ ਕਿਥੋਂ ਹੋਇਆ ਹੈ। ਤੇਰੇ ਧਰਮ ਦਾ ਮੂਲ ਆਧਾਰ ਕੀ ਹੈ ਅਤੇ ਉਸ ਦੇ ਆਰੰਭ ਦਾ ਸਮਾਂ ਕੀ ਹੈ? ਕੌਣ ਤੇਰਾ ਗੁਰੂ ਹੈ ਜਿਸ ਦਾ ਤੂੰ ਚੇਲਾ ਹੈਂ? ਕਿਹੜੀ ਸਿੱਖਿਆ ਲੈ ਕੇ ਤੂੰ ਸੰਸਾਰ ਤੋਂ ਨਿਰਾਲਾ ਰਹਿੰਦਾ ਹੈਂ? ਜਿਸ ਸ਼ਬਦ ਨੂੰ ਤੂੰ ਇਸ ਸੰਸਾਰ ਤੋਂ ਲੰਘਾਉਣ ਯੋਗ ਮੰਨਦਾ ਹੈਂ ਉਸ ਦੀ ਵਿਆਖਿਆ ਕਰਕੇ ਸਾਨੂੰ ਜਾਣਕਾਰੀ ਦੇ। ਉਸ ਦੇ ਜੁਆਬ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ:

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥
ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥[53]

---

50. ਗੁਰੂ ਗ੍ਰੰਥ ਸਾਹਿਬ, ਪੰਨਾ, 1185.
51. ਗੁਰੂ ਗ੍ਰੰਥ ਸਾਹਿਬ, ਪੰਨਾ, 13.
52. ਗੁਰੂ ਗ੍ਰੰਥ ਸਾਹਿਬ, ਪੰਨਾ, 942.
53. ਗੁਰੂ ਗ੍ਰੰਥ ਸਾਹਿਬ, ਪੰਨਾ, 943.

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਪਵਣ ਹੀ ਮੁੱਖ ਆਧਾਰ ਹੈ ਪਵਣ ਤੋਂ ਹੀ ਮੇਰਾ ਆਰੰਭ ਹੋਇਆ ਹੈ। ਉਸੇ ਪਵਣ ਦੇ ਆਰੰਭ ਕਰਕੇ ਮੈਂ ਗੁਰੂ ਨਾਲ ਜੁੜਿਆ ਹਾਂ ਕਿਉਂਕਿ ਪਵਣ ਕਰਕੇ ਹੀ ਮੇਰੇ ਅੰਦਰ ਅਨਹਦ ਨਾਦ ਵੱਜਿਆ ਹੈ ਅਤੇ ਉਹ ਸਬਦ ਜੋ ਮੈਂ ਸੁਣਿਆ ਹੈ ਉਹੀ ਮੇਰਾ ਗੁਰੂ ਹੈ। ਉਹ ਜੋ ਸ਼ਬਦ ਹੈ ਉਸ ਦੀ ਕਥਾ ਕਹੀ ਨਹੀਂ ਜਾ ਸਕਦੀ ਉਸੇ ਨੂੰ ਪ੍ਰਾਪਤ ਕਰਕੇ ਮੈਂ ਸੰਸਾਰ ਤੋਂ ਨਿਰਾਲਾ ਰਹਿੰਦਾ ਹਾਂ। ਉਹ ਜੋ ਸ਼ਬਦ ਪਰਮੇਸ਼ਰ ਹੈ ਉਹ ਜੁਗਾਂ-ਜੁਗਾਂ ਤੋਂ ਗੁਰੂ ਹੈ ਤੇ ਉਹੀ ਸੰਸਾਰ ਦਾ ਪਾਲਣਹਾਰ ਹੈ। ਜਿਸ ਕਿਸੇ ਨੇ ਉਸ ਇਕੋ ਸ਼ਬਦ ਦੀ ਕਥਾ ਨੂੰ ਵਿਚਾਰ ਲਿਆ ਉਸ ਨੇ ਆਪਣੇ ਅੰਦਰੋਂ ਹੰਕਾਰ ਦੀ ਅਗਨੀ ਨੂੰ ਖ਼ਤਮ ਕਰ ਲਿਆ।

ਇਸ ਕਰਕੇ ਵਾਹਿਗੁਰੂ ਦੀ ਪੂਜਾ ਅਸਲ ਵਿਚ ਓਸ ਧੁਨ ਵਿਚ ਧਿਆਨ ਲਾਉਣਾ ਹੈ, ਉਸ ਸ਼ਬਦ ਵਿਚ ਸੁਰਤ ਲਾਉਣੀ ਹੈ, ਉਸ ਨੂੰ ਆਪਣੇ ਅੰਦਰੋਂ ਸੁਣਨਾ ਹੈ ਜੋ ਉਸ (ਪਰਮਾਤਮਾ) ਦੀ ਹੋਂਦ ਦਾ ਪ੍ਰਗਟਾਵਾ ਕਰ ਰਹੀ ਹੈ। ਸਿੱਖ ਧਰਮ ਵਿਚ ਭਗਤੀ ਦਾ ਇਹ ਇਕ ਮਾਤਰ ਸਾਧਨ ਹੈ। ਇਸੇ ਨੂੰ ਨਾਮ ਮਾਰਗ ਜਾਂ ਨਾਮ ਸਿਮਰਨ ਕਿਹਾ ਗਿਆ ਹੈ ਕਿਉਂਕਿ ਨਾਮ ਸ਼ਬਦ ਦੇ ਮਾਧਿਅਮ ਰਾਹੀਂ ਪ੍ਰਗਟ ਹੁੰਦਾ ਹੈ ਅਤੇ ਸ਼ਬਦ ਉਸ ਸੱਚੇ ਦੀ ਹੋਂਦ ਦਾ ਪ੍ਰਗਟਾਵਾ ਹੈ। ਡਾ. ਤਰਲੋਚਨ ਸਿੰਘ ਕਹਿੰਦੇ ਹਨ ਕਿ "ਕੇਵਲ ਸ਼ਬਦ ਦਾ ਸਿਧਾਂਤ ਹੀ ਮੁੱਢਲਾ ਸਿਧਾਂਤ ਹੈ, ਸੰਚਾਲਕ ਵਿਚਾਰ ਹੈ ਅਤੇ ਜ਼ਰੂਰੀ ਸਿਧਾਂਤ ਹੈ ਜੋ ਸਿੱਖ ਧਰਮ ਨਾਮੀ ਮਹਾਨ ਇਮਾਰਤ ਨੂੰ ਜਿੰਦਗੀ ਪ੍ਰਦਾਨ ਕਰਦਾ ਹੈ। ਇਸ ਮਹਾਨ ਵਿਚਾਰ ਲਈ ਸਮੇਂ-ਸਮੇਂ ਤੇ ਬੇਤੁਕੇ ਅਤੇ ਬਚਕਾਨੇ ਅਰਥ ਵੀ ਦਿੱਤੇ ਗਏ ਹਨ ਜੋ ਕਿ ਅਧਿਆਤਮਿਕਤਾ, ਰਹੱਸਵਾਦ ਅਤੇ ਵਿਵਹਾਰਕ ਧਰਮ ਨਾਲ ਆਪਣਾ ਬਹੁਤ ਮਹੱਤਵ ਪੂਰਨ ਸੰਬੰਧ ਰੱਖਦਾ ਹੈ। ਜਿਨ੍ਹਾਂ ਸ਼ਬਦਾਂ ਦੀ ਇਸ ਨਾਲ ਬਹੁਤ ਨੇੜੇ ਦੀ ਸਾਂਝ ਹੈ ਉਹ ਹਨ; ਯੂਨਾਨੀ ਭਾਸ਼ਾ ਦਾ ਸ਼ਬਦ (ਲੋਗੋਸ) ਅਤੇ ਨਵ ਅਫਲਾਤੂਨੀਆਂ ਦਾ (ਨਾਊਸ)।"[54] ਉਹ ਅੱਗੇ ਲਿਖਦੇ ਹਨ ਕਿ; ਸ਼ਬਦ ਹੀ ਧਰਮ ਸ਼ਾਸਤਰ ਦਾ ਮੁੱਢਲਾ ਸਿਧਾਂਤ ਹੈ ਜੋ ਪਰਮਾਤਮਾ ਅਤੇ ਸ੍ਰਿਸ਼ਟੀ, ਗੁਰੂ ਅਤੇ ਸਿੱਖ ਵਿਚਾਲੇ ਰਿਸ਼ਤਾ ਜੋੜਨ ਵਾਲੀ ਕੜੀ ਹੈ। ਇਸੇ ਕਰਕੇ ਸ਼ਬਦ ਨੂੰ ਜੀਵਨ ਦਾ ਅੰਮ੍ਰਿਤ ਕਿਹਾ ਜਾਂਦਾ ਹੈ।[55] ਇਥੋਂ ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਪਰਮਾਤਮਾ ਦਾ ਇਲਹਾਮ ਸ਼ਬਦ ਹੈ, ਬਾਣੀ ਹੈ, ਉਸ ਇਲਹਾਮ ਨੂੰ ਅੱਖਰ ਰੂਪ ਵਿਚ ਲਿਖਿਆ ਜਾਣਾ ਪਰਮਾਤਮਾ ਦੇ ਇਲਹਾਮ ਦਾ ਸਥੂਲ ਰੂਪ ਹੋ ਜਾਂਦਾ ਹੈ, ਉਹ ਧਰਮ ਗ੍ਰੰਥ ਹੈ, ਗੁਰੂ ਗ੍ਰੰਥ ਹੈ। ਉਸ ਸ਼ਬਦ ਦੀ ਲੋ ਵਿਚ ਜੀਣ ਵਾਲੇ ਸਾਧੂ ਜਾਂ ਸੰਤ ਉਸ ਸ਼ਬਦ ਦਾ ਹਕੀਕਤ ਰੂਪ ਵਿਚ ਤਰਜ਼ਮਾ ਹੁੰਦੇ ਹਨ ਅਤੇ ਜਦੋਂ ਉਹ ਸ਼ਬਦ ਦੀਕਸ਼ਾ ਦੇ ਰੂਪ ਵਿਚ ਗੁਰਮੁਖ ਨੂੰ ਪ੍ਰਾਪਤ ਹੁੰਦਾ ਹੈ ਤਾਂ ਉਹੀ ਸ਼ਬਦ ਗੁਰਸ਼ਬਦ ਹੋ ਜਾਂਦਾ ਹੈ। ਜਦੋਂ ਗੁਰਸ਼ਬਦ ਦੀ ਕਮਾਈ ਕਰਦਾ-ਕਰਦਾ ਸਾਧਕ ਆਪਣੇ ਅੰਦਰੋਂ ਸੁਰਤ ਕਰਕੇ ਅਨਹਤ ਨਾਦ ਸੁਣਨ ਲੱਗ ਜਾਵੇ ਤਾਂ ਉਹੀ ਸ਼ਬਦ ਲਿਵ ਰੂਪ ਵਿਚ ਵਾਹਿਗੁਰੂ ਹੋ ਜਾਂਦਾ ਹੈ। ਇਸ ਕਰਕੇ ਸ਼ਬਦ ਪਰਮਾਤਮਾ ਦੀ ਆਵਾਜ਼ ਹੈ, ਧਰਮ ਗ੍ਰੰਥ ਦੀ ਦੇਹ ਹੈ, ਸਾਧੂ ਰੂਪ ਵਿਚ ਗੁਰੂ ਦੇ ਹੁਕਮ ਦਾ ਤਰਜ਼ਮਾ ਹੈ, ਨਾਮ ਹੈ ਅਤੇ ਅਨਹਦ ਨਾਦ ਹੈ।

54. ਡਾ. ਤਰਲੋਚਨ ਸਿੰਘ, *ਸਿਖਿਜਮ*, ਪੰਨਾ, 71.
55. *ਉਹੀ*, ਪੰਨਾ, 72.

ਇਹੀ ਵਿਧਾਨ ਅੱਗੇ ਚੱਲ ਕੇ ਲਿਵਲੀਨ ਰੂਪ ਵਿਚ ਨਾਮੀ (ਪਰਮਾਤਮਾ) ਨਾਲ ਮਿਲਾ ਦਿੰਦਾ ਹੈ।

ਡਾ. ਸੰਤੋਖ ਸਿੰਘ ਅਨੁਸਾਰ:– "ਸ਼ਬਦ ਦੇ ਸਿਧਾਂਤ ਦਾ ਗੁਰੂ ਦੇ ਸਿਧਾਂਤ ਨਾਲ ਬਹੁਤ ਨੇੜੇ ਦਾ ਸੰਬੰਧ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਿਹਾ ਗਿਆ ਹੈ ਕਿ ਗੁਰੂ ਵਿਅਕਤੀ ਨਹੀਂ ਸ਼ਬਦ ਹੈ ਅਤੇ ਇਸ ਕਰਕੇ ਗੁਰੂ ਹੀ ਬ੍ਰਹਮ ਹੈ। ਇਹਨਾਂ ਸ਼ਬਦਾਂ ਤੋਂ ਇਹ ਭਾਵ ਲਿਆ ਜਾ ਸਕਦਾ ਹੈ ਕਿ ਗੁਰੂ ਅਤੇ ਅਕਾਲ ਪੁਰਖ ਅਤੇ ਸ਼ਬਦ ਅਤੇ ਨਾਮ ਵਿਚ ਕੋਈ ਭੇਦ ਨਹੀਂ ਹੈ। ਜਿਵੇਂ ਸੂਰਜ ਅਤੇ ਉਸ ਦੀ ਰੋਸ਼ਨੀ ਵਿਚ ਕੋਈ ਭੇਦ ਨਹੀਂ ਹੈ। ਜਿਵੇਂ ਨਾਮ ਰੋਸ਼ਨੀ ਹੈ ਜਦਕਿ ਉਸੇ ਤਰ੍ਹਾਂ ਅਕਾਲ ਪੁਰਖ ਸੂਰਜ ਹੈ। ਉਹ ਆਪਣੀ ਸਾਰੀ ਕਾਇਨਾਤ ਵਿਚ ਵਿਆਪਕ ਹੈ। ਜਿਹੜੇ ਉਸ ਦੇ ਨਾਮ ਨੂੰ ਸਿਧ ਕਰ ਲੈਂਦੇ ਹਨ ਉਹ ਅਕਾਲ ਪੁਰਖ ਨੂੰ ਵੀ ਸਿਧ ਕਰ ਲੈਂਦੇ ਹਨ। ਜਿਵੇਂ ਰੋਸ਼ਨੀ ਨੂੰ ਸੂਰਜ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਉਸੇ ਤਰ੍ਹਾਂ ਉਹ ਜੋ ਨਾਮ ਨੂੰ ਸਿਧ ਕਰ ਲੈਂਦੇ ਹਨ ਉਨ੍ਹਾਂ ਨੂੰ ਅਕਾਲ ਪੁਰਖ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਸੇ ਸਚਾਈ ਨੂੰ ਧਿਆਨ ਵਿਚ ਰੱਖਦੇ ਹੋਏ ਗੁਰੂ ਸਾਹਿਬ ਨੇ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਾਖਲ ਕੀਤੀ ਜਿਨ੍ਹਾਂ ਨੇ ਨਾਮ ਨੂੰ ਸਿਧ ਕਰ ਲਿਆ ਸੀ ਇਸ ਕਰਕੇ ਉਨ੍ਹਾਂ ਨੂੰ ਗੁਰੂ ਦਾ ਦਰਜਾ ਵੀ ਦਿੱਤਾ ਗਿਆ।"[56]

ਗੁਰੂ ਘਰ ਵਿਚ ਪ੍ਰੇਮਾ ਭਗਤੀ ਦਾ ਮਾਰਗ ਨਾਮ (ਸ਼ਬਦ) ਨੂੰ ਹੀ ਆਪਣੇ ਅੰਦਰ ਪਰਪੱਕ ਕਰਨ ਦੀ ਜੁਗਤ ਤੋਂ ਸ਼ੁਰੂ ਹੁੰਦਾ ਹੈ। ਸ਼ਬਦ ਅਸਲ ਵਿਚ ਅਕਾਲ ਪੁਰਖ ਦੀ ਹੋਂਦ ਦਾ ਗੁਪਤ ਅਤੇ ਪ੍ਰਗਟ ਰੂਪ ਦੱਸਿਆ ਗਿਆ ਹੈ। ਸਿੱਧ ਗੋਸ਼ਟਿ ਵਿਚ ਗੁਰੂ ਜੀ ਵਲੋਂ ਸ਼ਬਦ ਦੀ ਸਥਿਤੀ ਦੀ ਵਿਚਾਰ ਇਸ ਤਰ੍ਹਾਂ ਪੇਸ਼ ਕੀਤੀ ਗਈ ਹੈ:

ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ॥
ਅੰਤਰਿ ਬਾਹਰਿ ਸਬਦਿ ਸੁ ਜੁਗਤਾ॥
ਮਨਮੁਖਿ ਬਿਨਸੈ ਆਵੈ ਜਾਇ॥
ਨਾਨਕ ਗੁਰਮੁਖਿ ਸਾਚਿ ਸਮਾਇ॥[57]

ਪਰਮੇਸ਼ਰ ਹਰ ਸਰੀਰ ਵਿਚ ਗੁਪਤ ਹੋ ਕੇ ਵੱਸਿਆ ਹੋਇਆ ਹੈ, ਪਰ ਗੁਰਮੁਖਾਂ ਵਿਚ ਉਹ ਪਰਮੇਸ਼ਰ ਪ੍ਰਗਟ ਹੁੰਦਾ ਹੈ। ਉਸ ਗੁਰਮੁਖ ਦੇ ਅੰਦਰ ਅਤੇ ਬਾਹਰ ਸ਼ਬਦ ਉਸ ਦੇ ਨਾਲ ਵਸਦਾ ਹੈ, ਪਰ ਜਿਸ ਨੂੰ ਗੁਰੂ ਨਹੀਂ ਮਿਲਿਆ ਉਸ ਨੂੰ ਸ਼ਬਦ ਨਹੀਂ ਮਿਲਿਆ। ਉਹ ਜਨਮ-ਮਰਨ ਦੇ ਚੱਕਰ ਵਿਚ ਘੁੰਮਦਾ ਰਹਿੰਦਾ ਹੈ, ਪਰ ਜਦੋਂ ਉਸ ਨੂੰ ਗੁਰੂ ਮਿਲਿਆ ਤਾਂ ਉਹ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਕੇ ਸੱਚ ਵਿਚ ਸਮਾ ਗਿਆ।

ਜਪੁਜੀ ਸਾਹਿਬ ਵਿਚ ਵੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਉਹ ਪਰਮਾਤਮਾ ਓਅੰਕਾਰ ਦੇ ਰੂਪ ਪ੍ਰਭੂ ਨਾਮ ਹੈ ਜੋ ਸਭ ਥਾਂ ਇਕਰਸ ਮੌਜੂਦ ਹੈ। ਉਸੇ ਦੀ ਹਸਤੀ ਸਤਿ ਹੈ ਜੋ ਸਦੀਵੀ ਹੈ, ਇਕੋ ਜਿਹੀ ਹੈ ਅਤੇ ਨਾਲ ਹੀ ਉਹ ਹਰ ਨਾਮ ਅਤੇ ਰੂਪ ਵਿਚ ਸਮਾਇਆ

---

56. ਡਾ. ਸੰਤੋਖ ਸਿੰਘ, *ਫਿਲੋਸੋਫੀਕਲ ਫਾਊਂਡੇਸ਼ਨਜ਼ ਆਫ ਦੀ ਸਿੱਖ ਵੈਲਿਊ ਸਿਸਟਮ*, ਪੰਨਾ, 80.
57. ਗੁਰੂ ਗ੍ਰੰਥ ਸਾਹਿਬ, ਪੰਨਾ, 939.

ਹੋਇਆ ਹੈ। ਇਸੇ ਕਰਕੇ ਸ਼ਬਦ ਨੂੰ ਗੁਰੂ ਹੋਣ ਦੇ ਨਾਲ-ਨਾਲ ਪਰਮੇਸ਼ਰ ਹੋਣ ਦਾ ਅਧਿਕਾਰ ਵੀ ਪ੍ਰਾਪਤ ਹੈ। ਇਸ ਕਰਕੇ ਸਤਿਗੁਰਾਂ ਲਿਖਿਆ ਹੈ:

ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ ॥[58]

ਅਤੇ

ਉਤਪਤਿ ਪਰਲਉ ਸਬਦੇ ਹੋਵੈ ॥
ਸਬਦੇ ਹੀ ਫਿਰਿ ਓਪਤਿ ਹੋਵੈ ॥
ਗੁਰਮੁਖਿ ਵਰਤੈ ਸਭੁ ਆਪੇ ਸਚਾ
ਗੁਰਮੁਖਿ ਉਪਾਇ ਸਮਾਵਣਿਆ ॥[59]

ਭਾਈ ਗੁਰਦਾਸ ਜੀ ਵੀ ਇਸ ਬਾਰੇ ਲਿਖਦੇ ਹਨ ਕਿ:

ਗੁਰ ਮੂਰਤਿ ਗੁਰ ਸਬਦੁ ਹੈ ਸਾਧ ਸੰਗਤਿ ਵਿਚ ਪਰਗਟੀ ਆਇਆ
ਪੈਰੀ ਪਾਇਆ ਸਭ ਜਗਤੁ ਤਰਾਇਆ ॥[60]

ਜਿਵੇਂ ਸਤਿਗੁਰਾਂ ਲਿਖਿਆ ਹੈ ਕਿ ਗੁਰੂ ਹੀ ਪਰਮੇਸ਼ਵਰ ਹੈ ਇਸ ਦੀ ਪੁਸ਼ਟੀ ਗੁਰੂ ਗੁਰੂ ਸਾਹਿਬ ਨੇ ਆਪ ਹੀ ਕਰ ਦਿੱਤੀ ਹੈ ਜਿਵੇਂ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥[61]

ਅਤੇ

ਗੁਰੁ ਪਰਮੇਸਰੁ ਏਕੋ ਜਾਣੁ ॥
ਜੋ ਤਿਸੁ ਭਾਵੈ ਸੋ ਪਰਵਾਣੁ ॥[62]

ਬਾਈਬਲ ਵਿਚ ਯੂਹੰਨਾ ਦੀ ਇੰਜੀਲ ਵਿਚ ਵੀ ਇਸ ਤਰ੍ਹਾਂ ਵਿਅਕਤ ਕੀਤਾ ਗਿਆ ਹੈ:

"ਆਦ ਵਿਚ ਸ਼ਬਦ ਸੀ ਅਰ ਸ਼ਬਦ ਪਰਮੇਸ਼ਰ ਦੇ ਸੰਗ ਸੀ ਅਤੇ ਸ਼ਬਦ ਹੀ ਪਰਮੇਸ਼ਰ ਸੀ। ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿਚ ਵਾਸ ਕੀਤਾ। ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ।"

ਸ੍ਰਿਸ਼ਟੀ ਦੇ ਸੰਬੰਧ ਵਿਚ ਉਹੀ ਸ਼ਬਦ ਨਾਮ ਅਤੇ ਰੂਪ ਹੋ ਜਾਂਦਾ ਹੈ। ਇਸੇ ਕਰਕੇ ਉਸ ਦੀ ਯਾਦ ਉਸ ਦੇ ਨਾਮ ਦੇ ਮਾਧਿਅਮ ਰਾਹੀਂ ਪਰਪੱਕ ਕੀਤੀ ਜਾਂਦੀ ਹੈ। ਇਸ ਕਰਕੇ ਪ੍ਰਭੂ ਦੇ ਗੁਣਾਂ ਦਾ ਵਿਖਿਆਨ ਹੀ ਨਾਮ ਹੈ। ਗੁਰੂ ਨਾਨਕ ਦੇਵ ਜੀ ਜਪੁਜੀ ਵਿਚ ਦੱਸਦੇ ਹਨ ਕਿ:

---

58. ਗੁਰੂ ਗ੍ਰੰਥ ਸਾਹਿਬ, ਪੰਨਾ, 1112.
59. ਗੁਰੂ ਗ੍ਰੰਥ ਸਾਹਿਬ, ਪੰਨਾ, 117.
60. ਭਾਈ ਗੁਰਦਾਸ ਵਾਰ, 24-25.
61. ਗੁਰੂ ਗ੍ਰੰਥ ਸਾਹਿਬ, ਪੰਨਾ, 982.
62. ਗੁਰੂ ਗ੍ਰੰਥ ਸਾਹਿਬ, ਪੰਨਾ, 864.

ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥[63]

ਭਾਵ ਜਿੰਨਾ ਇਹ ਸੰਸਾਰ ਨਜ਼ਰ ਆਉਂਦਾ ਹੈ ਉਹ ਉਸੇ ਪ੍ਰਭੂ ਦੀ ਹੋਂਦ ਦਾ, ਉਸੇ ਦੇ ਗੁਣਾਂ ਦਾ ਪ੍ਰਗਟਾਵਾ ਹੈ। ਜਿੰਨੇ ਵੀ ਸੰਸਾਰ ਦੇ ਗੁਣ ਹਨ ਉਹ ਸਾਰੇ ਉਸ ਇਕ ਦੇ ਹੀ ਗੁਣ ਹਨ। ਉਹੀ ਉਸ ਦਾ ਨਾਮ ਹੈ। ਉਸ ਦਾ ਕੋਈ ਇਕ ਨਾਮ ਚਾਹੇ ਉਹ ਹਰੀ, ਰਾਮ, ਅੱਲਾ, ਖ਼ੁਦਾ ਜਾਂ ਵਾਹਿਗੁਰੂ ਹੋਵੇ ਉਹ ਉਸ ਦੇ ਇਕ ਦੇ ਹੀ ਗੁਣਾਂ ਦਾ ਤੱਤ-ਰੂਪ ਵਿਚ ਵਿਖਿਆਨ ਹੈ। ਹਰੇਕ ਧਰਮ ਗ੍ਰੰਥ ਦੇ ਵਿਖਿਆਨ ਦਾ ਪ੍ਰਯੋਜਨ ਵੀ ਅਸਲ ਵਿਚ ਇਹੀ ਹੁੰਦਾ ਹੈ। ਜੋ ਕਿ ਹਰ ਜਗ੍ਹਾ ਮੌਜੂਦ ਹੈ ਉਹ ਹਰੀ ਹੈ, ਜੋ ਜ਼ੱਰੇ-ਜ਼ੱਰੇ ਵਿਚ ਰਮਿਆ ਹੋਇਆ ਹੈ ਉਹ ਰਾਮ ਹੈ, ਜਿਸ ਦੇ ਗੁਣ ਐਸੇ ਹਨ ਕਿ ਹਿਰਦਾ ਸੁਣ ਕੇ, ਦੇਖ ਕੇ ਵਾਹ-ਵਾਹ ਕਰ ਉਠੇ, ਉਹ ਵਾਹਿਗੁਰੂ ਹੈ। ਭਾਵ ਉਸ ਦੇ ਗੁਣਾਂ ਦਾ ਵਿਖਿਆਨ ਅਤੇ ਉਸ ਦਾ ਨਾਮ ਇਕ ਹੀ ਹੈ। ਉਸੇ ਪਰਮਾਤਮਾ ਦੇ ਕਿਸੇ ਇਕ ਨਾਮ ਵਿਚ ਉਸ ਦੇ ਗੁਣਾ ਬਾਰੇ ਚੇਤਨਤਾ ਦਾ ਤੱਤ-ਸਾਰ ਕੇਂਦ੍ਰਿਤ ਹੁੰਦਾ ਹੈ। ਇਸ ਕਰਕੇ ਗੁਰਬਾਣੀ ਦਾ ਪਾਠ, ਮੂਲ ਮੰਤ੍ਰ, ਵੈਦਿਕ ਮੰਤ੍ਰਾਂ ਦਾ ਜਾਪ, ਗੀਤਾ ਦੇ ਸ਼ਲੋਕਾਂ ਦਾ ਜਾਪ, ਗਾਇਤ੍ਰੀ ਮੰਤ੍ਰ, ਮਹਾਂ ਮੰਤ੍ਰ, ਗੁਰ ਮੰਤ੍ਰ ਆਦਿਕ ਨਾਮ ਵਿਚ ਹੀ ਸ਼ਾਮਿਲ ਸਮਝੇ ਜਾ ਸਕਦੇ ਹਨ। ਦਰਅਸਲ ਨਾਮ ਪ੍ਰਭੂ ਦੇ ਸਮੁੱਚੇ ਗੁਣਾਂ ਦਾ ਇਕ ਸ਼ਬਦ ਦੇ ਵਿਚ ਹੀ ਤੱਤ-ਸਾਰ ਹੁੰਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਬਾਣੀ ਜਾਂ ਅਲੱਗ-ਅਲੱਗ ਬਾਣੀਆਂ ਦਾ ਪਾਠ ਕੋਈ ਇਕ ਫਲ ਇਕ ਵੇਲੇ ਗ੍ਰਹਿਣ ਕਰਨਾ ਹੋ ਸਕਦਾ ਹੈ, ਪਰ ਨਾਮ ਦਾ ਸਿਮਰਨ ਜਾਂ ਨਾਮ ਨੂੰ ਮਨ ਵਿਚ ਵਸਾਉਣਾ ਸਾਰੇ ਫਲਾਂ ਦਾ ਰਸ ਇਕੋ ਵੇਲੇ ਗ੍ਰਹਿਣ ਕਰਨਾ ਹੈ। ਸਤਿਗੁਰਾਂ ਸੁਖਮਨੀ ਵਿਚ ਵੀ ਲਿਖਿਆ ਹੈ:

ਸਾਰ ਭੂਤ ਸਤਿ ਹਰਿ ਕੋ ਨਾਉ ॥
ਸਹਿਜ ਸੁਭਾਇ ਨਾਨਕ ਗੁਨ ਗਾਉ ॥[64]

ਨਾਮ ਸਿਮਰਨ ਅਸਲ ਵਿਚ ਪ੍ਰਭੂ ਦੇ ਨਾਮ ਦਾ ਉਸ ਦੇ ਗੁਣਾਂ ਨੂੰ ਚੇਤੇ ਵਿਚ ਵਸਾਉਣ ਦਾ ਲਗਾਤਾਰ ਅਭਿਆਸ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ, "ਨਾਮੀ ਵਿਚ ਪ੍ਰੇਮ ਕਰਕੇ ਉਸ ਦੇ ਨਾਮ ਦੇ ਤਾਤਪਰਯ ਨੂੰ ਚਿੰਤਨ ਕਰਦੇ ਹੋਏ ਚਿਤਵ੍ਰਿੱਤਿ ਨੂੰ ਬਾਰ-ਬਾਰ ਜੋੜਨ ਦਾ ਅਭਯਾਸ ਕਰਨਾ, ਇਸ ਅਭਯਾਸ ਦੀ ਪਰਿਪੱਕ ਅਵਸਥਾ ਦਾ ਨਾਮ ਗੁਰਮਤ ਵਿਚ 'ਲਿਵ' ਅਤੇ ਉਸ ਤੋਂ ਪ੍ਰਾਪਤ ਹੋਇਆ ਆਨੰਦ 'ਨਾਮਰਸ' ਹੈ।"[65]

ਇਸੇ ਕਰਕੇ ਨਾਮ ਦਾ ਅਭਿਆਸ ਨਾਮੀ (ਪਰਮਾਤਮਾ) ਦੀ ਹੋਂਦ ਬਾਰੇ ਚੇਤਨਤਾ ਦ੍ਰਿੜ ਕਰਵਾਉਂਦਾ ਹੈ। ਜਿੰਨਾ ਅਭਿਆਸ ਵਧੀ ਜਾਂਦਾ ਹੈ ਉਨੀ ਉਸ ਨਾਮੀ ਦੀ ਮੌਜੂਦਗੀ ਦਾ ਅਹਿਸਾਸ ਵਧੀ ਜਾਂਦਾ ਹੈ। "ਨਾਮ ਲਈ ਅਸੀਂ ਇੰਨਾ ਹੀ ਕਹਿ ਸਕਦੇ ਹਾਂ ਕਿ ਨਾਮ ਬਾਰੇ ਕੁਝ ਕਹਿਣ ਜਾਂ ਸੁਣਨ ਨਾਲ ਨਾਮ ਦੀ ਬਹੁਤੀ ਸਮਝ ਨਹੀਂ ਪੈਂਦੀ ਜਿੰਨੀ ਨਾਮ ਦਾ

63. ਗੁਰੂ ਗ੍ਰੰਥ ਸਾਹਿਬ, ਪੰਨਾ, 4.
64. *ਉਹੀ*, ਪੰਨਾ, 289.
65. ਭਾਈ ਕਾਨ੍ਹ ਸਿੰਘ ਨਾਭਾ, *ਉਹੀ*, ਪੰਨਾ, 697.

ਅਭਿਆਸ ਕੀਤਿਆਂ ਪੈਂਦੀ ਹੈ। ਕੇਵਲ ਨਾਮ ਦੇ ਅਭਿਆਸ ਨਾਲ ਹੀ ਇਸ ਵਿਚ ਛੁਪੇ ਗੁੱਝੇ ਭੇਦ ਸਮਝ ਪੈਂਦੇ ਹਨ। ਕੇਵਲ ਰਹੱਸਵਾਦੀ ਸੰਤ ਹੀ ਜਿੰਨ੍ਹਾਂ ਨੇ ਨਾਮ ਦਾ ਅਭਿਆਸ ਕੀਤਾ ਉਹੀ ਇਸ ਦੇ ਅਸਲੀ ਭਾਵ ਨੂੰ ਸਮਝ ਸਕਦੇ ਹਨ। ਉਹ ਅੱਗੇ ਲਿਖਦੇ ਹਨ ਕਿ ਨਾਮ ਅਤੇ ਸਚ ਦੋਨੋਂ ਇਕ ਹੀ ਹੈ, ਭਾਵ ਨਾਮ ਹੀ ਸਚ ਹੈ ਅਤੇ ਸਚ ਹੀ ਨਾਮ ਹੈ। ਨਾਮ ਅਤੇ ਨਾਮੀ (ਜਿਸ ਦਾ ਨਾਮ ਲਿਆ ਜਾਂਦਾ ਹੈ) ਦੋਨੋਂ ਇਕ ਹੀ ਹੁੰਦੇ ਹਨ। ਇਸ ਦਾ ਮਤਲਬ ਬਣਦਾ ਹੈ ਕਿ ਵਿਵਹਾਰਿਕ ਤੌਰ ਤੇ ਨਾਮ ਹੀ ਪਰਮਾਤਮਾ ਹੈ। ਅੰਤਿਮ ਸਚਾਈ, ਸਚ, ਸਤਿ, ਨਾਮ ਆਦਿ ਇਹ ਸਾਰੇ ਸ਼ਬਦ ਪਰਮਾਤਮਾ ਲਈ ਹੀ ਵਰਤੇ ਗਏ ਹਨ, ਇਨ੍ਹਾਂ ਦਾ ਆਪਸ ਵਿਚ ਕੋਈ ਭੇਦ ਨਹੀਂ ਹੈ। ਵੇਦਾਂ ਵਿਚ ਵੀ ਨਾਮ ਸ਼ਬਦ ਜਾਂ ਵਾਕ ਦਾ ਲਖਾਇਕ ਹੈ : ਕਿਹਾ ਜਾਂਦਾ ਹੈ ਕਿ ਸ਼ੁਰੂ ਵਿਚ ਪ੍ਰਜਾਪਤੀ (ਕਰਤਾ) ਹੀ ਮੌਜੂਦ ਸੀ। ਉਸ ਦੇ ਨਾਲ ਉਸ ਦਾ ਸ਼ਬਦ ਮੌਜੂਦ ਸੀ ਅਤੇ ਉਸ ਦਾ ਵਾਕ ਬਿਨਾ ਸ਼ੱਕ ਅੰਤਿਮ ਬ੍ਰਹਮ ਸੀ। ਇਸ ਕਰਕੇ ਜਦੋਂ ਨਾਮ (ਸ਼ਬਦ) ਆਪਣੇ ਆਪ ਨੂੰ ਗੁਰੂ ਦੇ ਅੰਦਰੂਨੀ ਵਿਅਕਤੀਤਵ, ਉਸ ਦੇ ਰਹੱਸਵਾਦੀ ਸ਼ਬਦ ਰਾਹੀਂ ਪ੍ਰਗਟ ਕਰਦਾ ਹੈ ਤਾਂ ਨਾਮ ਪਰਮਾਤਮਾ ਦੇ ਗਿਆਨ ਅਤੇ ਉਸ ਦੀ ਰੌਸ਼ਨੀ ਦਾ ਸੰਕੇਤ ਬਣ ਜਾਂਦਾ ਹੈ।"[66]

ਭਗਤੀ ਦੇ ਪਰੰਪਰਾਗਤ ਚਾਰ ਮਾਰਗਾਂ ਵਿਚੋਂ ਜਿਵੇਂ ਕਿ ਗਿਆਨ ਯੋਗ, ਕਰਮ ਯੋਗ, ਭਗਤੀ ਯੋਗ ਅਤੇ ਧਿਆਨ ਯੋਗ ਵਿਚੋਂ ਜੇ ਇਹ ਸੋਚਿਆ ਜਾਵੇ ਕਿ ਗੁਰੂ ਸਾਹਿਬ ਨੇ ਕਿਸ ਮਾਰਗ ਦੀ ਵਕਾਲਤ ਕੀਤੀ ਤਾਂ ਕਿਹਾ ਜਾ ਸਕਦਾ ਹੈ ਗੁਰੂ ਸਾਹਿਬ ਨੇ ਨਾਮ ਯੋਗ ਦੀ ਵਕਾਲਤ ਕੀਤੀ। ਗੁਰੂ ਸਾਹਿਬ ਦੇ ਨਾਮ ਯੋਗ ਵਿਚ ਯੋਗ ਦੇ ਸਾਰੇ ਪਹਿਲੂਆਂ ਦੇ ਅੰਸ਼ ਮੌਜੂਦ ਹਨ। ਗੁਰੂ ਦੇ ਅਧਿਆਤਮਿਕ ਮਾਰਗ ਵਿਚ ਕਰਮ, ਭਗਤੀ, ਗਿਆਨ, ਧਿਆਨ ਅਤੇ ਨਾਮ ਸਾਰੇ ਹੀ ਪੱਖ ਮੌਜੂਦ ਹਨ। ਡਾ. ਸੰਤੋਖ ਸਿੰਘ ਕਹਿੰਦੇ ਹਨ ਕਿ ਨਾਮ ਯੋਗ ਵਿਚ ਦੂਜੇ ਯੋਗ ਸਾਧਨਾ ਦੇ ਅੰਸ਼ ਪਾਏ ਜਾਂਦੇ ਹਨ ਜਿਵੇਂ: ਨਿਸ਼ਕਾਮ ਕਰਮ, ਗੁਰੂ ਤੋਂ ਗਿਆਨ ਪ੍ਰਾਪਤੀ ਦੀ ਜ਼ਰੂਰਤ, ਪ੍ਰਭੂ ਪ੍ਰੇਮ, ਭਗਤੀ, ਕੀਰਤਨ ਅਤੇ ਸਮਾਧੀ। ਸੰਖੇਪ ਤੌਰ ਤੇ ਇਸ ਦੇ ਮੁਖ ਅੰਸ਼ ਹਨ; ਨਿਮਰਤਾ, ਪ੍ਰਭੂ ਦੇ ਹੁਕਮ ਪ੍ਰਤੀ ਸਮਰਪਣ, ਸੰਤੋਖ, ਸੇਵਾ ਅਤੇ ਪ੍ਰੇਮ। ਇਹ ਭਗਤੀ ਉਸ ਇਕ ਪਰਮਾਤਮਾ ਦੀ ਹੈ ਜੋ ਸਭ ਤੋਂ ਉੱਤਮ ਹੈ ਅਤੇ ਜਿਸ ਦਾ ਕੋਈ ਰੂਪ, ਰੰਗ, ਰੇਖ, ਭੇਖ ਨਹੀਂ ਅਤੇ ਗੁਰੂ ਦੇ ਸ਼ਬਦ ਰਾਹੀਂ ਉਸ ਇਕ ਦੇ ਨਾਮ ਤੇ ਧਿਆਨ ਕੇਂਦਰਿਤ ਕਰਨਾ ਹੀ ਨਾਮ ਯੋਗ ਹੋ ਜਾਂਦਾ ਹੈ।[67] ਇਸ ਦਾ ਭਾਵ ਬਣਦਾ ਹੈ ਕਿ ਪ੍ਰਭੂ ਦੇ ਗੁਣਾਂ ਨੂੰ ਚੇਤੇ ਵਿਚ ਵਸਾਉਣ ਦੇ ਅਭਿਆਸ ਰਾਹੀਂ ਉਸ ਨਾਲ ਜੁੜਨਾ। ਕਿਉਂਕਿ ਉਸ ਇਕ ਪਰਮਾਤਮਾ ਵਿਚ ਵਿਸ਼ਵਾਸ ਅਤੇ ਗੁਰੂ ਦੇ ਸ਼ਬਦ ਤੇ ਧਿਆਨ ਕੇਂਦਰਿਤ ਕਰੇ ਬਿਨ੍ਹਾਂ ਆਤਮਕ ਸਾਂਝ ਸਥਾਪਤ ਹੀ ਨਹੀਂ ਹੋ ਸਕਦੀ। ਇਸ ਕਰਕੇ ਗੁਰੂ ਦੇ ਸਿਧਾਂਤ ਦਾ ਮੁੱਖ ਪੱਖ ਨਾਮ ਹੀ ਹੈ।

ਗੁਰੂ ਜੀ ਨੇ ਕਿਹਾ ਹੈ ਕਿ ਕਲਯੁਗ ਵਿਚ ਮਨ ਨੂੰ ਸਿਮਰਨ ਨਾਲ ਜੋੜਨ ਤੋਂ ਪਹਿਲਾਂ ਬੇਹੱਦ ਜ਼ਰੂਰੀ ਹੋ ਜਾਂਦਾ ਹੈ ਕਿ ਜਿਸ ਦਾ ਸਿਮਰਨ ਕਰਨਾ ਹੈ ਉਹ ਹੈ ਕੀ? ਜਿਸ ਦੀ ਆਰਾਧਨਾ ਕਰਨੀ ਹੈ ਜਿਸ ਦਾ ਸਿਮਰਨ ਕਰਨਾ ਹੈ ਉਸ ਬਾਰੇ ਵਿਚਾਰ ਦੇ ਨਾਲ ਹੀ ਉਸ

66. ਡਾ. ਸੰਤੋਖ ਸਿੰਘ, *ਉਹੀ*, ਪੰਨਾ, 78-79.

67. *ਉਹੀ*, ਪੰਨਾ, 83.

ਵਿਚ ਵਿਸ਼ਵਾਸ ਪੈਦਾ ਹੋਵੇ, ਪ੍ਰੇਮ ਪੈਦਾ ਹੋਵੇ ਅਤੇ ਨਾਲ ਹੀ ਉਹ ਪਰਪੱਕ ਵੀ ਹੋਵੇ ਤਾਂ ਹੀ ਕਿਸੇ ਵਿਸ਼ੇਸ਼ ਹਸਤੀ ਦੇ ਸਿਮਰਨ ਦਾ ਸੁਆਲ ਪੈਦਾ ਹੁੰਦਾ ਹੈ। ਕਿਉਂਕਿ ਮਨੁੱਖੀ ਮਨ ਹਮੇਸ਼ਾਂ ਇਸ ਸੰਸਾਰ ਦੀ ਸਚਾਈ ਬਾਰੇ, ਇਸ ਦੀ ਆਖਰੀ ਹਸਤੀ ਬਾਰੇ, ਇਸ ਦੀ ਸਭ ਤੋਂ ਸ਼ਕਤੀਸ਼ਾਲੀ ਤਾਕਤ ਬਾਰੇ ਚਿੰਤਨ ਵਿਚ ਮਸਰੂਫ ਰਹਿੰਦਾ ਹੈ। ਮਨੁੱਖੀ ਮਨ ਦੇ ਇਨ੍ਹਾਂ ਸਾਰੇ ਸੁਆਲਾਂ ਦਾ ਜੁਆਬ ਗੁਰੂ ਨਾਨਕ ਦੇਵ ਜੀ ਨੇ ਇਕੱਠਾ ਹੀ ਮੂਲ ਮੰਤਰ ਵਿਚ ਦੇ ਦਿੱਤਾ ਹੈ। ਜਿਥੇ ਉਨ੍ਹਾਂ ਸਮਝਾਇਆ ਕਿ:

ਪਰਮਾਤਮਾ ਇਕ ਹੈ ਅਤੇ ਹਰ ਜਗ੍ਹਾ ਇਕੋ ਤਰ੍ਹਾਂ ਨਾਲ ਮੌਜੂਦ ਹੈ। ਸਚ ਉਸ ਪ੍ਰਭੂ ਦਾ ਨਾਮ ਹੈ। ਪ੍ਰਭੂ ਹੀ ਸੰਸਾਰ ਦੀ ਰਚਨਾ ਕਰਨ ਵਾਲਾ ਹੈ ਅਤੇ ਆਪਣੇ ਆਪ ਨੂੰ ਆਪਣੀ ਰਚਨਾ ਰਾਹੀਂ ਪ੍ਰਗਟ ਕਰਦਾ ਹੈ। ਉਸ ਨੂੰ ਕਿਸੇ ਦਾ ਡਰ ਨਹੀਂ। ਉਸ ਦੀ ਕਿਸੇ ਨਾਲ ਦੁਸ਼ਮਣੀ ਨਹੀਂ। ਪਰਮਾਤਮਾ ਉਹ ਸਰੂਪ ਹੈ ਜੋ ਸਮੇਂ ਦੇ ਬੰਧਨ ਤੋਂ ਮੁਕਤ ਹੈ। ਉਸ ਦਾ ਜਨਮ ਜਾਂ ਮੌਤ ਨਹੀਂ ਹੁੰਦੀ। ਪਰਮਾਤਮਾ ਕਿਸੇ ਵੀ ਰੂਪ ਵਿਚ ਜਨਮ ਨਹੀਂ ਲੈਂਦਾ। ਵਾਹਿਗੁਰੂ ਨੇ ਆਪਣੇ ਆਪ ਨੂੰ ਆਪ ਹੀ ਪੈਦਾ ਕੀਤਾ। ਗੁਰੂ ਦੀ ਕ੍ਰਿਪਾ ਨਾਲ ਉਸ ਦੀ ਪ੍ਰਾਪਤੀ ਹੁੰਦੀ ਹੈ। ਉਸ ਦਾ ਸਿਮਰਨ ਕਰ। ਵਾਹਿਗੁਰੂ ਇਕ ਐਸੀ ਸਚਾਈ ਹੈ ਜੋ ਸ਼ੁਰੂ ਤੋਂ ਮੌਜੂਦ ਸੀ। ਜੁਗਾਂ ਦੇ ਆਰੰਭ ਵਿਚ ਭੀ ਉਹ ਸਦਾ ਸਥਿਰ ਰਹਿਣ ਵਾਲਾ ਵਾਹਿਗੁਰੂ ਹੀ ਮੌਜੂਦ ਸੀ। ਉਹ ਹੁਣ ਭੀ ਮੌਜੂਦ ਹੈ ਅਤੇ ਉਹ ਵਾਹਿਗੁਰ ਹਮੇਸ਼ਾ ਮੌਜੂਦ ਰਹੇਗਾ।

> ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
> ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।[68]

ਇੰਨਾ ਹੀ ਨਹੀਂ ਮਨੁੱਖ ਉਸ ਨੂੰ ਕਿਸੇ ਵੀ ਰੂਪ ਵਿਚ ਦੇਖਣ ਅਤੇ ਪਰਖਣ ਬਾਰੇ ਕ੍ਰਿਆਸ਼ੀਲ ਵੀ ਰਹਿੰਦਾ ਹੈ। ਮਨ ਦੀ ਜਗਿਆਸਾ ਪੂਰੀ ਕਰਨ ਤੋਂ ਬਾਅਦ ਹੀ ਵਿਸ਼ਵਾਸ ਅਤੇ ਵਿਸ਼ਵਾਸ ਦੇ ਨਾਲ ਹੀ ਸ਼ਰਧਾ ਪੈਦਾ ਹੁੰਦੀ ਹੈ। ਕਿਸੇ ਵਿਚ ਪ੍ਰੀਤ ਕਿਉਂ ਪੈਦਾ ਹੋਵੇ, ਉਸ ਨੂੰ ਯਾਦ ਕਿਉਂ ਕੀਤਾ ਜਾਵੇ। ਇਸ ਸੁਆਲ ਦੇ ਜੁਆਬ ਵਿਚ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਬਹੁਤ ਹੀ ਵਧੀਆ ਤਰੀਕੇ ਨਾਲ ਸਮਝਾਇਆ ਹੈ ਜਿਥੇ ਉਨ੍ਹਾਂ ਕਿਹਾ ਹੈ:

> ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ।।
> ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ।।
> ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ।।
> ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ।।
> ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।।
> ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰ।।
> ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ।।[69]

---

68. ਗੁਰੂ ਗ੍ਰੰਥ ਸਾਹਿਬ, ਪੰਨਾ, 1.
69. ਗੁਰੂ ਗ੍ਰੰਥ ਸਾਹਿਬ, ਪੰਨਾ, 2.

ਪਰਮਾਤਮਾ ਆਪ ਸੱਚਾ ਮਾਲਕ ਹੈ। ਉਹ ਸੱਚੇ ਨਾਮ ਵਾਲਾ ਹੈ ਅਤੇ ਉਸ ਦੀ ਬੋਲੀ ਬੇਹੱਦ ਪਿਆਰ ਵਾਲੀ ਹੈ। ਪ੍ਰਭੂ ਅੱਗੇ ਬੇਨਤੀ ਕਰਨ ਵਾਲੇ, ਉਸ ਤੋਂ ਮੰਗਣ ਵਾਲੇ ਦੇਹ-ਦੇਹ ਕਹਿ ਰਹੇ ਹਨ ਅਤੇ ਉਹ ਦੇਣ ਵਾਲਾ ਪ੍ਰਭੂ ਦੇਈ ਜਾ ਰਿਹਾ ਹੈ। ਜਦੋਂ ਉਸ ਪ੍ਰਭੂ ਦੇ ਦਰਬਾਰ ਵਿਚ ਉਸ ਦੇ ਦਰਸ਼ਨ ਹੋਣ ਤਾਂ ਉਸ ਅੱਗੇ ਕੀ ਭੇਟਾ ਰੱਖੀਏ। ਮੂੰਹ ਵਿਚੋਂ ਕਿਸ ਤਰ੍ਹਾਂ ਦੇ ਲਫ਼ਜ਼ ਬੋਲੇ ਜਾਣ ਕਿ ਉਨ੍ਹਾਂ ਨੂੰ ਸੁਣ ਕੇ ਵਾਹਿਗੁਰੂ ਸਾਡੇ ਨਾਲ ਪਿਆਰ ਪਾਵੇ। ਗੁਰੂ ਨਾਨਕ ਦੇਵ ਜੀ ਆਪ ਹੀ ਜੁਆਬ ਦਿੰਦੇ ਹਨ ਕਿ ਸੁਬ੍ਹਾ-ਸਵੇਰ ਦਾ ਸਮਾਂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ, ਉਸ ਦੀ ਉਸਤਤ ਕਰਨ ਅਤੇ ਉਸ ਦੇ ਮਹਾਨ ਗੁਣਾਂ ਦੀ ਵਿਚਾਰ ਕਰਨ ਦਾ ਸਮਾਂ ਹੈ। ਸਰੀਰ ਰੂਪੀ ਕੱਪੜਾ ਚੰਗੇ ਕਰਮਾਂ ਕਰਕੇ ਅਤੇ ਮੁਕਤੀ ਦਾ ਦਰਵਾਜ਼ਾ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਕਰਕੇ ਪ੍ਰਾਪਤ ਹੁੰਦਾ ਹੈ। ਹੇ ਨਾਨਕ ! ਜੇ ਇਸ ਤਰ੍ਹਾਂ ਸਮਝ ਲਈਏ ਤਾਂ ਸਚ ਦਾ ਰਾਹ ਆਪਣੇ ਆਪ ਪ੍ਰਾਪਤ ਹੋ ਜਾਂਦਾ ਹੈ। ਕਿਉਂਕਿ ਵਿਸ਼ਵਾਸ ਅਤੇ ਪ੍ਰੇਮ ਦੀ ਪਰਪੱਕਤਾ ਵਿਚੋਂ ਹੀ ਯਾਦ ਪੈਦਾ ਹੋ ਸਕਦੀ ਹੈ ਅਤੇ ਯਾਦ ਦੀ ਪਰਪੱਕਤਾ ਵਿਚੋਂ ਮਿਲਾਪ ਲਈ ਤਾਂਘ ਪੈਦਾ ਹੁੰਦੀ ਹੈ ਅਤੇ ਉਸੇ ਤਾਂਘ ਵਿਚ ਭਿਜ ਕੇ ਕੀਤੀ ਯਾਦ ਦੇ ਸਿੱਟੇ ਵਜੋਂ ਮਿਲਾਪ ਹੁੰਦਾ ਹੈ। ਇਸ ਕਰਕੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜਿਸ ਨੂੰ ਯਾਦ ਕੀਤਾ ਜਾਵੇ ਉਸ ਵਿਚ ਵਿਸ਼ਵਾਸ ਵੀ ਹੋਵੇ ਅਤੇ ਉਸ ਨਾਲ ਮਿਲਾਪ ਵੀ ਹੋਵੇ। ਵਿਸ਼ਵਾਸ ਦੀ ਪਰਪੱਕਤਾ ਦੇ ਇਸ ਸਾਰੇ ਮਹੌਲ ਨੂੰ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਬਾਣੀ ਵਿਚ ਪੰਜ ਖੰਡਾਂ ਦੇ ਮਾਧਿਅਮ ਰਾਹੀਂ ਇੰਜ ਸਮਝਾਇਆ ਹੈ:

ਪੰਜ ਖੰਡ:-

ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ 34 ਤੋਂ 37ਵੀਂ ਪਉੜੀ ਵਿਚ ਅਧਿਆਤਮਿਕ ਗਿਆਨ ਪ੍ਰਾਪਤ ਕਰਨ ਦੇ ਲਈ ਪੰਜ ਪੜਾ ਨਿਰਧਾਰਤ ਕੀਤੇ ਹਨ ਜਿੰਨਾਂ ਨੂੰ ਪੰਜ ਖੰਡ ਵੀ ਕਿਹਾ ਗਿਆ ਹੈ। ਇਹ ਅਧਿਆਤਮਿਕ ਸਿੱਧੀ ਹਾਸਿਲ ਕਰਨ ਦੇ ਰਾਹ ਦੇ ਉਹ ਪੜਾ ਹਨ ਜਿਨਾਂ ਵਿਚੋਂ ਦੀ ਵਿਚਰਦਾ ਹੋਇਆ ਮਨੁੱਖੀ ਮਨ ਸਭ ਤੋਂ ਪਹਿਲਾਂ ਧਰਮ ਨੂੰ ਅਪਣਾਉਂਦਾ ਹੈ ਫਿਰ ਪ੍ਰਭੂ ਦੇ ਰਚੇ ਹੋਏ ਬ੍ਰਹਿਮੰਡ ਦਾ ਗਿਆਨ ਹਾਸਿਲ ਕਰਕੇ ਅਧਿਆਤਮ ਦੇ ਰਾਹ ਤੇ ਮਿਹਨਤ ਕਰਦਾ ਹੋਇਆ ਆਪਣੇ ਆਪ ਨੂੰ ਇੰਨਾ ਵਿਕਸਿਤ ਕਰ ਲੈਂਦਾ ਹੈ ਕਿ ਉਸ ਤੇ ਪ੍ਰਭੂ ਦੀ ਮਿਹਰ ਹੋ ਜਾਂਦੀ ਹੈ। ਮਿਹਰ ਦੇ ਵਿਚੋਂ ਗੁਜ਼ਰ ਕੇ ਉਹ ਅਖੀਰ ਵਿਚ ਸਚ-ਖੰਡ ਜੋ ਕਿ ਉਸ ਦੀ ਅਸਲੀ ਮੰਜ਼ਿਲ ਹੈ ਉਥੇ ਪਹੁੰਚ ਜਾਂਦਾ ਹੈ। ਇਹ ਮਾਨਸਿਕ ਅਤੇ ਅਧਿਆਤਮਿਕ ਪਰਪੱਕਤਾ ਹਾਸਿਲ ਕਰਨ ਦਾ ਰਾਹ ਹੈ ਜੋ ਕਦਮ-ਦਰ-ਕਦਮ ਇਕ ਗੁਰਮੁਖ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਕਰਦਾ ਹੈ। ਡਾ. ਵਜ਼ੀਰ ਸਿੰਘ ਅਨੁਸਾਰ: ਕਈ ਵਿਚਾਰਵਾਨਾ ਨੇ ਖੰਡਾਂ ਨੂੰ ਮਨੁੱਖੀ ਚੇਤਨਾ ਦੇ ਵਿਕਾਸ ਨਾਲ ਜੋੜਿਆ ਹੈ। ਜੇਕਰ ਇਕ ਪਾਸੇ 'ਖੰਡ' ਪਰਮ ਸਤਿ ਦੇ ਪੱਖ ਹਨ, ਤਾਂ ਦੂਜੇ ਪਾਸੇ ਇਹ ਮਾਨਸਿਕ ਜਾਂ ਆਤਮਿਕ ਵਿਕਾਸ ਦੇ ਦਰਜੇ ਹਨ। ਇਨ੍ਹਾਂ ਨੂੰ ਆਤਮਾ ਦੀਆਂ 'ਅਵਸਥਾਵਾਂ' ਵੀ ਕਿਹਾ ਜਾ ਸਕਦਾ ਹੈ।[70]

---

70. ਡਾ. ਵਜੀਰ ਸਿੰਘ, *ਸਿੱਖ ਦਰਸ਼ਨ ਧਾਰਾ*, ਪੰਨਾ, 27.

ਇਹਨਾਂ ਖੰਡਾਂ ਦਾ ਜ਼ਿਕਰ ਇਸ ਤਰ੍ਹਾਂ ਹੈ:

ਧਰਮ ਖੰਡ:–

ੳ੪ਵੀਂ ਪਉੜੀ ਵਿਚ ਲਿਖਿਆ ਹੈ:
ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥
ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥
ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥
ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ[71]

ਧਰਮ ਖੰਡ ਦਾ ਜ਼ਿਕਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ ਕਿ ਵਾਹਿਗੁਰੂ ਨੇ ਕਈ ਤਰ੍ਹਾਂ ਦੇ ਦਿਨ, ਰੁਤਾਂ, ਤਰੀਕਾਂ ਅਤੇ ਹਫਤੇ ਦੇ ਵਾਰ ਬਣਾਏ। ਹਵਾ ਪਾਣੀ ਅੱਗ ਅਤੇ ਪਾਤਾਲ ਦੀ ਸਿਰਜਨਾ ਕੀਤੀ। ਇਸ ਸਭ ਵਿਚ ਧਰਤੀ ਦੀ ਸਥਾਪਨਾ ਕੀਤੀ। ਜਿਸ ਨੂੰ ਪ੍ਰਭੂ ਸਿਮਰਨ ਲਈ ਇਕ ਖਾਸ ਜਗ੍ਹਾ ਸਥਾਪਤ ਕੀਤਾ ਗਿਆ। ਇਸ ਧਰਤੀ ਵਿਚ ਕਈ ਤਰ੍ਹਾਂ ਅਤੇ ਰੰਗਾਂ ਦੇ ਜੀਵਾਂ ਦੀ ਬੜੀ ਵਧੀਆ ਸਕੀਮ ਨਾਲ ਰਚਨਾ ਕੀਤੀ ਗਈ। ਇਨਾਂ ਜੀਵਾਂ ਬਾਰੇ ਫੈਸਲਾ ਉਹਨਾਂ ਦੇ ਕਰਮਾਂ ਦੇ ਆਧਾਰ ਤੇ ਕੀਤਾ ਜਾਂਦਾ ਹੈ। ਪ੍ਰਭੂ ਆਪ ਸਚਾ ਹੈ ਅਤੇ ਉਸ ਦਾ ਦਰਬਾਰ ਵੀ ਸਚਾ ਹੈ। ਉਸ ਦੇ ਦਰਬਾਰ ਵਿਚ ਉਸ ਨੂੰ ਪਰਵਾਣ ਹੋਏ ਉਸ ਦੇ ਭਗਤ ਸੋਹੰਦੇ ਹਨ। ਉਸ ਨੂੰ ਪਰਵਾਣ ਹੋਣ ਵਾਲੀ ਇਹ ਸਥਿਤੀ ਉਸ ਦੀ ਮਿਹਰ ਦੀ ਨਦਰ ਕਰਕੇ ਹੀ ਪ੍ਰਾਪਤ ਹੁੰਦੀ ਹੈ। ਕੌਣ ਉਸ ਦਾ ਸਚਾ ਭਗਤ ਹੈ ਜਾਂ ਕੌਣ ਉਸ ਦਾ ਕੱਚਾ ਭਗਤ ਹੈ ਇਸ ਦੀ ਪਹਿਚਾਣ ਤਾਂ ਉਸ ਦੇ ਦਰਬਾਰ ਵਿਚ ਜਾ ਕੇ ਹੀ ਹੁੰਦੀ ਹੈ। ਧਰਮ ਖੰਡ ਦੀ ਪਉੜੀ ਵਿਚ ਜੋ ਦਾਰਸ਼ਨਿਕ ਸੰਕਲਪ ਵਰਤੋਂ ਵਿਚ ਆਏ ਹਨ, ਉਹ 'ਧਰਮ' 'ਕਰਮ', 'ਸਚਾ ਦਰਬਾਰ', 'ਪੰਚ' ਤੇ 'ਨਦਰ ਕਰਮ' ਹਨ। ਇਥੇ 'ਧਰਮਸ਼ਾਲ' ਨੂੰ ਧਰਮ ਕਮਾਉਣ ਜਾਂ ਕਰਤੱਵ ਨਿਭਾਉਣ ਦਾ ਸਥਾਨ ਪਰਵਾਨ ਕੀਤਾ ਜਾਪਦਾ ਹੈ। ਵਿਅਕਤੀ ਦੇ ਹਰ ਕਰਮ ਦੀ ਵਿਚਾਰ ਤੇ ਪਰਖ 'ਸਚੇ' ਨੇ ਆਪ ਕਰਨੀ ਹੈ ਅਤੇ ਸ਼ੁਭ ਕਰਮਾਂ ਵਾਲਿਆਂ ਨੂੰ ਸ਼੍ਰੇਸ਼ਟ ਤੇ ਪੰਚਾਂ ਦੀ ਸ਼੍ਰੇਣੀ ਵਿਚ ਰੱਖਿਆ ਜਾਣਾ ਹੈ। ਧਰਮ ਖੰਡ ਦੀ ਰਹੱਸਮਈ ਰਮਜ਼ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਦਾ ਸੰਕੇਤ ਹੈ ਜੋ ਗੁਰਬਾਣੀ ਦੀ ਸਮੁੱਚੀ ਭਾਵਨਾ ਦਾ ਅਨੁਸਾਰੀ ਹੈ।

71. ਗੁਰੂ ਗ੍ਰੰਥ ਸਾਹਿਬ, ਪੰਨਾ, 7.

ਨੇਕ ਕਰਮਾਂ ਦਾ ਪ੍ਰੇਰਕ ਵੀ ਉਹੀ ਹੈ, ਕਰਮਾਂ ਦੀ ਪਰਖ ਵੀ ਆਪ ਕਰਦਾ ਹੈ। ਇਹ ਸਾਰੀ ਹੁਕਮ ਦੇ ਭਾਣੇ ਦੀ ਖੇਡ ਹੈ, ਕਰਤੇ ਦੀ ਲੀਲਾ ਹੈ। ਮਨੁੱਖ ਨੂੰ ਸੁਤੰਤਰਤਾ ਦੀ ਦੇਣ ਵੀ ਉਸੇ ਨੇ ਦਿੱਤੀ ਹੈ। ਇਸ ਦਾਤ ਨੂੰ ਸੂਝ-ਬੂਝ ਨਾਲ ਵਰਤੋਂ ਵਿਚ ਲਿਆਉਣਾ ਮਨੁੱਖ ਦਾ ਕਰਤੱਵ ਹੈ। ਧਰਤੀ ਕਰਮ ਭੂਮੀ ਹੈ, ਜਿਥੇ ਆ ਕੇ ਵਿਅਕਤੀ ਨੇ ਕਰਮ ਕਰਨੇ ਹਨ, ਦੈਵੀ ਨਿਯਮ ਦੀ ਪਛਾਣ ਕਰਨੀ ਹੈ, ਸਦਾਚਾਰਕ ਕ੍ਰਿਆ ਨਿਭਾਉਣੀ ਹੈ।"[72]

ਗਿਆਨ ਖੰਡ:-

ਧਰਮ ਖੰਡ ਕਾ ਏਹੋ ਧਰਮੁ॥
ਗਿਆਨ ਖੰਡ ਕਾ ਆਖਹੁ ਕਰਮੁ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥[73]

ਇਥੇ ਸੰਪੂਰਨ ਗਿਆਨ ਦੀ ਪਰਪੱਕਤਾ ਹੁੰਦੀ ਹੈ ਕਿ ਪ੍ਰਭੂ ਦੀ ਰਚੀ ਹੋਈ ਸ੍ਰਿਸ਼ਟੀ ਵਿਚ ਕਿੰਨੀ ਤਰ੍ਹਾਂ ਦੀ ਹਵਾ, ਪਾਣੀ, ਅੱਗ ਅਤੇ ਕਿੰਨੇ ਤਰ੍ਹਾਂ ਦੇ ਕ੍ਰਿਸ਼ਨ ਅਤੇ ਸ਼ਿਵ ਹਨ। ਕਿੰਨੇ ਤਰ੍ਹਾਂ ਦੇ ਬ੍ਰਹਮਾ ਦੀ ਰਚਨਾ ਕੀਤੀ ਗਈ ਹੈ ਅਤੇ ਕਿੰਨੇ ਤਰ੍ਹਾਂ ਦੇ ਉਹਨਾਂ ਦੇ ਰੂਪ ਰੰਗ ਅਤੇ ਵੇਸ ਹਨ। ਕਿੰਨੀਆਂ ਧਰਤੀਆਂ, ਕਿੰਨੇ ਪਰਬਤ, ਕਿੰਨੇ ਧਰੂ-ਭਗਤ ਅਤੇ ਕਿੰਨੇ ਤਰ੍ਹਾਂ ਦੇ ਉਹਨਾਂ ਦੇ ਉਪਦੇਸ਼ ਹਨ। ਕਿੰਨੇ ਇੰਦਰ ਦੇਵਤਾ, ਕਿੰਨੇ ਚੰਦ, ਕਿੰਨੇ ਸੂਰਜ, ਅਤੇ ਕਿੰਨੇ ਬ੍ਰਹਿਮੰਡ ਹਨ। ਕਿੰਨੇ ਤਰ੍ਹਾਂ ਦੇ ਸਿੱਧ-ਪੁਰਸ਼, ਕਿੰਨੇ ਦੇਵੀਆਂ ਦੇ ਰੂਪ, ਕਿੰਨੇ ਮੁਨੀ ਅਤੇ ਕਿੰਨੇ ਰਤਨਾਂ ਦੇ ਸਮੁੰਦਰ ਹਨ। ਕਿੰਨੇ ਤਰ੍ਹਾਂ ਦੇ ਖਾਣ ਵਾਲੇ ਪਦਾਰਥ ਅਤੇ ਕਿੰਨੇ ਤਰ੍ਹਾਂ ਦੀਆਂ ਭਾਸ਼ਾਵਾਂ ਹਨ। ਕਿੰਨੇ ਤਰ੍ਹਾਂ ਦੇ ਉਚੀਆਂ ਬਿਰਤੀਆਂ ਵਾਲੇ ਮਹਾਂ-ਪੁਰਸ਼ ਅਤੇ ਪ੍ਰਭੂ ਦੇ ਸੇਵਕ ਹਨ। ਇਸ ਸਭ ਕੁਝ ਦਾ ਕੋਈ ਅੰਤ ਹੀ ਨਹੀਂ ਹੈ। ਇਹ ਧਰਮ ਖੰਡ ਦਾ ਵਿਧਾਨ ਹੈ।

ਛੱਤੀਵੀਂ ਪਉੜੀ ਵਿਚ ਦੋ ਲਾਇਨਾਂ ਗਿਆਨ ਖੰਡ ਨਾਲ ਸੰਬੰਧਤ ਹਨ।

ਸਰਮ ਖੰਡ :-

ਗਿਆਨ ਖੰਡ ਮਹਿ ਗਿਆਨੁ ਪਰਚੰਡੁ॥
ਤਿਥੈ ਨਾਦ ਬਿਨੋਦ ਕੋਡ ਅਨੰਦੁ॥
ਸਰਮ ਖੰਡ ਕੀ ਬਾਣੀ ਰੂਪੁ॥

---

72. ਡਾ. ਵਜੀਰ ਸਿੰਘ, *ਉਹੀ*, ਪੰਨਾ, 30.
73. ਗੁਰੂ ਗ੍ਰੰਥ ਸਾਹਿਬ, ਪੰਨਾ, 7.

ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥
ਤਾ ਕੀਆ ਗਲਾ ਕਥੀਆ ਨਾ ਜਾਹਿ॥
ਜੇ ਕੋ ਕਹੈ ਪਿਛੈ ਪਛੁਤਾਇ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥[74]

ਗਿਆਨ ਖੰਡ ਵਿਚ ਪ੍ਰਭੂ ਦੀ ਰਚੀ ਹੋਈ ਸਾਰੀ ਦ੍ਰਿਸ਼ਟ ਅਤੇ ਅਦ੍ਰਿਸ਼ਟ ਰਚਨਾ ਦਾ ਗਿਆਨ ਪਰਪੱਕ ਕੀਤਾ ਜਾਂਦਾ ਹੈ। ਉਸ ਖੰਡ ਵਿਚ ਅਜੀਬ ਕਿਸਮ ਦਾ ਕੌਤਕ ਅਤੇ ਆਨੰਦ ਹੈ, ਪਰ ਸਰਮ ਖੰਡ ਦੀ ਬਨਾਵਟ ਬੇਹੱਦ ਸੁਹਣੀ ਹੈ। ਇਸ ਜਗ੍ਹਾ ਤੇ ਮਨੁੱਖੀ ਮਨ ਦੀਆਂ ਬਿਰਤੀਆਂ ਨੂੰ ਅਧਿਆਤਮਿਕ ਸੇਧ ਦੇ ਕੇ ਉਸ ਨੂੰ ਇਸ ਤਰ੍ਹਾਂ ਤਰਾਸ਼ਿਆ ਜਾਂਦਾ ਹੈ ਕਿ ਉਸ ਤੋਂ ਬਾਅਦ ਉਸ ਦੀ ਸੁੰਦਰਤਾ ਬਿਆਨ ਹੀ ਨਹੀਂ ਕੀਤੀ ਜਾ ਸਕਦੀ। ਉਸ ਖੰਡ ਵਿਚ ਮਨ ਦੀ ਉਚੀ ਅਵਸਥਾ ਘੜੀ ਜਾਂਦੀ ਹੈ ਜੋ ਮਨ ਨੂੰ ਸਚਾ ਗਿਆਨ ਪ੍ਰਦਾਨ ਕਰਦੀ ਹੈ। ਉਸ ਸਥਾਨ ਤੇ ਮਹਾਨ ਆਤਮਾਵਾਂ ਵਾਲਾ ਗਿਆਨ ਪ੍ਰਦਾਨ ਕੀਤਾ ਜਾਂਦਾ ਹੈ। ਉਸ ਸਥਾਨ ਦੀਆਂ ਗੱਲਾਂ ਨੂੰ ਬਿਆਨ ਹੀ ਨਹੀਂ ਕੀਤਾ ਜਾ ਸਕਦਾ ਜੇ ਕੋਈ ਕਰਨ ਦੀ ਕੋਸ਼ਿਸ਼ ਵੀ ਕਰੇ ਤਾਂ ਬਾਅਦ ਵਿਚ ਉਸ ਨੂੰ ਪਛਤਾਉਣਾ ਹੀ ਪੈਂਦਾ ਹੈ। ਉਥੇ ਮਨ ਦੀ ਇਕਾਗਰਤਾ, ਅਕਲ ਮਨ ਦੀ ਸਮਝ ਨੂੰ ਅਧਿਆਤਮਿਕ ਪੜਾ ਤੇ ਤੁਰਨ ਯੋਗ ਬਣਾਇਆ ਜਾਂਦਾ ਹੈ। ਉਥੇ ਮਹਾਨ ਆਤਮਿਕ ਸੂਝ ਵਾਲੇ ਮਹਾਂ ਪੁਰਸ਼ਾਂ ਵਾਲੀ ਬਿਰਤੀ ਘੜੀ ਜਾਂਦੀ ਹੈ। "ਆਤਮਿਕ ਪ੍ਰਗਤੀ ਦੀ ਦ੍ਰਿਸ਼ਟੀ ਤੋਂ ਸਰਮ-ਖੰਡ ਉਸ ਉਚੇਰੀ ਚੇਤਨਾ ਦਾ ਲਖਾਇਕ ਹੈ, ਜਿਥੇ ਸਾਧਾਰਨ ਸੁੱਧ-ਬੁੱਧ ਨਵੇਂ ਸਿਰਿਉਂ ਘੜੀ ਜਾਂਦੀ ਹੈ ਅਤੇ ਇਹ ਰਿਸ਼ੀਆਂ ਤੇ ਸਿਧਾਂ ਦੀ ਸੂਝ-ਬੂਝ ਵਿਚ ਪਲਟ ਜਾਂਦੀ ਹੈ। ਇਸ ਅਵਸਥਾ ਨੂੰ ਪੁੱਜਾ ਸਾਧਕ ਪਰਮ ਹਕੀਕਤ ਦੀ ਸੁੰਦਰਤਾ ਨੂੰ ਮਾਣਦਾ ਹੈ। ਉਹ ਬ੍ਰਹਮ ਅਤੇ ਬ੍ਰਹਿਮੰਡ ਦੀ ਇਕਸੁਰਤਾ ਦਾ ਵਿਸਮਾਦੀ ਅਨੁਭਵ ਲੈਂਦਾ ਹੈ। ਗਿਆਨ-ਖੰਡ ਦੀ ਅਵਸਥਾ ਵਿਚ ਉਸ ਨੂੰ ਕੁਦਰਤ ਦੀ ਰੰਗ-ਰੰਗੀਲੀ ਏਕਤਾ ਦੀ ਸੋਝੀ ਹੋਈ ਸੀ, ਸਰਮ ਖੰਡ ਵਿਚ ਉਹ ਏਕਤਾ ਤੇ ਇਕਮਿਕਤਾ ਦਾ ਕਾਇਲ ਹੋ ਜਾਂਦਾ ਹੈ, ਕਿਉਂਕਿ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ।"[75]

ਕਰਮ ਖੰਡ:-

ਅਧਿਆਤਮਿਕ ਉੱਨਤੀ ਦੇ ਰਾਹ ਤੇ ਅਗਲਾ ਪੜਾਅ ਕਰਮ ਖੰਡ ਵਜੋਂ ਜਾਣਿਆਂ ਜਾਂਦਾ ਹੈ। ਇਸ ਵਿਚ ਕਿਹਾ ਗਿਆ ਹੈ:

ਕਰਮ ਖੰਡ ਕੀ ਬਾਣੀ ਜੋਰੁ॥
ਤਿਥੈ ਹੋਰੁ ਨ ਕੋਈ ਹੋਰੁ॥
ਤਿਥੈ ਜੋਧ ਮਹਾਬਲ ਸੂਰ॥

---

74. ਗੁਰੂ ਗ੍ਰੰਥ ਸਾਹਿਬ, ਪੰਨਾ, 7-8.
75. ਡਾ. ਵਜੀਰ ਸਿੰਘ, *ਉਹੀ*, ਪੰਨਾ, 32.

ਤਿਨ ਮਹਿ ਰਾਮੁ ਰਹਿਆ ਭਰਪੂਰ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ॥
ਤਾ ਕੇ ਰੂਪ ਨ ਕਥਨੇ ਜਾਹਿ॥
ਨਾ ਓਹਿ ਮਰਹਿ ਨ ਠਾਗੇ ਜਾਹਿ॥
ਜਿਨ ਕੈ ਰਾਮੁ ਵਸੈ ਮਨ ਮਾਹਿ॥
ਤਿਥੈ ਭਗਤ ਵਸਹਿ ਕੇ ਲੋਅ॥
ਕਰਹਿ ਅਨੰਦੁ ਸਚਾ ਮਨਿ ਸੋਇ॥[76]

ਇਹ ਪ੍ਰਭੂ ਦੀ ਮਿਹਰ ਵਾਲਾ ਖੰਡ ਹੈ। ਇਸ ਖੰਡ ਦਾ ਰੂਪ ਉਸ ਪ੍ਰਭੂ ਦੀ ਸ਼ਕਤੀ ਵਾਲਾ ਹੈ। ਉਸ ਖੰਡ ਵਿਚ ਹੋਰ ਕੋਈ ਨਹੀਂ ਹੈ ਉਥੇ ਕੇਵਲ ਯੋਧੇ ਅਤੇ ਮਹਾਨ ਸ਼ਕਤੀਸ਼ਾਲੀ ਸੂਰਮੇਂ ਹਨ ਜਿੰਨਾਂ ਦੇ ਮਨ ਵਿਚ ਪ੍ਰਭੂ ਦਾ ਨਾਮ ਸਮਾਇਆ ਹੋਇਆ ਹੁੰਦਾ ਹੈ। ਉਹ ਉਥੇ ਪਰਮਾਤਮਾ ਦੀ ਸਿਫਤ ਸਾਲਾਹ ਵਿਚ ਸਦਾ ਆਪਣੇ ਮਨ ਨੂੰ ਪਰੋ ਕੇ ਰੱਖਦੇ ਹਨ। ਉਹਨਾਂ ਦੇ ਰੂਪ ਇੰਨੇ ਸੁੰਦਰ ਹੁੰਦੇ ਹਨ ਕਿ ਉਹਨਾਂ ਨੂੰ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਜਿੰਨਾਂ ਦੇ ਮਨ ਵਿਚ ਪ੍ਰਭੂ ਦਾ ਵਾਸਾ ਹੁੰਦਾ ਹੈ ਉਹਨਾਂ ਨੂੰ ਸਦੀਵੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਉਥੇ ਹੋਰ ਵੀ ਕਈ ਧਰਤੀਆਂ ਦੇ ਭਗਤ ਰਹਿੰਦੇ ਹਨ। ਕਿਉਂਕਿ ਸਚਾ ਵਾਹਿਗੁਰੂ ਸਦਾ ਉਹਨਾਂ ਦੇ ਮਨ ਵਿਚ ਵੱਸਦਾ ਹੈ ਇਸ ਲਈ ਉਹਨਾਂ ਦਾ ਮਨ ਸਦਾ ਆਨੰਦ ਵਿਚ ਰਹਿੰਦਾ ਹੈ। ਅੰਤਲੇ ਪੜਾਅ ਵਿਚ ਕਿਹਾ ਗਿਆ ਹੈ।

ਸਚ ਖੰਡ:-

ਸਚ ਖੰਡਿ ਵਸੈ ਨਿਰੰਕਾਰੁ॥
ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਖੰਡ ਮੰਡਲ ਵਰਭੰਡ॥
ਜੇ ਕੋ ਕਥੈ ਤ ਅੰਤ ਨ ਅੰਤ॥
ਤਿਥੈ ਲੋਅ ਲੋਅ ਆਕਾਰ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥
ਨਾਨਕ ਕਥਨਾ ਕਰੜਾ ਸਾਰੁ॥[77]

ਸਚ ਦੇ ਮੰਡਲ ਵਿਚ ਆਕਾਰ ਰਹਿਤ ਪ੍ਰਭੂ ਆਪ ਵੱਸਦਾ ਹੈ। ਉਸ ਜਗ੍ਹਾ ਤੋਂ ਉਹ ਆਪ ਆਪਣੇ ਜੀਵਾਂ ਤੇ ਮਿਹਰ ਦੀ ਨਜ਼ਰ ਕਰਕੇ ਖੁਸ਼ ਹੁੰਦਾ ਹੈ। ਉਸ ਮੰਡਲ ਵਿਚ ਅਨੇਕਾਂ ਧਰਤੀਆਂ ਅਤੇ ਅਨੇਕਾਂ ਬ੍ਰਹਿਮੰਡ ਹਨ। ਜੇ ਕੋਈ ਉਹਨਾਂ ਦਾ ਬਿਆਨ ਕਰਨ ਦੀ ਕੋਸ਼ਿਸ਼ ਵੀ ਕਰੇ ਤਾਂ ਵੀ ਉਹ ਉਸ ਸਭ ਦਾ ਬਿਆਨ ਨਹੀਂ ਕਰ ਸਕਦਾ। ਉਥੇ ਅਨੇਕਾਂ ਧਰਤੀਆਂ ਅਤੇ ਅਨੇਕਾਂ ਕਿਸਮ ਦੇ ਜੀਵਾਂ ਦੇ ਆਕਾਰ ਹਨ। ਜਿਵੇਂ-ਜਿਵੇਂ ਪ੍ਰਭੂ ਦਾ ਹੁਕਮ ਹੁੰਦਾ ਹੈ ਉਸੇ

76. ਗੁਰੂ ਗ੍ਰੰਥ ਸਾਹਿਬ, ਪੰਨਾ, 8.
77. ਗੁਰੂ ਗ੍ਰੰਥ ਸਾਹਿਬ, ਪੰਨਾ, 8.

ਤਰ੍ਹਾਂ ਉਹ ਕੰਮ-ਕਾਰ ਕਰਦੇ ਹਨ। ਇਹ ਸਭ ਕੁਝ ਦੇਖ ਵਿਚਾਰ ਕੇ ਪ੍ਰਭੂ ਆਪ ਖ਼ੁਸ਼ ਹੁੰਦਾ ਹੈ, ਪਰ ਇਸ ਸਭ ਕੁਝ ਨੂੰ ਬਿਆਨ ਕਰਨਾ ਬਹੁਤ ਮੁਸ਼ਕਿਲ ਕੰਮ ਹੈ।

ਇਨ੍ਹਾਂ ਸਭ ਖੰਡਾਂ ਦਾ ਜ਼ਿਕਰ ਕਰਦੇ ਹੋਏ ਅਖੀਰ ਵਿਚ ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਇਨਾਂ ਖੰਡਾਂ ਨੂੰ ਜਾਂ ਇਨਾਂ ਪੜਾਵਾਂ ਨੂੰ ਪਾਰ ਕਰਨ ਲਈ ਮਨੁੱਖੀ ਮਨ ਨੂੰ ਇਕ ਖਾਸ ਕਿਸਮ ਦੇ ਢਾਂਚੇ ਵਿਚ ਢਾਲ ਕੇ ਆਤਮਾ ਦਾ ਇਹ ਖਾਸ ਸਫ਼ਰ ਤੈਅ ਕਰਨਾ ਪੈਂਦਾ ਹੈ। ਉਹਨਾਂ ਕਿਹਾ ਕਿ ਜਤੁ, ਧੀਰਜ, ਦੈਵੀ ਗਿਆਨ, ਪ੍ਰਭੂ ਪ੍ਰੇਮ ਨੂੰ ਧਾਰਨ ਕਰਕੇ ਆਪਣੇ ਆਪ ਨੂੰ ਐਸਾ ਬਰਤਨ ਬਨਾਉਣ ਨਾਲ ਜਿਸ ਵਿਚ ਪਿਆਰ ਸਹਿਤ ਪ੍ਰਭੂ ਦਾ ਨਾਮ ਸਿਮਰਿਆ ਜਾਵੇ, ਤਾਂ ਹੀ ਮਨੁੱਖ ਉਸ ਸਚੇ ਦੇ ਸਚੇ ਰਾਹ ਤੇ ਤੁਰਨ ਯੋਗ ਹੋ ਸਕਦਾ ਹੈ, ਪਰ ਮੁਕਤੀ ਉਸ ਪ੍ਰਭੂ ਦੀ ਮਿਹਰ ਦੀ ਨਜ਼ਰ ਕਰਕੇ ਹੀ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬ ਜੀ ਅਖੀਰ ਵਿਚ ਕਹਿੰਦੇ ਹਨ ਕਿ ਉਹ ਪਰਮਾਤਮਾ ਮਿਹਰ ਦਾ ਦਾਤਾ ਆਪਣੇ ਜੀਵਾਂ ਤੇ ਮਿਹਰ ਕਰਕੇ ਸਦਾ ਖ਼ੁਸ਼ ਹੁੰਦਾ ਹੈ। ਇਸ ਦਾ ਭਾਵ ਹੈ ਉਹ ਆਪ ਹੀ ਜੀਵਾਂ ਨੂੰ ਬਣਾਉਂਦਾ ਹੈ ਅਤੇ ਆਪ ਹੀ ਉਹਨਾਂ ਨੂੰ ਮੁਕਤੀ ਦੇ ਕੇ ਖ਼ੁਸ਼ ਹੁੰਦਾ ਹੈ।

ਇਸ ਸਮੁੱਚੇ ਮਹੌਲ ਦੀ ਵਿਆਖਿਆ ਸੰਤ ਈਸ਼ਰ ਸਿੰਘ ਜੀ ਦੇ ਸ਼ਬਦਾਂ ਵਿਚ ਇੰਜ ਲਿਖੀ ਜਾ ਸਕਦੀ ਹੈ, "ਪਹਿਲੇ ਜਗਿਆਸਾ ਕੋ ਪੂਰਾ ਕੀਆ ਜਾਵੇ ਫਿਰ ਗਿਆਨ ਕੋ ਪਰਪੱਕ ਕੀਆ ਜਾਵੇ ਔਰ ਫਿਰ ਅਵਸਥਾ ਕੋ ਪਰਪੱਕ ਕੀਆ ਜਾਵੇ, ਫਿਰ ਨਿਰਵਿਕਲਪਤਾ ਕੋ ਪਰਪੱਕ ਕੀਆ ਜਾਵੇ ਔਰ ਫਿਰ ਕ੍ਰਿਤ ਕ੍ਰਿਤ ਸਮਝੋ। ਅਵਸਥਾ ਕੇ ਬਾਦ ਪੂਰਨ ਤ੍ਰਿਪਤੀ ਔਰ ਪੂਰਨ ਪਰਮਾਨੰਦ ਰੂਪ ਮੇਂ ਇਸਥਿਤੀ ਹੋਤੀ ਹੈ।"[78]

ਮਨੁੱਖੀ ਮਨ ਦੀ ਭੂਮਿਕਾ:-

ਸਿੱਖ ਧਰਮ ਵਿਚ ਨਾਮ ਦੀ ਵਿਧੀ ਸਿੱਧੇ ਤੌਰ ਤੇ ਮਨੁੱਖੀ ਮਨ ਨਾਲ ਹੀ ਸੰਬੰਧਤ ਹੈ। ਅਸਲ ਵਿਚ ਮਨੁੱਖੀ ਹੋਂਦ ਦੇ ਤਿੰਨ ਮੁੱਖ ਪਹਿਲੂ ਹਨ; ਸਰੀਰ, ਮਨ ਅਤੇ ਆਤਮਾ। ਇਹ ਤਿੰਨੋ ਪਹਿਲੂ ਆਪਸ ਵਿਚ ਬਹੁਤ ਗਹਿਰੀ ਤਰ੍ਹਾਂ ਜੁੜੇ ਵੀ ਹੋਏ ਹਨ ਅਤੇ ਇਕ ਦੂਜੇ ਤੇ ਨਿਰਭਰ ਵੀ ਕਰਦੇ ਹਨ। ਪ੍ਰਭੂ ਨੇ ਮਨੁੱਖੀ ਸਰੀਰ ਦੀ ਸਿਰਜਨਾ ਇਸ ਤਰ੍ਹਾਂ ਕੀਤੀ ਹੈ ਕਿ ਇਹ ਸਥੂਲ ਤੋਂ ਸੂਖਮ ਅਤੇ ਸੂਖਮ ਤੋਂ ਅਤਿ ਸੂਖਮ ਮੰਡਲਾਂ ਵਿਚੋਂ ਦੀ ਪਰਿਵਾਹਿਤ ਹੁੰਦਾ ਹੈ। ਜਿਵੇਂ ਸਥੂਲ ਸਰੀਰ ਦਾ ਕਿਸੇ ਖਾਸ ਕਿਸਮ ਦੇ ਵਿਧਾਨ ਨਾਲ ਜੁੜਨ ਨਾਲ ਮਨ ਦੀ ਸਥਿਤੀ ਨਿਰਧਾਰਿਤ ਹੁੰਦੀ ਹੈ ਉਸੇ ਤਰ੍ਹਾਂ ਮਨ ਦੇ ਕਿਸੇ ਖਾਸ ਵਿਧਾਨ ਨਾਲ ਜੁੜਨ ਨਾਲ ਆਤਮਾ ਦੀ ਸਥਿਤੀ ਨਿਰਧਾਰਿਤ ਹੁੰਦੀ ਹੈ। ਉਸ ਸਮੁੱਚੇ ਵਿਧਾਨ ਨੂੰ ਆਪਣੇ ਜੀਵਨ ਦੇ ਸਥੂਲ ਅਤੇ ਸੂਖਮ ਪਹਿਲੂਆਂ ਵਿਚ ਵਿਵਹਾਰਿਕ ਰੂਪ ਵਿਚ ਜੋੜ ਲੈਣ ਨਾਲ ਸਮੁੱਚੇ ਜੀਵਨ ਦਾ ਅਧਿਆਤਮਕ ਪਰਵਾਹ ਚੱਲਦਾ ਹੈ ਏਸ ਕਰਕੇ ਕੇਵਲ ਮਨ ਹੀ ਅਸਲ ਵਿਚ ਆਤਮਾ ਅਤੇ ਪਰਮਾਤਮਾ ਵਿਚਲੇ ਰਹੱਸਮਈ ਸੰਬੰਧ ਬਨਾਉਣ ਲਈ ਇਕ ਸਹਾਇਕ ਕੜੀ ਹੁੰਦਾ ਹੈ।

ਸਿੱਖ ਧਰਮ ਵਿਚ ਇਹ ਮੰਨਿਆ ਗਿਆ ਹੈ ਕਿ ਮਨ ਹੀ ਆਤਮਾ ਦਾ ਵਿਛੜਿਆ

---

78. ਸੰਤ ਈਸ਼ਰ ਸਿੰਘ ਜੀ, *ਈਸ਼੍ਵਰ ਅਮੋਲਕ ਲਾਲ*, ਪੰਨਾ, 204.

ਹੋਇਆ ਹਿੱਸਾ ਹੈ। ਪਰਮਾਤਮਾ ਦੀ ਮਾਇਆ ਕਰਕੇ ਜਦੋਂ ਮਨ ਆਪਣੀ ਅਸਲੀ ਸਥਿਤੀ ਤੋਂ ਉਲਟੀ ਦਿਸ਼ਾ ਵਿਚ ਸਥਿਤ ਹੁੰਦਾ ਹੈ ਤਾਂ ਬਾਹਰੀ ਮਾਇਆ ਦੇ ਪ੍ਰਭਾਵ ਨਾਲ ਇਹ ਬਹੁਤ ਤੇਜ਼ੀ ਨਾਲ ਬਾਹਰ ਨੂੰ ਦੌੜਦਾ ਹੈ। ਇਹੀ ਕਾਰਨ ਹੈ ਕਿ ਮਨ ਹਮੇਸ਼ਾ ਪਰੇਸ਼ਾਨੀਆਂ ਵਿਚ ਘਿਰਿਆ ਰਹਿੰਦਾ ਹੈ। ਸਿੱਖ ਧਰਮ ਵਿਚ ਮਨ ਦੀ ਇਸ ਸਥਿਤੀ ਨੂੰ ਉਲਟੇ ਕੰਵਲ ਨਾਲ ਵੀ ਤੁਲਨਾ ਕੀਤੀ ਗਈ ਹੈ। ਉਹ ਮਨੁੱਖ ਜਿਸ ਦਾ ਮਨ ਗੁਰੂ ਦੀ ਸਿੱਖਿਆ ਨਾਲ ਅੰਤਰਮੁਖੀ ਭਾਵ ਆਤਮ-ਮੁਖੀ ਹੋ ਜਾਂਦਾ ਹੈ ਉਹੀ ਗੁਰਮੁਖ ਕਹਾਂਦਾ ਹੈ ਅਤੇ ਉਹ ਮਨੁੱਖ ਜਿਸ ਦਾ ਮਨ ਅਪਣੀ ਨਿਜੀ ਮਰਜ਼ੀ ਨਾਲ ਬਾਹਰ ਨੂੰ ਦੌੜਦਾ ਹੈ ਉਸੇ ਨੂੰ ਮਨਮੁਖ ਕਿਹਾ ਜਾਂਦਾ ਹੈ। ਕੁੱਲ ਮਿਲਾ ਕੇ ਇਹ ਸਮਝਿਆ ਜਾ ਸਕਦਾ ਹੈ ਕਿ ਜੋ ਮਨ ਹੈ ਉਹ ਸਰੀਰ ਅਤੇ ਆਤਮਾ ਦੇ ਵਿਚਾਲੇ ਹੁੰਦਾ ਹੈ ਜਦੋਂ ਉਹ ਸਰੀਰ ਵੱਲੋਂ ਪ੍ਰੇਰਿਤ ਹੁੰਦਾ ਹੈ ਤਾਂ ਉਹ ਸਰੀਰ ਅਤੇ ਸਰੀਰ ਨਾਲ ਸੰਬੰਧਤ ਸੁਖਾਂ ਵੱਲ ਨੂੰ ਭਜਦਾ ਹੈ ਅਤੇ ਅੱਗੇ-ਅੱਗੇ ਵਧਦਾ ਹੋਇਆ ਮਾਇਆ ਵਿਚ ਗ੍ਰਸਿਆ ਜਾਂਦਾ ਹੈ। ਪਰ ਜਦੋਂ ਉਹ ਆਤਮਾ ਵਲੋਂ ਪ੍ਰੇਰਿਤ ਹੁੰਦਾ ਹੈ ਤਾਂ ਕਿਉਂਕਿ ਆਤਮਾ ਦਾ ਸੁਭਾਅ ਸ਼ਾਤ, ਸਥਿਰ ਅਤੇ ਆਨੰਦਮਈ ਹੈ ਇਸ ਕਰਕੇ ਮਨ ਵੀ ਸ਼ਾਂਤ, ਸਥਿਰ ਅਤੇ ਆਨੰਦਮਈ ਹੋ ਜਾਵੇਗਾ, ਪਰ ਉਹਦਾ ਰੁਖ ਆਪਣੀ ਅਸਲੀਅਤ ਵੱਲ ਕੇਂਦ੍ਰਿਤ ਹੁੰਦਾ ਹੈ। ਮਨ ਦੀ ਆਤਮਾ ਵੱਲ ਨੂੰ ਸੇਧ ਉਦੋਂ ਹੁੰਦੀ ਹੈ ਜਦੋਂ ਇਹ ਆਪਣਾ ਆਪਾ ਗੁਰੂ ਦੇ ਹਵਾਲੇ ਕਰਦਾ ਹੈ ਅਤੇ ਗੁਰੂ ਉਸ ਨੂੰ ਸ਼ਬਦ ਨਾਲ ਜੋੜ ਕੇ ਪ੍ਰਭੂ ਪ੍ਰੇਮ ਅਤੇ ਪ੍ਰਭੂ ਨਾਮ ਦੇ ਅਭਿਆਸ ਨਾਲ ਜੋੜ ਦਿੰਦਾ ਹੈ। ਪ੍ਰੇਮਾ ਭਗਤੀ ਗੁਰੂ ਘਰ ਦਾ ਸਿਧਾਂਤ ਹੈ। ਇਹ ਮਨੁੱਖੀ ਮਨ ਦੀ ਅਤਿ ਸਹਿਜ, ਪਰ ਸੋਧੀ ਹੋਈ ਅਵਸਥਾ ਵਿਚੋਂ ਪੈਦਾ ਹੋਈ ਸਥਿਤੀ ਹੈ। ਗੁਰਮਤਿ ਸਿਧਾਂਤ ਹੈ ਕਿ ਮਨੁੱਖ ਦਾ ਮਨ ਸੁੱਤਾ ਪਿਆ ਹੈ, ਪਰ ਜਦੋਂ ਗੁਰੂ ਦੀ ਦੀਖਿਆ ਰੂਪੀ ਚੋਟ ਉਸ ਦੇ ਲੱਗਦੀ ਹੈ ਤਾਂ ਉਹ ਜਾਗ ਜਾਂਦਾ ਹੈ, ਭਾਵ; ਚੇਤਨ ਅਵਸਥਾ ਵਿਚ ਆਉਂਦਾ ਹੈ। ਉਸ ਦੇ ਸੁੱਤੇ ਹੋਣ ਦੀ ਅਵਸਥਾ ਨੂੰ ਉਲਟੇ ਕੰਵਲ ਅਤੇ ਜਾਗ੍ਰਿਤ ਅਵਸਥਾ ਨੂੰ ਸਿੱਧੇ ਕੰਵਲ ਨਾਲ ਤੁਲਨਾ ਦਿੱਤੀ ਗਈ ਹੈ। ਮਨੁੱਖੀ ਮਨ ਲਈ ਗਿਆਨ ਹਾਸਿਲ ਕਰਨ ਦਾ ਸ੍ਰੋਤ ਹੈ ਸੁਣਨਾ। ਗੁਰੂ ਦੀ ਸਿੱਖਿਆ ਨੂੰ ਸੁਣ ਕੇ ਹੀ ਮਨ ਨੂੰ ਗਿਆਨ ਹਾਸਿਲ ਹੁੰਦਾ ਹੈ। ਗਿਆਨ ਹਾਸਿਲ ਕਰਨ ਤੋਂ ਬਾਅਦ ਉਸ ਅਕਾਲ ਪੁਰਖ ਦੇ ਤੱਤ ਗੁਣ (essential attributes) ਦਾ ਗਿਆਨ ਹੋਣ ਕਰਕੇ ਉਸ ਪ੍ਰਤੀ ਪ੍ਰੇਮ ਜਾਗ੍ਰਿਤ ਹੁੰਦਾ ਹੈ। ਉਸ ਪ੍ਰੇਮ ਵਿਚੋਂ ਉਸ ਦੀ ਯਾਦ ਅਤੇ ਉਸ ਦੀ ਯਾਦ ਵਿਚ ਉਹ ਆਪ ਸਮਾਇਆ ਹੋਇਆ ਹੈ। ਭਾਵ ਕਿ ਮਨ ਨੂੰ ਇਹ ਅਵਸਥਾ ਹਾਸਿਲ ਕਰਨ ਲਈ ਆਪਣੀ ਜਾਗ੍ਰਿਤ ਜਾਂ ਚੇਤਨ ਅਵਸਥਾ ਵਿਚ ਆਉਣਾ ਲਾਜ਼ਮੀ ਹੈ ਅਤੇ ਇਹ ਕੰਮ ਗੁਰੂ ਦੀ ਸਿੱਖਿਆ ਤੋਂ ਬਿਨਾਂ ਹੋ ਨਹੀਂ ਸਕਦਾ। ਸਿੱਖ ਧਰਮ ਵਿਚ ਤਾਂ ਇਹ ਵੀ ਮੰਨਿਆ ਗਿਆ ਹੈ ਕਿ ਮਨ ਹੀ ਆਤਮਾ ਜੋ ਸਤਿ, ਚਿਤ, ਆਨੰਦ ਹੈ ਉਸੇ ਦਾ ਦੂਜਾ ਰੂਪ ਹੈ ਤਾਂ ਹੀ ਕਿਹਾ ਗਿਆ ਹੈ:

> ਮਨ ਤੂ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
> ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥[79]

---

79. ਗੁਰੂ ਗ੍ਰੰਥ ਸਾਹਿਬ, ਪੰਨਾ, 441.

ਅਤੇ

ਮਨ ਮਹਿ ਆਪਿ ਮਨ ਅਪੁਨੇ ਮਾਹਿ॥
ਨਾਨਕ ਕੀਮਤਿ ਕਹਨੁ ਨ ਜਾਇ॥[80]

ਪਰ ਪਰਮਾਤਮਾ ਦੀ ਮਾਇਆ ਕਰਕੇ ਜਦੋਂ ਮਨ ਅਪਣੀ ਅਸਲੀ ਸਥਿਤੀ ਤੋਂ ਉਲਟੀ ਦਿਸ਼ਾ ਵੱਲ ਪਰਿਵਾਹਿਤ ਹੁੰਦਾ ਹੈ ਭਾਵ; ਆਤਮਿਕ ਸੇਧ ਦੇ ਉਲਟ ਮਾਇਆ ਵੱਲ ਆਕਰਸ਼ਤ ਹੁੰਦਾ ਹੈ ਤਾਂ ਇਹ ਪਰੇਸ਼ਾਨੀਆਂ ਵਿਚ ਘਿਰਿਆ ਰਹਿੰਦਾ ਹੈ ਅਤੇ ਦੁੱਖ ਭੋਗਦਾ ਹੈ। ਇਹ ਦੁੱਖ ਤਾਂ ਭੋਗਦਾ ਹੈ ਕਿਉਂਕਿ ਜਿਨ੍ਹਾਂ ਪਦਾਰਥਾਂ ਨਾਲ ਇਹ ਆਪਣੇ ਆਪ ਨੂੰ ਜੋੜ ਲੈਂਦਾ ਹੈ ਉਨ੍ਹਾਂ ਵਿਚ ਇਸ ਨੂੰ ਸੁਖ ਦੇਣ ਦੀ ਸਮਰਥਾ ਹੀ ਨਹੀਂ ਹੁੰਦੀ। ਇਹ ਇਕ ਬੇਹੱਦ ਸੂਖਮ ਕਿਸਮ ਦੀ ਸਥਿਤੀ ਹੁੰਦੀ ਹੈ। ਅਧਿਆਤਮਿਕ ਸਿਖਸ਼ਾ ਦਾ ਇਹੀ ਪ੍ਰਯੋਜਨ ਹੁੰਦਾ ਹੈ ਕਿ ਮਨ ਨੂੰ ਉਸ ਦੀ ਅਸਲੀ ਸਥਿਤੀ ਵਿਚ ਕਿਵੇਂ ਲਿਆਂਦਾ ਜਾਵੇ? ਜਿਸ ਦਾ ਭਾਵ ਬਣਦਾ ਹੈ ਕਿ ਉਸ ਨੂੰ ਅੰਤਰਮੁਖੀ ਕਿਵੇਂ ਕੀਤਾ ਜਾਵੇ ਜਾਂ ਇਸ ਨੂੰ ਆਤਮਾ ਵੱਲ ਸੇਧਿਆ ਕਿਵੇਂ ਜਾਵੇ। ਕਿਉਂਕਿ ਉਲਟੇ ਮਨ ਦਾ ਸੁਭਾਅ ਹੈ ਕਿ ਇਹ ਬਹੁਤ ਤੇਜ਼ੀ ਨਾਲ ਆਪਣੇ ਆਪ ਤੋਂ ਬਾਹਰ ਵੱਲ ਨੂੰ ਸੰਸਾਰੀ ਪਦਾਰਥਾਂ ਵੱਲ ਨੂੰ ਦੌੜਦਾ ਹੈ ਅਤੇ ਜਿੰਨਾ ਬਾਹਰ ਨੂੰ ਦੌੜਦਾ ਹੈ ਉਨਾਂ ਹੀ ਦੁੱਖ ਦਾ ਕਾਰਨ ਬਣਦਾ ਹੈ। ਗੁਰੂ ਸਾਹਿਬ ਇਸ ਬਾਰੇ ਲਿਖਦੇ ਹਨ ਕਿ

ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ॥[81]

ਕਿਉਂਕਿ ਮਨ ਅਸਲ ਵਿਚ ਆਪਣੀ ਅਸਲੀ ਸਥਿਤੀ ਵਿਚ ਆਤਮ ਸਰੂਪ ਹੈ, ਪਰਮਾਤਮ ਸਰੂਪ ਹੈ। ਇਸ ਦੀ ਅਸਲੀ ਹੋਂਦ ਵਿਚ ਇਹ ਸ਼ਾਂਤ, ਸੁਖ, ਪ੍ਰੇਮ, ਜੋਤਿ ਸਰੂਪ ਹੈ ਪਰ ਜੇ ਇਸ ਦਾ ਰੁਖ ਆਪਣੇ ਅਸਲੀ ਧੁਰੇ (ਆਤਮਾ) ਵੱਲ ਪ੍ਰੇਰਿਤ ਹੈ ਤਾਂ, ਪਰ ਜੇ ਉਸ ਤੋਂ ਉਲਟ ਹੈ ਤਾਂ ਇਹ ਸੰਸਾਰ ਦੇ ਵਿਕਾਰਾਂ ਵੱਲ ਦੌੜਦਾ ਰਹਿੰਦਾ ਹੈ। ਹਮੇਸ਼ਾ ਸੰਕਲਪ ਅਤੇ ਵਿਕਲਪ ਦੇ ਜਾਲ ਵਿਚ ਘਿਰਿਆ ਦੁੱਖ ਇਕੱਠੇ ਕਰਦਾ ਰਹਿੰਦਾ ਹੈ। ਮਨ ਦੀ ਇਹ ਸਥਿਤੀ ਉਸੇ ਤਰ੍ਹਾਂ ਦੀ ਹੁੰਦੀ ਹੈ ਜਿਵੇਂ ਇਕ ਬੱਚਾ ਮੀਂਹ, ਹਨੇਰੀ ਅਤੇ ਸਰਦੀ ਵਿਚ ਘਿਰਿਆ ਬਹੁਤ ਪਰੇਸ਼ਾਨ ਵੀ ਹੋਵੇ ਅਤੇ ਆਪਣੇ ਘਰ ਦੀ ਉਲਟੀ ਦਿਸ਼ਾ ਵੱਲ ਵੀ ਭੱਜੀ ਜਾ ਰਿਹਾ ਹੋਵੇ। ਜਿਸ ਦੇ ਫਲਸਰੂਪ ਉਹ ਹੋਰ ਦੁਖੀ ਵੀ ਹੋਈ ਜਾ ਰਿਹਾ ਹੋਵੇ। ਪਰ ਜਿੰਨੀ ਦੇਰ ਤਕ ਕੋਈ ਵੱਡਾ ਜੋ ਉਸ ਦੇ ਘਰ ਦਾ ਰਾਹ ਜਾਣਦਾ ਹੋਵੇ ਉਹ ਉਸ ਨੂੰ ਉਸ ਦੀ ਬਾਂਹ ਫੜ ਕੇ ਉਸ ਦੇ ਘਰ ਨਾ ਪਹੁੰਚਾਏ ਉਨੀ ਦੇਰ ਤਕ ਉਹ ਬੱਚਾ ਪਰੇਸ਼ਾਨੀ ਵਿਚ ਹੀ ਘਿਰਿਆ ਰਹਿੰਦਾ ਹੈ। ਉਸੇ ਤਰ੍ਹਾਂ ਆਤਮਿਕ ਸੰਬੰਧ ਲਈ ਵੀ ਕੋਈ ਮਨ ਨੂੰ ਸੇਧ ਦੇਣ ਵਾਲੇ ਦੀ ਜ਼ਰੂਰਤ ਹੁੰਦੀ ਹੈ। ਮਨ ਨੂੰ ਆਪਣੀ ਅਸਲੀ ਸਥਿਤੀ ਵਿਚ ਲਿਆਉਣ ਲਈ ਸਚੇ ਗੁਰੂ ਨੂੰ ਆਪਣੀ ਬਾਂਹ ਫੜਾਉਣੀ ਪੈਂਦੀ ਹੈ। ਉਸ ਦੁਆਰਾ ਦਿੱਤੇ ਗਏ ਸਿਧਾਂਤ ਦੇ ਸਹਾਰੇ ਮਨ ਨੂੰ ਆਪਣੇ ਅਸਲੀ ਘਰ ਵਿਚ ਪਹੁੰਚਣਾ ਜ਼ਰੂਰੀ ਹੁੰਦਾ ਹੈ। ਜਿਵੇਂ ਜੰਗਲ ਦੇ ਬਿਖੜੇ ਰਾਹ ਤੇ

80. ਗੁਰੂ ਗ੍ਰੰਥ ਸਾਹਿਬ, ਪੰਨਾ, 279.
81. ਗੁਰੂ ਗ੍ਰੰਥ ਸਾਹਿਬ, ਪੰਨਾ, 33.

ਕੋਈ ਭਟਕਿਆ ਰਾਹੀ ਕਿਸੇ ਜਾਣਕਾਰ ਦੀ ਸਹਾਇਤਾ ਨਾਲ ਹੀ ਜੰਗਲ 'ਚੋਂ ਬਾਹਰ ਨਿਕਲਣ ਦਾ ਰਾਹ ਪ੍ਰਾਪਤ ਕਰ ਸਕਦਾ ਹੈ ਉਸੇ ਤਰ੍ਹਾਂ ਗੁਰੂ ਨੂੰ ਮਿਲ ਕੇ ਪ੍ਰਭੂ ਨਾਮ ਸਿਮਰਨ ਦੇ ਲਗਾਤਾਰ ਅਭਿਆਸ ਨਾਲ ਮਨ ਆਪਣੇ ਅਸਲੀ ਟਿਕਾਣੇ ਤੇ ਪਹੁੰਚ ਸਕਦਾ ਹੈ। ਇਸ ਕਰਕੇ ਗੁਰੂ ਅਰਜਨ ਦੇਵ ਜੀ ਲਿਖਦੇ ਹਨ ਕਿ

ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ॥[82]

ਕਿਉਂਕਿ ਗੁਰੂ ਦੀ ਸਿੱਖਿਆ ਨਾਲ ਮਨ ਨੂੰ ਪਰਮਾਤਮਾ ਅਤੇ ਉਸ ਦੇ ਗੁਣਾਂ ਬਾਰੇ ਵਿਸ਼ਵਾਸ ਪ੍ਰਾਪਤ ਹੁੰਦਾ ਹੈ ਅਤੇ ਉਸੇ ਵਿਸ਼ਵਾਸ ਨਾਲ ਮਨ ਨੂੰ ਸੇਧ ਮਿਲਦੀ ਹੈ। ਲਗਾਤਾਰ ਗੁਰੂ ਦੀ ਅਗਵਾਈ ਵਿਚ ਰਹਿ ਕੇ ਕੀਤੇ ਅਭਿਆਸ ਨਾਲ ਹੌਲੀ-ਹੌਲੀ ਮਨ ਟਿਕਾਉ ਦੀ ਸਥਿਤੀ ਧਾਰਨ ਕਰਦਾ ਹੈ ਅਤੇ ਉਸ ਤੋਂ ਬਾਅਦ ਆਤਮਾ ਵੱਲ ਨੂੰ ਸੇਧਿਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਇਸ ਸਥਿਤੀ ਨੂੰ ਇੰਜ ਵੀ ਬਿਆਨ ਕੀਤਾ ਗਿਆ ਹੈ:

ਜਿਉ ਮੰਦਰ ਕਉ ਥਾਮੈ ਥੰਮਨੁ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥[83]

ਮਨ ਨੂੰ ਆਮ ਤੌਰ ਤੇ ਘੋੜੇ ਦੀ ਚੰਚਲਤਾ ਨਾਲ ਵੀ ਤੁਲਨਾ ਦਿੱਤੀ ਜਾਂਦੀ ਹੈ। ਉਸੇ ਤਰ੍ਹਾਂ ਮਨ ਨੂੰ ਟਿਕਾਉਣ ਅਤੇ ਉਸ ਨੂੰ ਕਿਸੇ ਖਾਸ ਦਿਸ਼ਾ ਦੀ ਸੇਧ ਵਿਚ ਚਲਾਉਣ ਲਈ ਵੀ ਘੋੜੇ ਵਾਂਗ ਹੀ ਸਿੱਖਿਅਤ ਕਰਨਾ ਪੈਂਦਾ ਹੈ। ਜਿਵੇਂ ਸ਼ੁਰੂ-ਸ਼ੁਰੂ ਵਿਚ ਘੋੜਾ ਬਹੁਤ ਚੰਚਲਤਾ ਦਿਖਾਉਂਦਾ ਹੈ ਖਾਸ ਕਰਕੇ ਉਦੋਂ ਜਦੋਂ ਕੋਈ ਸਵਾਰ ਉਸ ਤੇ ਚੜਨ ਦੀ ਕੋਸ਼ਿਸ਼ ਕਰਦਾ ਹੈ, ਪਰ ਜਦੋਂ ਹਠੀ ਸਵਾਰ ਹਠ ਅਤੇ ਵਿਸ਼ਵਾਸ ਨਾਲ ਬਾਰ-ਬਾਰ ਉਸ ਤੇ ਸਵਾਰ ਹੋ ਕੇ ਉਸ ਦੀਆਂ ਲਗਾਮਾਂ ਨੂੰ ਕੱਸ ਕੇ ਆਪਣੇ ਹੱਥਾਂ ਵਿਚ ਸੋਝੀ ਨਾਲ ਸੰਭਾਲਦਾ ਹੈ ਤਾਂ ਚੰਚਲ ਤੋਂ ਚੰਚਲ ਘੋੜਾ ਵੀ ਕੀਲਿਆ ਜਾਂਦਾ ਹੈ। ਉਸੇ ਤਰ੍ਹਾਂ ਮਨ ਵੀ ਪਹਿਲਾਂ-ਪਹਿਲਾਂ ਬੜੀ ਚੰਚਲਤਾ ਦਿਖਾਉਂਦਾ ਹੈ। ਉਹ ਹੁੰਦੀ ਹੈ ਉਸ ਦੇ ਵਿਚਾਰਾਂ ਦੀ ਚੰਚਲਤਾ, ਪਰ ਜਦੋਂ ਇਕ ਸਾਧਕ ਗੁਰੂ ਦੀ ਸਿੱਖਿਆ ਦੇ ਸਹਾਰੇ ਮਨ ਦੇ ਵਿਚਾਰਾਂ ਨੂੰ ਆਪਣੇ ਕਾਬੂ ਵਿਚ ਕਰ ਲੈਂਦਾ ਹੈ ਤਾਂ ਮਨ ਕੋਲ ਠਹਿਰਨ ਤੋਂ ਸਿਵਾ ਹੋਰ ਕੋਈ ਸਾਧਨ ਬਾਕੀ ਨਹੀਂ ਰਹਿੰਦਾ। ਜਿਵੇਂ ਘੋੜੇ ਨੂੰ ਇਕ ਖਾਸ ਦਿਸ਼ਾ ਵਿਚ ਸੇਧਣ ਤੋਂ ਪਹਿਲਾਂ ਉਸ ਨੂੰ ਠਹਿਰਾਣਾ ਪੈਂਦਾ ਹੈ। ਮਨ ਦੇ ਠਹਿਰਨ ਦੀ ਸਥਿਤੀ ਨੂੰ ਮਨ ਦੀ ਚੇਤਨ ਸਥਿਤੀ ਵੀ ਕਿਹਾ ਜਾ ਸਕਦਾ ਹੈ।

ਕਿਉਂਕਿ ਮਨ ਖਿਆਲ ਹੀ ਹੈ। ਇਹ ਸੰਕਲਪ ਅਤੇ ਵਿਕਲਪ ਵਿਚ ਖਿਲਰਿਆ ਦੌੜਦਾ ਰਹਿੰਦਾ ਹੈ। ਘੋੜੇ ਦੀ ਚੰਚਲਤਾ ਵਾਂਗ ਮਨ ਅਗਲੇ ਜਾਂ ਪਿਛਲੇ ਸਮੇਂ ਵਿਚ ਦੌੜਦਾ ਰਹਿੰਦਾ ਹੈ। ਮਨ ਨੂੰ ਸਥਿਰ ਕਰਨ ਲਈ ਉਸਨੂੰ 'ਹੁਣ' ਵਿਚ ਠਹਿਰਾਉਣਾ ਪੈਂਦਾ ਹੈ। ਚਿਤ ਨੂੰ ਚੇਤਨ ਨਾਲ ਜੋੜਨਾ ਪੈਂਦਾ ਹੈ।

---

82. ਗੁਰੂ ਗ੍ਰੰਥ ਸਾਹਿਬ, ਪੰਨਾ, 282.
83. *ਉਹੀ*, ਪੰਨਾ, 282.

"ਜਦੋਂ ਉਸ ਨੇ ਚਿੱਤ ਨੂੰ ਚੇਤਨ ਦੇ ਨਾਲ ਜੋੜਿਆ ਤਾਂ ਇਹਦਾ ਆਪਾ ਪ੍ਰਾਪਤ ਹੋ ਗਿਆ, ਅਨੁਭਵ। ਆਪਾ ਪ੍ਰਾਪਤ ਹੋ ਗਿਆ ਤਾਂ ਮੈਨੂੰ ਉਹ ਬ੍ਰਹਮ, ਬਿਰਤੀ ਦੇ ਵਿਚ ਅੰਦਰ ਹੀ ਬਿਤਾਇਆ ਤੇ ਮੇਰਾ ਉਧਾਰ ਹੋ ਗਿਆ।"[84]

ਐਸੀ ਸਥਿਤੀ ਵਿੱਚ ਮਨ ਨੂੰ ਗੁਰੂ ਦੇ ਸ਼ਬਦ ਦਾ ਲਗਾਮ ਪਾਉਂਣਾ ਪੈਂਦਾ ਹੈ ਜਿਥੇ ਉਹ ਸਿਰਫ਼ ਮੌਜੂਦਾ ਸਮੇਂ ਵਿਚ ਹੀ ਜੀਵੇ, ਨਾਂ ਅਗਲੇ ਸਮੇਂ ਵਿਚ, ਨਾ ਪਿਛਲੇ ਸਮੇਂ ਵਿਚ ਪਰ ਵਿਚਾਰਾਂ ਵਿਚ ਅਤੇ ਪ੍ਰਤੀਵਿਚਾਰਾਂ ਵਿਚ ਇਕ ਐਸੀ ਸ਼ਕਤੀ ਹੁੰਦੀ ਹੈ ਕਿ ਉਹ ਬੇਹੱਦ ਤੇਜ਼ੀ ਨਾਲ ਅੱਗੇ ਦੀ ਅੱਗੇ ਵਧੀ ਜਾਂਦੇ ਹਨ। ਜਿੰਨ੍ਹੀ ਦੇਰ ਤਕ ਇਨ੍ਹਾਂ ਵਿਚਾਰਾਂ ਪ੍ਰਤੀਵਿਚਾਰਾਂ ਨੂੰ ਰੋਕਿਆ ਨਾ ਜਾਵੇ ਉਹ ਵੱਧੀ ਹੀ ਜਾਂਦੇ ਹਨ। ਮਨੁੱਖੀ ਗਿਆਨ ਕੋਲ ਅੱਜ ਤਕ ਅਜਿਹੀ ਕੋਈ ਖੋਜ ਵਿਧੀ ਮੌਜੂਦ ਨਹੀਂ ਹੋਈ ਜਿਸ ਕਰਕੇ ਚੇਤਨ ਮਨ ਦੀਆਂ ਉਡਾਰੀਆਂ ਨੂੰ ਰੋਕ ਕੇ ਰੱਖਿਆ ਜਾ ਸਕੇ। ਮਨੁੱਖ ਲਈ ਆਤਮ-ਸਿੱਧੀ ਪ੍ਰਾਪਤ ਕਰਨ ਲਈ ਕੇਵਲ ਇਕੋ ਹੀ ਸਾਧਨ ਹੈ ਅਤੇ ਉਹ ਹੈ ਮਨ। ਲੇਕਿਨ ਕਮਾਲ ਇਹ ਹੈ ਕਿ ਅਗਰ ਉਸ ਦੇ ਰਾਹ ਦੀ ਕੋਈ ਰੁਕਾਵਟ ਹੈ ਤਾਂ ਉਹ ਵੀ ਮਨ ਆਪ ਹੀ ਹੈ. ਉਹ ਵੀ ਉਸ ਦੇ ਆਪਣੇ ਸੁਭਾਅ ਕਰਕੇ।

ਜਿਵੇਂ ਘੋੜੇ ਨੂੰ ਕਾਠੀ ਪਾ ਕੇ, ਉਸ ਦੀਆਂ ਲਗਾਮਾਂ ਕਿਸੇ ਸੋਝੀ ਵਾਲੇ ਸਵਾਰ ਦੇ ਹੱਥ ਵਿਚ ਆਉਣ ਕਰਕੇ ਘੋੜਾ ਠਹਿਰ ਜਾਂਦਾ ਹੈ ਉਸੇ ਤਰ੍ਹਾਂ ਆਤਮਿਕ ਸੋਝੀ ਵਾਲੇ ਸਾਧੂ, ਸੰਤ, ਫਕੀਰ, ਦਰਵੇਸ਼, ਗੁਰੂ ਦੇ ਹਵਾਲੇ ਕਰਨ ਨਾਲ ਮਨ ਠਹਿਰਾਵ ਵਿਚ ਆ ਜਾਂਦਾ ਹੈ, ਪਰ ਇਸ ਲਈ ਮਨ ਨੂੰ ਗੁਰੂ ਦੀ ਸਿੱਖਿਆ ਨੂੰ ਸੁਣਨ, ਮੰਨਣ ਅਤੇ ਉਸ ਤੇ ਦ੍ਰਿੜ ਵਿਸ਼ਵਾਸ ਰੱਖਣ ਦੀ ਜ਼ਰੂਰਤ ਹੁੰਦੀ ਹੈ। ਜਿਵੇਂ ਘੋੜੇ ਤੇ ਚੜਨ ਵਾਲਾ ਘੋੜੇ ਦੀ ਦਿਸ਼ਾ ਨਿਰਧਾਰਤ ਕਰਦਾ ਹੈ ਉਸੇ ਤਰ੍ਹਾਂ ਗੁਰੂ ਆਪਣੀ ਸਿੱਖਿਆ ਨਾਲ ਮਨ ਦੀ ਦਿਸ਼ਾ ਨਿਰਧਾਰਤ ਕਰਦਾ ਹੈ। ਜਿਵੇਂ ਘੋੜੇ ਤੇ ਚੜ੍ਹ ਕੇ ਸਵਾਰ ਦੇ ਸਾਹਮਣੇ ਮੰਜ਼ਿਲ ਦੀ ਸੂਝ ਹੁੰਦੀ ਹੈ ਉਸੇ ਤਰ੍ਹਾਂ ਗੁਰੂ ਦਾ ਸ਼ਬਦ ਮਨ ਨੂੰ ਮੰਜ਼ਿਲ ਵੱਲ ਪ੍ਰੇਰਿਤ ਕਰਦਾ ਹੈ। ਸੰਤ ਈਸ਼ਰ ਸਿੰਘ ਜੀ ਰਾੜੇਵਾਲੇ ਕਹਿੰਦੇ ਹਨ ਕਿ "ਮਨ ਰੂਪੀ ਘੋੜੇ ਕੋ ਵਿਚਾਰ ਦੀ ਲਗਾਮ ਦੇਵੇ ਔਰ ਇਕਾਗਰਤਾ ਦੀ ਜ਼ੀਨ (ਕਾਠੀ) ਡਾਲੇ। ਇੰਦ੍ਰੇ ਦਮਨ ਕੇ ਤੰਗ ਸੇ ਉਸ ਕੋ ਕਸੇ। ਅਭਿਆਸ ਰੂਪੀ ਚਾਬਕ ਉਸ ਘੋੜੇ ਕੀ ਵਿਖਸ਼ੇਪਤਾ ਰੂਪੀ ਪਿਠ ਪਰ ਮਾਰ ਕਰ, ਪਰਮਾਰਥ ਰੂਪੀ ਮਾਰਗ ਪਰ ਸ਼ਰਧਾ ਕੀ ਚਾਲ, ਚਲਾਵੇ ਔਰ ਸਰਵਨ ਔਰ ਮਨਨ ਕੀ ਭੂਮਿਕਾ ਸੇ ਚਲ ਕਰ ਨਿਧਿਆਸਨ ਕੇ ਮੰਦਰ 'ਚ ਇਸਥਿਤ ਰਹੇ ਔਰ ਆਹਿਸਤਾ ਆਹਿਸਤਾ ਅਭਿਆਸ ਕਰਤੇ ਕਰਤੇ ਆਤਮ ਸਾਖਿਆਤ ਕਰੇ"[85] ਗੁਰੂ ਸਾਹਿਬ ਕਹਿੰਦੇ ਹਨ ਕਿ

ਸੋਧਤ ਸੋਧਤ ਸੋਧਤ ਸੀਝਿਆ॥
ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥[86]

---

84. ਸੰਤ ਨਿੱਕਾ ਸਿੰਘ ਜੀ, *ਉਹੀ*, ਪੰਨਾ, 25.
85. ਸੰਤ ਈਸ਼ਰ ਸਿੰਘ ਜੀ, *ਈਸ਼ੁਰ ਅਮੋਲਕ ਲਾਲ*, ਪੰਨਾ, 74.
86. ਗੁਰੂ ਗ੍ਰੰਥ ਸਾਹਿਬ, ਪੰਨਾ, 282.

ਮਨ ਜਦੋਂ ਆਪਣੀ ਮਰਜ਼ੀ ਨਾਲ ਦੌੜਦਾ ਹੈ ਤਾਂ ਉਹ ਇੰਨਾ ਆਪ ਹੁਦਰਾ ਹੁੰਦਾ ਹੈ ਕਿ ਕਦੇ ਵੀ ਟਿਕਾਉ ਦੀ ਸਥਿਤੀ ਵਿਚ ਨਹੀਂ ਰਹਿੰਦਾ। ਸੰਸਾਰ ਦੇ ਪਦਾਰਥ ਉਸ ਨੂੰ ਆਪਣੇ ਵੱਲ ਇਸ ਤਰ੍ਹਾਂ ਖਿਚਦੇ ਹਨ ਕਿ ਉਹ ਪੂਰੀ ਤਰ੍ਹਾਂ ਉਨ੍ਹਾਂ ਦਾ ਗੁਲਾਮ ਬਣ ਜਾਂਦਾ ਹੈ। ਇਧਰ ਮਨ ਸੰਸਾਰੀ ਪਦਾਰਥਾਂ ਵੱਲ ਆਕਰਸ਼ਿਤ ਹੋਇਆ ਉਧਰ ਉਸ ਦੀ ਸੰਸਾਰੀ ਪਦਾਰਥਾਂ ਦੀ ਗੁਲਾਮੀ ਵਧੀ ਹੀ ਜਾਂਦੀ ਹੈ। ਸੰਸਾਰ ਦੇ ਸੁਖ ਦੀ ਇਛਾ ਹੋਰ ਹੋਰ ਵਧੀ ਜਾਂਦੀ ਹੈ। ਧਨ ਦੌਲਤ ਦੀ ਲਾਲਸਾ ਹੋਰ-ਹੋਰ ਵਧੀ ਜਾਂਦੀ ਹੈ। ਸੰਸਾਰੀ ਇਛਾਵਾਂ ਦੇ ਮਗਰ ਦੌੜਦੇ ਹੋਏ ਮਨ ਦੀ ਵਧਦੀ ਹੋਈ ਖੋਜ ਨੂੰ ਜੇ ਰੋਕਿਆ ਨਾ ਜਾਵੇ ਤਾਂ ਬੇਲਗਾਮ ਹੋਇਆ ਮਨ ਸਦੀਵੀ ਚਿੰਤਾ ਅਤੇ ਮੁਸੀਬਤਾਂ ਦਾ ਘਰ ਬਣ ਕੇ ਰਹਿ ਜਾਂਦਾ ਹੈ। ਅਸਲ ਵਿਚ ਮਨ ਦੀ ਸਥਿਤੀ ਨਾਲ ਹੀ ਮਨੁੱਖ ਨੂੰ ਦੁੱਖ ਅਤੇ ਸੁਖ ਦਾ ਅਹਿਸਾਸ ਹੁੰਦਾ ਹੈ। ਇਸ ਕਰਕੇ ਮਨ ਦੇ ਸੋਧਣ ਨਾਲ ਹੀ ਸੁਖ-ਦੁੱਖ ਦੇ ਅਹਿਸਾਸ ਤੋਂ ਮੁਕਤ ਅਵਸਥਾ ਪ੍ਰਾਪਤ ਹੋ ਸਕਦੀ ਹੈ। ਮਨ ਆਪਣੇ ਮੁਢਲੇ ਅਤੇ ਅਸਲੀ ਸਰੂਪ ਵਿਚ ਆਉਂਦਾ ਹੀ ਉਦੋਂ ਹੈ ਜਦੋਂ ਉਹ ਦੁੱਖ-ਸੁਖ ਦੇ ਅਹਿਸਾਸ ਤੋਂ ਮੁਕਤ ਹੋ ਕੇ ਨਿਰਵਿਚਾਰ ਦੀ ਸਥਿਤੀ ਵਿਚ ਆਉਂਦਾ ਹੈ। ਇਹੀ ਅਸਲ ਵਿਚ ਆਤਮ-ਸਿੱਧੀ ਕਹੀ ਜਾ ਸਕਦੀ ਹੈ ਅਤੇ ਇਹ ਉਦੋਂ ਵਾਪਰਦਾ ਹੈ ਜਦੋਂ ਮਨ ਅੰਤਰਮੁਖੀ ਹੋ ਕੇ ਆਪਣੇ ਅਸਲੀ ਸੁਭਾਅ ਵਿਚ ਸਥਿਤ ਹੁੰਦਾ ਹੈ। ਮਨ ਦੀ ਇਹ ਸਥਿਤੀ ਉਦੋਂ ਪ੍ਰਾਪਤ ਹੁੰਦੀ ਹੈ ਜਦੋਂ ਮਨ ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰਦਾ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ:

ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ॥
ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ॥[87]

ਕੇਵਲ ਗੁਰੂ ਦੀ ਸਿੱਖਿਆ ਨਾਲ ਹੀ ਮਨ ਨੂੰ ਸਥਿਰ ਕੀਤਾ ਜਾ ਸਕਦਾ ਹੈ। ਭੱਜਣਾ ਮਨ ਦਾ ਸੁਭਾਅ ਹੈ, ਪਰ ਇਸ ਨੂੰ ਠਹਿਰਾਉਣ ਦੀ ਹੋਰ ਵਿਧੀ ਮੌਜੂਦ ਨਹੀਂ ਹੈ। ਇਸ ਕਰਕੇ ਮਨ ਦੀ ਸਥਿਤੀ ਬਾਰੇ ਸੰਤ ਈਸ਼ਰ ਸਿੰਘ ਜੀ ਇਸ ਤਰ੍ਹਾਂ ਬਿਆਨ ਕਰਦੇ ਹਨ:

ਸੰਤ ਈਸ਼ਰ ਸਿੰਘ ਜੀ ਰਾੜੇ ਵਾਲੇ ਲਿਖਦੇ ਹਨ ਕਿ

ਮਾਨੁਖ ਸਰੀਰ ਵਿਚ ਤਿੰਨ ਚੀਜ਼ੇ ਪਾਈ ਜਾਤੀ ਹੈਂ- (1) ਜਿਸਮ, (2) ਮਨ, (3) ਆਤਮਾ। ਮੁਕਤ ਕੇ ਲੀਏ ਯਾਦਨ ਤਮਾਮ ਦੁਖੋਂ ਕੀ ਨਿਵਿਰਤੀ ਕੇ ਵਾਸਤੇ ਔਰ ਪਰਮਾਨੰਦ ਕੀ ਪਰਾਪਤੀ ਵਾਸਤੇ ਤੋਂ ਅਪਨੇ ਮਨ ਕੋ ਅਭਿਆਸ ਕੇ ਬਲ ਸੇ ਸਰੀਰ ਸੇ ਊਪਰ ਉਠਾ ਕਰ ਆਤਮਾ ਮੇਂ ਜੋੜਨਾ ਹੋਗਾ। ਮਨ ਹੀ ਤਮਾਮ ਦੁਖੋਂ ਔਰ ਸੁਖੋਂ ਕਾ ਅਨੁਭਵ ਕਰਤਾ ਆਲਾ ਇਸ ਜਿਸਮ ਮੇਂ ਹੈ ਔਰ ਅਗਿਆਨ ਅਵਸਥਾ ਮੇਂ ਯੇਹ ਮਨ ਦੁਖੋਂ ਰੋਗੋਂ ਤਕਲੀਫੋਂ ਕੇ ਘਰ ਜਿਸਮ ਮੇਂ ਮਿਲਾ ਹੂਆ ਹੋਤਾ ਹੈ। ਔਰ ਅਨੰਦ ਦੇ ਸਮੁੰਦਰ ਆਤਮਾ ਸੇ ਬਿਲਕੁਲ ਬੇ-ਖਬਰ ਹੂਆ ਕਰਤਾ ਹੈ। ਜਿਸ ਵਕਤ ਗਿਆਨ ਸੇ ਯੇਹ ਪਤਾ ਚਲਤਾ ਹੈ ਕਿ ਆਤਮਾ ਸਤਿ-ਚਿੱਤ-ਅਨੰਦ ਔਰ ਪਰੀਪੂਰਨ ਹੈ ਔਰ ਜਿਸਮ ਅਸਤਿਜੜ੍ਹ-ਦੁੱਖ ਰੂਪ ਔਰ ਪਰਛਿੰਨ ਹੋਤਾ ਹੈ ਔਰ ਦੁਖ ਸੁਖ ਮਾਨਨਾ ਮਨ ਕਾ ਸੁਭਾਓ ਹੈ। ਸ਼ਬਦ ਕੇ ਅਭਿਆਸ ਸੇ ਮਨ ਕੋ ਆਤਮਾ

---

87. ਗੁਰੂ ਗ੍ਰੰਥ ਸਾਹਿਬ, ਪੰਨਾ, 1410-11.

ਸੇਂ ਜੋੜਨਾ ਹੀ ਸੁਖ ਕਾ ਸਾਧਨ ਹੈ। ਕਾਫ਼ੀ ਦੇਰ ਕੇ ਅਭਿਆਸ ਸੇ ਐਸੀ ਅਵਸਥਾ ਪ੍ਰਾਪਤ ਹੋ ਜਾਇਆ ਕਰਤੀ ਹੈ।[88]

ਕਿਉਂਕਿ ਗੁਰੂ ਦੇ ਸ਼ਬਦ ਦੇ ਸਹਾਰੇ ਮਨ ਸੰਸਾਰ ਦਿਆਂ ਪਦਾਰਥਾਂ ਤੋਂ ਪਲਟ ਕੇ ਪ੍ਰਭੂ ਪ੍ਰੇਮ ਵੱਲ ਪ੍ਰੇਰਿਤ ਹੁੰਦਾ ਹੈ। ਪ੍ਰਭੂ ਦੇ ਗੁਣਾਂ ਦੀ ਵਿਸ਼ਾਲਤਾ, ਉਨ੍ਹਾਂ ਦਾ ਸਥਾਈਪਨ ਅਤੇ ਉਸ ਦੇ ਪ੍ਰੇਮ ਵਿਚ ਵਿਸ਼ਵਾਸ ਦੀ ਦ੍ਰਿੜਤਾ ਲਗਾਤਾਰ ਗੁਰੂ ਦੀ ਸਿੱਖਿਆ ਨਾਲ ਹੀ ਪਰਪੱਕ ਹੁੰਦੀ ਹੈ। ਗੁਰਬਾਣੀ ਪੜਨ, ਸੁਣਨ ਅਤੇ ਲਗਾਤਾਰ ਉਸ ਦੇ ਚੇਤਨ ਅਭਿਆਸ ਨਾਲ ਅਧਿਆਤਮਿਕ ਵਿਚਾਰ ਦੀ ਦ੍ਰਿੜਤਾ ਬਣੀ ਰਹਿੰਦੀ ਹੈ। ਸਾਧ-ਸੰਗਤ ਨਾਮ ਵਿਚ ਦ੍ਰਿੜਤਾ ਨੂੰ ਹੋਰ ਪਕੇਰਾ ਕਰੀ ਜਾਂਦੀ ਹੈ। ਸਾਧਕ ਦੇ ਵਿਸ਼ਵਾਸ ਦੇ ਰਾਹ ਵਿਚ ਆਉਣ ਵਾਲੀ ਹਰ ਰੁਕਾਵਟ ਸਾਧੂ ਦੀ ਸੰਗਤ ਵਿਚ ਦੂਰ ਹੋ ਜਾਇਆ ਕਰਦੀ ਹੈ। ਇਹੀ ਸਾਧਕ ਹੈ ਕਿ ਮਨ ਹੌਲੀ-ਹੌਲੀ ਆਪਣੇ ਆਪ ਨੂੰ ਜਾਨਣ ਦਾ ਅਭਿਆਸ ਕਰਨ ਦੇ ਯੋਗ ਹੁੰਦਾ ਹੈ। ਮਨ ਨੂੰ ਪਰਬੋਧਣ ਦਾ ਪਰਯੋਜਨ ਇਹੀ ਹੁੰਦਾ ਹੈ ਕਿ ਉਹ ਆਪਣੀ ਅਸਲੀ ਅਤੇ ਮੁੱਢਲੀ ਸਥਿਤੀ ਵਿਚ ਆ ਸਕੇ ਅਤੇ ਉਹ ਉਨੀ ਦੇਰ ਤਕ ਨਹੀਂ ਆਉਂਦਾ ਜਿੰਨੀ ਦੇਰ ਤਕ ਉਹ ਆਪਣੀ ਨਿਜ ਦੀ ਦੌੜ ਤਿਆਗ ਨਾ ਦੇਵੇ। ਮਨ ਨੂੰ ਸਭ ਤੋਂ ਪਹਿਲਾਂ ਗੁਰੂ ਦੀ ਸਿੱਖਿਆ ਮੰਨਣ ਦੀ ਸਥਿਤੀ ਵਿਚ ਦ੍ਰਿੜ ਕਰਨਾ ਪੈਂਦਾ ਹੈ ਤਾਂ ਹੀ ਉਹ ਗੁਰੂ ਦੇ ਕਹੇ ਅਨੁਸਾਰ ਸ਼ਬਦ (ਨਾਮ) ਦਾ ਅਭਿਆਸ ਕਰਨ ਦੇ ਯੋਗ ਹੋ ਸਕਦਾ ਹੈ। ਸਾਧਕ ਜਦੋਂ ਨਾਮ ਨਾਲ ਜੁੜ ਜਾਂਦਾ ਹੈ ਤਾਂ ਉਹ ਨਾਮ ਦਾ ਰੂਪ ਹੀ ਹੋ ਜਾਦਾ ਹੈ ਕਿਉਂਕਿ ਸਿੱਖ ਧਰਮ ਵਿਚ ਮੰਨਿਆ ਗਿਆ ਹੈ ਕਿ ਨਾਮ ਅਤੇ ਨਾਮੀ ਵਿਚ ਕੋਈ ਭੇਦ ਨਹੀਂ ਹੁੰਦਾ। ਇਸ ਕਰਕੇ ਸੰਸਾਰ ਵਲੋਂ ਜਾਂ ਨਿਜ ਦੀ ਹੰਗਤਾ ਵਲੋਂ ਜਾਂ ਸਰੀਰ ਅਤੇ ਸਰੀਰ ਨਾਲ ਜੁੜੇ ਮਾਹੌਲ ਦੇ ਵਿਕਾਰਾਂ ਵਲੋਂ ਉਲਟ ਕੇ ਜਦੋਂ ਮਨ ਸ਼ਬਦ ਵੱਲ ਮੁੜਦਾ ਹੈ ਤਾਂ ਉਹੀ ਉਸ ਦੀ ਅਸਲੀ ਅਤੇ ਮੁੱਢਲੀ ਅਵਸਥਾ ਹੁੰਦੀ ਹੈ ਇਸੇ ਕਰਕੇ ਕਿਹਾ ਗਿਆ ਹੈ ਕਿ

> ਮਨੁ ਪਰਬੋਧਹੁ ਹਰਿ ਕੈ ਨਾਇ॥
> ਦਹ ਦਿਸਿ ਧਾਵਤ ਆਵੈ ਠਾਇ॥[89]

ਮਨ ਦੀ ਇਸ ਸਥਿਤੀ ਨੂੰ ਇਸ ਤਰ੍ਹਾਂ ਵੀ ਕਿਹਾ ਜਾਂਦਾ ਹੈ ਕਿ ਜਦੋਂ ਮਨ ਆਪਣੇ ਨਿਜਤਵ ਵਲੋਂ ਮਰ ਜਾਵੇ ਅਤੇ ਸ਼ਬਦ ਵਿਚ ਜੀਅ ਪਵੇ ਤਾਂ ਇਸ ਦਾ ਅਰਥ ਬਣਦਾ ਹੈ ਕਿ ਮਨ ਆਪਣੀ ਆਜ਼ਾਦ ਖਿਆਲਾਂ ਦੀ ਦੌੜ ਤਿਆਗ ਦੇਵੇ। ਇਹੀ ਉਸ ਦੀ ਆਤਮਿਕ ਜਾਂ ਅਸਲੀ ਸਥਿਤੀ ਹੁੰਦੀ ਹੈ। ਬਾਣੀ ਵਿਚ ਦਰਜ਼ ਹੈ:

> ਅਬ ਮਨੁ ਉਲਟਿ ਸਨਾਤਨੁ ਹੂਆ॥
> ਤਬ ਜਾਨਿਆ ਜਬ ਜੀਵਤ ਮੂਆ॥[90]

ਮਨ ਕਿਵੇਂ ਮਰਦਾ ਹੈ? ਇਸ ਦਾ ਇਹੀ ਜੁਆਬ ਹੋ ਸਕਦਾ ਹੈ ਕਿ ਕਿਉਂਕਿ ਮਨ ਤਾਂ

88. ਸੰਤ ਈਸ਼ਰ ਸਿੰਘ ਜੀ, *ਉਹੀ*, ਪੰਨਾ, 178-79.
89. ਗੁਰੂ ਗ੍ਰੰਥ ਸਾਹਿਬ, ਪੰਨਾ, 288.
90. ਗੁਰੂ ਗ੍ਰੰਥ ਸਾਹਿਬ, ਪੰਨਾ, 327.

ਖਿਆਲ ਹੈ ਅਤੇ ਖਿਆਲ ਦਾ ਆਪਣਾ ਆਜ਼ਾਦ ਵਜੂਦ ਨਹੀਂ ਹੁੰਦਾ ਉਹ ਸਿਰਫ ਕਿਸੇ ਨਾਲ ਜੁੜ ਕੇ ਆਪਣੀ ਪਛਾਣ ਬਣਾਉਂਦਾ ਹੈ। ਇਸ ਕਰਕੇ ਉਸ ਨੂੰ ਬਾਹਰੀ ਸੰਸਾਰ ਨਾਲੋਂ ਤੋੜ ਕੇ ਅੰਦਰਲੇ ਸੰਸਾਰ ਨਾਲ ਜੋੜਨ ਨਾਲ ਉਸ ਨੂੰ ਸਹੀ ਦਿਸ਼ਾ ਵਿਚ ਸੇਧ ਮਿਲ ਸਕਦੀ ਹੈ। ਇਸੇ ਕਰਕੇ ਉਸ ਨੂੰ ਪਹਿਲਾਂ ਚੁੱਪ ਕਰਾਉਣਾ ਪੈਂਦਾ ਹੈ। ਹੁਣ ਮਸਲਾ ਇਹ ਹੋ ਜਾਂਦਾ ਹੈ ਕਿ ਮਨ ਨੂੰ ਚੁੱਪ ਕਿਵੇਂ ਕਰਾਇਆ ਜਾਵੇ? ਇਸ ਦੇ ਜੁਆਬ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਜਦੋਂ ਮਨ ਸੁਣਨ ਲੱਗਦਾ ਹੈ ਤਾਂ ਇਹ ਆਪਣੇ ਆਪ ਚੁੱਪ ਹੋ ਜਾਂਦਾ ਹੈ। ਇਸ ਬਾਰੇ ਗੁਰੂ ਸਾਹਿਬ ਨਿਰਣਾ ਦੇ ਰਹੇ ਹਨ ਕਿ ਜਦੋਂ ਮਨ ਸ਼ਬਦ ਵਿਚ ਆਪਣੇ ਆਪ ਨੂੰ ਮਾਰ ਲੈਂਦਾ ਹੈ ਤਾਂ ਉਹੀ ਉਸ ਦੀ ਅੰਤਿਮ ਸਿੱਧ ਅਵਸਥਾ ਹੋ ਜਾਂਦੀ ਹੈ। ਇਸ ਬਾਰੇ ਗੁਰੂ ਨਾਨਕ ਜੀ ਕਹਿ ਰਹੇ ਹਨ:

ਸਹਜ ਭਾਇ ਮਿਲੀਐ ਸੁਖੁ ਹੋਵੈ॥ ਗੁਰਮੁਖਿ ਜਾਗੈ ਨੀਦ ਨ ਸੋਵੈ॥
ਸੁੰਨ ਸਬਦ ਅਪਰੰਪਰਿ ਧਾਰੈ॥ ਕਹਤੇ ਮੁਕਤੁ ਸਬਦਿ ਨਿਸਤਾਰੈ॥
ਗੁਰ ਕੀ ਦੀਖਿਆ ਸੇ ਸਚਿ ਰਾਤੇ॥ ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ॥[91]

ਅਤੇ

ਸਬਦਿ ਮਰੈ ਫਿਰਿ ਮਰਣੁ ਨ ਹੋਇ॥ ਬਿਨੁ ਮੂਏ ਕਿਉ ਪੂਰਾ ਹੋਇ॥
ਪਰਪੰਚ ਵਿਆਪਿ ਰਹਿਆ ਮਨ ਦੋਇ॥ ਥਿਰੁ ਨਾਰਾਇਣੁ ਕਰੇ ਸੁ ਹੋਇ॥[92]

ਸੰਸਾਰ ਦਿਆਂ ਵਿਕਾਰਾਂ ਵਿਚ ਫਸਿਆ ਮਨੁੱਖ ਕੇਵਲ ਵਾਹਿਗੁਰੂ ਨਾਮ ਦੇ ਸਹਾਰੇ ਨਾਲ ਹੀ ਨਿਕਲ ਸਕਦਾ ਹੈ। ਅਨੰਦ ਬਾਣੀ ਵਿਚ ਗੁਰੂ ਅਮਰਦਾਸ ਜੀ ਲਿਖਦੇ ਹਨ ਕਿ ਮਨ ਕਿਉਂਕਿ ਆਪਣੀ ਅਸਲੀਅਤ ਵਿਚ ਆਤਮਾ ਦਾ ਹੀ ਹਿੱਸਾ ਹੈ ਅਤੇ ਆਤਮਾ ਕਿਉਂਕਿ ਪਰਮਾਤਮਾ ਦਾ ਹੀ ਛੋਟਾ ਆਕਾਰ ਹੈ ਇਸ ਕਰਕੇ ਇਹ ਆਪਣੀ ਅਸਲੀ ਸਥਿਤੀ ਵਿਚ ਪਰਮਾਤਮਾ ਵਿਚ ਹੀ ਲਿਵਲੀਨ ਸੀ, ਪਰ ਜਦੋਂ ਪ੍ਰਭੂ ਦੀ ਮਾਇਆ ਕਰਕੇ ਇਹ ਸੰਸਾਰ ਦਿਆਂ ਪਦਾਰਥਾਂ ਵੱਲ ਭੱਜਣ ਲੱਗਿਆ ਤਾਂ ਇਹ ਆਪਣੀ ਅਸਲੀ ਸਥਿਤੀ ਤੋਂ ਉਲਟ ਗਿਆ।

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥[93]

ਉਸੇ ਮਨ ਨੂੰ ਮੁੜ ਵਾਪਸ ਉਲਟ ਕੇ ਉਸ ਦੀ ਅਸਲੀ ਸਥਿਤੀ ਵਿਚ ਆਉਣ ਨੂੰ ਹੀ ਉਪਰੋਕਤ ਤੁਕ ਵਿਚ ਦਰਸਾਇਆ ਗਿਆ ਜਾਪਦਾ ਹੈ। ਇਸ ਬਾਰੇ ਸੰਤ ਈਸ਼ਰ ਸਿੰਘ ਜੀ ਕਹਿੰਦੇ ਹਨ ਕਿ

ਸੰਸਾਰ ਏਕ ਸਮੁੰਦਰ ਹੈ ਜਿਸਮੇਂ ਦੁੱਖ ਰੂਪ ਪਾਨੀ ਹੈ ਔਰ ਆਸਾ, ਤ੍ਰਿਸ਼ਨਾ ਕੀ ਲਹਿਰੇਂ ਉਠ ਰਹੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਬੜੇ ਬੜੇ ਮਗਰਮੱਛ ਹੈਂ। ਆਧਿ,

91. ਗੁਰੂ ਗ੍ਰੰਥ ਸਾਹਿਬ, ਪੰਨਾ, 944.
92. *ਉਹੀ*, ਪੰਨਾ, 153.
93. *ਉਹੀ*, ਪੰਨਾ, 921.

ਬਿਆਧਿ, ਉਪਾਧਿ ਬੜੇ ਬੜੇ ਤੰਦੂਏ ਹੈਂ। ਸ਼ਬਦ, ਸਪਰਸ਼, ਰੂਪ, ਰਸ, ਗੰਧ ਇਸ ਸਮੁੰਦਰ ਮੇਂ ਭੰਵਰ ਹੈਂ ਔਰ ਅਵਿੱਦਿਆ, ਅਸਮਤਾ, ਰਾਗ ਦ੍ਵੈਸ, ਅਭਿਨਵੇਸ਼ ਸਮੁੰਦਰ ਮੇਂ ਦੁਖਦਾਈ ਸਾਂਪ ਹੈਂ ਜੋ ਕਿ ਇਸ ਜੀਵ ਕੋ ਬਗੈਰ ਜਹਾਜ਼ ਕੇ ਦੁਖਦਾਈ ਹੋ ਰਹੇ ਹੈਂ। ਜਹਾਜ਼ ਹੈ ਵਾਹਿਗੁਰੂ ਕਾ ਨਾਮ ਔਰ ਇਸ ਜਹਾਜ਼ ਕੇ ਕਪਤਾਨ ਹੈਂ ਸਤਿਗੁਰੂ, ਸੰਤ ਜੋ ਕਿ ਇਸ ਜਹਾਜ਼ ਪਰ ਸਵਾਰ ਕਰਕੇ ਇਨ ਜੀਵ ਰੂਪੀ ਮੁਸਾਫ਼ਰੋ ਕੋ ਅਸਥੂਲ ਮੰਡਲੋਂ ਸੇ ਉਠਾ ਕਰ ਸੂਖਸ਼ਮ ਮੰਡਲੋਂ ਮੇਂ ਪਹੁੰਚਾਤੇ ਹੈਂ ਜੋ ਕਿ ਨਿਰੰਕਾਰ ਕਾ ਦੇਸ਼ ਹੈ ਔਰ ਸਤ-ਚਿੱਤ ਅਨੰਦ ਕਾ ਸਾਗਰ ਹੈ।[94]

ਇਸ ਕਰਕੇ ਉਹ ਇਹ ਵੀ ਕਹਿੰਦੇ ਹਨ ਕਿ

ਮਨ ਏਕ ਐਸੀ ਪਰਬਲ ਸ਼ਕਤੀ ਹੈ ਇਸ ਸੇ ਜੈਸਾ ਅਭਿਆਸ ਕੀਆ ਜਾਤਾ ਹੈ ਵੈਸਾ ਹੀ ਯੋਹ ਬਨ ਜਾਇਆ ਕਰਤਾ ਹੈ। ਇਸ ਵਾਸਤੇ ਇਸ ਕੋ ਪਰਮ ਸੁਖੀ ਬਨਾਨੇ ਵਾਸਤੇ ਇਕੋ ਸੁਖ ਸਰੂਪ ਆਤਮਾ ਕੇ ਅਭਿਆਸ ਮੇਂ ਲਗਾਇਆ ਜਾਵੇ ਤੋ ਏਕ ਦਿਨ ਆਤਮ ਸਰੂਪ ਹੀ ਬਨ ਜਾਏਗਾ। ਜੈਸੇ ਕਿ ਨਾਮ ਔਰ ਰੂਪ ਕਾ ਚਿੰਤਨ ਕਰਤੇ ਕਰਤੇ ਯੇਹ ਮਨ ਨਾਮ ਔਰ ਰੂਪ ਪਦਾਰਥ ਹੀ ਬਨਾ ਹੂਆ ਹੈ। ਇਸ ਲੀਏ ਇਸ ਮਨ ਕੋ ਸੁਖੀ ਔਰ ਸ਼ਾਂਤ ਕਰਨੇ ਕੇ ਲੀਏ ਨਾਮ ਔਰ ਰੂਪ ਸੇ ਵੈਰਾਗ ਧਾਰਨ ਕਰਕੇ ਸਤਿ-ਚਿੱਤ-ਅਨੰਦ ਆਤਮਾ ਦੇ ਅਭਿਆਸ ਮੇਂ ਪ੍ਰੇਮ-ਯੁਕਤ ਲਗਾਨਾ ਚਾਹੀਏ। ਕੁਛ ਦੇਰ ਕੇ ਐਸੇ ਅਭਿਆਸ ਸੇ ਯੇਹ ਮਨ ਸਤਿ-ਚਿੱਤ-ਅਨੰਦ ਔਰ ਪਰੀਪੂਰਨ ਆਤਮਾ ਹੀ ਬਨ ਜਾਏਗਾ। ਤਮਾਮ ਦੁੱਖੋਂ ਕੋ ਨਿਵਿਰਤ ਕਰ ਲੇਗਾ ਔਰ ਪਰਮਾਨੰਦ ਬਨ ਜਾਏਗਾ। ਮਾਨੁਖ ਤਨ ਧਾਰਨ ਕੀਆ ਸਫਲ ਕਰ ਲੇਗਾ।

ਲੋਹੇ ਕਾ ਟੁਕੜਾ ਗੋਲ, ਚੌਰਸ ਯਾਂ ਤਿਕੋਨ ਕੈਸਾ ਭੀ ਕਿਉਂ ਨਾ ਹੋ, ਜਬ ਉਸ ਕੋ ਆਗ ਮੇਂ ਡਾਲਾ ਜਾਤਾ ਹੈ ਤੋ ਉਸ ਮੇਂ ਆਗ ਕੇ ਤੀਨ ਗੁਣ ਅਵੱਸ਼ ਹੀ ਆ ਜਾਇਆ ਕਰਤੇ ਹੈਂ। ਆਗ ਜੈਸਾ ਗਰਮ, ਆਗ ਕੀ ਤਰਹਿ ਸੇ ਰੌਸ਼ਨ ਔਰ ਆਗ ਜੈਸੀ ਜਲਾਨੇ ਕੀ ਸ਼ਕਤੀ ਉਸ ਟੁਕੜੇ ਮੇਂ ਪੈਦਾ ਹੋ ਜਾਇਆ ਕਰਤੀ ਹੈ। ਲੇਕਿਨ ਸ਼ਕਲ ਉਸ ਕੀ ਜੈਸੀ ਭੀ ਹੈ ਵੈਸੀ ਹੀ ਬਨੀ ਰਹਿਤੀ ਹੈ – ਗੋਲ, ਚੌਰਸ ਯਾ ਤਿਕੋਨ। ਇਸੀ ਤਰਹਿ ਸੇ ਮਨ ਕਾ ਸਰੂਪ ਹੈ। ਸਫੁਰਨ ਰੂਪ, ਜਿਸ ਵਕਤ ਇਸ ਮਨ ਸੇ 'ਮੈਂ ਸਤਿ, ਹੂੰ, ਮੈਂ ਚੇਤਨ ਹੂੰ, ਮੈਂ ਅਨੰਦ ਸਰੂਪ ਹੂੰ' ਐਸਾ ਅਭਿਆਸ ਕੀਆ ਜਾਤਾ ਹੈ ਤੋ ਇਸ ਮਨ ਮੇਂ ਸਤਿ-ਚਿੱਤ-ਅਨੰਦ ਕੇ ਅਭਿਆਸ ਸੇ ਵੈਸੇ ਹੀ ਗੁਣ ਆ ਜਾਇਆ ਕਰਤੇ ਹੈਂ। ਲੇਕਿਨ ਸ਼ਕਲ ਉਸ ਕੀ ਸਫੁਰਨ ਰੂਪ ਹੀ ਰਹਾ ਕਰਤੀ ਹੈ। ਹਾਂ, ਜ਼ਿਆਦਾ ਅਭਿਆਸ ਸੇ ਕਭੀ-ਕਭੀ ਨਿਰਵਿਕਲਪ ਭੀ ਹੋ ਜਾਇਆ ਕਰਤੀ ਹੈ। ਮੈਲਾ ਔਰ ਵਿਖਸ਼ੇਪ ਮਨ ਦੁਖੀ ਔਰ ਤਮਾਮ ਅਨਰਥੋਂ ਕਾ ਕਾਰਨ ਹੂਆ ਕਰਤਾ ਹੈ। ਇਕਾਗਰ ਔਰ ਸ਼ੁੱਧ ਮਨ ਸੁਖੀ ਔਰ ਸ਼ਾਂਤ ਹੂਆ ਕਰਤਾ ਹੈ। ਨਿਰੋਧ ਔਰ ਸਮਾਧਿਸ਼ਟ ਮਨ ਉਸ ਸੇ ਭੀ ਸੁਖੀ ਔਰ ਸ਼ਾਂਤ ਹੂਆ ਕਰਤਾ ਹੈ ਔਰ ਅਮਨ ਹੂਆ ਮਨ ਤੋ ਮੋਖਸ਼ ਕਾ ਦਾਤਾ ਹੀ ਹੋਤਾ ਹੈ। ਇਸ ਵਾਸਤੇ ਮਨ ਕੋ ਅਮਨ ਬਨਾਨੇ ਕੀ ਕੋਸ਼ਿਸ਼ ਮੇਂ ਲਗੇ ਰਹਿਣਾ ਚਾਹੀਏ। ਵੋਹ ਵੈਰਾਗ ਔਰ ਅਭਿਆਸ ਕੇ ਬਲ ਸੇ ਆਸਾਨੀ ਸੇ ਬਨ ਜਾਤਾ ਹੈ।[95]

ਪਰ ਮਨ ਜਦੋਂ ਕਰਮ ਨਾਲ ਜੁੜ ਜਾਂਦਾ ਹੈ ਤਾਂ ਇਸ ਦੀਆਂ ਬਿਰਤੀਆਂ ਸਥੂਲ

94. ਸੰਤ ਈਸ਼ਰ ਸਿੰਘ ਜੀ, *ਉਹੀ*, ਪੰਨਾ, 250.

95. ਸੰਤ ਈਸ਼ਰ ਸਿੰਘ ਜੀ, *ਉਹੀ*, ਪੰਨਾ, 179-80.

ਸੰਸਾਰ ਦੀਆਂ ਉਲਝਣਾਂ ਵਿਚ ਬੁਰੀ ਤਰ੍ਹਾਂ ਫਸ ਜਾਂਦੀਆਂ ਹਨ। ਕਿਉਂਕਿ ਮਨ ਆਤਮਾ ਰੂਪ ਹੈ ਅਤੇ ਆਤਮਾ ਪਰਮਾਤਮਾ ਹੀ ਹੈ ਇਸ ਕਰਕੇ ਇਸ ਨੂੰ (ਮਨ) ਆਪਣੀ ਅਸਲੀ ਅਤੇ ਮੁਢਲੀ ਸਥਿਤੀ ਵਿਚ ਆਉਣ ਲਈ ਆਪਣੇ ਆਪ ਤੋਂ ਸੰਸਾਰੀ ਬਿਰਤੀਆਂ ਅਤੇ ਕਰਮਾਂ ਤੋਂ ਇਕੱਠੀ ਹੋਈ ਮੈਲ ਲਾਹੁਣੀ ਪੈਂਦੀ ਹੈ। ਇਸ ਲਈ ਮਨ ਨੂੰ ਗੁਰੂ ਦੇ ਸ਼ਬਦ ਨਾਲ ਜੋੜ ਕੇ ਉਸ ਦਾ ਅਭਿਆਸ ਕਰਨਾ ਪੈਂਦਾ ਹੈ। ਆਪਣੇ ਆਪ ਨੂੰ ਪ੍ਰਭੂ ਮਿਲਣ ਲਈ ਯੋਗ ਬਨਾਉਣ ਵਾਸਤੇ ਹਰੀ ਦੇ ਨਾਮ ਨਾਲ ਸ਼ੁੱਧ ਕਰਨਾ ਪੈਂਦਾ ਹੈ। ਇਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਜ਼ਿਕਰ ਕਰਦਿਆਂ ਲਿਖਿਆ ਹੈ ਕਿ

ਮੂਤ ਪਲੀਤੀ ਕਪੜੁ ਹੋਇ।।[96]
ਅਤੇ
ਗੁਨ ਗਾਵਤ ਤੇਰੀ ਉਤਰਸਿ ਮੈਲੁ।।
ਬਿਨਸਿ ਜਾਇ ਹਉਮੈ ਬਿਖੁ ਫੈਲੁ।।[97]
ਅਤੇ
ਸਾਸਿ ਸਾਸਿ ਸਿਮਰਹੁ ਗੋਬਿੰਦ।।
ਮਨ ਅੰਤਰ ਕੀ ਉਤਰੈ ਚਿੰਦ।।[98]

ਹੁਣ ਸੁਆਲ ਉਠਦਾ ਹੈ ਕਿ ਪ੍ਰਭੂ ਜੋ ਅਪਰੰਪਾਰ ਹੈ ਉਸ ਦੇ ਗੁਣ ਗਾਉਣ ਨਾਲ ਮਨੁੱਖ ਦੇ ਆਪਣੇ ਮਨ ਦੀ ਮੈਲ ਕਿਵੇਂ ਉਤਰਦੀ ਹੈ? ਇਸ ਨੂੰ ਇੰਜ ਸਮਝਿਆ ਜਾ ਸਕਦਾ ਹੈ ਕਿ ਕਿਉਂਕਿ ਜਦੋਂ ਮਨੁੱਖੀ ਮਨ ਆਪਣੇ ਆਪ ਨੂੰ ਇਕ ਆਜ਼ਾਦ ਹੋਂਦ ਮੰਨ ਕੇ ਉਸੇ ਚੇਤਨਤਾ ਵਿਚ ਕਰਮ ਕਰਦਾ ਹੋਇਆ ਇਹ ਮੰਨ ਲੈਂਦਾ ਹੈ ਕਿ ਉਸ ਦੇ ਕਰਮਾਂ ਦਾ ਕਰਤਾ ਅਸਲ ਵਿਚ ਉਹ ਆਪ ਹੀ ਹੈ ਤਾਂ ਉਸ ਦੇ ਅੰਦਰ ਕਰਤਾ ਹੋਣ ਦਾ ਹੰਕਾਰ ਪੈਦਾ ਹੋ ਜਾਂਦਾ ਹੈ। ਹੰਕਾਰ ਦੀ ਬਿਰਤੀ ਨੂੰ ਸੰਤੁਸ਼ਟ ਕਰਨ ਲਈ ਹੋਰ ਤਾਕਤ ਇਕੱਠੀ ਕਰਨ ਦਾ ਲੋਭੀ ਹੋ ਜਾਂਦਾ ਹੈ। ਉਸ ਤੋਂ ਬਾਅਦ ਉਸ ਲੋਭ ਦੇ ਰਸਤੇ ਵਿਚ ਆਉਣ ਵਾਲੀ ਹਰ ਰੁਕਾਵਟ ਉਤੇ ਉਸ ਨੂੰ ਕ੍ਰੋਧ ਆਉਂਦਾ ਹੈ ਅਤੇ ਇਸ ਤਰ੍ਹਾਂ ਹੋਰ-ਹੋਰ ਵਿਕਾਰ ਉਸ ਵਿਚ ਆਈ ਜਾਂਦੇ ਹਨ, ਪਰ ਜਦੋਂ ਗੁਰੂ ਦੀ ਕ੍ਰਿਪਾ ਨਾਲ ਮਨੁੱਖ ਨੂੰ ਪ੍ਰਭੂ ਦੇ ਗੁਣਾਂ ਦਾ ਗਿਆਨ ਹੁੰਦਾ ਹੈ ਤਾਂ ਇਸ ਨੂੰ ਇੰਨੀ ਗੱਲ ਸਮਝ ਆ ਜਾਂਦੀ ਹੈ ਕਿ ਉਹ ਆਪ ਕਰਤਾ ਨਹੀਂ। ਸਗੋਂ ਉਸ ਨੂੰ ਇਹ ਸਮਝ ਆ ਜਾਂਦੀ ਹੈ ਕਿ ਕਰਤਾ ਹੋਣ ਦੀ ਤਾਕਤ ਕੇਵਲ ਅਤੇ ਕੇਵਲ ਇਕ ਹੀ ਸਰਬ-ਸ਼ਕਤੀਮਾਨ ਅਤੇ ਸਰਬ-ਵਿਆਪੀ ਕੋਲ ਹੈ ਜਿਸ ਤੋਂ ਵੱਡਾ ਕੋਈ ਨਹੀਂ, ਜਿਸ ਤੋਂ ਉਪਰ ਕੋਈ ਨਹੀਂ, ਜਿਸ ਦਾ ਹੁਕਮ ਸਭ ਉਤੇ ਅਤੇ ਸਭ ਜਗ੍ਹਾ ਚੱਲਦਾ ਹੈ। ਗੁਰੂ ਤੋਂ ਪ੍ਰਾਪਤ ਸੂਝ ਦੇ ਸਹਾਰੇ ਮਨੁੱਖ ਆਪਣੇ ਨਿਜ ਦੇ ਹੰਕਾਰ ਨੂੰ ਤਿਆਗਣ ਦੇ ਯੋਗ ਕਰ ਸਕਦਾ ਹੈ।

ਕੇਵਲ ਇੰਨਾ ਹੀ ਨਹੀਂ ਬਲਕਿ ਜਦੋਂ ਮਨੁੱਖ ਨੂੰ ਇਹ ਸੂਝ ਹੋ ਜਾਂਦੀ ਹੈ ਕਿ ਇਹ

96. ਗੁਰੂ ਗ੍ਰੰਥ ਸਾਹਿਬ, ਪੰਨਾ, 4.
97. *ਉਹੀ*, ਪੰਨਾ, 289.
98. *ਉਹੀ*, ਪੰਨਾ, 295.

ਸਾਰਾ ਬ੍ਰਹਿਮੰਡ ਕੇਵਲ ਇਕ ਦੇ ਸਹਾਰੇ ਤੇ ਰਚਿਆ ਗਿਆ ਅਤੇ ਉਸੇ ਇਕ ਦੇ ਸਹਾਰੇ ਹੀ ਚੱਲ ਰਿਹਾ ਹੈ ਅਤੇ ਨਾਲ ਹੀ ਉਹ ਸਾਰੇ ਜੀਵਾਂ ਦੀ ਪਿਆਰ ਨਾਲ ਸੰਭਾਲ ਵੀ ਕਰ ਰਿਹਾ ਹੈ। ਇਸ ਸਭ ਨੂੰ ਸਮਝਣ ਨਾਲ ਉਸ ਪ੍ਰਤੀ ਪ੍ਰੇਮ ਪੈਦਾ ਹੋਣਾ ਸੁਭਾਵਕ ਹੀ ਹੋ ਜਾਂਦਾ ਹੈ। ਉਸ ਪ੍ਰੇਮ ਭਰੇ ਮਨ ਨੂੰ ਜਦੋਂ ਗੁਰੂ ਦੇ ਸ਼ਬਦ ਰੂਪੀ ਲਗਾਮ ਨਾਲ ਕੀਲਿਆ ਜਾਂਦਾ ਹੈ ਤਾਂ ਭਟਕਦੇ ਹੋਏ ਮਨ ਨੂੰ ਸਥਿਰਤਾ ਮਿਲ ਜਾਂਦੀ ਹੈ। ਗੁਰੂ ਦੀ ਸ਼ਰਨ ਵਿਚ ਸਥਿਰ ਹੋਇਆ ਮਨ ਹੀ ਪ੍ਰਭੂ ਦੇ ਗੁਣਾਂ ਨਾਲ ਸਾਂਝ ਪਾ ਸਕਦਾ ਹੈ। ਉਸੇ ਦੇ ਲਗਾਤਾਰ ਅਭਿਆਸ ਨਾਲ ਹੀ ਉਸ ਦੇ ਮਹਾਨ ਗੁਣਾਂ ਦੀ ਸਮਝ ਆਉਣੀ ਸ਼ੁਰੂ ਹੁੰਦੀ ਹੈ।

ਪ੍ਰਭੂ ਦੇ ਗੁਣਾਂ ਦੇ ਲਗਾਤਾਰ ਗਾਇਨ ਦਾ ਮਤਲਬ ਵੀ ਇਹੀ ਬਣਦਾ ਹੈ ਕਿ ਉਸ ਸਚੇ ਅਤੇ ਸਰਬ-ਸ਼ਕਤੀਮਾਨ ਦੇ ਮਹਾਨ ਗੁਣਾਂ ਨੂੰ ਬਾਰ-ਬਾਰ ਚੇਤੇ ਕੀਤਿਆਂ ਮਨ ਇਹ ਸਚ ਦ੍ਰਿੜ ਕਰ ਲੈਂਦਾ ਹੈ ਕਿ ਉਸ ਤੋਂ ਵੱਡਾ, ਉਸ ਤੋਂ ਮਹਾਨ ਹੋਰ ਕੋਈ ਨਹੀਂ ਅਤੇ ਨਾਲ ਹੀ ਜਿੰਨਾ ਇਕ ਸਿੱਖ ਉਸ ਪਰਮਾਤਮਾ ਦੇ ਗੁਣਾਂ ਨੂੰ ਦ੍ਰਿੜ ਕਰਕੇ ਸਮਝੀ ਜਾਂਦਾ ਹੈ ਉਨਾਂ ਹੀ ਉਸ ਨੂੰ ਆਪਣੇ ਛੋਟੇਪਨ ਅਤੇ ਨਾਸ਼ਮਾਨਤਾ ਦੀ ਸਮਝ ਆਈ ਜਾਂਦੀ ਹੈ। ਜਿਵੇਂ-ਜਿਵੇਂ ਉਸ ਨੂੰ ਪ੍ਰਭੂ ਦੀ ਨਿਸ਼ਚਿਤਤਾ ਦਾ ਵਿਸ਼ਵਾਸ ਹੋਣ ਲੱਗਦਾ ਹੈ ਤਿਵੇਂ-ਤਿਵੇਂ ਮਨੁੱਖ ਨੂੰ ਆਪਣੀ ਅਨਿਸ਼ਚਿਤਤਾ ਦਾ ਬੋਧ ਹੋਣ ਲੱਗਦਾ ਹੈ। ਇਸ ਤਰ੍ਹਾਂ ਉਹ ਪ੍ਰਭੂ ਦੀ ਹਾਜ਼ਰੀ ਅਤੇ ਵਿਸ਼ਾਲਤਾ ਨੂੰ ਮਹਿਸੂਸ ਕਰਨ ਲੱਗਦਾ ਹੈ।

ਗੁਰੂ ਦੁਆਰਾ ਦੱਸੇ ਮਾਰਗ ਰਾਹੀਂ ਗੁਰਮੁਖ ਮਨ ਦੀ ਇਕਾਗਰਤਾ, ਸਹਿਜ ਅਤੇ ਅਡੋਲ ਅਵਸਥਾ ਬਣਾਏ ਰੱਖਣ ਲਈ ਮਨ ਨੂੰ ਵਿਚਲਿਤ ਕਰਨ ਵਾਲੇ ਵਿਕਾਰਾਂ ਤੋਂ ਵੀ ਆਪਣੇ ਆਪ ਨੂੰ ਬਚਾ ਕੇ ਰੱਖਦਾ ਹੈ ਕਿਉਂਕਿ ਵਿਚਲਿਤ ਮਨ ਕਦੇ ਵੀ ਨਾਮ ਵਿਚ ਨਹੀਂ ਲੱਗ ਸਕਦਾ। ਇਸ ਕਰਕੇ ਗੁਰਮਤ ਅਨੁਸਾਰ ਜੋ ਪੰਜ ਮੁੱਖ ਵਿਕਾਰ ਮੰਨੇ ਗਏ ਹਨ ਉਹਨਾਂ ਤੋਂ ਬਚ ਕੇ ਚੱਲਣ ਲਈ ਸਿੱਖਿਆ ਦਿੱਤੀ ਗਈ ਹੈ। ਇਹ ਖਾਸ ਵਿਕਾਰ ਹਨ; ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ। ਇਹ ਐਸੇ ਵਿਕਾਰ ਹਨ ਜੋ ਮਨੁੱਖੀ ਮਨ ਨੂੰ ਹਮੇਸ਼ਾਂ ਘੇਰੀ ਰੱਖਦੇ ਹਨ ਅਤੇ ਉਸ ਨੂੰ ਉਸ ਦੇ ਅਸਲੀ ਰਾਹ ਤੇ ਚੱਲਣ ਨਹੀਂ ਦਿੰਦੇ। ਕਿਉਂਕਿ ਮਨੁੱਖ ਦੇ ਅੰਤਰ ਮਨ ਨੇ ਹੀ ਅਡੋਲ ਰਹਿ ਕੇ ਸਹਿਜਤਾ ਨਾਲ ਪ੍ਰਭੂ ਪ੍ਰੇਮ ਵਿਚ ਲੀਨ ਹੋਣਾ ਹੁੰਦਾ ਹੈ, ਪਰ ਵਿਕਾਰਾਂ ਦੇ ਰਹਿੰਦੇ ਹੋਏ ਮਨੁੱਖ ਕਦੇ ਵੀ ਸਹਿਜ ਅਵਸਥਾ ਦਾ ਧਾਰਨੀ ਨਹੀਂ ਰਹਿ ਸਕਦਾ। ਇਨ੍ਹਾਂ ਵਿਕਾਰਾਂ ਦੇ ਅਸਰ ਨਾਲ ਮਨ ਵਿਚ ਇਨ੍ਹਾਂ ਨਾਲ ਸੰਬੰਧਤ ਵਿਚਾਰ ਹਾਵੀ ਰਹਿੰਦੇ ਹਨ ਜੋ ਉਸ ਨੂੰ ਉਸ ਦੀ ਸਹਿਜ ਅਵਸਥਾ ਵਿਚ ਟਿਕਣ ਨਹੀਂ ਦਿੰਦੇ। ਇਸ ਕਰਕੇ ਮਨ ਨੂੰ ਵਿਕਾਰਾਂ ਤੋਂ ਬਚਾਅ ਕੇ ਹੀ ਇਕ ਵਿਅਕਤੀ ਆਪਣੇ ਸਹੀ ਨਿਸ਼ਾਨੇ ਵੱਲ ਚੱਲ ਸਕਦਾ ਹੈ। ਇਸ ਕਰਕੇ ਕੇਵਲ ਗੁਰੂ ਦੀ ਸਿੱਖਿਆ ਤੇ ਚੱਲ ਕੇ ਇਕ ਸਾਧਾਰਣ ਵਿਅਕਤੀ ਇਨਾਂ ਵਿਕਾਰਾਂ ਤੇ ਕਾਬੂ ਪਾ ਲੈਂਦਾ ਹੈ ਅਤੇ ਨਿਰਵਿਘਨ ਆਪਣੇ ਅਧਿਆਤਮਿਕ ਰਾਹ ਤੇ ਚੱਲਦਾ ਰਹਿੰਦਾ ਹੈ।

ਜਦੋਂ ਮਨੁੱਖੀ ਮਨ, ਨਿਰਵਿਕਲਪ ਅਵਸਥਾ ਧਾਰਨ ਕਰਦਾ ਹੈ ਉਥੋਂ ਹੀ ਉਸ ਦੀ ਆਪੇ ਦੀ ਪਹਿਚਾਨ ਦੀ ਯਾਤਰ੍ਹਾ ਸ਼ੁਰੂ ਹੁੰਦੀ ਹੈ, ਪਰ ਇਹ ਵਿਧੀ ਇੰਨੀ ਆਸਾਨ ਨਹੀਂ ਜਿੰਨੀ ਲਿਖਣ ਵਿਚ ਲੱਗ ਰਹੀ ਹੈ। ਕਿਉਂਕਿ ਮਨ ਨੂੰ ਅ-ਮਨ ਕਰਨ ਲਈ ਬਹੁਤ ਕਠਿਨ

ਸਾਧਨਾ ਕਰਨੀ ਪੈਂਦੀ ਹੈ। ਪਹਿਲਾ ਤਥ ਤਾਂ ਇਹ ਹੈ ਕਿ ਮਨ ਆਪਣੇ ਆਪ ਵਿਚ ਬਹੁਤ ਭਿਅੰਕਰ ਸ਼ੋਰ ਦਾ ਘਰ ਹੈ। ਇਸ ਵਿਚ ਲਗਾਤਾਰ ਵਿਚਾਰਾਂ ਅਤੇ ਪ੍ਰਤੀ ਵਿਚਾਰਾਂ ਦੀ ਬੰਬਾਰਡਮੈਂਟ ਹੋਈ ਜਾਂਦੀ ਹੈ। ਇਸ ਕਰਕੇ ਇਹ ਕਿਹਾ ਜਾਂਦਾ ਹੈ ਕਿ ਮਨ ਲਗਾਤਾਰ ਬੋਲਦਾ ਹੈ। ਕਿਉਂਕਿ ਮਨ ਵਿਚ ਲਗਾਤਾਰ ਜਾਂ ਤਾਂ ਸੰਸਾਰ ਬਾਰੇ ਸੰਕਲਪ ਚੱਲ ਰਹੇ ਹਨ ਜਾਂ ਵਿਕਲਪ। ਇਹ ਕਦੇ ਵੀ ਵਿਚਾਰਹੀਨ ਅਵਸਥਾ ਵਿਚ ਨਹੀਂ ਆਉਂਦਾ। ਇਹੀ ਕਾਰਨ ਹੈ ਕਿ ਲਗਾਤਾਰ ਦੁੱਖ ਅਤੇ ਸੁਖ ਦੇ ਅਹਿਸਾਸ ਨੂੰ ਭੋਗਦਾ ਹੋਇਆ ਵਿਚਲਿਤ ਰਹਿੰਦਾ ਹੈ। ਇਹ ਸਚਾਈ ਦੁਨੀਆਂ ਦੇ ਹਰ ਸਾਧਾਰਨ ਵਿਅਕਤੀ ਤੇ ਲਾਗੂ ਹੁੰਦੀ ਹੈ ਕਿ ਉਸ ਦਾ ਮਨ ਲਗਾਤਾਰ ਬੋਲਦਾ ਹੈ। ਭਗਤ ਕਬੀਰ ਜੀ ਨੇ ਕਿਹਾ ਹੈ:

ਮਨ ਅੰਤਰਿ ਬੋਲੈ ਸਭੁ ਕੋਈ॥
ਮਨ ਮਾਰੇ ਬਿਨੁ ਭਗਤਿ ਨ ਹੋਈ॥[99]

ਪਰ ਉਹ ਅੱਗੇ ਕਹਿੰਦੇ ਹਨ ਕਿ ਉਹੀ ਮਨ ਜੋ ਲਗਾਤਾਰ ਵਿਚਾਰ, ਪ੍ਰਤੀ-ਵਿਚਾਰ ਦੇ ਥਪੇੜੇ ਸਹਿ-ਸਹਿ ਕੇ ਦੁੱਖ-ਸੁਖ ਭੋਗਦਾ ਹੈ ਉਹੀ ਮਨ ਆਪਣੇ ਆਪ ਵਿਚ, ਆਪਣੀ ਨਿਰਵਿਕਲਪ, ਨਿਰਵਿਚਾਰ, ਸਥਿਤ, ਸਹਿਜ ਅਵਸਥਾ ਵਿਚ ਆਤਮਾ ਦਾ ਹੀ ਆਪਣਾ ਰੂਪ ਹੈ ਭਾਵ ਪਰਮਾਤਮਾ ਦਾ ਹੀ ਅੰਸ਼ ਹੈ। ਉਨ੍ਹਾਂ ਲਿਖਿਆ ਹੈ:

ਕਹੁ ਕਬੀਰ ਜੋ ਜਾਨੈ ਭੇਉ॥
ਮਨੁ ਮਧੁਸੂਦਨੁ ਤ੍ਰਿਭਵਣ ਦੇਉ॥[100]

ਆਤਮਾ ਤਾਂ ਆਪਣੀ ਨਿਰਵਿਕਲਪ ਸਮਾਧੀ ਵਿਚ, ਅਨੰਦ ਵਿਚ ਸਥਿਤ ਹੈ। ਆਤਮਾ ਦੁੱਖ, ਸੁਖ, ਮੌਤ, ਜਨਮ-ਮਰਨ ਆਦਿ ਬੰਧਨ ਤੋਂ ਮੁਕਤ ਹੈ, ਪਰ ਉਹ ਕੇਵਲ ਮਨ ਦੀਆਂ ਤੈਹਾਂ ਵਿਚ ਲਿਪਟੀ ਆਵਾਗਵਨ ਦੇ ਚੱਕਰ ਵਿਚ ਘੁੰਮਦੀ ਰਹਿੰਦੀ ਹੈ। ਆਤਮਾ ਉਪਰ ਲਿਪਟੀਆਂ ਮਨ ਦੀਆਂ ਤੈਹਾਂ ਹੀ ਅਸਲ ਵਿਚ ਜੀਵ ਲਈ ਦੁੱਖ ਅਤੇ ਸੁਖ ਦਾ ਕਾਰਨ ਬਣਦੀਆਂ ਹਨ। ਸੰਤ ਈਸ਼ਰ ਸਿੰਘ ਜੀ ਨੇ ਮਨ ਦੇ ਤਿੰਨ ਔਗਣਾ ਦਾ ਜ਼ਿਕਰ ਕੀਤਾ ਹੈ। ਉਹ ਕਹਿੰਦੇ ਹਨ ਕਿ ਮਨ ਦੇ ਤਿੰਨ ਔਗਣ ਹਨ:

1. ਮਲ : ਮੈਲ
2. ਵਿਖਸ਼ੇਪ : ਅਸਥਿਰਤਾ
3. ਅਵਰਨ : ਆਪਣੇ ਆਪ ਨੂੰ ਹੋਰ ਸਮਝਣਾ

ਜਿਸ ਦਾ ਸਮੁੱਚਾ ਭਾਵ ਹੈ; ਮਨ ਨੂੰ ਲੱਗੀ ਕਰਮਾਂ ਅਤੇ ਵਿਚਾਰਾਂ ਦੀ ਮੈਲ, ਮਨ ਦਾ ਲਗਾਤਾਰ ਵਿਚਾਰਾਂ ਅਤੇ ਪ੍ਰਤੀਵਿਚਾਰਾਂ ਵਿਚਾਲੇ ਡੋਲਦੇ ਰਹਿਣਾ ਅਤੇ ਮਨ ਦਾ ਆਪਣੇ ਆਪ ਨੂੰ ਇਕ ਆਜ਼ਾਦ ਹੋਂਦ ਮਨ ਕੇ ਵਿਵਹਾਰ ਕਰਨਾ। ਇਨ੍ਹਾਂ ਤਿੰਨਾਂ ਔਗਣਾ ਕਰਕੇ ਮਨ ਆਪਣੀ ਅਸਲੀ ਸਥਿਤੀ ਵਿਚ ਨਹੀਂ ਆਉਂਦਾ। ਇਸ ਵਿਚਾਰ ਨੂੰ ਸੌਖੀ ਤਰ੍ਹਾਂ ਸਮਝਾਉਣ ਲਈ ਸੰਤ ਈਸ਼ਰ ਸਿੰਘ ਜੀ ਨੇ ਮਨ ਨੂੰ ਸ਼ੀਸ਼ੇ ਨਾਲ ਤੁਲਨਾ ਦਿੱਤੀ ਹੈ। ਮਨ ਉਤੇ ਮੈਲ ਕਰਕੇ

99. ਗੁਰੂ ਗ੍ਰੰਥ ਸਾਹਿਬ, ਪੰਨਾ, 329.
100. *ਉਹੀ*, ਪੰਨਾ, 329.

ਮਨ ਰੂਪੀ ਸ਼ੀਸ਼ਾ ਧੁੰਦਲਾ ਪੈ ਜਾਂਦਾ ਹੈ ਇਸੇ ਕਰਕੇ ਉਹ ਆਪਣੇ ਆਪ ਨੂੰ ਵੀ ਪਛਾਣਦਾ ਨਹੀਂ। ਉਸ ਦਾ ਸਾਫ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਮਲ ਦੋਸ਼ ਤੋਂ ਮਨ ਨੂੰ ਮੁਕਤ ਕਰਨ ਲਈ ਨਿਸ਼ਕਾਮ ਕਰਮ, ਦਾਨ, ਇਸ਼ਨਾਨ, ਗੁਰੂ ਅਤੇ ਸਾਧ ਸੰਗਤ ਦੀ ਸੇਵਾ ਸਹਾਈ ਹੋ ਸਕਦੇ ਹਨ। ਜਿਸ ਤਰ੍ਹਾਂ ਸ਼ੀਸ਼ੇ ਨੂੰ ਮਾਂਜਨ ਨਾਲ ਜਾਂ ਸਾਬਨ ਲਾ ਕੇ ਰਗੜਨ ਨਾਲ ਉਹ ਸਾਫ ਹੋ ਜਾਂਦਾ ਹੈ ਉਸੇ ਤਰ੍ਹਾਂ ਇਨ੍ਹਾਂ ਸਾਧਨਾਂ ਨਾਲ ਮਨ ਸਾਫ ਹੋ ਜਾਂਦਾ ਹੈ।

ਮਨ ਦਾ ਦੂਜਾ ਔਗਣ ਹੈ ਵਿਖਸ਼ੇਪ। ਇਸ ਦਾ ਭਾਵ ਹੈ ਕਿ ਮਨ ਹਮੇਸ਼ਾ ਵਿਚਾਰਾਂ ਅਤੇ ਪ੍ਰਤੀਵਿਚਾਰਾਂ ਵਿਚ ਭਟਕਦਾ ਰਹਿੰਦਾ ਹੈ। ਇਸੇ ਕਰਕੇ ਆਪਣੇ ਆਪ ਤੋਂ ਦੂਰ ਹੀ ਰਹਿੰਦਾ ਹੈ, ਪਰ ਜਿਵੇਂ; ਜੇ ਕਿਸੇ ਨੇ ਆਪਣਾ ਚੇਹਰਾ ਸ਼ੀਸ਼ੇ ਵਿਚ ਦੇਖਣਾ ਹੋਵੇ ਤਾਂ ਉਸ ਲਈ ਲਾਜ਼ਮੀ ਹੋ ਜਾਂਦਾ ਹੈ ਕਿ ਉਹ ਸ਼ੀਸ਼ੇ ਸਾਹਮਣੇ ਟਿਕ ਕੇ ਖੜਾ ਹੋਵੇ। ਉਸੇ ਤਰ੍ਹਾਂ ਜੇ ਮਨ ਨੇ ਆਪਣੇ ਸ਼ੁੱਧ ਸਰੂਪ ਦੇ ਵਿਚ ਸਥਿਤ ਹੋਣਾਂ ਹੋਵੇ ਤਾਂ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਉਹ ਟਿਕਾਉ ਦੀ ਸਥਿਤੀ ਵਿਚ ਆਵੇ।

ਮਨ ਦਾ ਤੀਜਾ ਦੋਸ਼ ਹੈ ਅਵਰਨ, ਭਾਵ; ਆਪਣੇ ਆਪ ਨੂੰ ਸੁਤੰਤਰ ਹੋਂਦ ਮੰਨ ਕੇ ਚੱਲਣਾ। ਕਿਉਂਕਿ ਮਨੁੱਖੀ ਹੋਂਦ ਪ੍ਰਭੂ-ਪਰਮਾਤਮਾ ਦੀ ਅੰਸ਼ ਹੈ ਇਸ ਕਰਕੇ ਜਦੋਂ ਇਹ ਆਪਣੇ ਆਪ ਨੂੰ ਉਸ ਦੀ ਅੰਸ਼ ਨਾ ਮੰਨ ਕੇ ਉਸ ਦੇ ਉਲਟ ਵਿਚਾਰ ਵਿਚ ਲਿਪਤ ਹੁੰਦੀ ਹੈ ਤਾਂ ਆਪਣੇ ਅਧਿਆਤਮਕ ਧੁਰੇ ਤੋਂ ਵਿਛੜ ਕੇ ਦੁਖੀ ਹੁੰਦੀ ਹੈ। ਇਸ ਕਰਕੇ ਮਨ ਦੇ ਵਿਚਾਰ ਹੀ ਜਿੰਮੇਦਾਰ ਹੁੰਦੇ ਹਨ। ਇਸ ਦੋਸ਼ ਤੋਂ ਛੁੱਟਕਾਰਾ ਪਾਉਣ ਦਾ ਤਰੀਕਾ ਹੈ ਕਿ ਆਪਣੇ ਮਨ ਨੂੰ ਗੁਰੂ ਦੇ ਹਵਾਲੇ ਕੀਤਾ ਜਾਵੇ। ਸੁਣਨ, ਮੰਨਣ ਅਤੇ ਨਿਧਿਆਸਨ ਦੀ ਵਿਧੀ ਨਾਲ ਮਨ ਦਾ ਇਹ ਦੋਸ਼ ਦੂਰ ਹੁੰਦਾ ਹੈ। ਸੰਤ ਈਸ਼ਰ ਸਿੰਘ ਲਿਖਦੇ ਹਨ ਕਿ "ਤਮਾਮ ਸੰਕਲਪ ਵਿਕਲਪ ਸੇ ਰਹਿਤ ਹੋ ਕਰ ਗੁਰੂ ਸ਼ਬਦ ਯਾ ਨਾਮ ਕਾ ਅਭਿਆਸ (ਸਿਮਰਨ) ਕਰੋ। ਜਬ ਯੇਹ ਅਵਸਥਾ ਪਰਪੱਕ ਹੋ ਜਾਵੇ ਉਸ ਕੇ ਬਾਦ ਆਪ ਕੋ ਅਸਥੂਲ, ਸੂਖਸ਼ਮ ਔਰ ਕਾਰਨ ਸਰੀਰ ਸੇ ਅਲੈਹਿਦਾ ਆਤਮਾ ਮਹਿਸੂਸ ਕਰੋ। ਯਾਨਿ ਜਿਸਮ ਪ੍ਰਾਨ, ਕਰਮ ਇੰਦ੍ਰੇ ਔਰ ਗਿਆਨ ਇਦ੍ਰੇ ਔਰ ਮਨ ਸੇ ਔਰ ਇਨ ਕੇ ਧਰਮੋਂ ਸੇ ਨਿਆਰਾ ਆਪਕੋ ਨਿਰਾਕਾਰ ਸਤਿ-ਚਿਤ-ਅਨੰਦ-ਪਰੀਪੂਰਨ ਆਤਮਾ ਮਾਨੋ ਔਰ ਉੱਤਮ ਅਭਿਆਸ ਕਰੋ। ਜਿਸ ਵਕਤ ਯੇਹ ਅਵਸਥਾ ਪਰਪੱਕ ਹੋ ਜਾਵੇ ਤੋ ਅਪਨੀ ਬਿਰਤੀ ਸੇ ਤਮਾਮ ਨਾਮ ਔਰ ਰੂਪ ਕੋ ਨਿਕਾਲ ਕਰ ਸਿਰਫ਼ ਅਨਾਮ ਔਰ ਸਰੂਪ ਮੇਂ ਲਗਾ ਕਰ ਨਿਰਵਿਕਲਪ ਬਨਾਉ। ਜਿਸ ਵਕਤ ਬਿਰਤੀ ਅਪਨਾ ਸਰੂਪ ਯਾਨਿ ਫੁਰਨਾ ਬਿਲਕੁਲ ਗਵਾ ਦੇਗੀ, ਤਬ ਬਾਕੀ ਨਿਰਾਕਾਰ, ਨਿਰਵਿਕਲਪ, ਚਿਦਾਕਾਸ਼ ਔਰ ਪਰਮਾਨੰਦ ਔਰ ਕੇਵਲ ਕੇਵਲੀ ਰੂਪ ਜੋ ਕਿ ਅਪਨਾ ਸਰੂਪ ਹੈ, ਉਸ ਮੇਂ ਹਮੇਸ਼ਾ ਕੇ ਲੀਏ ਲੀਨ ਹੋ ਜਾਉ"[101]

ਮਨ ਆਪਣੀ ਅਸਲੀ ਸਥਿਤੀ ਵਿਚ ਜਦੋਂ ਆ ਜਾਂਦਾ ਹੈ ਤਾਂ ਉਸ ਸਥਿਤੀ ਨੂੰ ਸਹਿਜ ਇਸੇ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਉਸ ਸਥਿਤੀ ਵਿਚ ਮਨ ਵਿਚਾਰਾਂ ਜਾਂ ਪ੍ਰਤੀ ਵਿਚਾਰਾਂ ਵਿਚ ਨਹੀਂ ਵਿਚਰਦਾ ਬਲਕਿ ਆਪਣੀ ਅਡੋਲ ਸਥਿਤੀ ਵਿਚ ਸਥਿਰ ਰਹਿੰਦਾ ਹੈ।

---

101. ਸੰਤ ਈਸ਼ਰ ਸਿੰਘ ਜੀ, ਉਹੀ, ਪੰਨਾ, 156.

ਸਹਿਜ ਵਿਚ ਆਇਆ ਮਨ ਹੀ ਗੁਰੂ ਦੀ ਸਿੱਖਿਆ ਨੂੰ ਸੁਰਤ ਕਰਕੇ ਸੁਣੇਗਾ। ਸਹਿਜ ਵਿਚ ਆਇਆ ਮਨ ਹੀ ਗੁਰੂ ਦੀ ਸਿੱਖਿਆ-ਦੀਖਿਆ ਦਾ ਅਸਲੀ ਮਤਲਬ ਸਮਝ ਸਕੇਗਾ, ਸਹਿਜ ਵਿਚ ਆਇਆ ਮਨ ਹੀ ਗੁਰੂ ਦੇ ਸ਼ਬਦ ਨਾਲ ਆਪਣੀ ਸੁਰਤ ਨੂੰ ਜੋੜ ਕੇ ਗੁਰੂ ਦੇ ਸ਼ਬਦ ਨੂੰ ਕਮਾਏਗਾ। ਕਿਉਂਕਿ ਉਹ ਆਪਣੇ ਆਪ ਨੂੰ ਸੰਸਾਰੀ ਭੁਲੇਖਿਆਂ ਵਿਚ ਹਿੱਲਣ ਨਹੀਂ ਦੇਵੇਗਾ। ਮਨ ਕੇਵਲ ਉਦੋਂ ਹੀ ਆਪਣੇ ਆਪ ਨੂੰ ਸ਼ਬਦ ਰੂਪ ਕਰ ਸਕੇਗਾ, ਪਰ ਉਹ ਤਾਂ ਜੇ ਉਹ ਸਹਿਜ ਅਵਸਥਾ ਵਿਚ ਰਹੇਗਾ। ਜਦੋਂ ਮਨ ਸਹਿਜ ਵਿਚ ਆ ਕੇ ਗੁਰੂ ਦੇ ਸ਼ਬਦ ਨੂੰ ਸੁਣਨਾ ਸ਼ੁਰੂ ਕਰਦਾ ਹੈ ਤਾਂ ਉਹ ਨਾਲ ਦੀ ਨਾਲ ਸੰਸਾਰ ਵਲੋਂ ਉਲਟਣਾ ਵੀ ਸ਼ੁਰੂ ਹੋ ਜਾਂਦਾ ਹੈ। ਉਸ ਸਹਿਜ ਅਵਸਥਾ ਵਿਚ ਜਿਥੇ ਉਸ ਨੇ ਆਪਣੇ ਆਪ ਨੂੰ ਠਹਿਰਾ ਲਿਆ ਤਾਂ ਚੇਤਨ ਹੋ ਕੇ ਉਸ ਨੂੰ ਸ਼ਬਦ ਨਾਲ ਜੋੜ ਵੀ ਲੈਂਦਾ ਹੈ। ਇਸੇ ਸੰਬੰਧ ਵਿਚ ਗੁਰੂ ਸਾਹਿਬ ਨੇ ਹਿਦਾਇਤ ਕੀਤੀ ਹੈ ਕਿ

> ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥
> ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥[102]

ਸੰਤ ਨਿੱਕਾ ਸਿੰਘ ਜੀ ਕਹਿੰਦੇ ਹਨ, "ਸੁਰਤ ਜਦ ਇਹਦੀ (ਮਨੁਖ ਦੀ) ਸੁਰ ਹੋਏਗੀ। ਇਹ ਬਿਨਾਂ ਗੁਰੂ ਤੋਂ ਨਹੀਂ ਹੋ ਸਕਦੀ, ਗੁਰੂ ਵੀ ਪੂਰਣ ਹੋਏਗਾ, ਪਰਮੇਸ਼ਰ ਰੂਪ ਹੋਏਗਾ, ਤਾਂ ਸੁਰਤ ਸੁਰ ਹੋਏਗੀ। ਸੁਰਤ ਜਦ ਸੁਰ ਹੋ ਗਈ ਤਾਂ ਇਹਦਾ ਆਰਾਧਨ ਚੱਲ ਜੂ ਗਾ ਫਿਰ ਇਹਦਾ ਨਾਮ ਚੱਲ ਜੂਗਾ। ਜਦ ਸੁਰਤ ਥੋੜੀ ਹੋਰ ਪਾਸੇ ਹੋਵੇ ਤੁਸੀਂ ਆਪ ਹੀ ਦੇਖੋ ਜੇ ਥੋੜੀ ਐਸ ਪਾਸੇ ਹੋਵੇ ਤਾਂ ਥੋਨੂੰ ਨਾਮ ਪੰਜ ਵਾਰੀ ਵੀ ਕੋਈ ਦੇ ਦੇਵੇ ਤਾਂ ਹੱਲੇਗਾ ਨਹੀਂ। ਕਿਉ? ਸੁਰਤ ਨੇ ਨਾਮ ਨਾਲ ਜੁੜਨਾ ਹੈ। ਸ਼ਬਦ ਦੇ ਨਾਲ ਸੁਰਤ ਨੇ ਇੱਕ ਹੋ ਜਾਣੈ॥"[103]

ਮਨ ਦੇ ਤਿੰਨ ਮੁੱਖ ਗੁਣ ਮੰਨੇ ਗਏ ਹਨ; ਰਜੋ, ਤਮੋ ਅਤੇ ਸਤੋ। ਇਨ੍ਹਾਂ ਗੁਣਾਂ ਕਰਕੇ ਮਨ ਕਦੇ ਸੰਸਾਰੀ ਤਾਕਤ ਹਾਸਿਲ ਕਰਨ ਵੱਲ, ਕਦੇ ਸੁਖ-ਆਰਾਮ ਇਕੱਠੇ ਕਰਨ ਵੱਲ ਅਤੇ ਕਦੇ ਆਪਣੇ ਆਪ ਨੂੰ ਗਿਆਨੀ ਧਿਆਨੀ ਸਿੱਧ ਕਰਨ ਵਿਚ ਲੱਗਿਆ ਰਹਿੰਦਾ ਹੈ। ਸਿੱਧਾਂ ਨਾਲ ਗੋਸ਼ਟਿ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਅਵਸਥਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

> ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ॥
> ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ॥[104]

ਗੁਰੂ ਅਮਰਦਾਸ ਜੀ ਨੇ ਵੀ ਮਨ ਦੀ ਇਸ ਅਵਸਥਾ ਦਾ ਜ਼ਿਕਰ ਮਨ ਦੇ ਭਰਮ ਵਿਚ ਸੁੱਤੇ ਹੋਣ ਦੇ ਤੌਰ ਤੇ ਕੀਤਾ ਹੈ:

> ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥[105]

---

102. ਗੁਰੂ ਗ੍ਰੰਥ ਸਾਹਿਬ, ਪੰਨਾ, 478.
103. ਸੰਤ ਨਿੱਕਾ ਸਿੰਘ ਜੀ, *ਉਹੀ*, ਪੰਨਾ, 41.
104. ਗੁਰੂ ਗ੍ਰੰਥ ਸਾਹਿਬ, ਪੰਨਾ, 944.
105. ਗੁਰੂ ਗ੍ਰੰਥ ਸਾਹਿਬ, ਪੰਨਾ, 920.

ਗੁਰਬਾਣੀ ਵਿਚ ਹੋਰ ਕਈ ਥਾਵਾਂ ਤੇ ਵੀ ਜ਼ਿਕਰ ਆਇਆ ਹੈ ਇਹ ਤਿੰਨੇ ਅਵਸਥਾਵਾਂ ਮਨ ਨੂੰ ਆਪਣੇ ਅਸਲੀ ਧੁਰੇ ਤੋਂ ਦੂਰ ਹੀ ਰੱਖਦੀਆਂ ਹਨ। ਇਸ ਕਰਕੇ ਇਨ੍ਹਾਂ ਤਿੰਨਾਂ ਗੁਣਾਂ ਤੋਂ ਆਪਣੇ ਆਪ ਨੂੰ ਖਾਲੀ ਕਰਕੇ ਹੀ ਮਨ ਆਪਣੀ ਅਸਲੀ ਤੇ ਮੁਢਲੀ ਅਵਸਥਾ ਵਿਚ ਆ ਸਕਦਾ ਹੈ। ਮਨ ਨੂੰ ਆਪਣੀ ਅਸਲੀ ਤੇ ਮੁਢਲੀ ਅਵਸਥਾ ਵਿਚ ਆਉਣ ਲਈ ਸੰਸਾਰ ਵੱਲੋਂ ਮੁੜਨਾ ਪੈਂਦਾ ਹੈ। ਇਸ ਬਾਰੇ ਕਿਹਾ ਗਿਆ ਹੈ:

ਤ੍ਰਿਕੁਟੀ ਛੂਟੈ ਦਸਵਾ ਦਰੁ ਖੁਲੈ ਤਾ ਮਨੁ ਖੀਵਾ ਭਾਈ॥[106]

ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਮਨ ਆਪਣਾ ਆਪਾ ਤਿਆਗ ਕੇ ਕਿਸੇ ਹੋਰ ਤੋਂ ਸੇਧ ਲਵੇ ਅਤੇ ਉਸ ਮਾਮਲੇ 'ਚ ਗੁਰੂ ਜੋ ਸਚ ਨਾਲ ਇਕ-ਮਿਕ ਹੋਇਆ ਹੋਵੇ ਉਸ ਤੋਂ ਵੱਧ ਭਰੋਸੇ ਯੋਗ ਵਸੀਲਾ ਹੋਰ ਕੋਈ ਨਹੀਂ ਹੋ ਸਕਦਾ। ਕਿਉਂਕਿ ਮਨ ਕੋਲ ਗਿਆਨ ਪ੍ਰਾਪਤ ਕਰਨ ਦੇ ਦਸ ਰਸਤੇ ਹੁੰਦੇ ਹਨ, ਪਰ ਉਨ੍ਹਾਂ ਦਸਾਂ ਵਿਚੋਂ ਨੌ ਰਸਤੇ ਜਾਂ ਦੁਆਰ ਮਨੁੱਖੀ ਸਰੀਰ ਦੇ ਬਾਹਰ ਵੱਲ ਨੂੰ ਖੁੱਲਦੇ ਹਨ ਜਿਨ੍ਹਾਂ ਨੂੰ ਆਮ ਤੌਰ ਤੇ ਗਿਆਨ ਇੰਦ੍ਰੀਆਂ ਵੀ ਕਿਹਾ ਜਾਂਦਾ ਹੈ ਅਤੇ ਕੇਵਲ ਇਕ ਹੀ ਰਸਤਾ ਐਸਾ ਹੁੰਦਾ ਹੈ ਜੋ ਸਰੀਰ ਦੇ ਅੰਦਰ ਵੱਲ ਨੂੰ ਖੁੱਲਦਾ ਹੈ ਜਿਸ ਨੂੰ ਦਸਮ ਦੁਆਰ ਕਿਹਾ ਜਾਂਦਾ ਹੈ। ਗੁਰੂ ਸਾਹਿਬ ਨੇ ਵੀ ਇਸ ਸੰਦਰਭ ਵਿਚ ਕਿਹਾ ਹੈ:

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥[107]

ਇਹੀ ਸਮਝੋ ਕਿ ਇਹ ਲੋਹੇ ਦਾ ਦਰਵਾਜ਼ਾ ਹੈ ਜੋ ਕੇਵਲ ਗੁਰੂ ਦੇ ਸ਼ਬਦ ਦੀ ਚਾਬੀ ਨਾਲ ਹੀ ਖੁੱਲ ਸਕਦਾ ਹੈ। ਇਹ ਨੌ ਦਰਵਾਜ਼ੇ ਉਸ ਨੂੰ ਗਿਆਨ ਦਿੰਦੇ ਹਨ, ਪਰ ਨਾਲ ਦੀ ਨਾਲ ਉਸ ਦੇ ਮਨ ਦੀ ਸਥਿਰਤਾ ਉਤੇ ਹਾਵੀ ਵੀ ਰਹਿੰਦੇ ਹਨ। ਇਹ ਸ੍ਰੋਤ ਜਿਨ੍ਹਾਂ ਨੂੰ ਨੌ ਦਰਵਾਜ਼ੇ ਕਿਹਾ ਗਿਆ ਹੈ ਇਹ ਮਨ ਨੂੰ ਕੇਵਲ ਆਪੇ ਤੋਂ ਬਾਹਰਲੇ ਸੰਸਾਰ ਨਾਲ ਹੀ ਜੋੜਦੇ ਹਨ, ਉਸੇ ਦਾ ਗਿਆਨ ਹੀ ਦਿੰਦੇ ਹਨ, ਜੋ ਆਮ ਤੌਰ ਤੇ ਮਨ ਨੂੰ ਵਿਚਿਲਤਾ ਦੀ ਸਥਿਤੀ ਵਿਚ ਘੇਰੀ ਰੱਖਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਜਿਸ ਨੇ ਇਹਨਾਂ ਨੌ ਦਰਵਾਜਿਆਂ ਦੇ ਅਸਰ ਤੋਂ ਮਨ ਨੂੰ ਕਾਬੂ ਕਰ ਲਿਆ ਉਸ ਨੇ ਆਪਣੇ ਅੰਦਰੋਂ ਹੀ ਅਸਲੀ ਸੁਖ ਦੀ ਪ੍ਰਾਪਤੀ ਕਰ ਲਈ। ਕਿਉਂਕਿ ਉਹੀ ਅਸਲੀ ਸਾਧੂ ਹੁੰਦਾ ਹੈ। ਇਸ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਦਰਜ਼ ਹੈ:

ਗੁਰਮੁਖਿ ਅੰਤਰਿ ਸਹਜੁ ਹੈ
ਮਨੁ ਚੜਿਆ ਦਸਵੈ ਆਕਾਸਿ॥
ਤਿਥੈ ਊਂਘ ਨ ਭੁਖ ਹੈ
ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥

---

106. ਗੁਰੂ ਗ੍ਰੰਥ ਸਾਹਿਬ, ਪੰਨਾ, 1123.
107. *ਉਹੀ*, ਪੰਨਾ, 954.

ਨਾਨਕ ਦੁਖੁ ਸੁਖੁ ਵਿਆਪਤ ਨਹੀਂ
ਜਿਥੈ ਆਤਮ ਰਾਮ ਪ੍ਰਗਾਸੁ ॥[108]

ਜਿਸ ਨੇ ਗਿਆਨ ਇੰਦ੍ਰੀਆਂ ਰੂਪੀ ਨੌਂ ਦਰਵਾਜ਼ਿਆਂ ਤੋਂ ਆਪਣੇ ਮਨ ਨੂੰ ਸੰਕੋਚ ਕੇ ਆਪਣੇ ਆਪ ਨੂੰ ਗੁਰੂ ਦੇ ਸ਼ਬਦ ਨਾਲ ਜੋੜ ਲਿਆ ਅਤੇ ਫਲਸਰੂਪ ਜਿਸ ਦੇ ਅੰਦਰੋਂ ਅਨਹਤ ਬਾਣੀ ਪ੍ਰਗਟ ਹੋ ਗਈ, ਪਰ ਉਸ ਨੂੰ ਉਸ ਅਵਸਥਾ ਵਿਚ ਲਿਆਉਣ ਲਈ ਗੁਰੂ ਦੀ ਸ਼ਰਨ ਵਿਚ ਜਾ ਕੇ ਆਪਾ ਸਮਰਪਿਤ ਕਰਨਾ ਪੈਂਦਾ ਹੈ। ਮਨ ਆਪਣੇ ਆਪ ਨੂੰ ਸੁਰਤ ਨਾਲ ਗੁਰੂ ਦੇ ਸ਼ਬਦ ਵਿਚ ਜੋੜ ਕੇ ਸਥਿਤ ਕਰ ਲੈਂਦਾ ਹੈ। ਇਸੇ ਹੀ ਖਿਆਲ ਨੂੰ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਵਾਰਤਾਲਾਪ ਕਰਦੇ ਹੋਏ ਇਸ ਤਰ੍ਹਾਂ ਕਿਹਾ ਹੈ ਕਿ

ਨਉ ਸਰ ਸੁਭਰ ਦਸਵੈ ਪੂਰੇ ॥ ਤਹ ਅਨਹਤ ਸੁੰਨ ਵਜਾਵਹਿ ਤੂਰੇ ॥
ਸਾਚੈ ਰਾਚੇ ਦੇਖਿ ਹਜੂਰੇ ॥ ਘਟਿ ਘਟਿ ਸਾਚੁ ਰਹਿਆ ਭਰਪੂਰੇ ॥
ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥[109]

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਨੌਂ ਦੇਹੀ ਦੇ ਦਰਵਾਜ਼ੇ ਹਨ, ਪਰ ਦਸਵੇਂ ਦੁਆਰ ਤੇ ਪਹੁੰਚ ਕੇ ਹੀ ਮਨੁੱਖੀ ਮਨ ਦੀ ਸੰਪੂਰਨਤਾ ਹੁੰਦੀ ਹੈ। ਜਦੋਂ ਇਕ ਧਿਆਨ ਹੋ ਕੇ ਮਨ ਆਪਣੇ ਆਪ ਨੂੰ ਸ਼ਬਦ ਤੇ ਕੇਂਦ੍ਰਿਤ ਕਰਦਾ ਹੈ ਤਾਂ ਉਸ ਨੂੰ ਆਪਣੇ ਅੰਦਰੋਂ ਅਨਹਤ ਸ਼ਬਦ ਸੁਣਾਈ ਦੇਣ ਲੱਗਦਾ ਹੈ। ਉਸੇ ਸਥਾਨ ਨੂੰ ਦਸਵਾਂ ਦੁਆਰ ਕਹਿੰਦੇ ਹਨ। ਜਿਸ ਦਾ ਇਹ ਵੀ ਮਤਲਬ ਨਿਕਲਦਾ ਹੈ ਕਿ ਉਹ ਸ਼ਬਦ ਦੇਹੀ ਦੀਆਂ ਬਾਕੀ ਗਿਆਨ ਇੰਦ੍ਰੀਆਂ ਜਿਵੇਂ ਨੱਕ, ਕੰਨ, ਜੀਭ, ਚਮੜੀ, ਅੱਖਾਂ ਆਦਿ ਦੇ ਦਾਇਰੇ ਵਿਚ ਨਹੀਂ ਆਉਂਦਾ। ਉਹੀ ਸਰੀਰ ਵਿਚ ਸਥਿਤ ਨਾਮ ਜਾਂ ਸ਼ਬਦ ਹੈ। ਉਹ ਗੁਰੂ ਦੀ ਕ੍ਰਿਪਾ ਨਾਲ ਇੰਦ੍ਰੀਆਂ ਦੇ ਸੰਯਮ ਅਤੇ ਨਾਮ ਦੀ ਸਾਧਨਾ ਤੋਂ ਬਾਅਦ ਪੈਦਾ ਹੋਈ ਸਥਿਤੀ ਹੈ। ਉਸੇ ਸਥਿਤੀ ਵਿਚ ਮਨ ਨਾਮ ਨਾਲ ਇਕ-ਮਿਕ ਹੋਇਆ ਰਹਿੰਦਾ ਹੈ। ਇਥੇ ਹੀ ਸਥਿਤ ਹੋਇਆ ਮਨ ਪ੍ਰਭੂ ਦੇ ਦਰਸ਼ਨ ਕਰਨ ਦੇ ਕਾਬਿਲ ਹੋ ਸਕਦਾ ਹੈ। ਇਸੇ ਸਥਿਤੀ ਵਿਚ ਉਸ ਨੂੰ ਇਹ ਸਚ ਪਰਤੀਤ ਹੋ ਜਾਂਦਾ ਹੈ ਕਿ ਜੋ ਸ਼ਬਦ ਉਸ ਦੇ ਅੰਦਰ ਵੱਜ ਰਿਹਾ ਹੈ ਉਹੀ ਸ਼ਬਦ ਉਸ ਨੂੰ ਘਟ-ਘਟ ਵਿਚ ਵੱਜਦਾ ਸੁਣਾਈ ਦੇਣ ਲੱਗ ਪੈਂਦਾ ਹੈ। ਜੋ ਗੁਪਤ ਸ਼ਬਦ ਮੰਨਿਆ ਜਾਂਦਾ ਹੈ ਉਹ ਉਥੇ ਪ੍ਰਗਟ ਹੋ ਜਾਂਦਾ ਹੈ। ਜਿਸ ਨੂੰ ਦਸਵੇਂ ਦੁਆਰ ਤੋਂ ਗਿਆਨ ਮਿਲਿਆ ਉਸ ਨੂੰ ਸਚ ਦੀ ਪਛਾਣ ਹੋ ਜਾਂਦੀ ਹੈ। ਇਹੀ ਕਾਰਣ ਹੈ ਕਿ ਦਸਵੇਂ ਦੁਆਰ ਨੂੰ ਹੀ ਮੁਕਤ ਦੁਆਰ ਵੀ ਕਿਹਾ ਜਾਂਦਾ ਹੈ ਅਤੇ ਮਨ ਦੀ ਇਸ ਸਥਿਤੀ ਨੂੰ ਮਨੁੱਖ ਲਈ ਮੁਕਤ ਅਵਸਥਾ ਦਾ ਨਾਮ ਦਿੱਤਾ ਗਿਆ ਹੈ।

ਇਹ ਸਥਿਤੀ ਪ੍ਰਾਪਤ ਕਰਨ ਲਈ ਸੰਤ ਈਸ਼ਰ ਸਿੰਘ ਜੀ ਲਿਖਦੇ ਹਨ ਕਿ

ਪਹਿਲਾਂ ਗੁਰੂ ਕੇ ਸਥੂਲ ਸਰੂਪ ਕਾ ਧਿਆਨ ਔਰ ਨਾਮ ਗੁਰਮੰਤ੍ਰ ਕਾ ਅਭਿਆਸ ਕਰੀਏ। ਸਿਮਰਨ ਜਬਾਨ ਔਰ ਖਿਆਲ ਸੇ ਕੀਆ ਜਾਤਾ ਹੈ। ਇਸ ਸੇ ਬਿਰਤੀ ਕੀ ਸ਼ੁਧੀ ਔਰ ਇਕਾਗਰਤਾ ਹੋਗੀ ਔਰ ਅਨੰਦ ਭੀ ਆਵੇਗਾ ਔਰ ਕੁਛ ਦੇਰ ਮੇਂ ਅਨਹਦ ਸ਼ਬਦ ਸੁਨਾਈ

108. *ਉਹੀ*, ਪੰਨਾ, 1414.
109. ਗੁਰੂ ਗ੍ਰੰਥ ਸਾਹਿਬ, ਪੰਨਾ, 943-44.

ਦੇਨੇ ਲਗ ਜਾਵੇਗਾ। ਫਿਰ ਸਿਮਰਨ ਔਰ ਧਿਆਨ ਕੋ ਛੋੜ ਕਰ ਬਿਰਤੀ ਕੋ ਅਨਹਦ ਸ਼ਬਦ ਸੁਨਨੇ ਕਾ ਅਭਿਆਸ ਕਰਨਾ ਪੜਤਾ ਹੈ ਜਿਸ ਸੇ ਸ਼ਬਦ ਕੀ ਅਵਾਜ਼ ਬੜ੍ਹਤੀ ਬੜ੍ਹਤੀ ਔਰ ਯਕਸੂਈ ਬੜ੍ਹਤੀ ਹੂਈ ਵੁਹੀ ਸ਼ਬਦ ਪਾਂਚ ਕਿਸਮ ਕਾ ਸੁਨਾਈ ਦੇਨੇ ਲਗ ਜਾਵੇਗਾ ਔਰ ਬਿਰਤੀ ਉਸ ਸ਼ਬਦ ਕੋ ਪਕੜ ਕਰ ਉਪਰ ਕੋ ਸਚਖੰਡ ਕੋ ਚੜ੍ਹਦੀ ਜਾਵੇਗੀ। ਬਹੁਤ ਸਾਰੇ ਮੁਕਾਂਮਤ ਤੈਅ ਕਰਕੇ ਜੋ ਕਿ ਰਾਸਤਾ ਮੈਂ ਹੈਂ, ਜਿਨ ਮੇਂ ਰੌਸ਼ਨੀਆਂ ਔਰ ਬਹੁਤ ਸਾਰੇ ਨਜ਼ਾਰੇ ਭੀ ਹੈਂ। ਅਖੀਰ ਕੋ ਅਗਮ ਲੋਕ ਮੇਂ ਜਾਕਰ ਆਪਾ ਗੰਵਾ ਕਰ ਲੀਨ ਹੋ ਜਾਵੇਗੀ। ਅਫੁਰ ਔਰ ਨਿਰਵਿਕਲਪ ਵਾਹਿਗੁਰੂ ਹੀ ਬਾਕੀ ਰਹੇਗਾ। ਜਿਸਮ ਸੇ ਊਪਰ ਉਠ ਕਰ ਆਤਮਾ ਮੇਂ ਲੀਨ ਹੋ ਜਾਵੇਗੀ। ਦੁਖੋਂ ਸੇ ਬਰੀ ਮੁਕਤ ਅਵਸਥਾ ਪ੍ਰਾਪਤਿ ਹੋਵੇਗੀ।[110]

ਦਸਮ ਦੁਆਰ ਨੂੰ ਗੁਪਤ ਦੁਆਰ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਦਾ ਗਿਆਨ ਅਤੇ ਸਮਝ ਆਮ ਗਿਆਨ ਅਤੇ ਆਮ ਸਮਝ ਦੀ ਪਕੜ ਤੋਂ ਪਰ੍ਹੇ ਹੈ। ਇਸ ਤੋਂ ਇਹ ਸਮਝ ਆਉਂਦੀ ਹੈ ਕਿ ਅਨਹਦ ਨਾਦ ਜਾਂ ਸ਼ਬਦ ਦਾ ਸੁਣਾਈ ਦੇਣਾ ਪ੍ਰਭੂ ਦੀ ਆਪਣੀ ਆਵਾਜ਼ ਦਾ ਸੁਣਾਈ ਦੇਣਾ ਹੁੰਦਾ ਹੈ। ਸੁਖਮਨੀ ਸਾਹਿਬ ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਮਿਲਦਾ ਹੈ:

ਜੈ ਜੈ ਸਬਦੁ ਅਨਾਹਦੁ ਵਾਜੈ
ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥[111]

ਅਤੇ

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਉਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥[112]

ਇਹ ਸੰਸਾਰੀ ਗਿਆਨ ਦੀ ਅਵਸਥਾ ਤੋਂ ਭਿੰਨ ਸਥਿਤੀ ਹੁੰਦੀ ਹੈ। ਸੰਤ ਈਸ਼ਰ ਸਿੰਘ ਜੀ ਲਿਖਦੇ ਹਨ ਕਿ ਸੁਰਤ ਸ਼ਬਦ ਦੇ ਮਾਰਗ ਦੁਆਰਾ ਜਿਸ ਵਕਤ ਨੌਂ ਗੋਲਕੋਂ ਕੋ ਤਿਆਗ ਕਰ ਦਸਵੇਂ ਦੁਆਰ ਇਸਥਿਤ ਪਾਤਾ ਹੈ, ਉਸ ਵਕਤ ਯਹ ਦ੍ਰਿਸ਼ ਜੋ ਕਿ ਮਨ ਕੀ ਕਲਪਨਾ ਸੇ ਜ਼ਿਆਦਾ ਕੁਛ ਭੀ ਨਹੀਂ, ਉਸ ਕਾ ਬਿਲਕੁਲ ਅਭਾਵ ਹੋ ਕਰ, ਆਤਮ ਵਸਤੂ ਜੋ ਕਿ ਦ੍ਰਿਸ਼ ਸੇ ਬਿਲਕੁਲ ਊਪਰ ਹੈ, ਮੇਂ ਇਸਥਿਤ ਹੋਤੀ ਹੈ।

ਜਹਾਂ ਨਾ ਜਨਮ ਹੈ, ਨਾ ਮਰਨ ਹੈ ਔਰ ਨਾ ਬਚਪਨ, ਨਾ ਜੁਆਨੀ, ਨਾ ਬੁਢਾਪਾ ਹੈ। ਨਾ ਬਢਨਾ ਔਰ ਨਾ ਘਟਨਾ ਹੀ ਹੈ। ਤੀਨ ਤਾਪ ਵਹਾਂ ਨਹੀਂ ਹੈਂ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ। ਸ਼ਬਦ, ਸਪਰਸ਼, ਰੂਪ, ਰਸ, ਗੰਧ। ਆਸ਼ਾ, ਤ੍ਰਿਸ਼ਨਾ, ਚਿੰਤਾ। ਅਵਿੱਦਿਆ, ਅਸਮਤਾ, ਰਾਗੁ ਦ੍ਵੈਸ਼, ਅਭਿੰਨਵੇਸ਼। ਸੁਖ, ਦੁਖ, ਖੁਸ਼ੀ, ਗਮੀ, ਮਾਨ, ਅਪਮਾਨ ਵਗੈਰਾ ਵਗੈਰਾ ਜੋ ਦਵੰਦ ਹੈ ਵਹਾਂ ਬਿਲਕੁਲ ਅਭਾਵ ਰੂਪ ਹੈ ਔਰ ਸਤਿ-ਚਿਤ-ਅਨੰਦ ਕਾ ਸਾਗਰ ਹੈ।[113]

110. ਸੰਤ ਈਸ਼ਰ ਸਿੰਘ, ਈਸ਼ ਰ ਅਮੋਲਕ ਲਾਲ, ਪੰਨਾ, 18.
111. ਗੁਰੂ ਗ੍ਰੰਥ ਸਾਹਿਬ, ਪੰਨਾ, 295.
112. ਗੁਰੂ ਗ੍ਰੰਥ ਸਾਹਿਬ, ਪੰਨਾ, 974.
113. ਸੰਤ ਈਸ਼ਰ ਸਿੰਘ, ਈਸ਼ ਰ ਅਮੋਲਕ ਲਾਲ, ਪੰਨਾ, 57.

ਇਸੇ ਕਰਕੇ ਗੁਰੂ ਸਾਹਿਬ ਨੇ ਬਹੁਤ ਜ਼ੋਰ ਦੇ ਕੇ ਕਿਹਾ ਹੈ ਕਿ ਮਨ ਨੂੰ ਹੀ ਉਸ ਦੇ ਔਗੁਣਾਂ ਤੋਂ ਰਹਿਤ ਕਰਕੇ ਗੁਰਸ਼ਬਦ ਨਾਲ ਜੋੜ ਕੇ ਆਤਮਾ ਦੀ ਸਹੀ ਸਥਿਤੀ ਨਿਰਧਾਰਿਤ ਕੀਤੀ ਜਾ ਸਕਦੀ ਹੈ।

ਇਸ ਤਕ ਦਾ ਵਿਸਥਾਰ ਗੁਰੂ ਨਾਨਕ ਦੇਵ ਜੀ ਅਤੇ ਸਿੱਧਾਂ ਵਿਚਾਲੇ ਹੋਏ ਸੰਵਾਦ ਤੋਂ ਇਸ ਤਰ੍ਹਾਂ ਮਿਲਦਾ ਹੈ:

ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨ ਅਧਾਰੋ॥
ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ॥
ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ॥
ਗੁਰਮੁਖਿ ਸਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ॥
ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ॥[114]

ਜਦੋਂ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਕਿ ਜਿਸ ਸ਼ਬਦ ਦੀ ਤੁਸੀਂ ਗੱਲ ਕਰਦੇ ਹੋ ਜਿਸ ਨੂੰ ਪ੍ਰਾਪਤ ਕਰਕੇ ਸੰਸਾਰ ਰੂਪੀ ਅਗਨ ਦੇ ਸਾਗਰ ਨੂੰ ਤਰਿਆ ਜਾ ਸਕਦਾ ਹੈ ਉਸ ਦਾ ਵਾਸ ਕਿਥੇ ਹੈ? ਜੋ ਤੁਸੀਂ ਤਿੰਨ ਅਤੇ ਸੱਤ ਉਂਗਲਾਂ ਵਾਯੂ ਦੀ ਗੱਲ ਕਰਦੇ ਹੋ ਉਸ ਬਾਰੇ ਦੱਸੋ ਅਤੇ ਸਮਝਾਉ ਕਿ ਉਸ ਦਾ ਆਧਾਰ ਕੀ ਹੈ? ਇਹ ਵੀ ਦੱਸੋ ਕਿ ਉਸ ਅਲਖ ਪ੍ਰਭੂ ਨੂੰ ਕਿਵੇਂ ਸਮਝਿਆ ਜਾਵੇ ਜੋ ਬੋਲਦਾ ਵੀ ਹੈ ਅਤੇ ਖੇਲਦਾ ਵੀ ਹੈ? ਬਾਲਕ ਨਾਥ ਸਿੱਧ ਨੇ ਕਿਹਾ; ਹੇ ਨਾਨਕ ਜੀ! ਇਹ ਮਨ ਸ਼ਬਦ ਦੇ ਸਚ ਨੂੰ ਕਿਸ ਤਰ੍ਹਾਂ ਸਮਝੇ ਤਾਂ ਕਿ ਗੁਰੂ ਦੇ ਸਚੇ ਸ਼ਬਦ ਨਾਲ ਇਸ ਮਨ ਦੀ ਲਿਵ ਲੱਗ ਜਾਵੇ ਜਿਸ ਕਰਕੇ ਮਿਹਰ ਦੀ ਨਦਰਿ ਨਾਲ ਗੁਰੂ ਪ੍ਰਭੂ ਨਾਲ ਮਿਲਾ ਦੇਵੇ। ਇਹ ਦੱਸੋ ਕਿ ਕਿਹੜੇ ਭਾਗਾਂ ਨਾਲ ਉਹ ਜੋ ਮਹਾਨ ਦਾਨੀ, ਮਹਾਨ ਸਿਆਣਾ ਹੈ ਪਰਮੇਸ਼ਰ ਹੈ ਉਸ ਵਿਚ ਸਮਾਇਆ ਜਾਵੇ?

ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ॥
ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ॥
ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ॥
ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ॥
ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ॥
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ॥[115]

ਇਸ ਦੇ ਜੁਆਬ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਜੋ ਤਿੰਨ ਅਤੇ ਸੱਤ ਉਂਗਲਾਂ ਵਾਯੂ ਹੈ ਉਹ ਸੁੰਨ ਵਿਚ ਸਥਿਤ ਹੈ ਅਤੇ ਉਸ ਦਾ ਆਹਾਰ ਸਚ ਹੈ। ਉਨ੍ਹਾਂ ਕਿਹਾ ਕਿ ਨਾਭੀ ਅਤੇ ਹਿਰਦੇ ਦੇ ਵਿਚਕਾਰਲੀ ਜਗ੍ਹਾ ਜੋ ਪੋਲੀ ਜਗ੍ਹਾ ਹੈ ਉਹੀ ਸੁੰਨ ਹੈ, ਪਰ ਜਦੋਂ ਮਨ ਗੁਰਮੁਖ ਹੋ ਕੇ, ਗੁਰੂ ਦਾ ਉਪਦੇਸ਼ ਲੈ ਕੇ, ਗੁਰੂ ਦੇ ਸ਼ਬਦ ਨਾਲ ਉਸ ਵਾਯੂ ਤੱਤ ਨੂੰ ਉਸ

114. ਗੁਰੂ ਗ੍ਰੰਥ ਸਾਹਿਬ, ਪੰਨਾ, 944.
115. ਗੁਰੂ ਗ੍ਰੰਥ ਸਾਹਿਬ, ਪੰਨਾ, 944.

ਪੋਲ ਵਿਚ ਸ਼ਬਦ ਦੀ ਮਧਾਣੀ ਨਾਲ ਰਿੜਕੇ ਅਤੇ ਜਿਵੇਂ ਦਹੀਂ ਨੂੰ ਰਿੜਕਦੇ-ਰਿੜਕਦੇ ਘਿਉ ਨਿਕਲ ਆਉਂਦਾ ਹੈ ਉਸੇ ਤਰ੍ਹਾਂ ਉਸ ਸੁੰਨ ਪੋਲ ਵਿਚ ਵਾਯੂ ਨੂੰ ਰਿੜਕਦੇ-ਰਿੜਕਦੇ ਪਰਮੇਸ਼ਰ ਦੇ ਦਰਸ਼ਨ ਹੋ ਜਾਂਦੇ ਹਨ। ਫਿਰ ਹੀ ਮਨ ਪਰਮੇਸ਼ਰ ਨੂੰ ਸਮਝਦਾ ਹੈ, ਪਰ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਮਹਾਂਪੁਰਖੋ ! ਇਸ ਵਾਯੂ ਨੂੰ ਰਿੜਕਣ ਦੀ ਇਕ ਵਿਧੀ ਹੈ। ਉਹ ਇਸ ਤਰ੍ਹਾਂ ਕਿ ਪਹਿਲਾਂ ਤਾਂ ਮਨ ਭੁੱਖ, ਪਿਆਸ, ਨੀਂਦ ਅਤੇ ਕਾਮਨਾਵਾਂ ਦਾ ਸੰਯਮ ਕਰੇ। ਫਿਰ ਇਨ੍ਹਾਂ ਦੇ ਸੰਯਮ ਨਾਲ ਜੋ ਤਿੰਨ ਗੁਣ ਹਨ; ਰਾਜਸ, ਤਾਮਸ, ਸਾਤਕ ਉਨ੍ਹਾਂ ਨੂੰ ਆਪਣੇ ਆਪ ਤੋਂ ਦੂਰ ਕਰੇ। ਕਿਉਂਕਿ ਜਦੋਂ ਇਹ ਮਨ ਸਾਤਕ ਗੁਣ ਵਿਚ ਆਉਂਦਾ ਹੈ ਤਾਂ ਆਪਣੇ ਆਪ ਨੂੰ ਗਿਆਨੀ-ਧਿਆਨੀ ਮੰਨਣ ਲੱਗ ਜਾਂਦਾ ਹੈ। ਜਦੋਂ ਇਹ ਰਾਜਸ ਗੁਣ ਵਿਚ ਆਉਂਦਾ ਹੈ ਤਾਂ ਉਦਮੀ ਹੋ ਜਾਂਦਾ ਹੈ ਅਤੇ ਇਸ਼ਟ, ਮਿਤ੍ਰ, ਪੁੰਨ, ਦਾਨ, ਤਟ-ਤੀਰਥ, ਸੁਕਰਮ, ਘਰ, ਬਾਗ, ਮਿਲਖ, ਲੱਛਮੀ ਆਦਿ ਵਿਚ ਵੱਸ ਜਾਂਦਾ ਹੈ ਅਤੇ ਆਪਣੇ ਆਪ ਨੂੰ ਕਰਤਾ ਮੰਨ ਕੇ ਬੈਠ ਜਾਂਦਾ ਹੈ। ਜਦੋਂ ਤਾਮਸ ਗੁਣ ਵਿਚ ਆਉਂਦਾ ਹੈ ਤਾਂ ਵੇਦ-ਸ਼ਾਸਤ੍ਰ, ਸ਼ਬਦ, ਸਾਖੀ ਅਤੇ ਗੁਰੂ ਦਾ ਕਹਿਆ, ਸਾਧਾਂ ਦਾ ਉਪਦੇਸ਼ ਆਦਿ ਇਨ੍ਹਾਂ ਸਾਰੀਆਂ ਗੱਲਾਂ ਨਾਲ ਨਹੀਂ ਜੁੜਦਾ ਬਲਕਿ ਇਨ੍ਹਾਂ ਸਭਨਾਂ ਨੂੰ ਉਲੰਘ ਕੇ ਬੁਰੇ ਕਰਮ ਕਰਦਾ ਹੈ। ਉਥੇ ਉਨ੍ਹਾਂ ਬੁਰੇ ਕਰਮਾਂ ਦਾ ਕਰਤਾ ਹੋ ਕੇ ਬੈਠ ਜਾਂਦਾ ਹੈ। ਮਨ ਦੀ ਬ੍ਰਿਤੀ ਜੋ ਇਨ੍ਹਾਂ ਵਿਚ ਫਸੀ ਹੋਈ ਹੁੰਦੀ ਹੈ ਉਸੇ ਨੂੰ ਹੀ ਮਨ ਤੋਂ ਦੂਰ ਕਰਨਾ ਹੁੰਦਾ ਹੈ, ਪਰ ਇਹ ਤਿੰਨੇ ਗੁਣ ਮਨ ਤੋਂ ਕਿੰਜ ਮਿਟਣ ਉਸ ਲਈ ਉਨ੍ਹਾਂ ਕਿਹਾ ਕਿ ਜੋ ਸ਼ਬਦ ਪਰਮੇਸ਼ਰ ਦਾ ਮਨ ਅੰਦਰ ਚੱਲ ਰਿਹਾ ਹੈ 'ਸੋਹੰ' ਜਿਸ ਦਾ ਅਰਥ ਹੈ 'ਸੋ ਉਹ' ਉਹ ਜੋ ਪਰਮੇਸ਼ਰ ਹੈ ਜੋ ਸਾਰੇ ਸੰਸਾਰ ਤੋਂ ਨਿਰਲੇਪ ਹੈ ਇਹ ਉਸ ਦਾ ਸ਼ਬਦ ਹੈ ਹੋਰ ਕਿਸੇ ਦਾ ਨਹੀਂ। ਉਸੇ ਨੂੰ ਹੀ ਸਭ ਕੁਝ ਦਾ ਕਰਤਾ ਸਮਝੇ ਅਤੇ ਆਪਣੇ ਆਪ ਨੂੰ ਕੁਝ ਨਾ ਸਮਝੇ। ਆਪਣੇ ਮਨ ਨੂੰ ਹਮੇਸ਼ਾਂ ਉਸ ਸ਼ਬਦ ਨਾਲ ਜੋੜ ਕੇ ਰੱਖੇ। ਸਦਾ ਚੱਲਦੇ ਫਿਰਦੇ, ਬੈਠੇ, ਸੌਂਦੇ, ਜਾਗਦੇ, ਖਾਂਦੇ, ਪੀਂਦੇ, ਬੋਲਦੇ ਅਤੇ ਚੁੱਪ ਕੀਤੇ ਉਸੇ ਸ਼ਬਦ ਵਿਚ ਆਪਣਾ ਪੂਰਾ ਧਿਆਨ ਜੋੜ ਕੇ ਉਸ ਨੂੰ ਆਪਣੇ ਅੰਦਰੋਂ ਸੁਣੇ। ਉਸੇ ਸੁਣਨ ਨਾਲ ਆਪਣੇ ਆਪ ਨੂੰ ਜੋੜ ਛੱਡੇ। ਆਪਣੇ ਆਪੇ ਨੂੰ ਵਿਚੋਂ ਦੂਰ ਕਰ ਛੱਡੇ। ਫਿਰ ਇਸ ਮਨ ਨੂੰ ਪਾਪ ਅਤੇ ਪੁੰਨ ਨਹੀਂ ਚੰਬੜ ਸਕਦੇ। ਇਹ ਸੰਸਾਰ ਦੇ ਬੰਧਨਾਂ ਤੋਂ ਨਿਰਲੇਪ ਹੋ ਜਾਵੇਗਾ। ਮਨ ਵਿਚੋਂ ਹੰਕਾਰ ਖ਼ਤਮ ਹੋ ਜਾਵੇਗਾ। ਤਾਂ ਮਨ ਜਾਣ ਜਾਵੇਗਾ ਕਿ ਕਰਤਾ ਕੋਈ ਹੋਰ ਹੈ ਮੈਂ ਕੁਝ ਵੀ ਨਹੀਂ ਹਾਂ, ਸਭ ਕੁਝ ਉਹ ਕਰਤਾ ਆਪ ਹੀ ਹੈ। ਤਾਂ ਫਿਰ ਮਨੁੱਖ ਨੂੰ ਆਪਣੀ ਦੇਹੀ ਵਿਚ ਭੀ ਅਤੇ ਸਾਰੇ ਬ੍ਰਹਿਮੰਡ ਵਿਚ ਭੀ ਇਕੋ ਪਰਮੇਸ਼ਰ ਨਜ਼ਰ ਆਏਗਾ। ਤਦ ਉਹ ਸਚ ਨਾਲ, ਉਸ ਪਰਮੇਸ਼ਰ ਨਾਲ ਇਸ ਦਾ ਪਿਆਰ ਜਾਗੇਗਾ। ਜਦ ਇਹ ਤਿੰਨ ਪ੍ਰਮੁੱਖ ਨਾੜੀਆਂ; ਇੜਾ, ਪਿੰਗਲਾ ਅਤੇ ਸੁਖਮਨਾ ਨੂੰ ਸਮਝੇ ਤਾਂ ਹੀ ਇਸ ਨੂੰ ਪਰਮੇਸ਼ਰ ਬਾਰੇ ਸਮਝ ਆਉਂਦੀ ਹੈ। ਇਹ ਤਿੰਨ ਕੀ ਹਨ? ਇਹ ਅਸਲ ਵਿਚ ਸਰੀਰ ਦੀਆਂ ਤਿੰਨ ਨਾੜੀਆਂ ਹਨ ਜਿਨ੍ਹਾਂ ਦਾ ਮੂਲ ਨਾਭੀ ਵਿਚ ਹੈ। ਅਸਲ ਵਿਚ ਇਹ ਤਿੰਨੋ ਸ਼ਾਖਾਵਾਂ ਹਨ। ਇਕ ਨਾੜੀ ਖੱਬੇ ਪਾਸੇ, ਇਕ ਸੱਜੇ ਪਾਸੇ ਅਤੇ ਇਕ ਵਿਚਕਾਰ ਹੁੰਦੀ ਹੈ। ਜੋ ਖੱਬੇ ਪਾਸੇ ਦੀ ਨਾੜੀ ਹੁੰਦੀ ਹੈ ਉਸ ਵਿਚ ਅਗਨੀ ਦਾ ਵਾਸਾ ਹੁੰਦਾ ਹੈ ਜੋ ਖਾਣੇ ਨੂੰ ਪਚਾਉਂਦੀ ਹੈ। ਉਸ ਨਾੜੀ ਨੂੰ ਇੜਾ ਕਹਿੰਦੇ ਹਨ। ਸੱਜੇ ਪਾਸੇ ਵਾਲੀ ਨਾੜੀ ਵਿਚ ਜਲ ਚੱਲਦਾ ਹੈ ਇਸ ਨੂੰ ਪਿੰਗਲਾ ਕਹਿੰਦੇ ਹਨ। ਵਿਚਕਾਰਲੀ ਨਾੜੀ ਵਿਚ

ਪਉਣ ਹੁੰਦੀ ਹੈ ਇਸ ਨੂੰ ਸੁਖਮਨਾ ਕਿਹਾ ਜਾਂਦਾ ਹੈ। ਇਨ੍ਹਾਂ ਤਿੰਨਾਂ ਦਾ ਆਧਾਰ ਨਾਭੀ ਵਿਚ ਹੁੰਦਾ ਹੈ। ਇਹ ਤਿੰਨੋ ਨਾੜੀਆਂ ਤਿੰਨ ਸ਼ਾਖਾਵਾਂ ਹੋ ਕੇ ਮੁੜ ਤ੍ਰਿਕੁਟੀ ਵਿਚ ਇਕੱਠੀਆਂ ਹੁੰਦੀਆਂ ਹਨ। ਜਦੋਂ ਮਨ ਇਨ੍ਹਾਂ ਨਾੜੀਆਂ ਦੇ ਭੇਦ ਨੂੰ ਸਮਝ ਕੇ ਸੁਰਤ ਨਾਲ ਸ਼ਬਦ ਨੂੰ ਸੁਣਦਾ-ਸੁਣਦਾ, ਆਪਣੇ ਆਪ ਨੂੰ ਸਾਧ ਕੇ ਉਸ ਸਥਾਨ ਤੇ ਲੈ ਜਾਵੇ ਜਿਥੇ ਇਹ ਤਿੰਨੇ ਨਾੜੀਆਂ ਇਕੱਠੀਆਂ ਹੁੰਦੀਆਂ ਹਨ ਤਾਂ ਉਸੇ ਸਥਾਨ ਨੂੰ ਤ੍ਰਿਬੇਣੀ ਜਾਂ ਤ੍ਰਿਕੁਟੀ ਕਿਹਾ ਜਾਂਦਾ ਹੈ। ਉਥੇ ਮਨ ਨੂੰ ਸ਼ੁੱਧ ਕਰੇ। ਜਦੋਂ ਮਨ ਪੂਰੀ ਤਰ੍ਹਾਂ ਸ਼ੁੱਧ ਹੋ ਗਿਆ ਉਸੇ ਵਕਤ ਉਸ ਨੂੰ ਉਸ ਨਿਰੰਜਨ, ਨਿਰੰਕਾਰ ਦੇ ਅਕਾਲ ਰੂਪ ਦੇ ਦਰਸ਼ਨ ਹੋ ਜਾਂਦੇ ਹਨ, ਪਰ ਇਹ ਉਦੋਂ ਹੀ ਹੋ ਸਕਦਾ ਹੈ ਜਦੋਂ ਸਤਿਗੁਰੂ ਦੇ ਸ਼ਬਦ ਨੂੰ ਸਮਝ ਕੇ ਕਮਾਵੇ।

ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ॥
ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ
ਨਦਰਿ ਕਰੇ ਤਾ ਸਤਿਗੁਰਿ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ॥
ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ॥
ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ॥
ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ॥
ਬੋਲੈ ਭੰਗਰ ਨਾਥੁ ਸੁਣਿ ਹੋ ਨਾਨਕ ਕਿਉਕਰਿ ਨਿਜ ਪਦੁ ਪਾਵੈ॥[116]

ਪਰ ਫੇਰ ਜਦੋਂ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਕਿ ਇਹ ਜੋ ਹਾਥੀ ਜਿੰਨਾ ਭਾਰੀ ਮਨ ਹੈ ਉਹ ਰਹਿੰਦਾ ਕਿਥੇ ਹੈ। ਇਹ ਜੋ ਸ਼ਬਦ ਸੋਹੰ ਹੈ ਉਸ ਦਾ ਵਾਸ ਕਿਥੇ ਹੈ। ਇਸ ਮਨ ਦੀ ਭਟਕਣ ਕਿਵੇਂ ਖ਼ਤਮ ਹੋਵੇ ਕਿ ਇਹ ਜੂਨੀਆਂ ਵਿਚ ਨਾ ਫਿਰੇ। ਇਸ ਨੂੰ ਜੋ ਸਤਿਗੁਰੂ ਮਿਲੇ ਸੋ ਕਿਸ ਤਰ੍ਹਾਂ ਮਿਲੇ ਤਾਂ ਕਿ ਇਹ ਆਪਣੇ ਅਸਲੀ ਟਿਕਾਣੇ ਨੂੰ ਪ੍ਰਾਪਤ ਕਰ ਸਕੇ? ਹੇ ਨਾਨਕ ਪੁਰਖਾ ਜੀ! ਇਹ ਦੱਸੋ ਕਿ ਇਹ ਮਨ ਕਿਸ ਤਰ੍ਹਾਂ ਨਿਰਮਲ ਹੋਵੇ ਅਤੇ ਇਹ ਜੋ ਇਧਰ-ਉਧਰ ਭੱਜਾ ਫਿਰਦਾ ਹੈ ਇਹ ਕਿਵੇਂ ਟਿਕੇ? ਇਹ ਜੋ ਆਤਮਾ ਮੂਲ ਵਸਤੂ ਹੈ ਮਨ ਉਸ ਦੀ ਪਹਿਚਾਣ ਕਿਸ ਤਰ੍ਹਾਂ ਕਰੇ ਅਤੇ ਸੂਰਜ ਵਰਗੀ ਮਹਾਨ ਸ਼ਕਤੀ ਨੂੰ ਆਪਣੇ ਚੰਦਰਮਾ ਵਰਗੇ ਮਨ ਵਿਚ ਕਿਸ ਤਰ੍ਹਾਂ ਸਮੋਇਆ ਜਾਵੇ? ਮਨ ਸੂਰਜ ਵਰਗੀ ਸ਼ਕਤੀ ਨੂੰ ਆਪਣੇ ਅੰਦਰ ਸਮਾ ਕੇ ਚੰਦਰਮਾ ਵਾਂਗ ਕਿਵੇਂ ਸ਼ਾਂਤ ਰਹੇ? ਆਪਣੇ ਅੰਦਰੋਂ ਹਉਮੈਂ ਨੂੰ ਕਿੰਜ ਦੂਰ ਕਰੇ, ਸਚ ਦੇ ਘਰ ਵਿਚ ਕਿੰਜ ਆਵੇ ਅਤੇ ਆਪਣਾ ਨਿਜ ਘਰ ਕਿਸ ਤਰ੍ਹਾਂ ਪ੍ਰਾਪਤ ਕਰੇ?

ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ॥
ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ॥
ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ॥
ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ॥
ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ॥
ਨਾਨਕ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ॥[117]

---

116. ਗੁਰੂ ਗ੍ਰੰਥ ਸਾਹਿਬ, ਪੰਨਾ, 945.
117. *ਉਹੀ*, ਪੰਨਾ, 945.

ਤਦ ਗੁਰੂ ਨਾਨਕ ਜੀ ਨੇ ਜੁਆਬ ਦਿੱਤਾ ਕਿ ਹੇ ਸਿੱਧੋ ਮਨ ਦਾ ਵਾਸਾ ਹਿਰਦੇ ਵਿਚ ਹੈ। ਇਹ ਹਮੇਸ਼ਾ ਹਿਰਦੇ ਵਿਚ ਨਿਹਚਲ ਰਹਿੰਦਾ ਹੈ, ਪਰ ਜਦੋਂ ਇਹ ਗੁਰੂ ਦੇ ਹੁਕਮ ਵਿਚ ਚੱਲੇ, ਸ਼ਬਦ ਗੁਰੂ ਨੂੰ ਮਿਲੇ, ਤਦ ਇਹ ਮੂਲ ਵਸਤੂ ਜੋ ਆਤਮਾ ਹੈ ਉਸ ਨੂੰ ਪਛਾਣਦਾ ਹੈ। ਜੋ ਵਾਯੂ ਹੈ ਉਸ ਦਾ ਵਾਸਾ ਨਾਭੀ ਵਿਚ ਹੈ, ਪਰ ਮਨ ਗੁਰਮੁਖ ਹੋ ਕੇ ਹੀ ਇਸ ਵਿਚੋਂ ਤੱਤ ਪ੍ਰਾਪਤ ਕਰ ਸਕਦਾ ਹੈ। ਉਹ ਸ਼ਬਦ ਜੋ ਲਗਾਤਾਰ ਵੱਜ ਰਿਹਾ ਹੈ ਉਹੀ ਨਿਜ ਘਰ ਪਹੁੰਚਾਉਂਦਾ ਹੈ ਅਤੇ ਇਹ ਉਹੀ ਸ਼ਬਦ ਹੈ ਜੋ ਬ੍ਰਹਿਮੰਡ ਦੇ ਤਿੰਨਾਂ ਭਵਨਾਂ ਵਿਚ ਵੱਜ ਰਿਹਾ ਹੈ। ਇਹ ਮਨ ਸਚੇ ਨਾਮ ਨਾਲ ਦੁੱਖ ਅਤੇ ਭੁੱਖ ਸਭ ਖਾ ਕੇ ਸਚ ਨਾਲ ਹੀ ਤ੍ਰਿਪਤ ਹੋਇਆ ਰਹਿੰਦਾ ਹੈ। ਉਸ ਸਚੇ ਦੀ ਸਚੀ ਅਨਹਤ ਬਾਣੀ ਕੋਈ ਵਿਰਲਾ ਗੁਰਮੁਖ ਹੀ ਜਾਣ ਸਕਦਾ ਹੈ ਅਤੇ ਵਿਰਲਾ ਹੀ ਉਸ ਦੀ ਵਿਆਖਿਆ ਕਰ ਸਕਦਾ ਹੈ। ਉਹ ਸਚ ਬੁਝਣਾ ਇਹ ਹੈ ਕਿ ਪਰਮੇਸ਼ਰ ਹੀ ਸਚ ਹੈ ਹੋਰ ਸਭ ਝੂਠ। ਇਸੇ ਸਚ ਨੂੰ ਬੋਲੇ, ਸਚ ਵਿਚ ਸਮਾਇਆ ਰਹੇ। ਉਸ ਸਚ ਵਿਚ ਰੰਗੇ ਹੋਏ ਦਾ ਰੰਗ ਕਦੇ ਨਹੀਂ ਉੱਤਰਦਾ।

ਭਗਤ ਕਬੀਰ ਜੀ ਦਾ ਕਹਿਣਾ ਹੈ ਕਿ ਮਨ ਨੇ ਜਿੰਨਾ ਆਪਣੇ ਆਪ ਨੂੰ ਬਾਹਰੀ ਸੰਸਾਰ ਨਾਲ ਜੋੜ ਲਿਆ ਉਨਾਂ ਹੀ ਉਹਦੇ ਦੁਆਲੇ ਸੰਸਾਰ ਬਾਰੇ ਵਿਚਾਰਾਂ ਅਤੇ ਅਗੋਂ ਉਨ੍ਹਾਂ ਵਿਚਾਰਾਂ ਦੇ ਵਿਰੋਧੀ ਵਿਚਾਰਾਂ ਦੀਆਂ ਤੈਹਾਂ ਲਿਪਟਦੀਆਂ ਜਾਂਦੀਆਂ ਹਨ। ਜਿੰਨੀਆਂ ਤੈਹਾਂ ਵਧੀ ਜਾਂਦੀਆਂ ਹਨ ਉਨਾਂ ਹੀ ਮਨ ਆਪਣੀ ਅਸਲੀ ਸਥਿਤੀ ਤੋਂ ਦੂਰ ਹੋਈ ਜਾਂਦਾ ਹੈ। ਉਹ ਇੰਨਾਂ ਭਾਰਾ ਹੋ ਜਾਂਦਾ ਹੈ ਕਿ ਉਸ ਲਈ ਆਪਣੇ ਆਪ ਕੋਲ ਜਾਂ ਆਪਣੀ ਸ਼ੁੱਧ ਅਤੇ ਅਸਲੀ ਨਿਰਵਿਚਾਰ ਸਥਿਤੀ ਕੋਲ ਮੁੜਨਾ ਹੀ ਮੁਸ਼ਕਿਲ ਹੋ ਜਾਂਦਾ ਹੈ। ਇਸ ਵਿਚਾਰ ਨੂੰ ਸਮਝਾਉਣ ਲਈ ਉਨ੍ਹਾਂ ਨੇ ਕਰਮਾਂ ਨਾਲ ਭਾਰੀ ਹੋਏ ਮਨ ਦੀ ਹਾਥੀ ਨਾਲ ਤੁਲਨਾ ਕੀਤੀ ਹੈ। ਇਸ ਸੰਬੰਧੀ ਇਕ ਖ਼ੂਬਸੂਰਤ ਉਦਾਹਰਣ ਦਿੰਦੇ ਹੋਏ ਉਹ ਕਹਿੰਦੇ ਹਨ:

ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ॥
ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ॥[118]

ਭਾਵ ਕਿ ਮੁਕਤੀ ਦਾ ਰਾਹ ਇੰਨਾ ਤੰਗ ਹੈ ਕਿ ਰਾਈ ਦੇ ਦਸਵੇਂ ਹਿੱਸੇ ਜਿੰਨਾ ਹੈ ਤੇ ਮਨ ਹਾਥੀ ਜਿੰਨਾ ਭਾਰਾ ਹੋਇਆ ਪਿਆ ਹੈ ਇਹ ਕਿਵੇਂ ਨਿਕਲੇ? ਪਰ ਕਬੀਰ ਜੀ ਕੋਲ ਇਸ ਦਾ ਇਕੋ ਇਲਾਜ ਹੈ ਉਹ ਕਹਿੰਦੇ ਹਨ ਕਿ ਮਨ ਨੂੰ ਗੁਰੂ ਦੇ ਹਵਾਲੇ ਕਰ ਕੇ ਉਸ ਨੂੰ ਚੇਤਨਾ ਦੀ ਉਸ ਸਥਿਤੀ ਵਿਚ ਟਿਕਾਉਣਾ ਪੈਂਦਾ ਹੈ ਜਿਥੇ ਉਸ ਨੂੰ ਸਚਾ ਗਿਆਨ ਪ੍ਰਾਪਤ ਹੋ ਸਕੇ। ਦਸਵਾਂ ਦੁਆਰ ਅਸਲ ਵਿਚ ਮਨੁੱਖੀ ਮਨ ਦੀ ਚੇਤਨਾ ਦੀ ਉਹ ਸਥਿਤੀ ਹੈ ਜਿਥੇ ਉਸ ਨੂੰ ਉਹ ਗਿਆਨ ਪ੍ਰਾਪਤ ਹੁੰਦਾ ਹੈ ਜੋ ਉਸ ਨੂੰ ਸਰੀਰ ਦੀਆਂ ਬਾਕੀ ਨੌਂ ਗਿਆਨ ਇੰਦ੍ਰੀਆਂ ਰਾਹੀਂ ਨਹੀਂ ਹੁੰਦਾ। ਇਹ ਗਿਆਨ ਕੇਵਲ ਅਤੇ ਕੇਵਲ ਆਪਣੇ ਅੰਦਰੋਂ ਹੀ ਮਿਲ ਸਕਦਾ ਹੈ ਪਰ ਇਸ ਦੇ ਰਾਹ ਦੀ ਸੂਝ ਅਤੇ ਉਸ ਤੇ ਚੱਲਣ ਦੀ ਪ੍ਰੇਰਨਾ ਸਚੇ ਗੁਰੂ ਤੋਂ ਹੀ ਮਿਲ ਸਕਦੀ ਹੈ। ਕਿਉਂਕਿ ਸਚੇ ਗੁਰੂ ਦੇ ਸਚੇ ਸ਼ਬਦ ਨਾਲ ਇਕ ਸਿੱਖ ਜਦੋਂ ਆਪਣੇ ਮਨ ਨੂੰ ਜੋੜ ਕੇ ਸ਼ਬਦ ਨਾਲ ਪ੍ਰਭੂ ਦੀ ਯਾਦ ਨੂੰ ਆਪਣੇ ਮਨ ਅੰਦਰ ਦ੍ਰਿੜ ਕਰਦਾ ਹੈ ਤਾਂ ਉਹ ਮਾਨਸਿਕ ਗਿਆਨ

118. ਗੁਰੂ ਗ੍ਰੰਥ ਸਾਹਿਬ, ਪੰਨਾ, 509.

ਦੀ ਇਕ ਖਾਸ ਕਿਸਮ ਦੀ ਅਵਸਥਾ ਵਿਚ ਸਹਿਜੇ ਹੀ ਪਹੁੰਚ ਜਾਂਦਾ ਹੈ ਜਿਸ ਨੂੰ ਗੁਰਮਤ ਅਨੁਸਾਰ ਦਸਮ ਦੁਆਰ ਕਿਹਾ ਜਾ ਸਕਦਾ ਹੈ, ਪਰ ਇਹ ਉਦੋਂ ਹੁੰਦਾ ਹੈ ਜਦੋਂ ਮਨ ਆਪਾ ਤਿਆਗ ਕੇ ਸਚੇ ਗੁਰੂ ਦੇ ਸ਼ਬਦ ਨੂੰ ਸੁਣਕੇ, ਸਮਝ ਕੇ ਕਮਾਵੇ। ਗੁਰੂ ਨੂੰ ਖੁਸ਼ ਕਰਨ ਦਾ ਇਹ ਇਕ ਮਾਤਰ ਤਰੀਕਾ ਹੈ ਕਿਉਂਕਿ ਗੁਰੂ ਨੇ ਉਸ ਟਿਕਾਣੇ ਪਹੁੰਚਾਉਣਾ ਹੈ ਜਿਥੇ ਪਹੁੰਚਾਉਣ ਦੀ ਸਮਰਥਾ ਕਿਸੇ ਹੋਰ ਕੋਲ ਨਹੀਂ। ਇਸੇ ਕਰਕੇ ਭਗਤ ਕਬੀਰ ਜੀ ਨੇ ਕਿਹਾ ਹੈ:

ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥
ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥[119]

ਕਬੀਰ ਜੀ ਦਾ ਜੋ ਭਾਵ ਇੰਨ੍ਹਾਂ ਸਤਰ੍ਹਾਂ ਤੋਂ ਸਮਝ ਆਉਂਦਾ ਹੈ ਉਹ ਇੰਜ ਲੱਗਦਾ ਹੈ ਕਿ ਮਨ ਨੂੰ ਆਪਣੇ ਅਸਲੀ ਟਿਕਾਣੇ ਤੇ ਆਉਣ ਲਈ ਨਿਰਵਿਚਾਰ ਹੋ ਕੇ ਅਤਿ ਸੂਖਮ ਹੋਣਾ ਪੈਂਦਾ ਹੈ ਅਤੇ ਉਹ ਤਾਂ ਹੀ ਹੋ ਸਕਦਾ ਹੈ ਜੇ ਉਹ ਪੂਰੀ ਤਰ੍ਹਾਂ ਨਿਰਮਲ ਹੋਵੇ। ਕਿਉਂਕਿ ਮਨ ਵਿਚ ਪੈਦਾ ਹੋਏ ਵਿਚਾਰ ਦੀ ਰੂਪ ਰੇਖਾ ਹੀ ਵਿਵਹਾਰਿਕ ਰੂਪ ਵਿਚ ਕਰਮ ਬਣਦੇ ਹਨ ਅਤੇ ਕਰਮ ਹੀ ਸੰਸਕਾਰ ਬਣਕੇ ਆਤਮਾ ਦੀ ਸਥਿਤੀ ਨਿਰਧਾਰਿਤ ਕਰਦੇ ਹਨ। ਮਨ ਦੇ ਵਿਚਾਰ ਜਿਨ੍ਹਾਂ ਨੂੰ ਅਸੀਂ ਬਿਰਤੀ ਵੀ ਕਹਿੰਦੇ ਹਾਂ ਉਨ੍ਹਾਂ ਵਿਚ ਇੰਨੀ ਤਾਕਤ ਹੁੰਦੀ ਹੈ ਕਿ ਉਹ ਜਿਸ ਪਾਸੇ ਚਾਹੁਣ ਆਤਮਾ ਨੂੰ ਲਿਜਾ ਸਕਦੇ ਹਨ। ਆਵਾਗਵਨ ਦਾ ਚੱਕਰ, ਜਨਮ ਅਤੇ ਮੌਤ ਦਾ ਚੱਕਰ, ਦੁੱਖ ਅਤੇ ਸੁਖ ਦਾ ਚੱਕਰ, ਸਥਿਰਤਾ ਅਤੇ ਅਸਥਿਰਤਾ ਦੀ ਸਥਿਤੀ, ਇਹ ਸਭ ਮਨ ਦਾ ਹੀ ਵਿਧਾਨ ਹੈ। ਬਾਣੀ ਦੀਆਂ ਇਹ ਪੰਕਤੀਆਂ ਇਸ ਤਕ ਦੀਆਂ ਗਵਾਹ ਹਨ ਕਿ ਕਿਸ ਤਰ੍ਹਾਂ ਜੇ ਅੰਤ ਸਮੇਂ ਮਨ ਵਿਚ ਇਕ ਖਾਸ ਕਿਸਮ ਦੇ ਵਿਚਾਰ ਆਉਣ ਤਾਂ ਉਨ੍ਹਾਂ ਦਾ ਆਤਮਾ ਦੀ ਸਥਿਤੀ ਤੇ ਕੀ ਅਸਰ ਪੈਂਦਾ ਹੈ:

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥੧॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ਰਹਾਉ॥
ਅੰਤਿ ਕਾਲ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥
ਅੰਤਿ ਕਾਲ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥[120]

ਇਸੇ ਸਥਿਤੀ ਨੂੰ ਭਗਤ ਕਬੀਰ ਇਸ ਤਰ੍ਹਾਂ ਬਿਆਨ ਕਰਦੇ ਹਨ:

---

119. ਗੁਰੂ ਗ੍ਰੰਥ ਸਾਹਿਬ, ਪੰਨਾ, 136.
120. ਗੁਰੂ ਗ੍ਰੰਥ ਸਾਹਿਬ, ਪੰਨਾ, 526.

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗ ਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥[121]

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:

ਇਹੁ ਧਨੁ ਸੰਚਹੁ ਹੋਵਤ ਭਗਵੰਤ॥
ਸੰਤ ਜਨਾ ਕਾ ਨਿਰਮਲ ਮੰਤ॥[122]

ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਬਹੁਤ ਹੀ ਥੋੜੇ ਲਫ਼ਜ਼ਾਂ ਵਿਚ "ਮਨ ਜੀਤੈ ਜਗ ਜੀਤ" ਕਹਿ ਕੇ ਇਹੀ ਸਮਝਾਇਆ ਹੈ ਕਿ ਮਨ ਹੀ ਧਰਮ ਦੀ ਪ੍ਰਾਪਤੀ ਦਾ ਅਸਲੀ ਧੁਰਾ ਹੈ। ਮਨ ਦਾ ਸਮਝਿਆ ਜਾਣਾ ਅਤੇ ਸਾਧਿਆ ਜਾਣਾ ਹੀ ਜੋ ਸੰਸਾਰੀ ਬੰਧਨਾ ਵਿਚ ਰਹਿੰਦੇ ਹੋਏ ਬੇਹੱਦ ਮੁਸ਼ਕਿਲ ਕੰਮ ਹੈ। ਇਸ ਸਥਿਤੀ ਨੂੰ ਪ੍ਰਾਪਤ ਕਰਨ ਆਤਮਿਕ ਮੰਡਲਾਂ ਵੱਲ ਜਾਣ ਦੀ ਅਸਲੀ ਰਾਹਦਾਰੀ ਹੈ। ਇਸੇ ਸਥਿਤੀ ਨੂੰ ਮੁੱਖ ਰੱਖਦੇ ਹੋਏ ਸਤਿਗੁਰਾਂ ਫੁਰਮਾਇਆ ਹੈ:

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ
ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ
ਜਾ ਕਾ ਸਤਿਗੁਰੁ ਪੂਰਾ॥
ਠਾਕੁਰੁ ਗਾਈਐ ਆਤਮ ਰੰਗਿ॥
ਸਰਣੀ ਪਾਵਨ ਨਾਮ ਧਿਆਵਨ
ਸਹਜਿ ਸਮਾਵਨ ਸੰਗਿ ॥੧॥ਰਹਾਉ॥
ਜਨ ਕੇ ਚਰਨ ਵਸਹਿ ਮੇਰੈ ਹੀਅਰੈ
ਸੰਗਿ ਪੁਨੀਤਾ ਦੇਹੀ॥
ਜਨ ਕੀ ਧੂਰਿ ਦੇਹੁ ਕਿਰਪਾ ਨਿਧਿ
ਨਾਨਕ ਕੈ ਸੁਖੁ ਏਹੀ ॥੨॥[123]

ਇਸ ਸ਼ਬਦ ਦੀ ਵਿਆਖਿਆ ਕਰਦੇ ਹੋਏ ਸੰਤ ਨਿਕਾ ਸਿੰਘ ਜੀ ਕਹਿੰਦੇ ਹਨ; 'ਆਤਮ' ਨਾਉਂ ਇੱਥੇ ਮਨ ਦਾ ਹੈ, ਆਤਮਾ ਦੇ ਜਿੱਤਣ ਦਾ ਤਾਂ ਕੋਈ ਸਵਾਲ ਹੀ ਨਹੀਂ। ਕਈ ਵਾਰੀ 'ਆਤਮ' ਪਦ 'ਮਨ' ਦਾ ਵਾਚਕ ਆਏਗਾ, ਕਈ ਵਾਰੀ 'ਮਨ' ਆਤਮ ਦਾ ਆਏਗਾ। ਇਸ ਕਰਕੇ ਜਿਸ ਨੇ ਮਨ ਨੂੰ ਜਿੱਤ ਲਿਆ ਹੈ, 'ਆਤਮ ਜਿਣੈ' ਭਾਵ ਜਿਸ ਪੁਰਸ਼ ਨੇ ਆਪਣੇ ਮਨ ਨੂੰ ਜਿੱਤ ਲਿਆ ਹੈ, ਇਹ ਮਨ ਜਿੱਤਿਆ ਹੀ ਲਿਵ ਮੇਂ ਜਾਂਦੈਂ, ਲਿਵ ਦੇ ਪਿਛੋਂ ਭਾਣਾ ਆਉਂਦੈ। ਪਹਿਲਾਂ ਨਾਮ ਹੁੰਦੈ, ਨਾਮ ਦਾ ਅਭਿਆਸ, ਸਿਮਰਣ, ਧੁਨਿ ਤੇ ਪਿੱਛੋਂ ਲਿਵ। ਲਿਵ ਦੇ ਪਿੱਛੋਂ ਭਾਣਾ ਆਪੇ ਹੀ ਆ ਜਾਂਦੈ। ਇਸ ਕਰਕੇ ਜਿਨ੍ਹਾਂ ਨੇ ਆਪਣਾ ਮਨ

121 *ਉਹੀ*, ਪੰਨਾ, 969.
122 *ਉਹੀ*, ਪੰਨਾ, 288.
123 ਗੁਰੂ ਗ੍ਰੰਥ ਸਾਹਿਬ, ਪੰਨਾ, 679-80.

ਜਿੱਤ ਲਿਆ ਉਹਨਾਂ ਨੂੰ ਸੂਰਮੇ ਕਹੋ। ਉਹਨਾਂ ਨੇ ਸੰਸਾਰ ਛੱਡ ਦਿੱਤਾ। ਉਹ, ਸਿੱਧੇ ਮਾਰਗ ਪਰਮੇਸ਼ਰ ਵੱਲ ਚਲੇ ਗਏ ਲਿਵ ਮੇਂ।[124] ਉਹ ਅੱਗੇ ਲਿਖਦੇ ਹਨ: "ਪਰ ਮਨ ਨੂੰ ਉਹੀ ਜਿੱਤ ਸਕਦੈ ਜੀਹਦੇ ਉਤੇ ਪੂਰਣ ਗੁਰੂ ਦੀ ਕਿਰਪਾ ਹੋਵੇ, ਨਾਮ ਤੇ ਪ੍ਰੇਮ ਪ੍ਰਾਪਤ ਹੋ ਜਾਵੇ ਫਿਰ ਉਹਦੀ ਲਿਵ ਲੱਗ ਜਾਂਦੀ ਹੈ। ਲਿਵ ਤੇ ਮਨ ਜਿੱਤਿਆ ਜਾਂਦਾ ਹੈ, ਅੱਗੇ ਮਨ ਨਹੀਂ ਰਹਿੰਦਾ। ਫਿਰ ਤਾਂ ਆਪਣਾ ਆਤਮਾ ਸਾਖਸ਼ੀ ਰਹਿੰਦਾ ਹੈ, ਚੇਤਨ। ਹੋਰ ਕੁਝ ਨਹੀਂ ਰਹਿੰਦਾ। ਉਹਨੂੰ ਦਾਨਾ ਬੀਨਾ ਕਹੋ, ਉਹਨੂੰ ਦ੍ਰਸ਼ਟਾ ਕਹੋ। ਕਿਉਂਕਿ ਉਥੇ ਮਨ ਦਾ ਅਹੰਕਾਰ ਮਰ ਜਾਂਦਾ ਹੈ ਜੋ ਉਹ ਕੇਵਲ ਫਜ਼ੂਲ ਦੇ ਵਿਵਾਦ ਵਿਚੋਂ ਪ੍ਰਾਪਤ ਕਰਦਾ ਹੈ, ਪਰ ਉਸ ਦਾ ਅਸਲੀ ਆਪਾ ਜੋ ਉਸ ਦੀ ਆਪਣੀ ਆਤਮਾ ਹੈ ਜਾਂ ਆਪਣਾ ਅਸਲੀ ਮਨ ਹੈ ਉਹ ਨਹੀਂ ਮਰਦਾ। ਸੰਤ ਨਿੱਕਾ ਸਿੰਘ ਜੀ ਕਹਿੰਦੇ ਹਨ ਕਿ "ਜਦ ਸਿਮਰਨ ਪੱਕਾ ਚੱਲ ਜਾਏ, ਸਿਮਰਨ ਦੇ ਮਗਰੋਂ ਅਨਾਹਤ ਆਉਂਦਾ ਹੈ, ਉਥੇ ਹੰਕਾਰ ਡਿੱਗ ਪੈਂਦਾ ਹੈ, ਫਿਰ ਧੁਨਿ ਤੇ ਲਿਵ ਹੋ ਜਾਂਦੀ ਹੈ। ਲਿਵ ਤੇ, ਇਸ ਨੂੰ ਅਬਿਨਾਸੀ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ।"[125] ਇਹ ਉਹ ਸਥਿਤੀ ਹੈ ਜਿਥੇ ਮਨ ਆਪਣੇ ਨਿਜਤਵ ਵਲੋਂ ਮਰ ਕੇ ਆਪਣਾ ਅਸਲੀ ਅਤੇ ਆਤਮਿਕ ਜੀਵਨ ਜੀ ਉੱਠਦਾ ਹੈ। ਇਸ ਖਿਆਲ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ:

> ਮੂਈ ਸੁਰਤਿ ਬਾਦੁ ਅਹੰਕਾਰੁ॥
> ਓਹੁ ਨ ਮੂਆ ਜੋ ਦੇਖਣਹਾਰੁ॥[126]
>
> ਅਤੇ
>
> ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥
> ਮਰਤਾ ਜਾਤਾ ਨਦਰਿ ਨ ਆਇਆ॥[127]

ਇਸੇ ਕਰਕੇ ਗੁਰੂ ਸਾਹਿਬ ਨੇ ਕਿਹਾ ਹੈ ਕਿ ਮਨੁੱਖ ਦਾ ਸਫ਼ਰ ਤਾਂ ਇਸ ਸੰਸਾਰ ਤੋਂ ਪਰ੍ਹੇ ਦੀ ਦੁਨੀਆਂ ਵੱਲ ਹੈ ਜਿਸ ਨੂੰ ਉਨ੍ਹਾਂ ਗਗਨ ਮੰਡਲ ਵੀ ਕਿਹਾ ਹੈ, ਜੋ ਸ਼ਬਦ ਵਿਚ ਸੁਰਤ ਨੂੰ ਟਿਕਾਉਣ ਨਾਲ ਹੀ ਸ਼ੁਰੂ ਹੁੰਦਾ ਹੈ। ਜਿਵੇਂ ਸਮੁੰਦਰੀ ਸਫ਼ਰ ਸ਼ੁਰੂ ਕਰਨ ਵੇਲੇ ਬੇੜੇ ਜਾਂ ਜਹਾਜ਼ ਆਦਿ ਨੂੰ ਤਿਆਰ ਕਰਨ ਦੀ ਜ਼ਰੂਰਤ ਹੁੰਦੀ ਹੈ ਉਸੇ ਤਰ੍ਹਾਂ ਆਤਮਿਕ ਮੰਡਲਾਂ ਵਿਚ ਸਫ਼ਰ ਸ਼ੁਰੂ ਕਰਨ ਤੋਂ ਪਹਿਲਾਂ ਸ਼ਬਦ ਅਤੇ ਸੁਰਤ ਨਾਲ ਮਨ ਨੂੰ ਜੋੜਨ ਦੀ ਤਿਆਰੀ ਕਰਨੀ ਪੈਂਦੀ ਹੈ। ਇਸੇ ਕਰਕੇ ਹੀ ਤਾਂ ਕਿਹਾ ਹੈ:

> ਸੁਰਤਿ ਨਿਰਤੁ ਕਾ ਬਾਂਧਉ ਬੇੜਾ, ਗਗਨ ਮੰਡਲ ਕੋ ਕੂਚ ਹੈ॥[128]

ਆਤਮਾ ਦੇ ਸੰਪੂਰਨ ਰੂਪ ਨੂੰ ਪਰਾਪਤ ਹੋਣਾ ਪਰਮਾਤਮਾ ਹੋਣਾ ਹੈ। ਇਕ ਸਚੇ ਸਿੱਖ ਦੇ ਆਤਮ-ਗਿਆਨ ਦੀ ਸਚੀ ਅਵਸਥਾ ਹੈ ਪ੍ਰਭੂ ਦੀ ਸਚੀ ਹੋਂਦ ਵਿਚ ਲੀਨ ਹੋਣਾ। ਸਿੱਖ

---

124. ਸੰਤ ਨਿੱਕਾ ਸਿੰਘ ਜੀ, *ਉਹੀ*, ਪੰਨਾ, 4.
125. ਸੰਤ ਨਿੱਕਾ ਸਿੰਘ ਜੀ, *ਉਹੀ*, ਪੰਨਾ, 4-5.
126. ਗੁਰੂ ਗ੍ਰੰਥ ਸਾਹਿਬ, ਪੰਨਾ, 152.
127. *ਉਹੀ*, ਪੰਨਾ, 152.
128. ਸੰਤ ਨਿੱਕਾ ਸਿੰਘ ਜੀ, *ਉਹੀ*, ਪੰਨਾ. 41

ਦੀ ਇਹ ਮੰਜ਼ਿਲ ਜਿਉਂਦੇ ਜੀਅ ਹੀ ਤਹਿ ਹੋ ਸਕਦੀ ਹੈ। ਇਸ ਨੂੰ ਜੀਵਨ ਮੁਕਤੀ ਕਿਹਾ ਜਾਂਦਾ ਹੈ। ਇਹ ਹੈ ਸੰਸਾਰ ਵਿਚ ਰਹਿੰਦਿਆਂ ਹੋਇਆਂ, ਸੰਸਾਰਕ ਕੰਮਾਂ-ਕਾਰਾਂ ਅਤੇ ਰਿਸ਼ਤਿਆਂ ਵਿਚ ਵਿਚਰਦੇ ਹੋਏ ਆਪਣੀ ਅਸਲੀ ਹੋਂਦ ਦੀ ਪਹਿਚਾਣ ਕਰਕੇ ਉਸ ਨੂੰ ਪ੍ਰਾਪਤ ਕਰਨਾ। ਗੁਰੂ ਸਾਹਿਬ ਨੇ ਕਿਹਾ ਹੈ ਕਿ

> ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
> ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥[129]

ਐਸਾ ਤਾਂ ਹੀ ਹੋ ਸਕਦਾ ਹੈ ਜੇ ਸਿੱਖ ਗੁਰੂ ਦੀ ਸਿੱਖਿਆ ਧਾਰਨ ਕਰ ਕੇ, ਆਪਣੇ ਮਨ ਦੀਆਂ ਬਿਰਤੀਆਂ ਨੂੰ ਕਾਬੂ ਕਰਕੇ, ਮਨ ਨੂੰ ਪ੍ਰਭੂ ਦੀ ਯਾਦ ਵਿਚ ਇਕਸੁਰ ਕਰਕੇ ਆਹਿਸਤਾ-ਆਹਿਸਤਾ ਅਧਿਆਤਮਿਕ ਰਾਹ ਤੇ ਚੱਲਦਾ ਹੋਇਆ ਜੀਂਦੇ ਜੀਅ ਪ੍ਰਭੂ ਦੀ ਹੋਂਦ ਨੂੰ ਮਹਿਸੂਸ ਕਰਦਾ ਹੈ। ਆਤਮਾ ਦੀ ਇਸ ਅਵਸਥਾ ਨੂੰ ਜੀਵਨ ਮੁਕਤੀ ਦਾ ਨਾਮ ਦਿੱਤਾ ਜਾਂਦਾ ਹੈ। ਇਸ ਸਥਿਤੀ ਬਾਰੇ ਸੰਤ ਈਸ਼ਰ ਸਿੰਘ ਜੀ ਕਹਿੰਦੇ ਹਨ; ਦੂਜੀ ਕਿਸਮ ਦੀ ਮੁਕਤੀ ਹੈ ਵਿਦੇਹ ਮੁਕਤੀ। ਇਸ ਅਨੁਸਾਰ ਇਕ ਗੁਰਮੁਖ ਜਦੋਂ ਆਪਣੇ ਸਰੀਰ ਨੂੰ ਤਿਆਗ ਕੇ ਇਸ ਸੰਸਾਰ ਤੋਂ ਜਾਂਦਾ ਹੈ ਤਾਂ ਦੁਬਾਰਾ ਉਹ ਜਨਮ-ਮਰਨ ਦੇ ਚੱਕਰ ਵਿਚ ਨਹੀਂ ਪੈਂਦਾ। ਸਰੀਰ ਦੇ ਬੰਧਨ ਤੋਂ ਉਸ ਨੂੰ ਸਦਾ ਵਾਸਤੇ ਛੁਟਕਾਰਾ ਮਿਲ ਜਾਂਦਾ ਹੈ। ਉਸ ਦੀ ਆਤਮਾ ਸਦਾ ਵਾਸਤੇ ਪ੍ਰਭੂ ਵਿਚ ਲੀਨ ਹੋ ਜਾਂਦੀ ਹੈ। ਇਹ ਇਸ ਤਰ੍ਹਾਂ ਦਾ ਮੇਲ ਹੁੰਦਾ ਹੈ ਜਿਵੇਂ ਸੂਰਜ ਵਿਚ ਉਸ ਦੀ ਕਿਰਨ ਅਤੇ ਸਮੁੰਦਰ ਵਿਚ ਉਸ ਦੀ ਬੂੰਦ ਮਿਲ ਕੇ ਉਸੇ ਦਾ ਰੂਪ ਹੋ ਜਾਂਦੀ ਹੈ। ਇਹੀ ਆਤਮਾ ਦੀ ਸਿੱਧੀ ਹੈ ਅਤੇ ਉਸ ਦੀ ਅੰਤਿਮ ਮੰਜ਼ਿਲ ਹੈ। ਗੁਰੂ ਸਾਹਿਬ ਨੇ ਇਸ ਅਵਸਥਾ ਦਾ ਜ਼ਿਕਰ ਕਰਦਿਆਂ ਹੋਇਆਂ ਲਿਖਿਆ ਹੈ:

> ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
> ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥[130]

ਪਰ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਉਸ ਨੂੰ ਮੁਕਤੀ, ਆਤਮ ਗਿਆਨ ਜਾਂ ਆਤਮਿਕ ਸੰਪੂਰਨਤਾ ਹਾਸਿਲ ਹੁੰਦੀ ਹੈ, ਪਰ ਫਿਰ ਵੀ ਗੁਰੂ ਜਾਂ ਅਕਾਲ ਪੁਰਖ ਦੀ ਕ੍ਰਿਪਾ ਤੋਂ ਬਿਨਾਂ ਆਤਮ ਸਿੱਧੀ ਹਾਸਿਲ ਨਹੀਂ ਹੁੰਦੀ ਅਤੇ ਆਪਣੀ 'ਮੈਂ' ਦੇ ਅਹਿਸਾਸ ਰੱਖਣ ਦੇ ਨਾਲ ਮਨੁੱਖ ਉਪਰ ਪ੍ਰਭੂ ਦੀ ਕ੍ਰਿਪਾ ਕਦੇ ਨਹੀਂ ਹੁੰਦੀ। ਇਕ ਮਨੁੱਖ ਉਨੀ ਦੇਰ ਤਕ ਪ੍ਰਭੂ ਦੀ ਕ੍ਰਿਪਾ ਦਾ ਪਾਤਰ ਨਹੀਂ ਬਣਦਾ ਜਿੰਨੀ ਦੇਰ ਤਕ ਉਹ ਅਕਾਲ ਪੁਰਖ ਦੇ ਹੁਕਮ ਦੀ ਪਛਾਣ ਨਹੀਂ ਕਰਦਾ। ਜਿਸ ਦੇ ਫਲਸਰੂਪ ਉਹ ਜਨਮ-ਮਰਨ ਦੇ ਚੱਕਰ ਵਿਚ ਘੁੰਮਦਾ ਰਹਿੰਦਾ ਹੈ।[131]

> ਜਬ ਇਹ ਜਾਨੈ ਮੈ ਕਿਛੁ ਕਰਤਾ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ॥[132]

---

129. ਗੁਰੂ ਗ੍ਰੰਥ ਸਾਹਿਬ, ਪੰਨਾ 522.
130. *ਉਹੀ*, ਪੰਨਾ 846.
131. ਡਾ. ਸੰਤੋਖ ਸਿੰਘ, *ਉਹੀ*, ਪੰਨਾ 82.
132. ਗੁਰੂ ਗ੍ਰੰਥ ਸਾਹਿਬ, ਪੰਨਾ 278.

ਸਤ ਪੁਰਸ਼ ਕਾ ਮਿਲਾਪ ਇਸ ਜੀਵ ਕੋ ਉੱਤਮ ਭਾਗੋਂ ਕੇ ਬਗੈਰ ਨਹੀਂ ਹੋ ਸਕਤਾ ਅਰ ਨਾਮ ਕੀ ਦਾਤ ਉਸਸੇ ਭੀ ਬੜੇ ਭਾਗੋਂ ਕੀ ਬਾਤ ਹੈ ਔਰ ਫਿਰ ਅਭਿਆਸ ਕੀ ਕਮਾਈ ਉਸ ਸੇ ਭੀ ਬੜੇ ਭਾਗੋਂ ਸੇ ਹੂਆ ਕਰਤੀ ਹੈ ਔਰ ਕਮਾਈ ਕਰਕੇ ਅਪਨੀ ਬਿਰਤੀ ਕੋ ਅਸਥੂਲ ਮੰਡਲੋਂ ਸੇ ਉਠਾਕਰ ਅੰਤਰਮੁਖ ਕਰਕੇ ਨਿਰਾਕਾਰ ਮੰਡਲੋਂ ਮੇਂ ਪਹੁੰਚਾਨਾ ਔਰ ਉਸ ਜਗ੍ਹਾ ਇਸਥਿਤੀ ਪਾਨਾ ਤੋ ਬਹੁਤ ਹੀ ਕ੍ਰਿਪਾ ਕੀ ਬਾਤ ਹੈ।

ਬਾਣੀ ਵਿਚ ਇਹ ਤੁਕ ਇਸ ਤਰ੍ਹਾਂ ਦਰਜ਼ ਹੈ ਕਿ

ਜਾ ਕੈ ਮਸਤਕ ਕਰਮ ਪ੍ਰਭੁ ਪਾਏ॥ ਸਾਧ ਸਰਣਿ ਨਾਨਕ ਤੇ ਆਏ॥[133]

ਅਤੇ

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥[134]

ਸਤਿਗੁਰਾਂ ਇਹ ਵੀ ਲਿਖਿਆ ਹੈ ਕਿ

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥[135]

ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਇਸੇ ਖਿਆਲ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ

ਕਰਿ ਕਿਰਪਾ ਜਿਸੁ ਆਪਿ ਬੁਝਾਇਆ॥
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ॥[136]

ਅਤੇ

ਆਪਹਿ ਆਪ ਆਪਿ ਕਰਤ ਨਿਬੇਰਾ॥
ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ॥[137]

ਅਤੇ

ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ॥[138]

ਆਤਮ ਗਿਆਨ:–

ਇਸ ਤਰ੍ਹਾਂ ਸਿੱਖ ਧਰਮ ਅਨੁਸਾਰ ਮਨੁੱਖੀ ਆਤਮਾ ਦਾ ਨਿਰਵਾਣ, ਮੁਕਤੀ ਜਾਂ ਆਪਣੀ ਅਸਲੀ ਹੋਂਦ ਵਿਚ ਵਾਪਸ ਸਮਾ ਜਾਣ ਦਾ ਸਫ਼ਰ ਗੁਰੂ ਦੁਆਰਾ ਦੱਸੀ ਹੋਈ

133. ਗੁਰੂ ਗ੍ਰੰਥ ਸਾਹਿਬ, ਪੰਨਾ 296.
134. *ਉਹੀ*, ਪੰਨਾ 633.
135. *ਉਹੀ*, ਪੰਨਾ 2.
136. *ਉਹੀ*, ਪੰਨਾ 263.
137. *ਉਹੀ*, ਪੰਨਾ 269.
138. *ਉਹੀ*, ਪੰਨਾ 701.

ਸਿੱਖਿਆ ਨਾਲ ਸ਼ੁਰੂ ਹੁੰਦਾ ਹੈ। ਗੁਰੂ ਆਪਣੀ ਸਿੱਖਿਆ ਵਿਚ ਸਿੱਖ ਨੂੰ ਪਰਮਾਤਮਾ ਦੇ ਅਸਲੀ ਗੁਣ ਸਮਝਾ ਕੇ ਸਾਧਕ ਦੇ ਵਿਸ਼ਵਾਸ ਨੂੰ ਪਰਪੱਕ ਬਣਾਉਂਦਾ ਹੈ ਤਾਂ ਕਿ ਉਹ ਤਰਕ ਸੰਗਿਕਤਾ ਸਹਿਤ ਆਪਣਾ ਲਕਸ਼ ਸਾਧ ਸਕੇ। ਪਰਮਾਤਮਾ ਦੀ ਹੋਂਦ ਅਤੇ ਉਸ ਦੇ ਗੁਣਾਂ ਦੀ ਵਿਸ਼ਾਲਤਾ ਸਮਝਾਉਂਦੇ ਹੋਏ ਗੁਰੂ ਸਾਧਕ ਨੂੰ ਪਰਮਾਤਮਾ ਦੇ ਸਰਬਉਚ ਸ਼ਕਤੀ ਅਤੇ ਅੰਤਿਮ ਸਚਾਈ ਵਜੋਂ ਸਿੱਧ ਕਰਦੇ ਹੋਏ ਸਿੱਖ ਨੂੰ ਇਹ ਕਹਿ ਕੇ ਸਮਝਾਉਂਦੇ ਹਨ ਕਿ ਹੋਰ ਸਾਰੀਆਂ ਦੈਵੀ ਸ਼ਕਤੀਆਂ ਭਾਂਵੇਂ ਉਹ ਵਿਸ਼ਨੂੰ, ਮਹੇਸ਼ ਜਾਂ ਦੇਵੀਆਂ ਹੋਣ ਉਹ ਪ੍ਰਭੂ ਦੁਆਰਾ ਬਣਾਏ ਹੋਏ ਉਸ ਦੇ ਜੀਵ ਹਨ। ਇਸ ਕਰਕੇ ਕੇਵਲ ਅਤੇ ਕੇਵਲ ਇਕ ਪ੍ਰਭੂ ਜੋ ਅਕਾਲ ਰੂਪ ਹੈ ਜੋ ਜਨਮ-ਮਰਨ ਦੇ ਚੱਕਰ ਵਿਚ ਨਹੀਂ ਉਹ ਹੀ ਇਕ ਮਾਤਰ ਪੂਜਣਯੋਗ ਸ਼ਕਤੀ ਅਤੇ ਅੰਤਿਮ ਹੋਂਦ ਹੈ। ਉਸੇ ਇਕ ਵਿਚੋਂ ਆਤਮਾ ਦਾ ਆਰੰਭ ਹੋਇਆ ਅਤੇ ਉਸੇ ਇਕ ਵਿਚ ਉਸ ਨੇ ਵਾਪਸ ਜਾਣਾ ਹੈ। ਅੰਤਿਮ ਸੰਪੂਰਨਤਾ ਦੀ ਹਾਲਤ ਵਿਚ ਆਤਮਾ ਨੂੰ ਗੁਰੂ ਦੇ ਦੱਸੇ ਹੋਏ ਰਾਹ ਅਨੁਸਾਰ ਚੱਲਦੇ ਹੋਏ ਪਹਿਲਾਂ ਆਪਣੇ ਆਪੇ ਦਾ ਗਿਆਨ ਹੁੰਦਾ ਹੈ ਅਤੇ ਫੇਰ ਪਰਮਾਤਮਾ ਦਾ। ਆਤਮਾ ਨੂੰ ਇਹ ਗਿਆਨ ਭਲੀ ਪ੍ਰਕਾਰ ਹੋ ਜਾਂਦਾ ਹੈ ਕਿ ਉਸ ਦੀ ਅਸਲੀ ਹੋਂਦ ਦਾ ਸਰੂਪ ਕੀ ਹੈ, ਉਸ ਦੀ ਆਪਣੀ ਵਿਅਕਤੀਗਤ ਹੋਂਦ ਕਿਵੇਂ ਪ੍ਰਭੂ ਤੋਂ ਅਲੱਗ ਹੈ ਅਤੇ ਬਾਅਦ ਵਿਚ ਉਸੇ ਸਚ ਦੇ ਮਾਧਿਅਮ ਰਾਹੀਂ ਉਹ ਅਸਲੀ ਸਚ ਦੇ ਗਿਆਨ ਤਕ ਪਹੁੰਚਦਾ ਹੈ। ਗੁਰੂ ਸਾਹਿਬ ਨੇ ਆਪ ਹੀ ਕਿਹਾ ਹੈ ਕਿ ਕਿਉਂਕਿ ਆਤਮਾ ਪਰਮਾਤਮਾ ਦਾ ਹੀ ਰੂਪ ਹੈ ਇਸ ਕਰਕੇ ਆਤਮਾ ਦਾ ਜਾਣਿਆ ਜਾਣਾ ਹੀ ਪਰਮਾਤਮਾ ਦਾ ਜਾਣਿਆ ਜਾਣਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ:

> ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
> ਇਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤ ਹੋਈ॥[139]

ਡਾ. ਸੰਤੋਖ ਸਿੰਘ ਲਿਖਦੇ ਹਨ ਕਿ ਸਾਡਾ ਸੰਬੰਧ ਇਹ ਵੀ ਹੈ ਕਿ ਆਤਮ-ਸਿੱਧੀ ਦਾ ਸੁਭਾਅ ਕੀ ਹੈ? ਇਸ ਦਾ ਭਾਵ ਹੈ ਕਿ ਜਦੋਂ ਜੀਵ ਆਤਮ-ਸਿਧੀ ਹਾਸਿਲ ਕਰ ਲੈਂਦਾ ਹੈ ਤਾਂ ਉਸ ਦੀ ਕੀ ਸਥਿਤੀ ਹੋ ਜਾਂਦੀ ਹੈ, ਕਿਉਂਕਿ ਆਤਮ-ਸਿੱਧੀ ਅਸਲ ਵਿਚ ਪਰਮਾਤਮਾ ਨੂੰ ਪ੍ਰਾਪਤ ਕਰਨ ਵਾਲੀ ਹੀ ਸਥਿਤੀ ਹੁੰਦੀ ਹੈ। ਆਤਮ ਸਿੱਧੀ ਪ੍ਰਾਪਤ ਮਨੁੱਖ ਸਹਿਜੇ ਹੀ ਨਾਮ ਵਿਚ ਸਮਾਧੀ ਸਥਿਤ ਹੋ ਜਾਂਦਾ ਹੈ, ਜਿਸ ਨਾਲ ਅਭੇਦਤਾ ਅਤੇ ਆਨੰਦ ਦਾ ਸਰਬੋਤਮ ਅਨੁਭਵ ਪ੍ਰਾਪਤ ਹੁੰਦਾ ਹੈ। ਪ੍ਰਭੂ ਵਿਚ ਮਿਲੀ ਆਤਮਾ ਨੂੰ ਸੁਹਜਮਈ ਆਤਮਿਕ ਅਨੁਭਵ ਦੀ ਪ੍ਰਾਪਤੀ ਹੁੰਦੀ ਹੈ। ਜਿਸ ਨੂੰ ਗੁਰੂ ਸਾਹਿਬ ਨੇ ਵਿਸਮਾਦ ਦਾ ਨਾਮ ਦਿੱਤਾ ਹੈ। ਇਲਾਹੀ ਦਰਸ਼ਨ ਦਾ ਇਹ ਸਾਰਾ ਅਨੁਭਵ ਇੰਨਾ ਖੂਬਸੂਰਤ ਅਤੇ ਆਨੰਦਮਈ ਹੈ ਕਿ ਇਹ ਬਿਆਨ ਤੋਂ ਪਰ੍ਹੇ ਹੈ। ਸਾਰੇ ਬ੍ਰਹਿਮੰਡ ਦੀ ਸਚਾਈ ਅਤੇ ਕਾਰਜਵਿਧੀ ਇਕ ਝਲਕਾਰੇ ਨਾਲ ਸਮਝ ਆ ਜਾਂਦੀ ਹੈ। ਅਨਹਦ ਸ਼ਬਦ ਬਿਜਲੀ ਦੀ ਗੜਗੜਾਹਟ ਅਤੇ ਚਮਕ, ਨਾਮ ਅੰਮ੍ਰਿਤ ਦੀ ਨਦੀ, ਰੁਣਝੁਣਕਾਰ ਦਾ ਰਹੱਸਮਈ ਅਨੁਭਵ ਪੈਦਾ ਹੁੰਦਾ ਹੈ। ਇਸ ਤਰ੍ਹਾਂ ਮਨੁੱਖ ਮਾਯਾ ਦੇ ਤਿੰਨ ਰੂਪਾਂ ਅਤੇ ਚੇਤਨਾ ਦੀਆਂ ਤਿੰਨ ਅਵਸਥਾਵਾਂ ਤੋਂ ਉਪਰ ਉਠ ਕੇ ਤੁਰੀਆ ਅਵਸਥਾ

---

139. ਗੁਰੂ ਗ੍ਰੰਥ ਸਾਹਿਬ, ਪੰਨਾ, 421.

ਤਕ ਪਹੁੰਚ ਜਾਂਦਾ ਹੈ। ਇਸ ਤੋਂ ਉਪਰੰਤ ਉਹ ਸੰਸਾਰ ਦਿਆਂ ਝਗੜਿਆਂ ਝਮੇਲਿਆ ਤੋਂ ਅਭਿੱਜ ਸਹਿਜ ਅਤੇ ਸ਼ਾਂਤ ਅਵਸਥਾ ਵਿਚ ਰਹਿੰਦਾ ਹੈ। ਉਹ ਆਪਣੇ ਆਪੇ ਨੂੰ ਪ੍ਰਭੂ ਦੇ ਹੁਕਮ ਵਿਚ ਸਮਰਪਿਤ ਕਰ ਦਿੰਦਾ ਹੈ ਅਤੇ ਉਸੇ ਦੇ ਹੁਕਮ ਵਿਚ ਜਿਉਂਦਾ ਹੈ। ਉਹ ਆਪਣੇ ਕਰਮ ਦੇ ਫ਼ਲ ਦੀ ਇੱਛਾ ਰੱਖੇ ਬਗੈਰ ਕਰਮ ਕਰਦਾ ਹੈ। ਉਹ ਜੀਵਨ ਮੁਕਤ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ ਵੀ ਉਹ ਇਸ ਸੰਸਾਰ ਦਾ ਨਹੀਂ ਹੁੰਦਾ। ਉਹ ਬ੍ਰਹਮ ਗਿਆਨੀ ਹੋ ਜਾਂਦਾ ਹੈ ਅਤੇ ਸੰਸਾਰ ਵਿਚ ਉਸੇ ਤਰ੍ਹਾਂ ਨਿਰਲੇਪ ਰਹਿੰਦਾ ਹੈ ਜਿਸ ਤਰ੍ਹਾਂ ਕਮਲ ਦਾ ਫੁੱਲ ਪਾਣੀ ਵਿਚ ਰਹਿੰਦਾ ਹੈ। ਉਹ ਪ੍ਰਭੂ ਪ੍ਰੇਮ ਅਤੇ ਨਾਮ ਦੇ ਅੰਮ੍ਰਿਤ ਦਾ ਆਨੰਦ ਲੈਂਦਾ ਹੈ। ਸਾਰੇ ਭਰਮਾਂ ਦਾ ਨਾਸ ਕਰਕੇ ਉਹ ਪ੍ਰਭੂ ਦੇ ਘਰ ਵਿਚ ਪ੍ਰਵੇਸ਼ ਕਰਦਾ ਹੈ।

ਭਗਤ ਰਵੀਦਾਸ ਇਸ ਸਥਿਤੀ ਨੂੰ ਬਿੰਬ ਮਾਤਰ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਆਤਮਾ ਦੀ ਇਹ ਸਥਿਤੀ ਹੈ ਕਿ ਆਤਮਾ ਐਸੇ ਸਹਿਰ ਦੀ ਵਸਨੀਕ ਹੋ ਜਾਂਦੀ ਹੈ ਜਿਸ ਦਾ ਨਾਮ ਬੇਗ਼ਮਪੁਰਾ ਹੈ, ਜਿਥੇ ਕੋਈ ਦਰਦ ਨਹੀਂ, ਕੋਈ ਦੁੱਖ ਨਹੀਂ ਅਤੇ ਨਾਂ ਹੀ ਚੀਜਾਂ ਤੇ ਕੋਈ ਟੈਕਸ ਆਦਿ ਹੈ। ਉਥੇ ਕੋਈ ਡਰ ਨਹੀਂ, ਕੋਈ ਗਲਤ ਨਹੀਂ, ਕੋਈ ਭੈ ਨਹੀਂ ਅਤੇ ਕੋਈ ਹਾਰ ਨਹੀਂ। ਇਹ ਪਿਤਾ ਦਾ ਦੇਸ਼ ਕਿੰਨਾ ਸੁਹਾਵਣਾ ਹੈ ਜਿੱਥੇ ਸਦੀਵੀਂ ਸ਼ਾਂਤੀ ਹੈ, ਸਹਿਜ ਅਤੇ ਆਨੰਦ ਹੈ। ਪ੍ਰਭੂ ਦਾ ਇਹ ਰਾਜ ਸਦੀਵੀ ਹੈ ਅਤੇ ਉਸ ਦਾ ਕੋਈ ਸਾਥੀ ਨਹੀਂ।[140]

ਬੇਸ਼ਕ ਇਨਸਾਨ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲਵੇ ਉਸ ਪਰਮਾਤਮਾ ਅਤੇ ਉਸ ਨੂੰ ਅਨੁਭਵ ਕਰਨ ਦੀ ਅਵਸਥਾ ਨੂੰ ਬਿਆਨ ਕਰਨ ਦੀ, ਪਰ ਇਹ ਉਸੇ ਤਰ੍ਹਾਂ ਦੀ ਕੋਸ਼ਿਸ਼ ਹੈ ਜਿਵੇਂ ਕੋਈ ਇਕ ਬੂੰਦ ਨੂੰ ਛੂਹ ਕੇ ਸਮੁੰਦਰ ਦੇ ਗੁਣਾਂ ਦਾ ਜ਼ਿਕਰ ਕਰਨ ਦੀ ਕੋਸ਼ਿਸ਼ ਕਰੇ। ਇਸ ਬਿਆਨ ਤੋਂ ਪਰ੍ਹੇ ਵਾਲੀ ਆਤਮਿਕ ਅਵਸਥਾ ਦਾ ਜ਼ਿਕਰ ਭੀਖਨ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਕੀਤਾ ਹੈ:

ਭੀਖਾ ਬਾਤ ਅਗੰਮ ਕੀ ਕਹਿਨ ਸੁਨਨ ਕੀ ਨਾਹਿ
ਜੋ ਜਾਨੈ ਸੋ ਕਹੈ ਨਾ ਕਹੈ ਸੋ ਜਾਨੈ ਨਾਹਿ॥

140. ਡਾ. ਸੰਤੋਖ ਸਿੰਘ, *ਉਹੀ*, ਪੰਨਾ, 53-54.

ਭਾਗ ਤੀਜਾ

ਗੁਰੂ ਗ੍ਰੰਥ ਸਾਹਿਬ ਵਿਚਲੇ ਵਿਵਹਾਰਿਕ ਸਰੋਕਾਰ

ਅਧਿਆਇ ਪੰਜਵਾਂ

ਸਿੱਖ ਨੈਤਿਕ ਵਿਵਹਾਰ

ਅਰਥ:-

ਕਿਸੇ ਖਾਸ ਉਦੇਸ਼ ਨੂੰ ਕੇਂਦਰ ਮੰਨ ਕੇ ਉਸ ਦੀ ਪ੍ਰਾਪਤੀ ਹਿਤ ਮਨੁੱਖੀ ਵਿਵਹਾਰ ਦੇ ਠੀਕ ਜਾਂ ਗਲਤ, ਚੰਗੇ ਜਾਂ ਬੁਰੇ ਵਿਚਾਰਾਂ ਦੇ ਸਿਧਾਂਤਕ ਰੂਪ ਨੂੰ ਨੈਤਿਕਤਾ ਦਾ ਨਾਮ ਦਿੱਤਾ ਗਿਆ ਹੈ। ਹਰ ਜਗ੍ਹਾ ਅਤੇ ਹਰ ਵਿਅਕਤੀ-ਸਮੂਹ ਵਿਚ ਕੁਝ ਖਾਸ ਕਿਸਮ ਦੇ ਅਸੂਲ ਮੌਜੂਦ ਹੁੰਦੇ ਹਨ, ਜਿਨ੍ਹਾਂ ਨੂੰ ਕੇਂਦਰ ਬਣਾ ਕੇ ਸੰਬੰਧਤ ਵਿਅਕਤੀ ਦੇ ਵਿਵਹਾਰ ਨੂੰ ਜਾਂਚਿਆ ਜਾਂਦਾ ਹੈ। ਇਹ ਵਿਵਹਾਰ ਆਮ ਤੌਰ ਤੇ ਵਿਅਕਤੀ ਵਿਸ਼ੇਸ਼ ਜਾਂ ਵਿਸ਼ੇਸ਼ ਸਮਾਜ ਦੇ ਆਦਰਸ਼ ਜਾਂ ਸਰਵ-ਉਚ ਕੀਮਤਾਂ ਤੇ ਆਧਾਰਿਤ ਹੁੰਦਾ ਹੈ। ਜਿਸ ਦੀ ਪ੍ਰਾਪਤੀ ਕਿਸੇ ਖਾਸ ਕਿਸਮ ਦੇ ਵਿਵਹਾਰ ਨੂੰ ਅਪਣਾਏ ਬਿਨਾਂ ਅਤੇ ਖਾਸ ਕਿਸਮ ਦੇ ਵਿਵਹਾਰ ਨੂੰ ਤਿਆਗੇ ਬਿਨਾਂ ਨਹੀਂ ਹੋ ਸਕਦੀ। ਸਿੱਖ ਧਰਮ ਅਨੁਸਾਰ ਮਨੁੱਖ ਦਾ ਅੰਤਿਮ ਆਦਰਸ਼ ਆਤਮ-ਸਿੱਧੀ ਹਾਸਿਲ ਕਰਨਾ ਹੈ ਇਸ ਕਰਕੇ ਵਿਵਹਾਰ ਦਾ ਮੁੱਖ ਕੇਂਦਰ ਵੀ ਉਸੇ ਤਰਾਂ ਦੇ ਅਸੂਲ ਅਪਨਾਉਣਾ ਹੈ। ਮਨੁੱਖ ਦੀ ਆਤਮਾ ਆਪਣੀ ਅੰਤਿਮ ਮੰਜ਼ਿਲ ਹਾਸਿਲ ਕਰ ਲਵੇ ਇਸ ਲਈ ਇਕ ਸਿੱਖ ਲਈ ਠੀਕ ਜਾਂ ਗਲਤ, ਚੰਗੇ ਜਾਂ ਬੁਰੇ ਵਿਵਹਾਰ ਦਾ ਮਾਪਦੰਡ ਵੀ ਆਤਮਿਕ ਸ਼ੁੱਧੀ ਅਤੇ ਆਤਮਿਕ ਗੁਣਾਂ ਨੂੰ ਸਨਮੁੱਖ ਰੱਖ ਕੇ ਤੈਅ ਕੀਤਾ ਗਿਆ ਹੈ।

ਸ੍ਰੋਤ :-

ਬਹੁਤ ਕੰਮ ਤਾਂ ਭਾਵੇਂ ਸਿੱਖ ਨੈਤਿਕਤਾ ਤੇ ਨਹੀਂ ਹੋਇਆ ਪਰ ਫਿਰ ਵੀ ਕਾਫੀ ਵਿਦਵਾਨਾਂ ਨੇ ਆਪਣੇ-ਆਪਣੇ ਤਰੀਕੇ ਨਾਲ ਕੋਸ਼ਿਸ਼ ਕੀਤੀ ਹੈ ਕਿ ਸਿੱਖ ਨੈਤਿਕ ਨਿਯਮਾਂ ਨੂੰ ਲੱਭ ਕੇ, ਉਨ੍ਹਾਂ ਦੀ ਵਿਆਖਿਆ ਕਰਕੇ, ਕਿਸੇ ਤਰ੍ਹਾਂ ਉਨ੍ਹਾਂ ਨੂੰ ਨਿਯਮਬੱਧ ਰੂਪ ਵਿਚ ਪਾਠਕਾਂ ਦੀ ਸਹੂਲਤ ਵਾਸਤੇ ਕਿਸੇ ਇਕ ਥਾਂ ਪ੍ਰਸਤੁਤ ਕੀਤਾ ਜਾ ਸਕੇ। ਡਾ. ਅਵਤਾਰ ਸਿੰਘ, ਡਾ. ਵਜ਼ੀਰ ਸਿੰਘ, ਡਾ. ਜਗਬੀਰ ਸਿੰਘ, ਡਾ. ਜਸਵਿੰਦਰ ਕੌਰ ਢਿਲੋਂ, ਪ੍ਰੋ. ਗੁਰਬਚਨ ਸਿੰਘ ਤਾਲਿਬ, ਡਾ. ਸੁਰਿੰਦਰ ਸਿੰਘ ਕੋਹਲੀ ਅਤੇ ਡਾ. ਨਿਰਪਿੰਦਰ ਸਿੰਘ ਆਦਿ ਦੇ ਨਾਮ ਇਸ ਵਿਸ਼ੇ ਲਈ ਖਾਸ ਵਰਨਣਯੋਗ ਹਨ। ਵਿਦਵਾਨਾਂ ਵੱਲੋਂ ਜੋ ਨੈਤਿਕ ਗੁਣ ਨਿਰਧਾਰਤ ਕੀਤੇ ਗਏ ਹਨ ਉਹ ਗੁਰੂ ਨਾਨਕ ਤੋਂ ਲੈ ਕੇ ਬਾਕੀ ਸਾਰੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਆਧਾਰਤ ਹਨ। ਗੁਰੂ ਸਾਹਿਬਾਨ ਦਾ ਨੈਤਿਕ ਸਿਧਾਂਤ ਹੋਰ ਵਿਸ਼ਾਲ ਰੂਪ ਧਾਰਨ ਕਰ ਕੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਮੌਜੂਦ ਹੈ, ਕਿਉਂਕਿ ਇਸ ਵਿਚ ਛੇ ਗੁਰੂ ਸਾਹਿਬਾਨ ਤੋਂ ਬਿਨਾਂ ਸੰਤਾਂ, ਭਗਤਾਂ, ਅਤੇ ਸੂਫੀ ਮਹਾਂਪੁਰਸ਼ਾਂ ਦੀਆਂ ਸਿੱਖਿਆਵਾਂ ਸ਼ਾਮਿਲ ਹਨ। ਇਸ ਤਰ੍ਹਾਂ ਜਿਨ੍ਹਾਂ ਵੀ ਮਹਾਂਪੁਰਸ਼ਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ ਉਹ ਸਿੱਖ ਧਰਮ

ਦੇ ਨੈਤਿਕ ਨਿਯਮ ਤੈਅ ਕਰਨ ਵਿਚ ਸਹਾਈ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਪ੍ਰਭੂ-ਪ੍ਰੇਮ ਵਿਚ ਭਿੱਜੇ ਹੋਏ ਉਸ ਦੇ ਪ੍ਰੇਮੀਆਂ ਦੇ ਦਿਲਾਂ ਵਿਚੋਂ ਸਹਿਜ ਸੁਭਾਅ ਉਤਪੰਨ ਹੋਇਆ ਇਕ ਕਾਵਿਕ ਪਰਵਾਹ ਹੈ, ਇਸ ਕਰਕੇ ਇਸ ਵਿਚ ਨੈਤਿਕ ਨਿਯਮਾਂ ਬਾਰੇ ਕੋਈ ਵਿਸ਼ੇਸ਼ ਨਿਰਧਾਰਤ ਫਾਰਮੂਲਾ ਕਿਸੇ ਇਕ ਥਾਂ ਤੇ ਖਾਸ ਵਿਉਂਤ ਅਨੁਸਾਰ ਉਪਲਬਧ ਨਹੀਂ। ਪਰ ਗੁਰੂ ਗ੍ਰੰਥ ਸਾਹਿਬ ਤੇ ਆਧਾਰਤ ਸਮੁੱਚਾ ਸਿੱਖ ਸਿਧਾਂਤ ਨੈਤਿਕਤਾ ਦੇ ਕਈ ਪੱਖਾਂ ਨੂੰ ਉਜਾਗਰ ਕਰਦਾ ਪਰਤੀਤ ਹੁੰਦਾ ਹੈ। ਇਸ ਕਰਕੇ ਸਿੱਖ ਧਰਮ ਦੇ ਮੁੱਢਲੇ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਨੈਤਿਕ ਨਿਯਮਾਂ ਦਾ ਮੁੱਖ ਆਧਾਰ ਮੰਨਿਆਂ ਜਾਂਦਾ ਹੈ। ਭਾਵੇਂ ਹੋਰ ਬਹੁਤ ਸਾਰੇ ਸ੍ਰੋਤ ਜਿਵੇਂ; ਦਸਮ ਗ੍ਰੰਥ, ਵਾਰਾਂ ਭਾਈ ਗੁਰਦਾਸ, ਜਨਮਸਾਖੀਆਂ, ਰਹਿਤਨਾਮੇ ਅਤੇ ਗੁਰੂ ਇਤਿਹਾਸ ਨਾਲ ਜੁੜੇ ਗ੍ਰੰਥ ਵੀ ਸਾਨੂੰ ਨੈਤਿਕ ਨਿਯਮਾਂ ਦੀ ਕਾਫੀ ਜਾਣਕਾਰੀ ਪਰਦਾਨ ਕਰਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਸਦੀਵੀ ਗੁਰੂ ਹੈ ਇਸ ਕਰਕੇ ਦੂਜੇ ਬਾਕੀ ਸਾਰੇ ਸ੍ਰੋਤਾਂ ਵਿਚਲੀ ਨੈਤਿਕ ਅਗਵਾਈ ਦਾ ਵੀ ਮੂਲ ਸ੍ਰੋਤ ਗੁਰੂ ਗ੍ਰੰਥ ਸਾਹਿਬ ਹੀ ਹੈ। ਇਸ ਵਿਚ ਗੁਰੂ ਸਾਹਿਬਾਨ ਅਤੇ ਉਨ੍ਹਾਂ ਸੰਤਾਂ ਭਗਤਾਂ ਦੇ ਦੈਵੀ ਅਨੁਭਵ ਮੌਜੂਦ ਹਨ ਜਿਨ੍ਹਾਂ ਨੇ ਇਕ ਖਾਸ ਕਿਸਮ ਦਾ ਨੈਤਿਕ ਰਵਈਆ ਅਖਤਿਆਰ ਕਰਦੇ ਹੋਏ ਆਪਣੀ ਉਸ ਮੰਜ਼ਿਲ ਨੂੰ ਪ੍ਰਾਪਤ ਕੀਤਾ ਜੋ ਮੰਜ਼ਿਲ ਉਨ੍ਹਾਂ ਨੇ ਸਾਡੇ ਸਭ ਲਈ ਨਿਰਧਾਰਤ ਵੀ ਕੀਤੀ ਹੈ। ਇਸੇ ਕਰਕੇ ਇਸ ਸ੍ਰੋਤ ਨੂੰ ਮਨੁੱਖੀ ਜੀਵਨ ਦੀ ਸੰਪੂਰਨ ਅਧਿਆਤਮਿਕ-ਨੈਤਿਕ ਅਗਵਾਈ ਦਾ ਮੂਲ ਸੋਮਾ ਮੰਨਿਆ ਜਾਂਦਾ ਹੈ। ਭਾਵੇਂ ਸਿੱਖ ਨੈਤਿਕ ਨਿਯਮਾਂ ਨੂੰ ਨਿਰਧਾਰਤ ਕਰਨ ਲਈ ਕਾਫੀ ਘਾਲਣਾ ਕਰਨੀ ਪੈਂਦੀ ਹੈ ਪਰ ਗੁਰਬਾਣੀ ਅਤੇ ਸੰਬੰਧਿਤ ਸ੍ਰੋਤਾਂ ਵਿਚ ਬਹੁਤ ਜਗ੍ਹਾ ਐਸੇ ਹਵਾਲੇ ਜ਼ਰੂਰ ਮਿਲਦੇ ਹਨ ਜਿਨ੍ਹਾਂ ਨੂੰ ਸਿੱਖ ਨੈਤਿਕ ਨਿਯਮਾਂ ਦਾ ਆਧਾਰ ਮੰਨਿਆ ਜਾ ਸਕਦਾ ਹੈ।

ਨੈਤਿਕ ਹੋਣ ਦੀ ਜ਼ਰੂਰਤ:-

ਸਿੱਖ ਧਰਮ ਵਿਚ ਮਨੁੱਖੀ ਹੋਂਦ ਦੀ ਸੰਪੂਰਨਤਾ ਉਸ ਦੇ ਤੱਤ ਸਰੂਪ ਵਿਚ ਵਾਪਸ ਸਮਾ ਜਾਣ ਤੇ ਹੁੰਦੀ ਹੈ। ਪਰ ਇਹੀ ਉਹ ਸਥਿਤੀ ਹੈ ਜਿਸ ਨੂੰ ਨੈਤਿਕ ਪੱਧਰ ਤੇ ਵਿਚਾਰਿਆ ਜਾਣਾ ਵੀ ਜ਼ਰੂਰੀ ਹੁੰਦਾ ਹੈ ਕਿਉਂਕਿ ਜਿਸ ਵਿਚ ਸਮਾਉਣਾ ਹੈ ਉਸ ਵਿਚ ਸਮਾ ਸਕਣ ਯੋਗ ਹੋਣਾ ਵੀ ਜ਼ਰੂਰੀ ਹੁੰਦਾ ਹੈ। ਜਿਵੇਂ ਜੇ ਕਿਸੇ ਨੇ ਕਿਸੇ ਖਾਸ ਸ਼ਹਿਰ ਵੱਲ ਜਾਂ ਖਾਸ ਇਲਾਕੇ ਵੱਲ ਜਾਣਾ ਹੋਵੇ ਤਾਂ ਉਸ ਨੂੰ ਉਸੇ ਤਰ੍ਹਾਂ ਦੀ ਤਿਆਰੀ ਕਰਨ ਦੀ ਲੋੜ ਹੁੰਦੀ ਹੈ। ਏਸੇ ਤਰਾਂ ਨਿਰੰਕਾਰ ਦੇ ਦੇਸ਼ ਵੱਲ ਜਾਣ ਵਾਲੇ ਰਾਹੀ ਲਈ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਉਸ ਦੇਸ਼ ਵਿਚ ਜਾਣ ਯੋਗ ਆਪਣੇ ਆਪ ਨੂੰ ਅਤੇ ਆਪਣੇ ਕਰਮਾਂ ਨੂੰ ਬਣਾਵੇ। ਇਸੇ ਕਰਕੇ ਇਕ ਸਿੱਖ ਨੇ ਉਸ ਵਿਵਹਾਰ ਨੂੰ ਅਮਲੀ ਰੂਪ ਵਿਚ ਅਪਨਾਉਣਾ ਹੁੰਦਾ ਹੈ ਜੋ ਉਸ ਨੂੰ ਆਪਣੀ ਅਸਲੀ ਮੰਜ਼ਿਲ ਤੱਕ ਪਹੁੰਚਣ ਯੋਗ ਕਰ ਸਕੇ। ਅਧਿਆਤਮਿਕ ਰਾਹ ਲਈ ਨੈਤਿਕਤਾ ਨੂੰ ਲਾਜ਼ਮੀ ਨਿਰਧਾਰਿਤ ਕਰਨ ਬਾਰੇ ਡਾ. ਪ੍ਰੀਤਮ ਸਿੰਘ ਜੀ ਲਿਖਦੇ ਹਨ ਕਿ; ਇਸ ਆਤਮਕ ਰਸਤੇ ਦੀ ਪਹਿਲੀ ਅਵਸਥਾ ਇਹ ਹੈ। ਇਸ ਅਵਸਥਾ ਵਿਚ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਉਹ ਇਸ ਦੁਨੀਆਂ ਤੇ ਕੋਈ ਫ਼ਰਜ਼ ਨਿਭਾਉਣ ਆਇਆ ਹੈ। ਇਸ ਚੇਤੰਨਤਾ ਦੇ ਆਉਣ ਨਾਲ ਮਨੁੱਖ ਵਿਸ਼ੇ-ਵਿਕਾਰਾਂ ਨੂੰ ਛੱਡ ਕੇ ਆਤਮਾ ਵੱਲ ਝਾਤੀ ਮਾਰਦਾ ਹੈ। ਉਹ

ਇਹ ਵਿਚਾਰਨ ਲੱਗਦਾ ਹੈ ਕਿ ਜੀਵ ਏਥੇ ਧਰਮ ਕਮਾਣ ਆਇਆ ਹੈ। ਇਸ ਚੇਤੰਨਤਾ ਨਾਲ ਉਸ ਦੇ ਅੰਦਰੋਂ ਸੁਆਰਥ ਦੀ ਗੰਢ ਖੁੱਲ ਜਾਂਦੀ ਹੈ। ਉਸ ਦੀ ਆਤਮਾ ਉਤੋਂ ਵਾਸ਼ਨਾਵਾਂ ਦਾ ਬੋਝ ਉਠ ਜਾਂਦਾ ਹੈ।[1]

ਸਿੱਖ ਸਿਧਾਂਤ ਅਨੁਸਾਰ ਇਹ ਮੰਨਿਆ ਗਿਆ ਹੈ ਕਿ ਨੈਤਿਕ ਹੋਏ ਬਿਨਾਂ ਅਧਿਆਤਮਿਕ ਜੀਵਨ ਦਾ ਆਰੰਭ ਸੰਭਵ ਹੀ ਨਹੀਂ। ਜਪੁਜੀ ਸਾਹਿਬ ਦੇ ਅੰਤਿਮ ਪੈਰ੍ਹੇ ਵਿਚ ਗੁਰੂ ਸਾਹਿਬ ਨੇ ਸਿੱਖਾਂ ਲਈ ਸਪੱਸ਼ਟ ਤੌਰ ਤੇ ਨੈਤਿਕ ਸਤਰ ਨਿਰਧਾਰਤ ਕਰ ਦਿੱਤਾ ਹੈ। ਉਨ੍ਹਾਂ ਆਪਣੇ ਸਿੱਖਾਂ ਨੂੰ ਕਿਹਾ ਕਿ ਸੱਚ, ਸੰਤੋਖ ਅਤੇ ਵੀਚਾਰ ਨੂੰ ਸਮਾਜ ਦੀਆਂ ਬੁਰਾਈਆਂ ਨਾਲ ਲੜਨ ਲਈ ਹਥਿਆਰ ਬਣਾਉ। ਉਨ੍ਹਾਂ ਅਨੁਸਾਰ ਪ੍ਰਭੂ ਦੀ ਪ੍ਰੇਮਾ-ਭਗਤੀ ਵਿਚ ਰਹਿੰਦੇ ਹੋਏ ਉਸ ਦੇ ਭਉ ਵਿਚ ਰਹਿ ਕੇ ਵੀ ਕੰਮ ਕਰਨਾ ਜ਼ਰੂਰੀ ਹੁੰਦਾ ਹੈ ਕਿਉਂਕਿ ਚੰਗੇ ਕਰਮਾਂ ਕਰਕੇ ਇਕ ਸਿੱਖ ਦਾ ਮਨ ਸ਼ੁੱਧ ਹੁੰਦਾ ਹੈ ਅਤੇ ਤਾਂ ਹੀ ਉਸ ਵਿਚ ਪ੍ਰਭੂ ਦਾ ਅੰਮ੍ਰਿਤ ਨਾਮ ਟਿਕ ਸਕਦਾ ਹੈ। ਕਿਹਾ ਗਿਆ ਹੈ ਕਿ ਜਿਵੇਂ ਸ਼ੇਰਨੀ ਦਾ ਦੁੱਧ ਪਾਉਣ ਲਈ ਸੋਨੇ ਦਾ ਬਰਤਨ ਹੀ ਸਹੀ ਹੋ ਸਕਦਾ ਹੈ ਉਸੇ ਤਰ੍ਹਾਂ ਪ੍ਰਭੂ ਦਾ ਨਾਮ ਟਿਕਾਉਣ ਲਈ ਸਿੱਖ ਦਾ ਮਨ ਵੀ ਪੂਰੀ ਤਰ੍ਹਾਂ ਸ਼ੁੱਧ ਹੋਣਾ ਜ਼ਰੂਰੀ ਹੁੰਦਾ ਹੈ। ਇਕ ਖਾਸ ਕਿਸਮ ਦੇ ਮਾਨਸਿਕ ਅਤੇ ਅਧਿਆਤਮਿਕ ਮਾਹੌਲ ਵਿਚ ਪਰਮਾਤਮਾ ਦਾ ਨਾਮ ਸਿਮਰਿਆ ਜਾਂਦਾ ਹੈ। ਨੈਤਿਕ ਤੌਰ ਤੇ ਪਰਪੱਕ ਕਰਨ ਤੋਂ ਬਾਅਦ ਹੀ ਮਨੁੱਖ ਦੀ ਵਿਅਕਤੀਗਤ ਚੇਤਨਾ ਨੂੰ ਇਲਾਹੀ ਸ਼ਬਦ ਦੀ ਟਕਸਾਲ ਵਿਚ ਘੜਿਆ ਜਾਂਦਾ ਹੈ। ਗੁਰੂ ਸਾਹਿਬ ਨੇ ਬਾਰ-ਬਾਰ ਕਿਹਾ ਹੈ ਕਿ ਨੈਤਿਕ ਨਿਯਮਾਂ ਦੇ ਅਨੁਸ਼ਾਸਨ ਤੋਂ ਬਿਨਾਂ ਪਰਮਾਤਮਾ ਦੀ ਭਗਤੀ ਹੋ ਹੀ ਨਹੀਂ ਸਕਦੀ। ਪੂਰੇ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਵਿਚਾਰਧਾਰਾ ਦਾ ਇਹੀ ਨਿਚੋੜ ਹੈ। ਜਪੁਜੀ ਸਾਹਿਬ ਵਿਚ ਦਿੱਤੇ ਗਏ ਨੈਤਿਕ ਨਿਯਮਾਂ ਦੇ ਚਿੰਨਾਂ ਨੂੰ ਸਮੁੱਚੇ ਸਿੱਖ ਸਿਧਾਂਤ ਦਾ ਸ੍ਰੋਤ ਮੰਨਿਆ ਗਿਆ ਹੈ।

ਸਮਰਪਣ :-

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਪਹਿਲੀ ਬਾਣੀ ਜਪੁਜੀ ਸਾਹਿਬ, ਜੋ ਗੁਰੂ ਗ੍ਰੰਥ ਸਾਹਿਬ ਦੀ ਆਰੰਭਕ ਬਾਣੀ ਹੈ, ਸਭ ਤੋਂ ਪਹਿਲਾਂ ਉਸੇ ਵਿਚ ਹੀ ਸਿੱਖ ਨੈਤਿਕਤਾ ਦੇ ਆਧਾਰ ਸ੍ਰੋਤ ਮਿਲ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਸਪਸ਼ੱਟ ਰੂਪ ਵਿਚ ਮਨੁੱਖੀ ਜੀਵਨ ਦੇ ਅੰਤਿਮ ਮਨੋਰਥ ਵੱਲ ਇਸ਼ਾਰਾ ਕਰਦੇ ਹਨ। ਸਿੱਖ ਧਰਮ ਵਿਚ ਦਾਖਲਾ ਲੈਣ ਲਈ ਉਹ ਕੁਝ ਨੈਤਿਕ ਨਿਯਮਾਂ ਦੀ ਪਾਲਣਾ ਕਰਨ ਵੱਲ ਇਸ਼ਾਰਾ ਕਰਦੇ ਹਨ। ਉਸੇ ਆਧਾਰ ਤੇ ਗੁਰੂ ਜੀ ਨੈਤਿਕ ਹੋਣ ਦੇ ਕਾਰਨ ਵੱਲ ਵੀ ਇਸ਼ਾਰਾ ਕਰਦੇ ਹਨ। ਉਨ੍ਹਾਂ ਕਿਹਾ ਕਿ ਪਰਮਾਤਮਾ ਸੱਚ ਹੈ ਪਰ ਉਸ ਸੱਚ ਨੂੰ ਜਾਨਣ ਲਈ ਸੱਚ ਦੇ ਇਕ ਖਾਸ ਮਾਰਗ ਤੇ ਚੱਲਣਾ ਹੁੰਦਾ ਹੈ, ਜਿਸ ਦੀ ਅਗਵਾਈ ਸੱਚੇ ਗੁਰੂ ਤੋਂ ਪ੍ਰਾਪਤ ਹੁੰਦੀ ਹੈ। ਡਾ. ਵਜ਼ੀਰ ਸਿੰਘ ਜੀ ਕਹਿੰਦੇ ਹਨ ਕਿ, ਨੈਤਿਕ ਦ੍ਰਿਸ਼ਟੀ ਤੋਂ ਧਰਮ ਦਾ ਜੀਵਨ ਕਰਤਵ ਦੀ ਪਾਲਣਾ ਦਾ ਜੀਵਨ ਹੈ, ਸਦਾਚਾਰ ਦਾ ਜੀਵਨ ਹੈ, ਸਮਾਜ ਸੇਵਾ ਦਾ ਜੀਵਨ ਹੈ। ਸੱਚੇ ਦਰਬਾਰ ਦਾ ਬਿੰਬ ਧਰਮ-ਖੰਡ ਦੀ ਨੈਤਿਕ ਭਾਵਨਾ ਨੂੰ ਕਰਮਾਂ ਦੀ ਪਰਖ ਦੇ

1. ਪ੍ਰੋ. ਪ੍ਰੀਤਮ ਸਿੰਘ, ਸਿਖ ਵਿਚਾਰਧਾਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962, ਪੰਨਾ 42.

ਸੰਦਰਭ ਵਿਚ ਪ੍ਰਸਤੁਤ ਕਰਦਿਆਂ ਅਧਿਆਤਮਿਕ ਪੱਧਰ ਉਤੇ ਲੈ ਜਾਂਦਾ ਹੈ। ਇਹ ਨੈਤਿਕਤਾ ਤੇ ਆਤਮਿਕ ਚੇਤਨਤਾ ਦਾ ਸੁਖਾਵਾਂ ਸੁਮੇਲ ਹੈ। ਸੱਚ ਦੀ ਯਾਤਰਾ ਉਤੇ ਤੁਰੇ ਸਾਧਕ ਲਈ ਧਰਮ-ਖੰਡ ਪਹਿਲਾ ਤੇ ਅਵੱਸ਼ਕ ਪੜਾਅ ਹੈ।[2] ਇਥੇ ਸਭ ਤੋਂ ਪਹਿਲਾਂ ਸੱਚ ਨੂੰ ਜਾਨਣ ਲਈ ਸੱਚੇ ਗੁਰੂ ਪ੍ਰਤੀ ਸਮਰਪਣ ਦੀ ਜ਼ਰੂਰਤ ਹੁੰਦੀ ਹੈ। ਇਸ ਕਰਕੇ ਜੇ ਇਹ ਕਿਹਾ ਜਾਵੇ ਕਿ ਸਿੱਖ ਨੈਤਿਕ ਨਿਯਮਾ ਵਿਚੋਂ ਸਭ ਤੋਂ ਪਹਿਲਾ ਨਿਯਮ ਸਮਰਪਣ ਹੀ ਹੈ ਤਾਂ ਇਹ ਕੋਈ ਅਤਕਥਨੀ ਨਹੀਂ ਹੋਵੇਗੀ। ਗੁਰੂ ਜੀ ਨੇ ਕਿਹਾ ਕਿ ਪਰਮਾਤਮਾ ਹਰ ਜਗਾ ਇਕਰਸ ਵਿਆਪਕ ਹੈ, ਪਰ ਹਉਮੈ ਦੇ ਪਰਦੇ ਕਰਕੇ ਅਸੀਂ ਉਸ ਨੂੰ ਦੇਖ ਨਹੀਂ ਸਕਦੇ। ਇਕ ਸੁਆਲ, ਕਿ ਪਰਮਾਤਮਾ ਨੂੰ ਕਿਵੇਂ ਪ੍ਰਾਪਤ ਕੀਤਾ ਜਾਵੇ? ਇਸ ਦੇ ਜੁਆਬ ਵਿਚ ਕਿਹਾ ਜਾ ਸਕਦਾ ਹੈ ਕਿ ਸੱਚ ਦੇ ਮਾਰਗ ਤੇ ਚੱਲਦੇ ਹੋਏ ਹੀ ਉਸ ਦੀ ਪ੍ਰਾਪਤੀ ਹੋ ਸਕਦੀ ਹੈ ਪਰ ਉਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਸੱਚੇ ਗੁਰੂ ਦੀ ਅਗਵਾਈ ਅਨੁਸਾਰ ਜੀਵਨ ਨੂੰ ਸੇਧ ਦਿੱਤੀ ਜਾਵੇ। ਕੇਵਲ ਸੱਚੇ ਗੁਰੂ ਅਨੁਸਾਰ ਜੀਵਨ ਢਾਲ ਕੇ ਸੱਚ ਦੇ ਰਾਹ ਤੇ ਚੱਲਦੇ ਹੋਏ ਹੀ ਹਉਮੈ ਦੀ ਦੀਵਾਰ ਢਹਿ ਸਕਦੀ ਹੈ। ਜਦੋਂ ਮਨੁੱਖ ਆਪਣੇ ਆਪ ਨੂੰ ਆਪਣੇ ਆਪੇ ਦੀ ਵਲਗਣ ਵਿਚੋਂ ਬਾਹਰ ਕੱਢ ਕੇ ਗੁਰੂ ਪ੍ਰਤੀ ਸਮਰਪਤ ਕਰਦਾ ਹੈ ਤਾਂ ਸਮਰਪਣ ਦੀ ਸੰਪੂਰਨ ਮੰਜ਼ਿਲ ਤੇ ਪਹੁੰਚ ਕੇ ਸੱਚ ਆਪ ਹੀ ਪ੍ਰਾਪਤ ਹੋ ਜਾਂਦਾ ਹੈ। ਜਪੁਜੀ ਸਾਹਿਬ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਇਸ ਅਧਿਆਤਮਿਕ ਸਥਿਤੀ ਦੀ ਪ੍ਰਾਪਤੀ ਲਈ ਆਪ ਹੀ ਬੇਹੱਦ ਆਸਾਨ ਤਰੀਕਾ ਸਮਝਾਉਂਦੇ ਹਨ। ਉਹ ਕਹਿੰਦੇ ਹਨ ਕਿ ਸੱਚੇ ਨਾਮ ਦੀ ਪ੍ਰਾਪਤੀ, ਸੱਚੇ ਦੇ ਗੁਣਾਂ ਦਾ ਗਾਇਨ, ਉਸ ਦੀਆਂ ਵਡਿਆਈਆਂ ਦੀ ਚਰਚਾ ਹੀ ਉਸ ਦੇ ਨਜ਼ਦੀਕ ਲੈ ਕੇ ਜਾਂਦੇ ਹਨ। ਉਸੇ ਕਰਕੇ ਹੀ ਹਉਮੈ ਦੀ ਦੀਵਾਰ ਟੁੱਟਦੀ ਹੈ। ਜੇ ਮਨੁੱਖ ਇਹ ਸਮਝ ਲਵੇ ਕਿ ਪੂਰਬਲੇ ਕਰਮਾਂ ਕਰਕੇ ਉਹ ਇਸ ਧਰਤੀ ਤੇ ਆਇਆ ਹੈ ਅਤੇ ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਕਰਕੇ ਹੀ ਉਸ ਨੂੰ ਸੰਸਾਰ ਦੇ ਬੰਧਨਾਂ ਤੋਂ ਮੁਕਤੀ ਦੀ ਪ੍ਰਾਪਤੀ ਹੋਣੀ ਹੈ ਤਾਂ ਇਸੇ ਨੂੰ ਸੱਚ ਦੀ ਪ੍ਰਾਪਤੀ ਦਾ ਮੁੱਢਲਾ ਆਧਾਰ ਬਣਾਇਆ ਜਾ ਸਕਦਾ ਹੈ। ਪਰ ਇਹ ਸੂਝ ਗੁਰੂ ਨੂੰ ਆਪਾ ਸੌਂਪਣ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੀ।

ਗੁਰੂ ਦੁਆਰਾ ਦੱਸੇ ਮਾਰਗ ਤੇ ਚੱਲਦੇ-ਚੱਲਦੇ ਮਨੁੱਖ ਅੰਤ ਵਿਚ ਉਹ ਮਾਨਸਿਕ ਅਤੇ ਅਧਿਆਤਮਿਕ ਸਥਿਤੀ ਹਾਸਿਲ ਕਰ ਲੈਂਦਾ ਹੈ ਜੋ ਉਸ ਦੇ ਜੀਵਨ ਦਾ ਅਸਲੀ ਮਕਸਦ ਹੁੰਦਾ ਹੈ। ਇਸ ਸਿਧਾਂਤ ਨੂੰ ਦਰਸ਼ਨ ਦੀ ਭਾਸ਼ਾ ਵਿਚ ਕੀਮਤ ਸਿਧਾਂਤ ਵੀ ਕਿਹਾ ਜਾਂਦਾ ਹੈ ਕਿਉਂਕਿ ਮਨੁੱਖ ਨੇ ਚੰਗੇ ਗੁਣ ਅਖਤਿਆਰ ਕਰ ਕੇ ਜਿਸ ਉੱਚਤਮ ਉਦੇਸ਼ ਦੀ ਪ੍ਰਾਪਤੀ ਕਰਨੀ ਹੁੰਦੀ ਹੈ ਉਸ ਨਾਲ ਮਨੁੱਖੀ ਮਨ ਵਿਚ ਉਹ ਸਾਰੇ ਗੁਣ ਆਪਣੇ ਆਪ ਆ ਜਾਂਦੇ ਹਨ ਜੋ ਉਸ ਨੂੰ ਵੀਚਾਰ ਅਤੇ ਵਿਵਹਾਰ ਦੀ ਸੰਪੂਰਨਤਾ ਪਰਦਾਨ ਕਰਦੇ ਹਨ। ਮਨੁੱਖੀ ਹੋਂਦ ਦੀ ਉਸ ਅੰਤਿਮ ਸਥਿਤੀ ਹਾਸਿਲ ਕਰਨ ਨਾਲ ਉਸ ਵਿਚ ਆਤਮ-ਪ੍ਰਗਾਸ, ਆਤਮ-ਸਿੱਧੀ, ਬ੍ਰਹਮ-ਗਿਆਨ, ਜਿਹੇ ਐਸੇ ਗੁਣ ਪ੍ਰਗਟ ਹੋ ਜਾਂਦੇ ਹਨ ਕਿ ਉਹ ਆਪ ਪਰਮਾਤਮਾ ਰੂਪ ਹੋ ਜਾਂਦਾ ਹੈ। ਆਤਮਾ ਦੀ ਇਹ ਸਥਿਤੀ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਪ੍ਰਾਪਤ ਨਹੀਂ ਕੀਤੀ

2. ਡਾ. ਵਜ਼ੀਰ ਸਿੰਘ, ਸਿੱਖ ਦਰਸ਼ਨ ਧਾਰਾ (ਭਾਗ ਦੂਜਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ, 31

ਜਾ ਸਕਦੀ।

ਬਹੁਤ ਸਾਰੀਆਂ ਧਾਰਮਿਕ ਪ੍ਰੰਪਰਾਵਾਂ ਵਿਚ ਮਨੁੱਖੀ ਹੋਂਦ ਦੀ ਅੰਤਿਮ ਮੰਜ਼ਿਲ ਦੀ ਪ੍ਰਾਪਤੀ ਜਾਂ ਸਿੱਧੀ ਦਾ ਸਫਰ ਬਾਹਰੀ ਸ੍ਰੋਤਾਂ ਤੋਂ ਸ਼ੁਰੂ ਹੁੰਦਾ ਹੈ। ਜਿਵੇਂ ਬਾਹਰੀ ਕਰਮ ਕਾਂਡ ਕਰਨੇ, ਗਿਆਨ ਦੀ ਪ੍ਰਾਪਤੀ ਕਰਨੀ, ਸ਼ਾਸਤਰਾਂ ਦਾ ਪੜ੍ਹਨ-ਪੜ੍ਹਾਉਣ ਜਾਂ ਬਾਹਰੀ ਸਰੀਰਕ ਪ੍ਰਗਟਾਵੇ ਰਾਹੀਂ ਭਗਤੀ ਆਦਿ। ਪਰ ਸਿੱਖ ਧਰਮ ਵਿਚ ਮਨੁੱਖੀ ਹੋਂਦ ਦੀ ਅੰਤਿਮ ਪ੍ਰਾਪਤੀ ਜਾਂ ਸਿੱਧੀ ਭਾਵ; ਮਨੁੱਖੀ ਹੋਂਦ ਨੂੰ ਉਸ ਦੀ ਅਸਲੀ ਤੇ ਮੁੱਢਲੀ ਹਾਲਤ ਵਿਚ ਪਹੁੰਚਦਾ ਕਰਨ ਦੀ ਪ੍ਰਕ੍ਰਿਆ ਮਨੁੱਖ ਦੇ ਅੰਦਰੋਂ ਹੀ ਸ਼ੁਰੂ ਹੁੰਦੀ ਹੈ। ਗੁਰੂ ਦੁਆਰਾ ਦੱਸੇ ਤਰੀਕੇ ਨਾਲ ਸਿਮਰਨ ਦੀ ਖਾਸ ਵਿਧੀ ਮਨੁੱਖ ਨੂੰ ਮਾਨਸਿਕਤਾ ਦੇ ਨੀਵੇਂ ਮੰਡਲਾਂ ਤੋਂ ਉਚਾ ਚੁੱਕ ਕੇ ਅਧਿਆਤਮ ਦੇ ਉਨ੍ਹਾਂ ਮੰਡਲਾਂ ਤੱਕ ਪਹੁੰਚਦਾ ਕਰ ਦਿੰਦੀ ਹੈ ਜਿਥੇ ਸੱਚ ਅਤੇ ਕੇਵਲ ਸੱਚ ਦਾ ਵਾਸਾ ਹੁੰਦਾ ਹੈ। ਜਿਸ ਮੰਡਲ ਵਿਚ ਵਾਹਿਗੁਰੂ ਦਾ ਵਾਸਾ ਹੁੰਦਾ ਹੈ। ਗੁਰੂ ਦੀ ਕ੍ਰਿਪਾ ਨਾਲ ਇਕ ਸਿੱਖ ਹੌਲੀ-ਹੌਲੀ, ਇਲਾਹੀ ਗੁਣਾਂ ਦੇ ਮਨੁੱਖ ਨਾਲ ਰਹੱਸਮਈ ਸੰਬੰਧ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ, ਪਰ ਇਹ ਤਾਂ ਹੁੰਦਾ ਹੈ ਜੇ ਸਿੱਖ ਆਪਾ ਤਿਆਗ ਕੇ ਗੁਰੂ ਦੀ ਸ਼ਰਨ ਵਿਚ ਇਹ ਸੋਚ ਕੇ ਜਾਵੇ ਕਿ ਉਸ ਨੇ ਪ੍ਰਭੂ ਦੀ ਪ੍ਰਾਪਤੀ ਲਈ ਆਪਣੇ ਆਪ ਨੂੰ ਸਮਰਪਿਤ ਕੀਤਾ ਹੈ। ਗੁਰੂ ਕੇਵਲ ਮਨੁੱਖ ਨੂੰ ਪ੍ਰਭੂ ਦੇ ਗੁਣਾਂ ਦਾ ਗਿਆਨ ਹੀ ਨਹੀਂ ਦਿੰਦਾ ਬਲਕਿ ਜ਼ਿੰਮੇਵਾਰੀਆਂ ਦੇ ਸੰਸਾਰ ਵਿਚ ਉਨ੍ਹਾਂ ਗੁਣਾਂ ਨੂੰ ਧਾਰਨ ਕਰਨ ਦੀ ਹਦਾਇਤ ਵੀ ਕਰਦਾ ਹੈ, ਜਿਸ ਨਾਲ ਉਸ ਦਾ ਵਿਵਹਾਰ ਬਣਦਾ ਹੈ। ਗੁਰੂ ਸਾਹਿਬ ਦਾ ਕਹਿਣਾ ਹੈ ਕਿ ਸਿਮਰਨ ਕਰਨ ਵਾਲਾ ਨਾਮ ਅਭਿਆਸੀ ਪਹਿਲਾਂ ਸਾਧ-ਸੰਗਤ ਵਿਚ ਆਪਣੀ ਹਉਮੈ ਦਾ ਤਿਆਗ ਕਰਦਾ ਹੈ ਫਿਰ ਉਸ ਨੂੰ ਨਾਮ ਜਪਣ ਦਾ ਰਾਹ ਸਮਝ ਆਉਂਦਾ ਹੈ। ਗੁਰੂ ਦੀ ਸਿੱਖਿਆ ਪ੍ਰਤੀ ਪੂਰੀ ਤਰ੍ਹਾਂ ਸਮਰਪਤ ਗੁਰਮੁਖ ਹੀ ਆਪਣੇ ਨਿਜ ਦੇ ਹੰਕਾਰ ਦਾ ਤਿਆਗ ਕਰਨ ਯੋਗ ਹੋ ਸਕਦਾ ਹੈ। ਕੇਵਲ ਗੁਰੂ ਦੀ ਸਿੱਖਿਆ ਦੇ ਸਹਾਰੇ ਇਕ ਸਿੱਖ ਕਦਮ-ਦਰ-ਕਦਮ ਚੰਗੇ ਗੁਣਾਂ ਨੂੰ ਅਖਤਿਆਰ ਕਰਦਾ ਹੈ। ਗੁਰੂ ਦੀ ਸਿੱਖਿਆ ਨਾਲ ਹੀ ਉਹ ਸਹਿਜ ਅਵਸਥਾ ਵਿਚ ਪ੍ਰਭੂ ਨਾਮ ਦਾ ਸਿਮਰਨ ਕਰਦੇ-ਕਰਦੇ ਪ੍ਰਭੂ ਦੀ ਨਜ਼ਦੀਕੀ ਅਤੇ ਅੰਤ ਵਿਚ ਪ੍ਰਭੂ ਦੀ ਹਸਤੀ ਵਿਚ ਲੀਨ ਹੋ ਸਕਦਾ ਹੈ। ਗੁਰੂ ਪ੍ਰਤੀ ਆਪਣੇ ਆਪ ਨੂੰ ਸਮਰਪਿਤ ਕਰਨ ਤੋਂ ਲੈ ਕੇ ਪ੍ਰਭੂ ਵਿਚ ਲੀਨ ਹੋਣ ਤੱਕ ਦੀ ਯਾਤਰਾ ਤੱਕ ਇਕ ਆਮ ਆਦਮੀ ਪਹਿਲਾਂ ਸਿੱਖ, ਫੇਰ ਗੁਰਮੁਖ, ਫੇਰ ਬ੍ਰਹਮ-ਗਿਆਨੀ ਅਤੇ ਅੰਤ ਵਿਚ ਪ੍ਰਭੂ ਦੀ ਹਸਤੀ ਦਾ ਹਿੱਸਾ ਹੋ ਜਾਂਦਾ ਹੈ। ਸਿੱਖ ਹੋਣ ਦੀ ਅਵਸਥਾ ਵਿਚ ਉਹ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰਦਾ ਹੈ; ਭਾਵ ਉਨ੍ਹਾਂ ਗੁਣਾਂ ਨੂੰ ਗ੍ਰਹਿਣ ਕਰਦਾ ਹੈ ਜਿਨ੍ਹਾਂ ਨੂੰ ਗ੍ਰਹਿਣ ਕਰਕੇ ਉਸ ਨੂੰ ਨਾਮ ਸਿਮਰਨ ਦਾ ਰਾਹ ਪ੍ਰਾਪਤ ਹੁੰਦਾ ਹੈ। ਇਹ ਹੁੰਦਾ ਹੈ ਆਪਣੀ ਨਿਜ ਦੀ ਅਕਲ ਜਾਂ ਆਪਣੀ ਨਿਜ ਦੀ ਸੋਚਣ ਸ਼ਕਤੀ ਨੂੰ ਪ੍ਰਭੂ ਦੇ ਨਾਮ ਦੇ ਰਾਹ ਲਈ ਸਹਾਈ ਨਾਂ ਮੰਨ ਕੇ ਸਗੋਂ ਗੁਰੂ ਦੀ ਸਮਝ ਉਤੇ ਪੂਰਨ ਵਿਸ਼ਵਾਸ ਲਿਆਉਣਾ। ਗੁਰੂ ਨਾਨਕ ਦੇਵ ਜੀ ਨੇ ਤਾਂ ਜਪੁਜੀ ਸਾਹਿਬ ਵਿਚ ਕਿਹਾ ਹੀ ਹੈ ਕਿ ਮਨੁੱਖ ਦੇ ਕੋਲ ਭਾਵੇਂ ਆਪਣੀਆਂ ਹਜ਼ਾਰਾਂ ਅਕਲਾਂ ਹੋਣ ਪਰ ਗੁਰੂ ਦੀ ਅਕਲ ਅਖਤਿਆਰ ਕੀਤੇ ਬਿਨਾਂ ਮਨੁੱਖ ਉਸ ਪਰਮਾਤਮਾ ਦੇ ਨਾਮ-ਸਿਮਰਨ ਦੇ ਰਾਹ ਤੇ ਨਹੀਂ ਚੱਲ ਸਕਦਾ ਕਿਉਂਕਿ ਉਹ ਰਾਹ ਜੋ ਗੁਰੂ ਨੇ ਦੱਸਣਾ ਹੁੰਦਾ ਹੈ, ਮਨੁੱਖ ਉਸ ਰਾਹ ਤੇ ਆਪਣੇ ਆਪ ਜਾਂ ਆਪਣੀ

ਨਿਜੀ ਸਮਝ ਕਰਕੇ ਕਦੇ ਵੀ ਪਹੁੰਚ ਨਹੀਂ ਸਕਦਾ। ਇਹ ਰਾਹ ਸਰੀਰ ਅਤੇ ਆਤਮਾ ਦੇ ਗੁੱਝੇ ਭੇਦਾਂ ਵਿਚੋਂ ਉਜਾਗਰ ਹੁੰਦਾ ਹੈ ਅਤੇ ਬੇਹੱਦ ਸੂਖਮ ਵਿਧੀ ਨਾਲ ਪਾਰ ਕੀਤਾ ਜਾਂਦਾ ਹੈ ਜਿਸ ਦਾ ਗੁੱਝਾ ਭੇਦ ਕੇਵਲ ਅਤੇ ਕੇਵਲ ਗੁਰੂ ਪਾਸ ਹੀ ਹੁੰਦਾ ਹੈ। ਇਸ ਕਰਕੇ ਹਲੀਮੀ ਗ੍ਰਹਿਣ ਕਰੇ ਬਿਨਾਂ ਇਸ ਗੁੱਝੇ ਭੇਦ ਦੀ ਘੁੰਡੀ ਗੁਰੂ ਨਹੀਂ ਖੋਲਦਾ ਜਾਂ ਇੰਜ ਮੰਨ ਲਈਏ ਕਿ ਨਿਜ ਦਾ ਹੰਕਾਰ ਤਿਆਗੇ ਬਿਨਾਂ ਕੋਈ ਕਿਵੇਂ ਗੁਰੂ ਦੀ ਸਿੱਖਿਆ ਤੇ ਪੂਰੀ ਤਰ੍ਹਾਂ ਬਿਨਾਂ ਸ਼ੱਕ ਕੀਤੇ ਚੱਲ ਸਕਦਾ ਹੈ। ਇਸੇ ਕਰਕੇ ਇਹ ਮੰਨਿਆ ਗਿਆ ਹੈ ਕਿ ਆਪਣੇ ਸਵੈ ਦਾ ਤਿਆਗ, ਆਪਣੇ ਹੰਕਾਰ ਦਾ ਤਿਆਗ ਹੀ ਗੁਰਮਤਿ ਅਨੁਸਾਰ ਨੈਤਿਕਤਾ ਦੀ ਪਹਿਲੀ ਪਉੜੀ ਹੈ ਜਿਸ ਤੇ ਚੜ੍ਹ ਕੇ ਇਕ ਮਨੁੱਖ ਗੁਰੂ ਦੀ ਵੱਡਮੁੱਲੀ ਸਿੱਖਿਆ ਦੀ ਪ੍ਰਾਪਤੀ ਕਰਕੇ ਅਤੇ ਉਸ ਤੇ ਚੱਲ ਕੇ ਆਪਣਾ ਅਧਿਆਤਮਿਕ ਉਦੇਸ਼ ਪ੍ਰਾਪਤ ਕਰ ਸਕਣ ਦੇ ਯੋਗ ਹੋ ਸਕਦਾ ਹੈ। ਲਗਾਤਾਰ ਗੁਰੂ ਦੀ ਸਿੱਖਿਆ ਗ੍ਰਹਿਣ ਕਰਦੇ-ਕਰਦੇ, ਗੁਰੂ ਦੁਆਰਾ ਦੱਸੇ ਰਾਹ ਤੇ ਚੱਲਦੇ-ਚੱਲਦੇ ਇਕ ਸਾਧਾਰਣ ਸਿੱਖ ਸਾਧਕ ਦਾ ਰੂਪ ਅਖਤਿਆਰ ਕਰ ਲੈਂਦਾ ਹੈ। ਉਸ ਤੋਂ ਬਾਦ ਸਹਿਜ-ਸੁਭਾਅ ਹੀ ਉਨ੍ਹਾਂ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ ਜੋ ਉਸ ਨੂੰ ਸਮਾਜ ਵਿਚ ਇਕ ਉੱਤਮ ਦਰਜੇ ਦੇ ਨੈਤਿਕ ਵਿਅਕਤੀ ਵਜੋਂ ਪੇਸ਼ ਕਰਦੇ ਹਨ ਅਤੇ ਨਾਲ ਹੀ ਇਕ ਅਧਿਆਤਮਿਕ ਵਿਅਕਤੀ ਦਾ ਦਰਜਾ ਵੀ ਪਰਦਾਨ ਕਰਦੇ ਹਨ। ਨੈਤਿਕ ਉੱਤਮਤਾ ਹਾਸਿਲ ਤਾਂ ਗੁਰਮੁਖ ਕਰ ਹੀ ਲੈਂਦਾ ਹੈ, ਪਰ ਉਸ ਦੀ ਹੋਂਦ ਆਪਣੀ ਸੰਪੂਰਨਤਾ ਵਿਚ ਉਦੋਂ ਆਉਂਦੀ ਹੈ ਜਦੋਂ ਗੁਰਮੁਖ ਨਾਮ ਦਾ ਸਿਮਰਨ ਕਰਦਾ ਹੋਇਆ ਆਪ ਬ੍ਰਹਮ ਰੂਪ ਹੋ ਜਾਂਦਾ ਹੈ। ਬ੍ਰਹਮ ਰੂਪ ਹੋਣ ਤੇ ਉਹ ਬ੍ਰਹਮ ਗਿਆਨੀ ਤਾਂ ਹੋ ਹੀ ਜਾਂਦਾ ਹੈ, ਨਾਲ ਦੀ ਨਾਲ ਬ੍ਰਹਮ ਵਾਲੇ ਗੁਣ ਵੀ ਉਸ ਵਿਚ ਆ ਜਾਂਦੇ ਹਨ। ਉਹ ਸ਼ੀਲ, ਸੰਤੋਖ, ਪ੍ਰੇਮ, ਵਿਸ਼ਾਲਤਾ, ਆਨੰਦ ਆਦਿ ਦੈਵੀ ਗੁਣ ਧਾਰਨ ਕਰ ਕੇ ਸਰਬੱਤ ਦੇ ਭਲੇ ਦਾ ਮੁਜੱਸਮਾ ਵੀ ਬਣ ਜਾਂਦਾ ਹੈ। ਆਤਮਿਕ ਸੰਪੂਰਨਤਾ ਹਾਸਿਲ ਕਰਨ ਦੇ ਨਾਲ-ਨਾਲ ਉਹ ਨੈਤਿਕ ਸੰਪੂਰਨਤਾ ਵੀ ਹਾਸਿਲ ਕਰ ਲੈਂਦਾ ਹੈ। ਇਹ ਤੱਥ ਸਿੱਧ ਕਰਦਾ ਹੈ ਕਿ ਅਧਿਆਤਮਿਕ ਅਤੇ ਨੈਤਿਕ ਮੰਜ਼ਿਲ ਇਕ ਦੂਜੇ ਦੇ ਪੂਰਕ ਹਨ।

ਸਮਾਜ ਮੁਖੀ ਹੋਣਾ:-

ਨਾਮ ਜਪਣ ਦੀ ਸਥਿਤੀ ਮਨੁੱਖ ਦੇ ਅੰਦਰੋਂ ਸ਼ੁਰੂ ਹੁੰਦੀ ਹੈ ਪਰ ਉਸ ਦੀ ਪ੍ਰਾਪਤੀ ਬਿਨਾਂ ਸ਼ੱਕ ਉਸ ਨੂੰ ਇਕ ਐਸਾ ਵਿਅਕਤੀ ਬਣਾ ਦਿੰਦੀ ਹੈ ਜੋ ਕੇਵਲ ਆਪਣੇ ਨਿਜ ਬਾਰੇ ਹੀ ਆਪਣਾ ਅੰਦਰੂਨੀ ਸਰੋਕਾਰ ਨਹੀਂ ਰੱਖਦਾ ਬਲਕਿ ਉਸ ਦਾ ਸੰਬੰਧ ਸਾਰੇ ਵਿਸ਼ਵ ਨਾਲ ਹੋ ਜਾਂਦਾ ਹੈ। ਸਿੱਖ ਵਿਚਾਰਧਾਰਾ ਕਿਉਂਕਿ ਮੁੱਖ ਤੌਰ ਤੇ ਅਧਿਆਤਮਿਕ ਹੈ ਅਤੇ ਇਸ ਲਈ ਵਿਅਕਤੀ ਨੂੰ ਆਪਣਾ ਅਧਿਆਤਮਿਕ ਉਦੇਸ਼ ਹਾਸਿਲ ਕਰਨ ਲਈ ਪਦਾਰਥਵਾਦੀ ਸੰਸਾਰ ਦੇ ਬੰਧਨ ਤੋਂ ਉਪਰ ਉਠਣ ਦੀ ਪ੍ਰੇਰਨਾ ਦਿੰਦਾ ਹੈ, ਪਰ ਕਿਸੇ ਵੀ ਤਰ੍ਹਾਂ ਇਹ ਪਦਾਰਥਕ ਸੰਸਾਰ ਤੋਂ ਰਿਸ਼ਤਾ ਤੋੜਨਾ ਨਹੀਂ। ਇਸੇ ਕਰਕੇ ਸਿੱਖ ਸਿਧਾਂਤ ਸਮਾਜਿਕ ਜਾਂ ਸੰਸਾਰੀ ਫਰਜ਼ਾਂ ਤੋਂ ਉਪਰਾਮਤਾ ਦੀ ਸਿੱਖਿਆ ਨਹੀਂ ਦਿੰਦਾ। ਬੇਸ਼ਕ ਪ੍ਰਭੂ ਦੀ ਪ੍ਰੇਮਾ-ਭਗਤੀ ਵਿਚ ਲੀਨ ਰਹਿ ਕੇ ਉਸ ਦੀ ਪ੍ਰਾਪਤੀ ਵੱਲ ਕ੍ਰਿਆਸ਼ੀਲ ਰਹਿਣਾ ਹੀ ਇਕ ਸਿੱਖ ਦੇ ਅੰਤਰੀਵੀ ਜੀਵਨ ਦਾ ਮੁੱਖ ਹਿੱਸਾ ਹੈ, ਪਰ ਇਸ ਦਾ ਇਹ ਮਤਲਬ ਨਹੀਂ ਕਿ ਉਹ ਆਪਣੇ ਸਮਾਜਿਕ ਫਰਜ਼ਾਂ ਤੋਂ

ਮੂੰਹ ਮੋੜ ਕੇ ਇਹ ਸਭ ਕੁਝ ਕਰਦਾ ਹੈ।

ਇਕ ਮਨੁੱਖ ਲਈ ਇਸ ਵਿਵਹਾਰ ਦੇ ਪ੍ਰਗਟ ਰੂਪ ਵਿਚ ਪ੍ਰਵੇਸ਼ ਕਰਨ ਦੇ ਕਈ ਪੜਾਅ ਹਨ ਜਿਨ੍ਹਾਂ ਨੂੰ ਉਹ ਕਦਮ-ਦਰ-ਕਦਮ ਅਖਤਿਆਰ ਕਰਦਾ ਹੈ। ਹਿਰਦੇ ਪਰਿਵਰਤਨ ਦੇ ਨਾਲ ਉਸ ਵਿਚ ਸਹਿਨਸ਼ੀਲਤਾ, ਨਿਮਰਤਾ, ਖਿਮਾ ਅਤੇ ਪ੍ਰੇਮ ਕਰਨ ਦੀ ਮਨੋਬ੍ਰਿਤੀ ਪੈਦਾ ਹੁੰਦੀ ਹੈ। ਅਧਿਆਤਮਿਕ ਤੌਰ ਤੇ ਪ੍ਰੇਰਤ ਕਰਮ ਜਿਵੇਂ ਪ੍ਰਭੂ ਦੀ ਭਗਤੀ ਅਤੇ ਉਸ ਪ੍ਰਤੀ ਅਰਦਾਸ ਵਿਚ ਸਦਾ ਲੀਨ ਰਹਿਣ ਵਾਲੀ ਮਨੋਸਥਿਤੀ ਨਾਲ ਮਨੁੱਖੀ ਸੁਭਾਅ ਵਿਚ ਉਹ ਪੜਾਅ ਆਉਂਦਾ ਹੈ ਜਿਥੇ ਉਹ ਸਮਾਜਿਕ ਰਿਸ਼ਤਿਆਂ ਦੇ ਸੰਸਾਰ ਵਿਚ ਆਪਣੀ ਸਾਰਥਿਕ ਭੂਮਿਕਾ ਵੀ ਨਿਭਾਉਂਦਾ ਹੈ। ਇਹ ਭੂਮਿਕਾ ਨਿਭਾਉਂਦਾ ਹੋਇਆ ਇਕ ਗੁਰਮੁਖ ਇਹ ਵੀ ਸਿੱਧ ਕਰਦਾ ਹੈ ਕਿ ਪਰਮਾਤਮਾ ਆਪ ਮਨੁੱਖ ਨੂੰ ਕੁਝ ਖਾਸ ਮਕਸਦ ਲਈ ਚੁਣਦਾ ਹੈ। ਇਸ ਤਰ੍ਹਾਂ ਦਾ ਰਵਈਆ ਅਪਨਾਉਣਾਂ ਭਾਵੇਂ ਬਹੁਤ ਔਖਾ ਕੰਮ ਹੈ, ਕਿਉਂਕਿ ਮਨੁੱਖ ਲਈ ਜੀਵਨ ਦੇ ਅਧਿਆਤਮਿਕ ਅਤੇ ਵਿਵਹਾਰਿਕ ਜੋ ਕਿ ਆਮ ਤੌਰ ਤੇ ਵਿਰੋਧੀ ਪੱਖ ਮੰਨੇ ਜਾਂਦੇ ਹਨ, ਉਨ੍ਹਾਂ ਨੂੰ ਸਮਤੋਲ ਰੂਪ ਵਿਚ ਨਾਲ-ਨਾਲ ਲੈ ਕੇ ਚੱਲਣਾ ਕਾਫੀ ਔਖਾ ਕੰਮ ਹੈ। ਪਰ ਸਿੱਖ ਸਿਧਾਤ ਵਿਚ ਇਸ ਤੱਥ ਨੂੰ ਮੁੱਖ ਮੰਨਿਆ ਗਿਆ ਹੈ ਕਿ ਮਨੁੱਖ ਆਪਣੇ ਆਪ ਨੂੰ ਜੀਵਨ ਦੇ ਵਿਵਹਾਰਿਕ ਪੱਖ ਤੋਂ ਅਲੱਗ ਨਹੀਂ ਕਰ ਸਕਦਾ। ਇਹ ਉਸ ਦੇ ਜੀਵਨ ਦਾ ਅਨਿੱਖੜਵਾਂ ਅੰਗ ਹੈ। ਇਸ ਤਰ੍ਹਾਂ ਦੇ ਜੀਵਨ ਢੰਗ ਨੂੰ ਅਪਨਾਉਣ ਤੋਂ ਬਿਨ੍ਹਾਂ ਮਨੁੱਖ ਧਰਮ ਦੀ ਮੁੱਢਲੀ ਸਿੱਖਿਆ ਤਾਂ ਹਾਸਿਲ ਕਰ ਸਕਦਾ ਹੈ ਪਰ ਆਪਣੇ ਅਧਿਆਤਮਿਕ ਉਦੇਸ਼ ਦੀ ਪ੍ਰਾਪਤੀ ਨਹੀਂ ਕਰ ਸਕਦਾ। ਨੈਤਿਕਤਾ ਅਤੇ ਅਧਿਆਤਮਿਕਤਾ ਦੇ ਖੂਬਸੂਰਤ ਸੁਮੇਲ ਨੂੰ ਜਪੁਜੀ ਸਾਹਿਬ ਦੇ ਹਵਾਲੇ ਨਾਲ ਡਾ. ਵਜ਼ੀਰ ਸਿੰਘ ਇਸ ਤਰ੍ਹਾਂ ਬਿਆਨ ਕਰਦੇ ਹਨ; "ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਵਿਚ ਨੈਤਿਕਤਾ ਅਤੇ ਆਤਮਿਕਤਾ ਦੋ ਪ੍ਰਧਾਨ ਸੁਰ ਹਨ। ਇਨ੍ਹਾਂ ਦੋਹਾਂ ਨੂੰ ਜਪੁਜੀ ਦੀ ਸੈਂਤੀਵੀਂ ਪਉੜੀ ਕਰਮ-ਖੰਡ ਤੇ ਸਚ-ਖੰਡ ਦੀ ਸੁਜੋੜਤਾ ਵਿਚ ਪ੍ਰਸਤੁਤ ਕਰਕੇ ਨੈਤਿਕ ਤੇ ਆਤਮਿਕ ਦਾ ਸੰਗ ਸਥਾਪਿਤ ਕਰਦੀ ਹੈ। ਅਧਿਆਤਮਿਕਤਾ ਸਿਖਰਲੀ ਮੰਜ਼ਿਲ ਹੈ, ਜਿਥੇ 'ਹੁਕਮ' ਦੀ ਸੋਝੀ ਹੈ, ਅਨੰਤ ਵਿਸ਼ਵ ਦੇ ਪਾਸਾਰ ਦਾ ਰਹੱਸਮਈ ਅਨੁਭਵ ਹੈ ਅਤੇ ਲਿਵਲੀਨਤਾ ਦੀ ਝੂਮ ਹੈ। ਕਰਮ ਖੰਡ ਦੀ ਅਵਸਥਾ ਵਿਚ ਸਾਧਕ ਨਿਰਮਲ ਕਰਮ ਵਾਲਾ ਪਰਉਪਕਾਰੀ ਜੀਵ ਹੈ, ਸਚ-ਖੰਡ ਦੀ ਅਵਸਥਾ ਉਸ ਨੂੰ ਸਚਿਆਰ-ਪਦ ਉਤੇ ਪਹੁੰਚਾ ਦਿੰਦੀ ਹੈ। ਜਿਥੇ ਦੂਰੀ ਮਿਟ ਜਾਂਦੀ ਹੈ, ਭਗਤ ਤੇ ਪ੍ਰਭੂ ਇਕਮਿਕ ਹੋ ਜਾਂਦੇ ਹਨ। ਮਨੁੱਖ ਮਾਤਰ ਤੇ ਪਰਮ ਪਿਤਾ ਦੀ ਅਭੇਦਤਾ ਅਜਿਹਾ ਰਹੱਸ ਹੈ ਜਿਸ ਨੂੰ ਕਥਨਾਂ ਤੇ ਸ਼ਬਦਾਂ ਦਾ ਜਾਮਾ ਪਹਿਨਾਉਣਾ ਅਤਿ ਕਠਿਨ ਹੈ।[3]

ਅਧਿਆਤਮਿਕ ਸਰੋਕਾਰ ਅਤੇ ਨੈਤਿਕ ਨਿਯਮ:-

ਇਸ ਤੱਥ ਤੋਂ ਮੁੱਕਰਿਆ ਨਹੀਂ ਜਾ ਸਕਦਾ ਕਿ ਜਿੰਨੀ ਦੇਰ ਤੱਕ ਇਕ ਸਾਧਕ ਆਪਣੇ ਆਪ ਨੂੰ ਨੈਤਿਕ ਤੌਰ ਤੇ ਉੱਚਾ ਨਹੀਂ ਉਭਾਰਦਾ ਉਨ੍ਹੀ ਦੇਰ ਤੱਕ ਨਾ ਤਾਂ ਉਹ ਅਧਿਆਤਮਿਕ ਤੌਰ ਤੇ ਅੱਗੇ ਵਧਦਾ ਹੈ ਅਤੇ ਨਾ ਹੀ ਸਮਾਜ ਪ੍ਰਤੀ ਆਪਣੀਆਂ

3. ਡਾ. ਵਜੀਰ ਸਿੰਘ, *ਸਿੱਖ ਦਰਸ਼ਨ ਧਾਰਾ*, ਪੰਨਾ, 34.

ਜਿੰਮੇਵਾਰੀਆਂ ਨਿਭਾਅ ਸਕਦਾ ਹੈ। ਇਸੇ ਕਰਕੇ ਗੁਰੂ ਸਾਹਿਬ ਨੇ ਕਿਹਾ ਹੈ ਕਿ ਚੰਗੇ ਕਰਮ ਅਪਣਾਏ ਬਿਨਾਂ ਭਗਤੀ ਦੇ ਮਾਰਗ ਤੇ ਤੁਰਿਆ ਹੀ ਨਹੀਂ ਜਾ ਸਕਦਾ। ਗੁਰੂ ਸਾਹਿਬ ਅਨੁਸਾਰ ਅੰਤਿਮ ਹੋਂਦ ਆਪਣੇ ਆਪ ਵਿਚ 'ਸੱਚ' ਹੈ ਇਸ ਕਰਕੇ ਉਸ 'ਸੱਚ' ਨੂੰ ਆਪਣੇ ਮਨ ਅਤੇ ਵਿਵਹਾਰ ਵਿਚ ਧਾਰਨ ਕੀਤੇ ਬਗੈਰ ਉਸ ਦੀ ਪ੍ਰਾਪਤੀ ਸੰਭਵ ਹੀ ਨਹੀਂ। ਵਾਰ ਆਸਾ ਵਿਚ ਗੁਰੂ ਸਾਹਿਬ ਨੇ ਕਿਹਾ ਹੈ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥[4]

ਭਾਵ; ਸਭ ਕੁਝ ਸੱਚ ਤੋਂ ਨੀਚੇ ਹੈ, ਪਰ ਸੱਚ ਤੇ ਆਧਾਰਤ ਜੀਵਨ ਢੰਗ ਉਸ ਤੋਂ ਵੀ ਉਚਾ ਹੈ। ਇਸ ਤਰ੍ਹਾਂ ਦੀ ਸੋਚ ਨੂੰ ਸਿੱਖ ਵਿਚਾਰਧਾਰਾ ਵਿਚ ਬਾਰ-ਬਾਰ ਪ੍ਰਗਟ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦਾ ਕਹਿਣਾ ਹੈ ਕਿ ਸੱਚ ਮਨੁੱਖੀ ਵਿਵਹਾਰ ਦਾ ਮੁੱਖ ਧੁਰਾ ਹੈ। ਇਸ ਕਰਕੇ ਜੋ ਸੱਚ ਨੂੰ ਜਾਂ ਸੱਚ ਦੇ ਰਾਹ ਨੂੰ ਪ੍ਰਾਪਤ ਕਰ ਲੈਂਦਾ ਹੈ ਤਾਂ ਬਾਕੀ ਸਦਗੁਣ ਆਪਣੇ ਆਪ ਉਸ ਵਿਚ ਆ ਜਾਂਦੇ ਹਨ। ਕਿਉਂਕਿ ਆਤਮਾ ਜੋ ਮਨੁੱਖੀ ਹੋਂਦ ਦੀ ਅਸਲੀਅਤ ਹੈ ਉਸ ਦਾ ਅਸਲ ਸਰੂਪ ਸੱਚ, ਗਿਆਨ, ਆਨੰਦ ਹੈ। ਇਸ ਕਰਕੇ ਸੱਚ, ਗਿਆਨ ਅਤੇ ਆਨੰਦ ਰੂਪ ਵਿਚ ਸਥਿਤ ਹੋਣ ਤੋਂ ਬਿਨਾਂ ਮਨੁੱਖੀ ਹੋਂਦ ਦੀ ਸੰਪੂਰਨਤਾ ਹੀ ਨਹੀਂ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਸਭ ਤਰ੍ਹਾਂ ਦਾ ਗਿਆਨ-ਧਿਆਨ ਵਿਅਰਥ ਹੁੰਦਾ ਹੈ ਜੇ ਉਹ ਮਨੁੱਖੀ ਮਨ ਅਤੇ ਉਸ ਦੇ ਵਿਵਹਾਰ ਨੂੰ ਵਿਸ਼ਾਲਤਾ ਅਤੇ ਸ਼ੁੱਧਤਾ ਪ੍ਰਦਾਨ ਨਹੀਂ ਕਰਦਾ। ਗੁਰੂ ਸਾਹਿਬ ਨੇ ਕਰਮ-ਕਾਂਡੀ ਧਾਰਮਿਕ ਵਿਧੀ ਨੂੰ ਮਾਨਤਾ ਨਹੀਂ ਦਿੱਤੀ ਕਿਉਂਕਿ ਉਹ ਕਿਸੇ ਵੀ ਤਰ੍ਹਾਂ ਮਨੁੱਖ ਨੂੰ ਅਧਿਆਤਮਿਕ ਅਤੇ ਵਿਵਹਾਰਿਕ ਪਰਪੱਕਤਾ ਦਾ ਸੁਜੋੜ ਪਰਦਾਨ ਨਹੀਂ ਕਰਦੀ। ਗੁਰੂ ਨਾਨਕ ਦੇ ਸਿਧਾਂਤ ਵਿਚ ਅਧਿਆਤਮਿਕ ਅਤੇ ਵਿਵਹਾਰਿਕ ਜੀਵਨ ਦਾ ਸਾਂਝਾ ਸਿਧਾਂਤ ਦਿੱਤਾ ਗਿਆ ਹੈ। ਇਸ ਕਰਕੇ ਜਿਸ ਨੇ ਵੀ ਗੁਰੂ ਨਾਨਕ ਦੇ ਸਿਧਾਂਤ ਨੂੰ ਅਪਣਾਇਆ ਉਸ ਨੇ ਇਸ ਸਿਧਾਂਤ ਦੇ ਤੱਤ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਨਾਉਣ ਦੀ ਵੀ ਕੋਸ਼ਿਸ਼ ਕੀਤੀ ਹੈ। ਗੁਰੂ ਸਾਹਿਬ ਨੇ ਦੋ ਤਰ੍ਹਾਂ ਦੀ ਵਿਚਾਰਧਾਰਾ ਦੀ ਵਿਰੋਧਤਾ ਵੀ ਕੀਤੀ ਹੈ; ਇਕ ਹੈ ਅਧਿਆਤਮਿਕ ਉਦੇਸ਼ ਦੀ ਪ੍ਰਾਪਤੀ ਕਰਮ-ਕਾਂਡੀ ਤਰੀਕੇ ਨਾਲ ਕਰਨ ਦੀ ਕੋਸ਼ਿਸ਼ ਅਤੇ ਦੂਜਾ ਆਪਣੇ ਵਿਵਹਾਰ ਨੂੰ ਆਪਣੇ ਵਿਅਕਤੀਗਤ ਦ੍ਰਿਸ਼ਟੀਕੋਣ ਤੇ ਆਧਾਰਤ ਕਰਕੇ ਆਪਣੇ ਨਿਜ ਤੱਕ, ਆਪਣੇ ਕਬੀਲੇ, ਜਾਤੀ, ਨਸਲ ਜਾਂ ਫਿਰਕੇ ਤੱਕ ਹੀ ਕੇਂਦ੍ਰਿਤ ਰੱਖਣ ਦੀ ਬ੍ਰਿਤੀ।

ਗੁਰੂ ਜੀ ਨੇ ਇਸ ਸਿਧਾਂਤ ਤੇ ਜ਼ੋਰ ਦੇਣ ਦੀ ਕੋਸ਼ਿਸ਼ ਕੀਤੀ ਕਿ ਵਿਅਕਤੀ ਵਿਸ਼ੇਸ਼ ਜਾਂ ਕਿਸੇ ਖਾਸ ਧਾਰਮਿਕ ਸਮੂਹ ਦੀ ਅਧਿਆਤਮਿਕ ਪ੍ਰਾਪਤੀ ਦੀ ਪੂਰਤੀ ਸਮਾਜਿਕ ਫਰਜ਼ਾਂ ਦੀ ਪੂਰਤੀ ਨਾਲ ਸੰਪੂਰਨ ਹੋਣੀ ਚਾਹੀਦੀ ਹੈ ਨਹੀਂ ਤਾਂ ਕਿਸੇ ਦੀ ਵੀ ਅਧਿਆਤਮਿਕ ਪ੍ਰਾਪਤੀ ਵਿਅਰਥ ਹੈ। ਗੁਰੂ ਸਾਹਿਬ ਜੀ ਇਸ ਵਿਚਾਰ ਦੇ ਧਾਰਨੀ ਹਨ ਕਿ ਅਧਿਆਤਮਿਕ ਪ੍ਰਾਪਤੀ ਦੀ ਰੌਸ਼ਨੀ ਵਿਚ ਸਾਧਕ ਨੇ ਸੰਸਾਰ ਵਿਚੋਂ ਬੁਰਾਈ ਅਤੇ ਦੁੱਖ ਦੀ ਸਮਾਪਤੀ ਕਰਨ ਦੀ ਕੋਸ਼ਿਸ਼ ਕਰਨੀ ਹੁੰਦੀ ਹੈ। ਗੁਰੂ ਸਾਹਿਬ ਨੇ ਸਿੱਧਾਂ ਦੇ ਜੀਵਨ ਢੰਗ ਵਿਚ ਇਹੀ ਕਮੀ

4. ਗੁਰੂ ਗ੍ਰੰਥ ਸਾਹਿਬ, ਪੰਨਾ, 62.

ਮਹਿਸੂਸ ਕੀਤੀ ਜਿਸ ਕਰਕੇ ਉਨ੍ਹਾਂ ਨੂੰ ਲੱਗਿਆ ਕਿ ਸਿੱਧਾਂ ਨੇ ਭਾਵੇਂ ਅਧਿਆਤਮਿਕ ਸੰਪੂਰਨਤਾ ਤਾਂ ਹਾਸਿਲ ਕਰ ਲਈ ਸੀ ਪਰ ਉਸ ਸੰਪੂਰਨਤਾ ਦੀ ਰੌਸ਼ਨੀ ਵਿਚ ਉਨ੍ਹਾਂ ਨੇ ਆਪਣਾ ਸੰਸਾਰਕ ਜਾਂ ਸਮਾਜਿਕ ਫਰਜ਼ ਪੂਰਾ ਨਹੀਂ ਸੀ ਕੀਤਾ। ਉਨ੍ਹਾਂ ਬਾਰੇ ਬਹੁਤ ਕੁਝ ਐਸਾ ਵੀ ਸੀ ਜਿਸ ਦੀ ਗੁਰੂ ਸਾਹਿਬ ਨੇ ਭਰਪੂਰ ਸ਼ਲਾਘਾ ਵੀ ਕੀਤੀ।

ਪੁਰਾਤਨ ਭਾਰਤੀ ਨੈਤਿਕ ਸੱਭਿਆਚਾਰ ਤੋਂ ਭਿੰਨਤਾ:-

ਪੁਰਾਤਨ ਭਾਰਤੀ ਪਰੰਪਰਾ ਵਿਚ ਸੰਸਾਰ ਤੋਂ ਉਪਰਾਮਤਾ ਨੂੰ ਉੱਤਮ ਧਾਰਮਿਕ ਜੀਵਨ ਮੰਨਿਆ ਜਾਂਦਾ ਸੀ, ਪਰ ਗੁਰੂ ਸਾਹਿਬ ਨੇ ਜੀਵਨ ਦਾ ਜੋ ਰੂਪ ਪੇਸ਼ ਕੀਤਾ ਉਹ ਅਧਿਆਤਮਿਕ ਉਦੇਸ਼ ਦੇ ਨਾਲ-ਨਾਲ ਸਮਾਜਿਕ ਜਿਮੇਂਵਾਰੀਆਂ ਨੂੰ ਨਿਭਾਉਣ ਲਈ ਵੀ ਵਚਨਬੱਧ ਹੋਣਾ ਸੀ। ਪੁਰਾਤਨ ਭਾਰਤੀ ਧਾਰਮਿਕ ਪਰੰਪਰਾ ਨੂੰ ਸਾਹਮਣੇ ਰੱਖਦੇ ਹੋਏ ਇਕ ਖਾਸ ਕਿਸਮ ਦੀ ਸਮਾਜਿਕ ਸਥਿਤੀ ਅੱਖਾਂ ਸਾਹਮਣੇ ਆ ਜਾਂਦੀ ਹੈ। ਮਨੁੱਖ ਦੇ ਜੀਵਨ ਨੂੰ ਆਮ ਤੌਰ ਤੇ ਸੌ ਸਾਲ ਦੇ ਸਮੇਂ ਵਿਚ ਵੰਡ ਦਿੱਤਾ ਗਿਆ ਜਿਥੇ ਉਨ੍ਹਾਂ ਸੌ ਸਾਲਾਂ ਨੂੰ ਚਾਰ ਆਸ਼ਰਮਾਂ ਵਿਚ ਵੰਡ ਕੇ ਉਨ੍ਹਾਂ ਵਿਚ ਮਨੁੱਖ ਦੇ ਫਰਜ਼ ਨਿਰਧਾਰਤ ਕਰ ਦਿੱਤੇ ਗਏ। ਪਹਿਲਾ ਬ੍ਰਹਮਚਾਰੀ ਆਸ਼ਰਮ ਸੀ ਜਿਥੇ ਮਨੁੱਖ ਬ੍ਰਹਮਚਾਰੀ ਧਰਮ ਦਾ ਪਾਲਣ ਕਰਦਾ ਹੋਇਆ ਆਪਣੇ ਜੀਵਨ ਦੇ ਪੱਚੀ ਸਾਲ ਬਿਤਾਉਂਦਾ ਸੀ। ਅਗਲੇ ਪੱਚੀ ਸਾਲ ਮਨੁੱਖ ਗ੍ਰਹਿਸਤ ਆਸ਼ਰਮ ਵਿਚ ਪਰਵੇਸ਼ ਕਰਦਾ ਅਤੇ ਆਪਣੇ ਗ੍ਰਹਿਸਤ ਧਰਮ ਦੀ ਪਾਲਣਾ ਕਰਦਾ ਹੋਇਆ ਪਰਿਵਾਰਿਕ ਅਤੇ ਸਮਾਜਿਕ ਜੀਵਨ ਦੇ ਫਰਜ਼ ਨਿਭਾਉਂਦਾ ਸੀ। ਉਸ ਤੋਂ ਅਗਲੇ ਪੱਚੀ ਸਾਲਾਂ ਦਾ ਸਮਾਂ ਵਾਣਪ੍ਰਸਤ ਆਸ਼ਰਮ ਦਾ ਸਮਾਂ ਨਿਰਧਾਰਤ ਹੁੰਦਾ ਸੀ। ਉਸ ਵਾਣਪ੍ਰਸਤ ਸਮੇਂ ਵਿਚ ਮਨੁੱਖ ਸੰਨਿਆਸ ਗ੍ਰਹਿਣ ਕਰਨ ਦੀ ਤਿਆਰੀ ਹਿਤ ਬਨਵਾਸੀ ਜੀਵਨ ਵਿਚ ਵਿਚਰਦੇ ਹੋਏ ਆਪਣੇ ਆਪ ਨੂੰ ਸੰਨਿਆਸੀ ਹੋਣ ਲਈ ਤਿਆਰ ਕਰਦਾ ਸੀ। ਜੀਵਨ ਦਾ ਆਖਰੀ ਪੜਾ ਸੰਨਿਆਸ ਦਾ ਸੀ ਜਿਥੇ ਮਨੁੱਖ ਪੂਰੀ ਤਰ੍ਹਾਂ ਆਪਣੇ ਆਪ ਨੂੰ ਅਧਿਆਤਮਿਕ ਜੀਵਨ ਪ੍ਰਤੀ ਸਮਰਪਿਤ ਕਰ ਦਿੰਦਾ ਸੀ। ਪਰ ਕਮਾਲ ਦੀ ਗੱਲ ਇਹ ਕਿ ਸਾਰੇ ਸਮਾਜ ਦਾ ਵਿਤੀ ਅਤੇ ਹੋਰ ਫਰਜ਼ਾਂ ਦਾ ਬੋਝ ਕੇਵਲ ਸਮਾਜ ਦੇ ਇਕੋ ਵਰਗ ਤੇ ਪਿਆ ਅਤੇ ਉਹ ਸੀ ਗ੍ਰਹਿਸਤੀ। ਇਸ ਦਾ ਦੂਜਾ ਅਸਰ ਇਹ ਵੀ ਲਿਆ ਜਾ ਸਕਦਾ ਹੈ ਕਿ ਸਮੁੱਚੇ ਸਮਾਜ ਦਾ ਕੇਵਲ ਚੌਥਾ ਹਿੱਸਾ ਹੀ ਸਮਾਜਿਕ ਤੌਰ ਤੇ ਕ੍ਰਿਆਸ਼ੀਲ ਸੀ ਅਤੇ ਬਾਕੀ ਸਮਾਜ ਦੇ ਤਿੰਨ ਹਿੱਸੇ ਉਸ ਇਕ ਵਰਗ ਤੇ ਹੀ ਨਿਰਭਰ ਕਰਦੇ ਸਨ। ਗ੍ਰਹਿਸਤੀ ਨੂੰ ਸਮਾਜ ਦਾ ਨਿਮਨ ਵਰਗ ਹੀ ਗਿਣਿਆ ਗਿਆ ਪਰ ਨਿਰਭਰ ਉਹ ਬਾਕੀ ਸਾਰੇ ਉਸੇ ਤੇ ਹੀ ਕਰਦੇ ਸਨ।

ਇਥੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਕ ਤਾਂ ਉਸ ਵੇਲੇ ਦੇ ਭਾਰਤ ਦੀ ਆਰਥਕ ਅਵਸਥਾ ਕੈਸੀ ਹੋਵੇਗੀ ਅਤੇ ਦੂਜਾ ਸਮਾਜ ਦੇ ਉਸ ਵਰਗ ਦੀ ਦਸ਼ਾ ਕੈਸੀ ਹੋਵੇਗੀ ਜੋ ਬਾਕੀ ਸਾਰੇ ਸਮਾਜ ਦੇ ਬੋਝ ਹੇਠ ਦੱਬਿਆ ਪਿਆ ਸੀ। ਜੇ ਉਹ ਸਿਲਸਿਲਾ ਉਸੇ ਤਰ੍ਹਾਂ ਹੀ ਚੱਲਦਾ ਰਹਿੰਦਾ ਤਾਂ ਅਸੀਂ ਅੱਜ ਦੀ ਤਾਰੀਖ ਵਿਚ ਭਲੀ ਭਾਂਤ ਅੰਦਾਜ਼ਾ ਲਾ ਸਕਦੇ ਹਾਂ ਕਿ ਅੱਜ ਦੇ ਹਿੰਦੁਸਤਾਨ ਦੀ ਆਰਥਿਕ ਦਸ਼ਾ ਕੈਸੀ ਹੁੰਦੀ ਅਤੇ ਦੂਜਾ ਸਮਾਜ ਦੇ ਇਕ ਖਾਸ ਵਰਗ (ਗ੍ਰਿਹਸਥੀ) ਦੀ ਦਸ਼ਾ ਕੀ ਹੁੰਦੀ? ਭਾਰਤੀ ਸਮਾਜ ਸੰਸਾਰ ਦੇ ਬਾਕੀ ਦੇਸ਼ਾਂ

ਦੇ ਮੁਕਾਬਲੇ ਕਿੱਥੇ ਹੁੰਦਾ? ਇਸੇ ਤੱਥ ਨੂੰ ਮੱਦੇਨਜ਼ਰ ਰੱਖਦੇ ਹੋਏ ਗੁਰੂ ਸਾਹਿਬ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਅਤੇ ਸਾਰਾ ਜੀਵਨ ਇਕੋ ਜਿਹੇ ਨੈਤਿਕ ਨਿਯਮਾਂ ਦੀ ਪਾਲਣਾ ਕਰਨ ਲਈ ਕਿਹਾ। ਉਨ੍ਹਾਂ ਅਨੁਸਾਰ ਇਕ ਚੰਗਾ ਵਿਅਕਤੀ ਜਾਂ ਵਿਅਕਤੀ ਦੇ ਧਾਰਮਿਕ ਹੋਣ ਦੀ ਨਿਸ਼ਾਨੀ ਹੈ ਕਿ ਉਹ ਨਾਮ ਜਪੇ, ਕਿਰਤ ਕਰੇ ਅਤੇ ਵੰਡ ਛਕੇ। ਇਨ੍ਹਾਂ ਨੈਤਿਕ ਨਿਯਮਾਂ ਤੇ ਚੱਲਦੇ ਹੋਏ ਸਿੱਖ ਦੇ ਜੀਵਨ ਵਿਚ ਸਤ, ਸੰਤੋਖ ਅਤੇ ਵੀਚਾਰ ਦਾ ਪ੍ਰਕਾਸ਼ ਆਪਣੇ ਆਪ ਹੀ ਹੋ ਜਾਂਦਾ ਹੈ। ਇਸੇ ਨਾਲ ਹੀ ਉਸ ਦੇ ਨਿਜੀ ਨੈਤਿਕ ਕਰਤੱਵ ਅਤੇ ਸਮਾਜਿਕ ਕਰਤੱਵ ਪੂਰੇ ਹੋ ਜਾਣਗੇ। ਇਕੱਲੇ ਨਿਜ ਨੂੰ ਕੇਂਦਰ ਬਣਾ ਕੇ ਕੀਤੇ ਨੈਤਿਕ ਨਿਯਮਾਂ ਦੀ ਸਾਰਥਕਤਾ ਨੂੰ ਸਿੱਖ ਵਿਚਾਰਧਾਰਾ ਵਿਚ ਇੰਨਾ ਉੱਚਾ ਨਹੀਂ ਮੰਨਿਆ ਗਿਆ ਜਿੰਨਾਂ ਆਪੇ ਤੋਂ ਉਪਰ ਉਠ ਕੇ ਕੀਤੇ ਨੈਤਿਕ ਨਿਯਮਾਂ ਨੂੰ। ਇਸੇ ਕਰਕੇ ਸਿਮਰਨ ਅਤੇ ਸੇਵਾ ਦੋਨੋ ਨਾਲ-ਨਾਲ ਚੱਲਦੇ ਹਨ। ਸੇਵਾ ਤੋਂ ਬਿਨ੍ਹਾਂ ਸਿਮਰਨ ਨਿਰਾਰਥਕ ਗਿਣਿਆ ਗਿਆ ਹੈ ਅਤੇ ਸਿਮਰਨ ਤੋਂ ਬਿਨ੍ਹਾਂ ਸੇਵਾ ਦਿਸ਼ਾਹੀਨ ਹੈ।

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਵੈ-ਤਿਆਗ ਦੀ ਭਾਵਨਾ ਨਾਲ ਕੀਤੀ ਸੇਵਾ ਹੀ ਧਾਰਮਿਕ ਜੀਵਨ ਸ਼ੈਲੀ ਦਾ ਜ਼ਰੂਰੀ ਹਿੱਸਾ ਹੈ। ਗੁਰੂ ਸਾਹਿਬ ਦਾ ਕਹਿਣਾ ਹੈ ਕਿ ਮਨੁੱਖੀ ਮਨ ਦੀ ਸ਼ੁੱਧਤਾ ਦੂਜਿਆਂ ਦੀ ਸੇਵਾ ਕਰਕੇ ਹੁੰਦੀ ਹੈ ਤੀਰਥਾਂ ਤੇ ਇਸ਼ਨਾਨ ਕਰਕੇ ਜਾਂ ਕਰਮ-ਕਾਂਡ ਕਰਕੇ ਨਹੀਂ ਬਲਕਿ ਜ਼ਰੂਰਤਮੰਦਾਂ ਦੀ ਮੱਦਦ ਕਰਕੇ ਹੁੰਦੀ ਹੈ। ਉਹ ਮੰਨਦੇ ਹਨ ਕਿ ਵਿਵਹਾਰ ਵਿਚ ਨੈਤਿਕਤਾ ਕਰਕੇ ਹੀ ਮਨ ਦੀ ਸ਼ੁੱਧੀ ਹੁੰਦੀ ਹੈ ਅਤੇ ਮਨ ਦੀ ਸ਼ੁੱਧੀ ਕਰਕੇ ਹੀ ਵਿਵਹਾਰ ਨੈਤਿਕ ਹੁੰਦਾ ਹੈ ਅਤੇ ਦੋਨਾਂ ਦੇ ਸ਼ੁੱਧ ਹੋਣ ਨਾਲ ਹੀ ਆਤਮਿਕ ਸ਼ੁੱਧੀ ਪ੍ਰਾਪਤ ਹੁੰਦੀ ਹੈ। ਇਸੇ ਕਰਕੇ ਗੁਰੂ ਸਾਹਿਬ ਨੇ ਇਸ ਨੈਤਿਕਤਾ ਦੀ ਕੜੀ ਨੂੰ ਸਰਬੱਤ ਦੇ ਭਲੇ ਦੇ ਮਕਸਦ ਲਈ ਆਮ ਸਮਾਜ ਨਾਲ ਜੋੜਿਆ। ਪਰੰਪਰਾਗਤ ਭਾਰਤੀ ਧਾਰਮਿਕ ਮਰਿਆਦਾ ਤੋਂ ਉਲਟ ਗੁਰੂ ਸਾਹਿਬ ਨੇ ਗਰੀਬਾਂ, ਮਜ਼ਲੂਮਾਂ ਅਤੇ ਨੀਵੇਂ ਤਬਕੇ ਦੇ ਉਨ੍ਹਾਂ ਜ਼ਰੂਰਤਮੰਦਾਂ ਦੀ ਸੇਵਾ ਦੀ ਪ੍ਰੇਰਨਾ ਦਿੱਤੀ ਜਿੰਨ੍ਹਾਂ ਬਾਰੇ ਇਹ ਸੋਚਿਆ ਜਾਂਦਾ ਸੀ ਕਿ ਉਹ ਕੇਵਲ ਦੂਜਿਆਂ ਦੀ ਸੇਵਾ ਕਰਨ ਲਈ ਹੀ ਬਣੇ ਹਨ ਪਰ ਉਨ੍ਹਾਂ ਨੂੰ ਸੇਵਾ ਕਰਵਾਉਣ ਦਾ ਹੱਕ ਨਹੀਂ ਸੀ। ਨੀਚ ਗਿਣੇ ਜਾਣ ਵਾਲਿਆਂ ਦੀ ਸੇਵਾ ਨੂੰ ਸਿੱਖ ਜੀਵਨ ਸ਼ੈਲੀ ਵਿਚ ਬਲਕਿ ਉੱਚਾ ਦਰਜਾ ਦਿੱਤਾ ਗਿਆ ਹੈ।

ਪ੍ਰਭੂ ਪ੍ਰੇਮ ਅਤੇ ਨੈਤਿਕ ਜੀਵਨ ਦਾ ਸੰਬੰਧ:-

ਗੁਰਬਾਣੀ ਦਾ ਪ੍ਰਭਾਵ ਸਮਝਣ ਅਤੇ ਗੁਰੂ ਦੀ ਸਿੱਖਿਆ ਨੂੰ ਆਪਣੇ ਜੀਵਨ ਵਿਚ ਢਾਲਣ ਨਾਲ ਹੌਲੀ-ਹੌਲੀ ਸਿੱਖ ਦੇ ਮਨ ਵਿਚ ਪ੍ਰਭੂ ਪ੍ਰਤੀ ਪ੍ਰੇਮ ਦੀ ਭਾਵਨਾ ਉਤਪੰਨ ਹੁੰਦੀ ਹੈ। ਉਸ ਦੇ ਗੁਣਾਂ ਦਾ ਗਿਆਨ ਹਾਸਿਲ ਹੋਣ ਨਾਲ ਉਸ ਪ੍ਰਭੂ ਦਾ ਭੈ ਜਾਂ ਭਉ ਵੀ ਉਸ ਦੇ ਮਨ ਵਿਚ ਉਤਪੰਨ ਹੁੰਦਾ ਹੈ। ਇਨ੍ਹਾਂ ਗੁਣਾਂ ਦਾ ਪ੍ਰਭਾਵ ਮਨੁੱਖ ਦੇ ਸਮਾਜਕ ਜੀਵਨ ਉਪਰ ਵੀ ਪੈਂਦਾ ਹੈ। ਜਿਵੇਂ-ਜਿਵੇਂ ਉਹ ਆਪਣੇ ਅਧਿਆਤਮਿਕ ਮਾਰਗ ਤੇ ਅੱਗੇ ਵੱਧਦਾ ਰਹਿੰਦਾ ਹੈ ਉਵੇਂ-ਉਵੇਂ ਉਸ ਵਿਚ ਪ੍ਰਭੂ ਪ੍ਰਤੀ ਪ੍ਰੇਮ ਤਾਂ ਵਧਦਾ ਹੀ ਹੈ ਪਰ ਨਾਲ ਦੀ ਨਾਲ ਉਸ ਵਿਚ ਪਰਮਾਤਮਾ ਦੀ ਹੋਂਦ ਦੀ ਵਿਸ਼ਾਲਤਾ ਦਾ ਗਿਆਨ ਵਧਣ ਕਰਕੇ ਉਹ ਪਰਮਾਤਮਾ ਦੇ

ਵਿਆਪਕ ਰੂਪ ਪ੍ਰਤੀ ਵੀ ਪ੍ਰੇਮ ਮਹਿਸੂਸ ਕਰਨ ਲੱਗਦਾ ਹੈ। ਗੁਰੂ ਦੀ ਸਿੱਖਿਆ ਨਾਲ ਸਿੱਖ ਨੂੰ ਇਸ ਤੱਥ ਦਾ ਗਿਆਨ ਵੀ ਹੋ ਜਾਂਦਾ ਹੈ ਕਿ ਪ੍ਰਭੂ ਦੀ ਹਸਤੀ ਦੇ ਦੋ ਰੂਪ ਹਨ; ਇਕ ਅਪਰੰਪਾਰ ਅਤੇ ਦੂਜਾ ਵਿਆਪਕ। ਭਾਵੇਂ ਇਹ ਸਹੀ ਹੈ ਕਿ ਸਿੱਖ ਨੂੰ ਇਹੀ ਗੁਰੂ ਹੁਕਮ ਹੈ ਕਿ ਭਗਤੀ ਪ੍ਰਭੂ ਦੇ ਨਿਰਗੁਣ ਸਰੂਪ ਦੀ ਹੀ ਕੀਤੀ ਜਾਂਦੀ ਹੈ ਜੋ ਉਸ ਦਾ ਅਪਰੰਪਾਰ ਅਤੇ ਸ਼ੁੱਧ ਸਰੂਪ ਹੈ। ਇਹ ਉਸ ਪ੍ਰਭੂ ਦੀ ਭਗਤੀ ਵੱਲ ਇਸ਼ਾਰਾ ਹੈ ਜੋ ਕਦੇ ਜਨਮ ਨਹੀਂ ਲੈਂਦਾ, ਜੋ ਸਮੇਂ ਦੇ ਬੰਧਨ ਵਿਚ ਨਹੀਂ ਪੈਂਦਾ ਅਤੇ ਜਿਸ ਦਾ ਕੋਈ ਸਰੂਪ ਨਹੀਂ। ਪਰ ਇਹ ਵੀ ਗੁਰੂ ਫਰਮਾਨ ਹੈ ਕਿ ਉਸ ਨਿਰਗੁਣ ਦਾ ਹੀ ਵਿਸਤ੍ਰਿਤ ਰੂਪ ਸਰਗੁਣ ਰੂਪ ਵਿਚ ਸ੍ਰਿਸ਼ਟੀ ਵਜੋਂ ਵਿਆਪਕ ਹੈ। ਗੁਰੂ ਜੀ ਕਹਿੰਦੇ ਹਨ ਇਹ ਜੋ ਸੰਸਾਰ ਸਾਨੂੰ ਨਜ਼ਰ ਆ ਰਿਹਾ ਹੈ ਉਹ ਉਸ ਪ੍ਰਭੂ ਦਾ ਹੀ ਵਿਸਤ੍ਰਿਤ ਅਤੇ ਸਰਗੁਣ ਰੂਪ ਹੈ। ਇਸ ਕਰਕੇ ਪ੍ਰਭੂ ਪ੍ਰੇਮ ਦਾ ਇਕ ਜ਼ਰੀਆ ਸਾਰੀ ਦ੍ਰਿਸ਼ਟਮਾਨ ਸ੍ਰਿਸ਼ਟੀ ਲਈ ਪ੍ਰੇਮ ਅਤੇ ਸੇਵਾ ਭਾਵਨਾ ਹੈ। ਨਾਮ ਸਿਮਰਨ ਦੇ ਰਾਹ ਤੇ ਚੱਲਦੇ ਸਾਧਕ ਵਿਚ ਇਹ ਗੁਣ ਸਹਿਜੇ ਹੀ ਉਤਪੰਨ ਹੋ ਜਾਂਦਾ ਹੈ। ਉਹ ਪ੍ਰਭੂ ਨੂੰ ਸਭ ਵਿਚ ਵਿਆਪਕ ਸਮਝ ਕੇ ਸਭ ਨੂੰ ਇਸ ਤਰ੍ਹਾਂ ਪ੍ਰੇਮ ਕਰਦਾ ਹੈ ਜਿਵੇਂ ਇਹ ਪ੍ਰੇਮ ਉਹ ਪ੍ਰਭੂ ਨੂੰ ਹੀ ਕਰ ਰਿਹਾ ਹੋਵੇ। ਇਸੇ ਕਰਕੇ ਪ੍ਰੇਮ ਦਾ ਵਿਸ਼ਾਲ ਰੂਪ ਸਿੱਖ ਸਿਧਾਂਤ ਵਿਚ ਨੈਤਿਕ ਗੁਣ ਹੈ।

ਪ੍ਰਭੂ ਦਾ ਭਉ:-

ਇਸ ਤੋਂ ਇਲਾਵਾ ਜਿਵੇਂ-ਜਿਵੇਂ ਸਾਧਕ ਪ੍ਰਭੂ ਦੀ ਭਗਤੀ ਵਿਚ ਲੀਨ ਹੋਇਆ ਉਸ ਦੇ ਨਜ਼ਦੀਕ ਹੋਈ ਜਾਂਦਾ ਹੈ ਉਵੇਂ-ਉਵੇਂ ਉਸ ਪ੍ਰਭੂ ਦੇ ਸਰਬਸ਼ਕਤੀਮਾਨ ਹੋਣ ਬਾਰੇ ਉਸ ਦੇ ਸ਼ੰਕਿਆਂ ਦੀ ਨਿਵਿਰਤੀ ਹੋਣ ਲੱਗਦੀ ਹੈ। ਉਸ ਨੂੰ ਪ੍ਰਭੂ ਦੀਆਂ ਅਸਲੀ ਸ਼ਕਤੀਆਂ ਦਾ ਗਿਆਨ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਉਸ ਅੰਦਰ ਪ੍ਰਭੂ ਜੋ ਸਰਬਸ਼ਕਤੀਮਾਨ ਹੈ ਉਸ ਦਾ ਭਉ ਪੈਦਾ ਹੁੰਦਾ ਹੈ। ਇਸ ਭਉ ਨੂੰ ਮੰਨਣ ਵਾਲਾ ਉਸ ਨੂੰ ਆਪਣੇ ਸਮਾਜਕ ਜੀਵਨ ਵਿਚ ਵੀ ਅਪਣਾ ਕੇ ਉਨ੍ਹਾਂ ਅਉਗੁਣਾਂ ਤੋਂ ਬਚਿਆ ਰਹਿੰਦਾ ਹੈ ਜੋ ਉਸ ਤੋਂ ਬਾਹਰ ਰਹਿ ਕੇ ਇਕ ਵਿਅਕਤੀ ਸਮਾਜ ਦੀ ਸ਼ਾਂਤੀ ਵਿਵਸਥਾ ਨੂੰ ਤਹਿਸ-ਨਹਿਸ ਕਰ ਸਕਦਾ ਹੈ। ਕਿਉਂਕਿ ਪ੍ਰਭੂ ਦੇ ਭੈ ਵਿਚ ਰਹਿਣ ਵਾਲਾ ਵਿਅਕਤੀ ਕਦੇ ਵੀ ਉਹ ਗੁਨਾਹ ਨਹੀਂ ਕਰਦਾ ਜਿਸ ਨੂੰ ਕਰ ਕੇ ਉਸ ਨੂੰ ਲੱਗੇ ਕਿ ਇਕ ਤਾਂ ਉਹ ਪ੍ਰਭੂ ਦੀ ਨੇੜਤਾ ਤੋਂ ਵਾਂਝਾ ਰਹਿ ਜਾਵੇਗਾ ਦੂਜੇ ਉਨ੍ਹਾਂ ਕਰਮਾ ਦਾ ਫਲ ਉਸ ਨੂੰ ਭੁਗਤਣਾ ਪਵੇਗਾ ਜੋ ਬੇਹੱਦ ਦੁੱਖਦਾਈ ਅਤੇ ਅਸਹਿ ਹੋ ਸਕਦਾ ਹੈ। ਇਸ ਕਰਕੇ ਪ੍ਰਭੂ ਦੇ ਭੈ ਜਾਂ ਭਉ ਵਿਚ ਰਹਿ ਕੇ ਵਿਚਰਨਾ ਨੈਤਿਕ ਗੁਣ ਹੈ ਕਿਉਂਕਿ ਭੈ ਵਿਚ ਰਹਿਣ ਵਾਲਾ ਕਿਸੇ ਵੀ ਅਨੈਤਿਕ ਕੰਮ ਕਰਨ ਤੋਂ ਪਹਿਲਾਂ ਪ੍ਰਭੂ ਦੇ ਭੈ ਨੂੰ ਸਾਹਮਣੇ ਰੱਖੇਗਾ।

ਪਰਮਾਤਮਾ ਦਾ ਹੁਕਮ:-

ਹਰ ਜਗ੍ਹਾ ਉਸੇ ਪਰਮਾਤਮਾ ਦਾ ਹੀ ਹੁਕਮ ਵਰਤਦਾ ਹੈ। ਇਸ ਸੰਸਾਰ ਵਿਚ ਕੁਝ ਵੀ ਐਸਾ ਨਹੀਂ ਵਾਪਰਦਾ ਜੋ ਪਰਮਾਤਮਾ ਦੇ ਹੁਕਮ ਤੋਂ ਬਾਹਰ ਹੋਵੇ। ਇਸ ਕਰਕੇ ਮਨੁੱਖ ਦਾ ਸ਼ਾਂਤ ਚਿਤ ਰਹਿਣਾਂ, ਆਪਣੀ ਕਿਸੇ ਵੀ ਮੁਸੀਬਤ ਲਈ ਕਿਸੇ ਹੋਰ ਨੂੰ ਜਿੰਮੇਵਾਰ ਨਾ ਠਹਿਰਾਉਣ ਅਤੇ ਵਿਰੋਧ ਦੀ ਭਾਵਨਾ ਆਪਣੇ ਅੰਦਰ ਪੈਦਾ ਨਾ ਹੋਣ ਦੇਣਾ, ਇਹ ਐਸੇ

ਨੈਤਿਕ ਗੁਣ ਹਨ ਜੋ ਮਨੁੱਖੀ ਮਨ ਵਿਚ ਤਾਂ ਸ਼ਾਂਤੀ ਰੱਖਦੇ ਹੀ ਹਨ ਇਸ ਦੇ ਨਾਲ ਮਨੁੱਖੀ ਸਮਾਜ ਨੂੰ ਵੀ ਬਹੁਤ ਸਾਰੀਆਂ ਮੁਸੀਬਤਾਂ ਤੋਂ ਬਚਾ ਕੇ ਰੱਖਦੇ ਹਨ। ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਇਸ ਤੱਥ ਦਾ ਨਿਤਾਰਾ ਇਸ ਤਰ੍ਹਾਂ ਕੀਤਾ ਹੈ:-

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥[5]

ਪਰ ਦੂਜੇ ਪਾਸੇ ਗੁਰੂ ਸਾਹਿਬ ਅਨੁਸਾਰ ਮਨੁੱਖ ਭਾਵੇਂ ਕਰਮ ਕਰਨ ਲਈ ਆਜ਼ਾਦ ਹੈ ਪਰ ਉਹ ਇੰਨਾ ਆਜ਼ਾਦ ਨਹੀਂ ਕਿ ਕੁਝ ਵੀ ਕਰੇ। ਸਿੱਖ ਸਿਧਾਂਤ ਅਨੁਸਾਰ ਹਰ ਵਿਅਕਤੀ ਨੂੰ ਜੋ ਵੀ ਉਹ ਕਰਦਾ ਹੈ ਉਸ ਦਾ ਫਲ ਜ਼ਰੂਰ ਭੁਗਤਣਾ ਪੈਂਦਾ ਹੈ। ਇਸੇ ਕਰਕੇ ਇਹ ਮੰਨਿਆ ਜਾਂਦਾ ਹੈ ਕਿ ਮਨੁੱਖ ਕਰਮ ਕਰਨ ਲਈ ਆਜ਼ਾਦ ਤਾਂ ਹੈ ਪਰ ਸਭ ਕੁਝ ਆਪਣੀ ਮਰਜ਼ੀ ਨਾਲ ਕਰਨ ਲਈ ਆਜ਼ਾਦ ਨਹੀਂ ਹੈ। ਉਹ ਸਭ ਕੁਝ ਕਰ ਤਾਂ ਸਕਦਾ ਹੈ ਪਰ ਉਹ ਉਸ ਕਰਮ ਦੇ ਅੱਛੇ ਜਾਂ ਬੁਰੇ ਨਤੀਜੇ ਦੇ ਬੰਧਨ ਵਿਚ ਜ਼ਰੂਰ ਜਕੜਿਆ ਹੋਇਆ ਹੈ। ਕਰਮਾਂ ਦੇ ਹਿਸਾਬ-ਕਿਤਾਬ ਦਾ ਦਾਇਰਾ ਕੇਵਲ ਸਾਡੇ ਵਰਤਮਾਨ ਜੀਵਨ ਨਾਲ ਹੀ ਨਹੀਂ ਗਿਣਿਆ ਜਾਂਦਾ ਬਲਕਿ ਇਹ ਵੀ ਮੰਨ ਲਿਆ ਜਾਂਦਾ ਹੈ ਕਿ ਪਿਛਲੇ ਜਨਮਾਂ ਵਿਚ ਕੀਤੇ ਚੰਗੇ ਜਾਂ ਬੁਰੇ ਕੰਮ ਹਮੇਸ਼ਾ ਸਾਡਾ ਪਿੱਛਾ ਕਰਦੇ ਹਨ। ਉਹ ਉਨੀ ਦੇਰ ਤੱਕ ਸਾਡਾ ਪਿੱਛਾ ਨਹੀਂ ਛੱਡਦੇ ਜਿੰਨੀ ਦੇਰ ਤੱਕ ਅਸੀਂ ਉਨ੍ਹਾਂ ਦਾ ਫਲ ਨਹੀਂ ਭੁਗਤ ਲੈਂਦੇ। ਇਸ ਕਰਕੇ ਪ੍ਰਭੂ ਦੇ ਹੁਕਮ ਨੂੰ ਪ੍ਰਮੁੱਖ ਮੰਨ ਕੇ ਕੀਤੇ ਹੋਏ ਕੰਮਾਂ ਦਾ ਨੈਤਿਕ ਆਧਾਰ ਜ਼ਿਆਦਾ ਪਰਪੱਕ ਹੁੰਦਾ ਹੈ।

ਅਨੈਤਿਕ ਵਿਵਹਾਰ ਅਤੇ ਮਨ ਦੀ ਸਥਿਤੀ:-

ਗੁਰਬਾਣੀ ਵਿਚ ਕੁਝ ਗੁਣ ਜਾਂ ਨੈਤਿਕ ਨਿਯਮ ਨਿਰਧਾਰਤ ਕੀਤੇ ਗਏ ਹਨ ਜਿੰਨ੍ਹਾਂ ਅਨੁਸਾਰ ਕਰਮ ਕਰਕੇ ਮਨੁੱਖ ਨੂੰ ਸਜ਼ਾ ਨਹੀਂ ਭੁਗਤਣੀ ਪੈਂਦੀ। ਇਸੇ ਤਰ੍ਹਾਂ ਕੁਝ ਅਉਗਣ ਵੀ ਨਿਰਧਾਰਤ ਕੀਤੇ ਗਏ ਹਨ ਜਿੰਨ੍ਹਾਂ ਨੂੰ ਕਰਨ ਨਾਲ ਮਨੁੱਖ ਸਜ਼ਾ ਦਾ ਪਾਤਰ ਹੋ ਜਾਂਦਾ ਹੈ। ਗੁਰਮਤਿ ਅਨੁਸਾਰ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਐਸੇ ਅਉਗੁਣ ਹਨ ਜੋ ਵਿਅਕਤੀ ਨੂੰ ਬੁਰਾਈ ਵੱਲ ਪ੍ਰੇਰਦੇ ਹਨ। ਇਨ੍ਹਾਂ ਤੋਂ ਪ੍ਰੇਰਿਤ ਹੋਏ ਮਨੁੱਖ ਦਾ ਮਨ ਆਪਣੇ ਆਪ ਵਿਚ ਵੀ ਬੇਚੈਨ ਰਹਿੰਦਾ ਹੈ ਅਤੇ ਆਪਣੇ ਆਲੇ ਦੁਆਲੇ ਵਿਚ ਵੀ ਬੇਚੈਨੀ ਦਾ ਮਾਹੌਲ ਪੈਦਾ ਕਰਦਾ ਹੈ। ਕਿਉਂਕਿ ਮਨੁੱਖੀ ਮਨ ਦਾ ਵਿਅਕਤੀਗਤ ਅਤੇ ਸਮਾਜਕ ਉਦੇਸ਼ ਹੈ ਕਿ ਉਹ ਆਪਣੇ ਅੰਦਰ ਨੈਤਿਕ ਗੁਣਾਂ ਕਰਕੇ ਸਥਿਰਤਾ ਪੈਦਾ ਕਰੇ। ਇਨ੍ਹਾਂ ਅਉਗੁਣਾਂ ਦਾ ਵਿਅਕਤੀਗਤ ਮਾਨਸਿਕ ਅਵਸਥਾ ਅਤੇ ਸਮਾਜਕ ਅਵਸਥਾ ਦੋਨਾਂ ਤੇ ਇਕੋ ਜਿਹਾ ਪ੍ਰਭਾਵ ਪੈਂਦਾ ਹੈ। ਇਹੀ ਕਾਰਨ ਹੈ ਕਿ ਇਨ੍ਹਾਂ ਅਉਗੁਣਾਂ ਨੂੰ ਸਾਰੇ ਅਨੈਤਿਕ ਪ੍ਰਬੰਧ ਦੀ ਜੜ੍ਹ ਮੰਨਿਆ ਜਾਂਦਾ ਹੈ। ਇਸੇ ਦੇ ਵਿਰੋਧ ਵਿਚ ਜੋ ਪ੍ਰਬੰਧ ਗੁਰੂ ਜੀ ਨੇ ਸਮਝਾਇਆ ਉਹ ਨਾਂ ਕੇਵਲ ਮਨੁੱਖੀ ਮਨ ਨੂੰ ਬਲਕਿ ਸਮੁੱਚੇ ਸਮਾਜ ਨੂੰ ਇਕ ਸਿਹਤਮੰਦ ਸੇਧ ਦਿੰਦਾ ਹੈ। ਡਾ. ਅਵਤਾਰ ਸਿੰਘ ਲਿਖਦੇ ਹਨ ਕਿ; ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ; ਇਹ ਬ੍ਰਿਤੀਆਂ ਕੇਵਲ ਇਸ ਕਰਕੇ ਹੀ ਬੁਰੀਆਂ ਨਹੀਂ ਸਮਝੀਆਂ ਜਾਂਦੀਆਂ ਕਿ ਉਹ ਸਮਾਜ ਵਿਚ ਅਸਥਿਰਤਾ ਅਤੇ ਅਰਾਜਕਤਾ

---

5. ਗੁਰੂ ਗ੍ਰੰਥ ਸਾਹਿਬ, ਪੰਨਾ, 1.

ਪੈਦਾ ਕਰਦੀਆਂ ਹਨ ਅਤੇ ਸਮਾਜਿਕ ਤੌਰ ਤੇ ਅਸਵੀਕਾਰਨਯੋਗ ਹਨ ਬਲਕਿ ਇਸ ਕਰਕੇ ਵੀ ਕਿ ਇਹ ਬ੍ਰਿਤੀਆਂ ਮਨੁੱਖੀ ਮਨ ਦੀ ਪਰਮਾਤਮਾ ਦੇ ਨਾਮ ਨਾਲ ਇਕਾਗਰਤਾ ਬਣਨ ਦੇ ਰਾਹ ਵਿਚ ਬਹੁਤ ਵੱਡੀ ਰੁਕਾਵਟ ਹੁੰਦੀਆਂ ਹਨ।[6] ਉਹ ਅੱਗੇ ਲਿਖਦੇ ਹਨ ਕਿ ਜਿੰਨੀਆਂ ਬੁਰਾਈਆਂ ਕਿਸੇ ਵਿਅਕਤੀ ਵਿਚ ਹੁੰਦੀਆਂ ਹਨ ਉਨ੍ਹੀਆਂ ਹੀ ਉਸ ਦੇ ਆਲੇ-ਦੁਆਲੇ ਜੰਜ਼ੀਰਾਂ ਹਨ ਜੋ ਚੰਗੇ ਗੁਣਾਂ ਨਾਲ ਕੱਟੀਆਂ ਜਾ ਸਕਦੀਆਂ ਹਨ। ਇਸੇ ਕਰਕੇ ਕਿਹਾ ਗਿਆ ਹੈ ਕਿ ਚੰਗਿਆਈ ਹੀ ਸਾਡਾ ਪਰਮ ਮਿੱਤਰ ਹੈ।

ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਫਰਮਾਇਆ ਹੈ ਕਿ ਪਵਿੱਤਰਤਾ, ਸੰਤੋਖ, ਬ੍ਰਹਮ ਗਿਆਨ, ਪ੍ਰਭੂ ਦਾ ਭੈਅ ਅਤੇ ਸੰਯਮ ਗ੍ਰਹਿਣ ਕਰਨ ਨਾਲ ਮਨੁੱਖੀ ਮਨ ਆਪਣੇ ਅਸਲੀ ਧੁਰੇ ਵੱਲ ਸੇਧਿਆ ਜਾਂਦਾ ਹੈ ਜੋ ਪਰਮਾਤਮਾ ਦੇ ਨਾਮ ਵਿਚ ਇਕਾਗਰਤਾ ਪ੍ਰਦਾਨ ਕਰਦਾ ਹੈ। ਇਸੇ ਕਰਕੇ ਇਕ ਗੁਰਮੁਖ ਜੋ ਪਰਮਾਤਮਾ ਦੀ ਸਰਬ-ਸ਼ਕਤੀਮਾਨਤਾ ਅਤੇ ਸਰਬ-ਵਿਆਪਕਤਾ ਵਿਚ ਵਿਸ਼ਵਾਸ਼ ਕਰਦਾ ਹੈ ਉਹ ਇਹਨਾਂ ਬੁਰਾਈਆਂ ਤੋਂ ਪ੍ਰਭਾਵਿਤ ਨਹੀਂ ਹੁੰਦਾ ਜੋ ਉਸ ਦੇ ਅਧਿਆਤਮਿਕ ਰਸਤੇ ਦੀ ਰੁਕਾਵਟ ਬਣਦੀਆਂ ਹਨ। ਇਹ ਬਹੁਤ ਅਹਿਮ ਗੱਲ ਹੈ ਕਿ ਇਹਨਾਂ ਬੁਰਾਈਆਂ ਤੋਂ ਪ੍ਰੇਰਿਤ ਮਨੁੱਖ ਨਾ ਕੇਵਲ ਆਪਣੇ ਵਿਅਕਤੀਗਤ ਜੀਵਨ ਦੀ ਵਿਵਸਥਾ ਨੂੰ ਤਹਿਸ-ਨਹਿਸ ਕਰਦਾ ਹੈ ਬਲਕਿ ਉਹ ਸਮੁੱਚੇ ਸਮਾਜ ਦੀ ਵਿਵਸਥਾ ਉਤੇ ਵੀ ਬਹੁਤ ਬੁਰਾ ਪ੍ਰਭਾਵ ਪਾਉਂਦਾ ਹੈ। ਜਿੰਨੀ ਦੇਰ ਤੱਕ ਇਕ ਸਾਧਕ ਆਪਣੇ ਆਪ ਨੂੰ ਨੈਤਿਕ ਤੌਰ ਤੇ ਉੱਚਾ ਨਹੀਂ ਉਭਾਰਦਾ ਉਨ੍ਹੀ ਦੇਰ ਤੱਕ ਨਾ ਤਾਂ ਉਹ ਅਧਿਆਤਮਿਕ ਤੌਰ ਤੇ ਅੱਗੇ ਵਧਦਾ ਹੈ ਅਤੇ ਨਾ ਹੀ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਅ ਸਕਦਾ ਹੈ। ਇਸੇ ਕਰਕੇ ਗੁਰੂ ਸਾਹਿਬ ਨੇ ਕਿਹਾ ਹੈ ਕਿ ਚੰਗੇ ਕਰਮ ਅਪਣਾਏ ਬਿਨਾਂ ਭਗਤੀ ਦੇ ਮਾਰਗ ਤੇ ਤੁਰਿਆ ਹੀ ਨਹੀਂ ਜਾ ਸਕਦਾ। ਗੁਰੂ ਸਾਹਿਬ ਅਨੁਸਾਰ ਅੰਤਿਮ ਹੋਂਦ ਆਪਣੇ ਆਪ ਵਿਚ 'ਸੱਚ' ਹੈ ਇਸ ਕਰਕੇ ਉਸ 'ਸੱਚ' ਨੂੰ ਆਪਣੇ ਮਨ ਅਤੇ ਵਿਵਹਾਰ ਵਿਚ ਧਾਰਨ ਕੀਤੇ ਬਗੈਰ ਉਸ ਦੀ ਪ੍ਰਾਪਤੀ ਸੰਭਵ ਹੀ ਨਹੀਂ। ਵਾਰ ਆਸਾ ਵਿਚ ਗੁਰੂ ਸਾਹਿਬ ਨੇ ਕਿਹਾ ਹੈ:

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥[7]

ਬੇਸ਼ਕ ਅਉਗੁਣ ਮਨੁੱਖ ਅੰਦਰ ਸਜ਼ਾ ਦਾ ਡਰ ਪੈਦਾ ਕਰਦੇ ਹਨ ਅਤੇ ਇਸ ਤਰ੍ਹਾਂ ਉਹ ਇਨ੍ਹਾਂ ਅਉਗਣਾਂ ਤੋਂ ਬਚੇ ਰਹਿਣ ਦੀ ਕੋਸ਼ਿਸ਼ ਕਰਦਾ ਹੈ, ਪਰ ਨਾਲ ਦੀ ਨਾਲ ਇਹ ਵਿਚਾਰ ਵੀ ਸਿੱਖ ਸਿਧਾਂਤ ਦਾ ਹਿੱਸਾ ਹੈ ਕਿ ਨਾਮ ਸਿਮਰਨ ਦੇ ਰਾਹ ਤੇ ਚੱਲਣ ਵਾਲੇ ਦੇ ਰਾਹ ਵਿਚ ਇਹ ਅਉਗੁਣ ਰੁਕਾਵਟ ਪਾਉਂਦੇ ਹਨ। ਜਿੰਨੀ ਦੇਰ ਤੱਕ ਇਕ ਸਾਧਕ ਨੈਤਿਕ ਤੌਰ ਤੇ ਪੂਰੀ ਤਰ੍ਹਾਂ ਪਰਪੱਕ ਹੋ ਕੇ ਆਪਣੇ ਹਿਰਦੇ ਨੂੰ ਸ਼ੁੱਧ ਨਹੀਂ ਕਰ ਲੈਂਦਾ ਉਨੀ ਦੇਰ ਤੱਕ ਪ੍ਰਭੂ ਦਾ ਰਾਹ ਉਸ ਲਈ ਨਹੀਂ ਖੁੱਲਦਾ। ਗੁਰੂ ਸਾਹਿਬ ਆਪ ਫੁਰਮਾਉਂਦੇ ਹਨ ਕਿ ਬਿਨ੍ਹਾਂ ਚੰਗੇ ਗੁਣਾਂ ਨੂੰ ਧਾਰਨ ਕੀਤਿਆਂ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ। ਕਿਉਂਕਿ ਅਉਗੁਣ ਮਨ

---

6. ਡਾ. ਅਵਤਾਰ ਸਿੰਘ, ਐਥਿਕਸ ਆਫ ਦ ਸਿਖਸ, ਪੰਨਾ, 54.
7. ਗੁਰੂ ਗ੍ਰੰਥ ਸਾਹਿਬ, ਪੰਨਾ, 468.

ਦੀ ਅਡੋਲ ਅਤੇ ਸਹਿਜ ਅਵਸਥਾ ਨੂੰ ਵਿਚਲਿਤ ਕਰਦੇ ਹਨ ਅਤੇ ਦੂਜੇ ਪਾਸੇ ਗੁਣ ਉਸ ਵਿਚ ਸਹਿਜ ਅਤੇ ਇਸਥਿਰਤਾ ਬਣਾ ਕੇ ਰੱਖਦੇ ਹਨ। 'ਵਿਣੁ ਗੁਣ ਕੀਤੇ ਭਗਤਿ ਨਾ ਹੋਇ' ਦਾ ਅਰਥ ਵੀ ਇਹੀ ਹੈ ਕਿ ਭਗਤੀ ਲਈ ਜੋ ਮਨ ਦੀ ਅਡੋਲ ਅਵਸਥਾ ਚਾਹੀਦੀ ਹੁੰਦੀ ਹੈ ਉਹ ਗੁਣਾਂ ਨਾਲ ਜੁੜੀ ਹੁੰਦੀ ਹੈ।

ਭਾਵੇਂ ਗੁਣ ਉਸ ਲਈ ਸੁੱਖ ਜਾਂ ਦੁੱਖ ਨਿਰਧਾਰਤ ਕਰਦੇ ਹਨ ਪਰ ਭਗਤ ਜਦੋਂ ਨਾਮ ਸਿਮਰਨ ਰਾਹੀਂ ਪ੍ਰਭੂ ਦੀ ਮਿਹਰ ਦਾ ਪਾਤਰ ਹੋ ਜਾਂਦਾ ਹੈ ਤਾਂ ਉਸ ਲਈ ਕਰਮਾਂ ਦੇ ਬੰਧਨ ਕੱਟੇ ਜਾਂਦੇ ਹਨ ਅਤੇ ਉਹ ਸਦੀਵੀ ਸੁੱਖ ਨੂੰ ਪ੍ਰਾਪਤ ਕਰ ਲੈਂਦਾ ਹੈ। ਪਰ ਇਹ ਨਦਰ-ਕਰਮ ਉਸ ਤੇ ਹੁੰਦਾ ਹੈ ਜੋ ਬੇਹੱਦ ਨਿਮਰਤਾ ਧਾਰਨ ਕਰਕੇ, ਪ੍ਰਭੂ ਦਾ ਸਿਮਰਨ ਕਰਦਾ ਹੋਇਆ ਉਸ ਦੀ ਸੇਵਾ ਅਤੇ ਉਸ ਦੇ ਪ੍ਰੇਮ ਵਿਚ ਆਪਣੇ ਆਪ ਨੂੰ ਸਮਰਪਤ ਕਰ ਦਿੰਦਾ ਹੈ।

ਸਿੱਖ ਸਿਧਾਂਤ ਅਨੁਸਾਰ ਇਹ ਮੰਨਿਆ ਗਿਆ ਹੈ ਕਿ ਪ੍ਰਭੂ ਆਪ ਇਸ ਸ੍ਰਿਸ਼ਟੀ ਵਿਚ ਵਿਆਪਕ ਹੈ, ਜੋ ਵੀ ਸਾਨੂੰ ਨਜ਼ਰ ਆਉਂਦਾ ਹੈ ਉਹ ਸਭ ਪ੍ਰਭੂ ਦਾ ਵਿਆਪਕ ਰੂਪ ਹੈ। ਅਗਰ ਅਸੀਂ ਕਿਸੇ ਨਾਲ ਵੀ ਅੱਛਾ ਜਾਂ ਬੁਰਾ ਵਿਵਹਾਰ ਕਰਦੇ ਹਾਂ ਤਾਂ ਉਹ ਵਿਵਹਾਰ ਦਰ ਅਸਲ ਅਸੀਂ ਪ੍ਰਭੂ ਨਾਲ ਹੀ ਕਰ ਰਹੇ ਹੁੰਦੇ ਹਾਂ। ਫਿਰ ਅਸੀਂ ਉਸ ਪ੍ਰਭੂ ਨਾਲ ਹੀ ਦੁਰਵਿਵਹਾਰ ਕਰ ਕੇ ਆਪ ਕਿਵੇਂ ਉਸ ਤੱਕ ਪਹੁੰਚ ਸਕਦੇ ਹਾਂ? ਜਦਕਿ ਉਸ ਤੱਕ ਪਹੁੰਚਣ ਦਾ ਕੇਵਲ ਇਕੋ ਤਰੀਕਾ ਹੀ ਹੈ ਅਤੇ ਉਹ ਹੈ ਉਸ ਦੇ ਵਿਆਪਕ ਰੂਪ ਨਾਲ ਸਦਗੁਣਾਂ ਦੀ ਸਾਂਝ ਪਾ ਕੇ, ਉਸ ਪ੍ਰਤੀ ਪ੍ਰੇਮ ਭਾਵ ਰੱਖ ਕੇ, ਉਸ ਦੀ ਭਗਤੀ ਕਰਨਾ। ਜੇ ਮਨੁੱਖ ਇਹ ਸੋਚੇ ਕਿ ਉਹ ਪ੍ਰਭੂ ਦੀ ਭਗਤੀ ਤਾਂ ਕਰ ਰਿਹਾ ਹੈ ਪਰ ਜੇ ਉਹ ਉਸ ਦੀ ਸੰਪੂਰਨਤਾ ਨੂੰ ਪ੍ਰੇਮ ਨਾਂ ਕਰੇ ਤਾਂ ਪ੍ਰਭੂ ਚਰਨਾ ਵਿਚ ਉਸ ਦਾ ਪਿਆਰ ਕਿਵੇਂ ਸਵੀਕਾਰ ਹੋ ਸਕਦਾ ਹੈ? ਜੇ ਮਨੁੱਖ ਕਹੇ ਕਿ ਉਹ ਪ੍ਰਭੂ ਦੇ ਦੈਵੀ ਜਾਂ ਆਤਮ ਰੂਪ ਨੂੰ ਪਿਆਰ ਕਰਦਾ ਹੈ ਪਰ ਜੇ ਉਹ ਉਸ ਦੇ ਵਿਅਕਤ ਰੂਪ ਨੂੰ ਪਿਆਰ ਨਹੀਂ ਕਰਦਾ ਤਾਂ ਉਸ ਦਾ ਪਿਆਰ ਕਿਵੇਂ ਮਨਜ਼ੂਰ ਹੋ ਸਕਦਾ ਹੈ? ਕਿਉਂਕਿ ਇਹ ਤਾਂ ਇਕੋ ਪਰਮਾਤਮਾ ਦੇ ਦੋ ਪਹਿਲੂ ਹਨ। ਇਸ ਕਰਕੇ ਨਾਮ ਸਿਮਰਨ ਦੀ ਪਹਿਲੀ ਪਉੜੀ ਹੈ ਪ੍ਰਭੂ ਦੇ ਬਣਾਏ ਹੋਏ ਸੰਸਾਰ ਨਾਲ ਸਦਗੁਣੀ ਤਰੀਕੇ ਨਾਲ ਸਾਂਝ ਪਾਉਣਾ। ਬਾਣੀ ਦਾ ਅਭਿਆਸ ਮਨੁੱਖ ਨੂੰ ਸਿਖਾਉਂਦਾ ਹੈ ਕਿ ਕਿਸ ਤਰ੍ਹਾਂ ਦੇ ਗੁਣ ਧਾਰਨ ਕਰਨ ਨਾਲ ਵਿਅਕਤੀ ਪ੍ਰਭੂ ਨੂੰ ਪਿਆਰਾ ਲੱਗ ਸਕਦਾ ਹੈ ਜਾਂ ਉਸ ਨੂੰ ਮੰਜ਼ੂਰ ਹੋ ਸਕਦਾ ਹੈ। ਇਸ ਕਰਕੇ ਸਿੱਖ ਨੈਤਿਕ ਨਿਯਮਾਵਲੀ ਵਿਚ ਸੇਵਾ ਦੀ ਅਹਿਮ ਭੂਮਿਕਾ ਤਾਂ ਹੈ ਹੀ ਨਾਲ ਦੀ ਨਾਲ ਸੇਵਾ ਦਾ ਵਿਸ਼ਾਲ ਰੂਪ ਵੀ ਸਿੱਖ ਦੇ ਸਾਹਮਣੇ ਹੁੰਦਾ ਹੈ। ਇਹੀ ਕਾਰਨ ਹੈ ਕਿ ਜਿੰਨੀ ਇਕ ਸਿੱਖ ਸੇਵਾ ਕਰਦਾ ਹੈ ਉਨ੍ਹੀ ਉਸ ਦੇ ਅੰਦਰ ਨਿਮਰਤਾ, ਅਤੇ ਜਿੰਨੀ ਨਿਮਰਤਾ ਉਨ੍ਹੀ ਵਿਸ਼ਾਲਤਾ ਅਤੇ ਜਿੰਨੀ ਵਿਸ਼ਾਲਤਾ ਉਨ੍ਹੀ ਹੀ ਪ੍ਰਭੂ ਦੀ ਨੇੜਤਾ ਦੀ ਪ੍ਰਾਪਤੀ ਹੁੰਦੀ ਹੈ।

ਗੁਰੂ ਸਾਹਿਬ ਨੇ ਮੁੰਦਾਵਣੀ ਵਿਚ ਫ਼ੁਰਮਾਇਆ ਹੈ ਕਿ ਮਨੁੱਖੀ ਜੀਵਨ ਲਈ ਤਿੰਨ ਅੰਮ੍ਰਿਤ ਰੂਪੀ ਗੁਣ ਅਕਾਲ ਪੁਰਖ ਵਲੋਂ ਦਿੱਤੇ ਗਏ ਹਨ ਅਤੇ ਉਹ ਹਨ ਸਤੁ, ਸੰਤੋਖੁ ਅਤੇ ਵੀਚਾਰ।[8] ਜੋ ਸਾਧਕ ਗੁਰੂ ਦੁਆਰਾ ਦੱਸੇ ਰਸਤੇ ਨੂੰ ਅਖਤਿਆਰ ਕਰਕੇ ਸਦਗੁਣਾਂ ਨੂੰ ਪ੍ਰਾਪਤ

8. ਗੁਰੂ ਗ੍ਰੰਥ ਸਾਹਿਬ, ਪੰਨਾ, 1428.

ਕਰ ਲੈਂਦਾ ਹੈ ਉਸ ਵਿਚ ਸੱਚ ਦਾ ਵਾਸਾ ਆਪਣੇ ਆਪ ਹੋ ਜਾਂਦਾ ਹੈ। ਉਸਨੂੰ ਸੱਚ ਦਾ ਗਿਆਨ ਹੀ ਨਹੀਂ ਹੋ ਜਾਂਦਾ ਬਲਕਿ ਉਹ ਸੱਚ ਸਰੂਪ ਹੋ ਜਾਂਦਾ ਹੈ। ਉਸ ਦਾ ਮਨ ਸਦੀਵੀ ਭਟਕਣ ਤੋਂ ਉਪਰ ਉਠ ਕੇ ਸਦੀਵੀ ਸੰਤੁਸ਼ਟੀ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ ਜਿਥੇ ਉਹ ਆਨੰਦ ਰੂਪ ਹੋ ਜਾਂਦਾ ਹੈ। ਉਸ ਦੀ ਮਾਨਸਿਕਤਾ ਸਦੀਵੀ ਤੌਰ ਤੇ ਨਿਰਸੰਸੀ ਸਥਿਤੀ ਦੀ ਧਾਰਨੀ ਹੋ ਜਾਂਦੀ ਹੈ ਜਿਥੇ ਉਸ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿੰਨ੍ਹਾਂ ਤੇ ਪ੍ਰਭੂ ਦੀ ਕ੍ਰੋਪੀ ਹੁੰਦੀ ਹੈ ਜਾਂ ਜਿਨ੍ਹਾਂ ਨੂੰ ਪ੍ਰਭੂ ਆਪਣੇ ਰਾਹ ਤੇ ਨਹੀਂ ਪਾਉਣਾ ਚਾਹੁੰਦਾ ਉਨ੍ਹਾਂ ਦੇ ਮਨ ਵਿਚ ਬੁਰੇ ਕਰਮ ਕਰਨ ਦੀ ਬਿਰਤੀ ਪਾ ਦਿੰਦਾ ਹੈ। ਉਨ੍ਹਾਂ ਬੁਰੇ ਕਰਮਾਂ ਦੇ ਫਲ ਨੂੰ ਹੀ ਉਹ ਆਪਣੇ ਜੀਵਨ ਦਾ ਉਦੇਸ਼ ਮੰਨ ਲੈਂਦਾ ਹੈ। ਉਹ ਬੁਰੇ ਕਰਮ ਉਸ ਨੂੰ ਪਰਮਾਤਮਾ ਦੇ ਰਾਹ ਤੋਂ, ਉਸ ਦੀ ਸੇਵਾ ਤੋਂ ਹਮੇਸ਼ਾ ਦੂਰ ਰੱਖਦੇ ਹਨ। ਜਿਨ੍ਹਾਂ ਨੂੰ ਉਹ ਆਪਣੇ ਨਜ਼ਦੀਕ ਕਰਨਾ ਚਾਹੁੰਦਾ ਹੈ ਉਨ੍ਹਾਂ ਦੇ ਮਨ ਵਿਚ ਸਦਗੁਣ ਪੈਦਾ ਕਰ ਦਿੰਦਾ ਹੈ, ਉਨ੍ਹਾਂ ਵਿਚ ਸੇਵਾ, ਸਿਮਰਨ ਅਤੇ ਸਮਰਪਣ ਪੈਦਾ ਕਰ ਦਿੰਦਾ ਹੈ, ਕਿਉਂਕਿ ਸਵੱਛ ਮਨ ਵਿਚ ਹੀ ਪ੍ਰਭੂ ਦਾ ਅੰਮ੍ਰਿਤ ਰੂਪੀ ਨਾਮ ਵੱਸ ਸਕਦਾ ਹੈ।

ਪ੍ਰਭੂ ਦੀ ਸ਼ਕਤੀ ਦੋ ਤਰ੍ਹਾਂ ਨਾਲ ਵਿਆਪਕ ਹੁੰਦੀ ਹੈ; ਹਾਂ ਵਾਚਕ ਅਤੇ ਨਾਂਹ ਵਾਚਕ ਤਰੀਕੇ ਨਾਲ। ਹਾਂ ਵਾਚਕ ਇਸ ਤਰ੍ਹਾਂ ਕਿ ਜੋ ਵਿਧਾਨ ਇਸ ਸੰਸਾਰ ਵਿਚ ਵਿਆਪਕ ਹੈ ਉਹ ਉਸੇ ਪ੍ਰਭੂ ਦਾ ਬਣਾਇਆ ਹੋਇਆ ਹੈ ਅਤੇ ਨਾਂਹ ਵਾਚਕ ਇਸ ਤਰ੍ਹਾਂ ਕਿ ਪ੍ਰਭੂ ਨੇ ਕੁਝ ਜੀਵਾਂ ਨੂੰ ਸਜ਼ਾ ਦੇਣ ਲਈ ਮਾਇਆ ਦਾ ਵਿਸਥਾਰ ਕੀਤਾ ਹੋਇਆ ਹੈ ਤਾਂ ਕਿ ਉਹ ਉਸ ਵਿਚ ਫਸ ਕੇ ਆਪਣੇ ਗੁਨਾਹਾਂ ਦੀ ਸਜ਼ਾ ਆਪ ਭੁਗਤਨ। ਪਰ ਇਹ ਤੱਥ ਜ਼ਰੂਰ ਵਿਦਮਾਨ ਰਹਿੰਦਾ ਹੈ ਕਿ ਹਰ ਜੀਵ ਨੂੰ ਉਸ ਦੇ ਕਰਮਾਂ ਦੇ ਆਧਾਰ ਤੇ ਹੀ ਸੁੱਖ ਜਾਂ ਦੁੱਖ ਪ੍ਰਾਪਤ ਹੋਵੇ। ਬੁਰੇ ਕਰਮਾਂ ਵਾਲਿਆਂ ਨੂੰ ਪ੍ਰਭੂ ਦੀ ਨੇੜਤਾ ਹਾਸਿਲ ਨਹੀਂ ਹੁੰਦੀ। ਪ੍ਰਭੂ ਆਪ ਹੀ ਉਨ੍ਹਾਂ ਅੰਦਰ ਹੰਕਾਰ ਅਤੇ ਅਗਿਆਨਤਾ ਦਾ ਪਸਾਰਾ ਕਰ ਦਿੰਦਾ ਹੈ ਤਾਂ ਕਿ ਉਹ ਉਸੇ ਭਰਮ ਵਿਚ ਫਸੇ ਆਪਣੇ ਕਰਮਾਂ ਦਾ ਫਲ ਭੁਗਤਦੇ ਰਹਿਣ।

ਕਿਰਤ ਕਰਨੀ:-

ਸਿੱਖ ਸਿਧਾਂਤ ਵਿਚ ਸਿਮਰਨ ਕਰਦੇ ਹੋਏ ਜਾਂ ਸਿਮਰਨ ਕਰਦੇ-ਕਰਦੇ ਅਧਿਆਤਮਿਕਤਾ ਦੀ ਅੰਤਿਮ ਮੰਜ਼ਿਲ ਪ੍ਰਾਪਤ ਕਰਨ ਤੇ ਵਿਅਕਤੀ ਕਿਸੇ ਵੀ ਤਰ੍ਹਾਂ ਸਮਾਜਿਕ ਪ੍ਰਾਣੀ ਹੋਣ ਤੋਂ ਆਪਣੇ ਆਪ ਨੂੰ ਮੁਨਕਰ ਨਹੀਂ ਕਰ ਸਕਦਾ। ਪਹਿਲੀ ਗੱਲ ਤਾਂ ਇਹ ਹੈ ਕਿ ਸਿੱਖ ਕਿਸੇ ਵੀ ਤਰ੍ਹਾਂ ਕਿਸੇ ਦਾ ਮੁਹਤਾਜ ਨਹੀਂ ਹੁੰਦਾ, ਕਿਸੇ ਤੇ ਬੋਝ ਨਹੀਂ ਹੁੰਦਾ। ਦੂਜੇ ਸੰਸਾਰ ਦੇ ਕੰਮ ਕਾਰ ਕਰਦੇ ਹੋਏ ਅਤੇ ਪ੍ਰਭੂ ਦੀ ਭਗਤੀ ਵੀ ਕਰਦਿਆਂ ਹੋਇਆਂ ਵਿਅਕਤੀ ਆਪਣੇ ਆਪ ਨੂੰ ਇਸ ਸੰਸਾਰ ਦੇ ਇਕ ਜਿੰਮੇਵਾਰ ਪ੍ਰਾਣੀ ਵਜੋਂ ਸਿੱਧ ਕਰ ਸਕਦਾ ਹੈ। ਇਸ ਕਰਕੇ ਸਿੱਖ ਲਈ ਗੁਰੂ ਸਾਹਿਬ ਦੀ ਹਦਾਇਤ ਹੈ ਕਿ ਸਿਰਫ ਇਹੀ ਨਹੀਂ ਕਿ ਉਹ ਆਪਣਾ ਬੋਝ ਕਿਸੇ ਤੇ ਨਾਂ ਪਾਵੇ ਬਲਕਿ ਸਮਾਜ ਦੇ ਬਾਕੀ ਸਾਰੇ ਪ੍ਰਾਣੀਆ ਵਾਂਗ ਆਪ ਮਿਹਨਤ ਮੁਸ਼ੱਕਤ ਕਰਦਾ ਹੋਇਆ ਆਪਣੀ ਜੀਵਿਕਾ ਆਪ ਕਮਾਵੇ। ਗੁਰੂ ਸਾਹਿਬ ਨੇ ਪਰੰਪਰਾਗਤ ਭਾਰਤੀ ਵਿਚਾਰਧਾਰਾ ਦਾ ਵਿਵਹਾਰਿਕ ਤਰੀਕੇ ਨਾਲ ਵਿਰੋਧ ਕਰਦੇ ਹੋਏ

ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸਭ ਨੂੰ ਆਪਣੀ ਜੀਵਿਕਾ ਖੁਦ ਕਮਾਉਣੀ ਚਾਹੀਦੀ ਹੈ ਕਿਉਂਕਿ ਜੋ ਮਨੁੱਖ ਆਪਣੀ ਜੀਵਿਕਾ ਆਪ ਨਹੀਂ ਕਮਾ ਸਕਦੇ ਉਹ ਸਮਾਜ ਉਪਰ ਇਕ ਬੋਝ ਹੁੰਦੇ ਹਨ ਅਤੇ ਦੂਜਿਆਂ ਤੇ ਬੋਝ ਹੋਣ ਵਾਲੇ ਆਪਣਾ ਜੀਵਨ ਕਿਸ ਤਰ੍ਹਾਂ ਕਾਮਯਾਬ ਬਣਾ ਸਕਦੇ ਹਨ। ਇਹ ਤਾਂ ਸਪੱਸ਼ਟ ਰੂਪ ਵਿਚ ਮੰਨ ਲਿਆ ਗਿਆ ਹੈ ਕਿ ਹੱਥੀਂ ਮਿਹਨਤ ਨਾਂ ਕਰਕੇ ਬਲਕਿ ਦੂਜਿਆਂ ਤੇ ਬੋਝ ਬਣਨਾ ਅਨੈਤਿਕ ਹੈ। ਇਸ ਵਿਚਾਰ ਦੇ ਦੋ ਸਮਾਜਿਕ ਪਹਿਲੂ ਵੀ ਸਾਹਮਣੇ ਆਉਂਦੇ ਹਨ; ਇਕ ਤਾਂ ਇਹ ਕਿ ਉਸ ਸਮਾਜ ਵਿਚ ਜਦੋਂ ਗੁਰੂ ਨਾਨਕ ਦੇਵ ਜੀ ਨੇ ਇਹ ਮੁੱਦਾ ਉਠਾਇਆ ਉਦੋਂ ਭਾਰਤੀ ਸਮਾਜ ਦਾ ਕੇਵਲ ਚੌਥਾ ਹਿੱਸਾ ਹੀ ਸਾਰੇ ਸਮਾਜ ਲਈ ਉਪਜੀਵਿਕਾ ਕਮਾਉਂਦਾ ਸੀ। ਇਸ ਤਰ੍ਹਾਂ ਜੇ ਕਿਸੇ ਵਿਸ਼ੇਸ਼ ਸਮਾਜ ਦਾ ਕੇਵਲ ਚੌਥਾ ਹਿੱਸਾ ਹੀ ਬਾਕੀ ਸਾਰੇ ਸਮਾਜ ਦਾ ਬੋਝ ਆਪਣੇ ਸਿਰ ਤੇ ਢੋਂਦਾ ਹੋਵੇ ਤਾਂ ਇਹ ਆਪਣੇ ਆਪ ਵਿਚ ਜ਼ਾਲਮ ਵਿਵਹਾਰ ਹੈ। ਜ਼ੁਲਮ ਕਰਨ ਨਾਲ ਪੈਦਾ ਹੋਈ ਇਕ ਖਾਸ ਕਿਸਮ ਦੀ ਮਾਨਸਿਕਤਾ ਨਾਲ ਮਨੁੱਖ ਲਈ ਆਪਣੀ ਅਧਿਆਤਮਿਕ ਮੰਜ਼ਿਲ ਨੂੰ ਪ੍ਰਾਪਤ ਕਰਨਾ ਤਾਂ ਇਕ ਪਾਸੇ ਰਿਹਾ ਉਹ ਉਸ ਰਾਹ ਤੇ ਚੱਲ ਵੀ ਨਹੀਂ ਸਕਦਾ। ਦੂਜੇ ਪਾਸੇ ਜਿਸ ਸਮਾਜ ਵਿਸ਼ੇਸ਼ ਵਿਚ ਕੇਵਲ ਚੌਥਾ ਹਿੱਸਾ ਹੀ ਸਾਰੇ ਸਮਾਜ ਲਈ ਉਪਜੀਵਿਕਾ ਕਮਾਉਣ ਵਾਲਾ ਹੋਵੇ ਤਾਂ ਉਸ ਸਮਾਜ ਨੂੰ ਕੰਗਾਲੀ ਅਤੇ ਬਦਹਾਲੀ ਤੋਂ ਕੋਈ ਵੀ ਨਹੀਂ ਬਚਾ ਸਕਦਾ। ਗੁਰੂ ਸਾਹਿਬ ਦੁਆਰਾ ਅਜਿਹੀ ਸਿੱਖਿਆ ਦੇਣ ਦਾ ਸੰਦੇਸ਼ ਇਹੀ ਪਹੁੰਚਦਾ ਹੈ ਕਿ ਵਿਹਲੇ ਰਹਿ ਕੇ ਕਿਸੇ ਦਾ ਕਮਾਇਆ ਹੋਇਆ ਖਾਣਾ ਜਾਂ ਕਿਸੇ ਤੇ ਬੋਝ ਬਣ ਕੇ ਜੀਣਾ ਅਨੈਤਿਕ ਹੈ। ਜੇ ਗੁਰੂ ਸਾਹਿਬ ਇਸ ਤਰ੍ਹਾਂ ਦੇ ਸਮਾਜ ਦੀ ਸਿਰਜਨਾ ਕਰਨ ਦੀ ਸਿੱਖਿਆ ਨਾਂ ਦਿੰਦੇ ਜਿਸ ਵਿਚ ਸਾਰਾ ਸਮਾਜ ਆਪਣੀ ਉਪਜੀਵਿਕਾ ਆਪ ਕਮਾਂਦਾ ਹੈ ਤਾਂ ਇਹ ਅੰਦਾਜ਼ਾ ਭਲੀ ਪ੍ਰਕਾਰ ਲਾਇਆ ਜਾ ਸਕਦਾ ਹੈ ਕਿ ਉਸ ਹਾਲਤ ਵਿਚ ਅੱਜ ਦੇ ਭਾਰਤ ਦੀ ਆਰਥਿਕ ਅਤੇ ਸਮਾਜਕ ਦਸ਼ਾ ਕੀ ਹੁੰਦੀ?

ਮਿਹਨਤ, ਇਮਾਨਦਾਰੀ ਅਤੇ ਸਹੀ ਜ਼ਰੀਏ ਰਾਹੀਂ ਆਪਣੀ ਉਪਜੀਵਕਾ ਕਮਾਉਣ ਲਈ ਮਨੁੱਖ ਜੋ ਸਾਧਨ ਜੁਟਾਉਂਦਾ ਹੈ ਉਨ੍ਹਾਂ ਨਾਲ ਸਮਾਜ ਦਾ ਕੋਈ ਵਿਅਕਤੀ ਜ਼ੁਲਮ ਜਾਂ ਧੱਕੇ ਦਾ ਸ਼ਿਕਾਰ ਨਹੀਂ ਹੁੰਦਾ। ਇਸ ਸਿਧਾਂਤ ਦੀ ਸਮਾਜ ਨੂੰ ਮੁੱਖ ਦੇਣ ਇਹ ਹੈ ਕਿ ਇਕ ਤਾਂ ਇਸ ਸਿਧਾਂਤ ਨੂੰ ਮੰਨਣ ਨਾਲ ਸੰਬੰਧਤ ਸਮਾਜ ਵਿਚ ਹੇਰਾਫੇਰੀ, ਧੋਖਾ, ਚੋਰੀ, ਬੇਇਮਾਨੀ, ਠੱਗੀ ਅਤੇ ਦੂਜੇ ਦਾ ਹੱਕ ਮਾਰਨ ਵਰਗੀਆਂ ਬੁਰਾਈਆਂ ਆਪਣੇ ਆਪ ਖ਼ਤਮ ਹੋ ਜਾਂਦੀਆਂ ਹਨ ਅਤੇ ਦੂਜਾ ਉਸ ਸਮਾਜ ਦਾ ਜੇ ਹਰ ਵਿਅਕਤੀ ਮਿਹਨਤ ਦੀ ਕਿਰਤ ਕਰਨ ਵਾਲਾ ਹੋਵੇ ਤਾਂ ਸ਼ਾਂਤ ਹੋਣ ਦੇ ਨਾਲ-ਨਾਲ ਉਹ ਵਿਸ਼ੇਸ਼ ਸਮਾਜ ਸਮ੍ਰਿੱਧ ਅਤੇ ਉੱਤਮ ਨੈਤਿਕ ਸਮਾਜ ਵੀ ਹੋ ਸਕਦਾ ਹੈ। ਸੋਚਿਆ ਜਾਵੇ ਕਿ ਜੇ ਕਿਸੇ ਵਿਸ਼ੇਸ਼ ਸਮਾਜ ਵਿਚ ਚੌਥਾ ਹਿੱਸਾ ਕੰਮ ਕਰਨ ਨਾਲ ਵੀ ਉਸ ਸਮਾਜ ਦੇ ਪ੍ਰਾਣੀ ਭੁਖੇ ਨਹੀਂ ਮਰਦੇ ਤਾਂ ਸ਼ਤ-ਪ੍ਰਤੀਸ਼ਤ ਮਨੁੱਖਾਂ ਦੇ ਕੰਮ ਕਰਨ ਲਈ ਕੋਈ ਸਮਾਜ ਕਿੰਨਾ ਸਮ੍ਰਿੱਧ ਹੋ ਸਕਦਾ ਹੈ? ਸਿੱਖ ਕੌਮ ਵਿਚ ਆਰਥਿਕ ਖੁਸ਼ਹਾਲੀ ਅਤੇ ਸਮ੍ਰਿੱਧੀ ਇਸੇ ਨੈਤਿਕ ਬੰਦੋਬਸਤ ਦਾ ਵਿਵਹਾਰਕ ਨਤੀਜਾ ਹੈ। ਇਹ ਸਿਧਾਂਤ ਇਸ ਲਈ ਵੀ ਦਿੱਤਾ ਗਿਆ ਕਿਉਂਕਿ ਇਹ ਮੰਨਿਆ ਗਿਆ ਕਿ ਉਹ ਮਨੁੱਖ ਜੋ ਭੀਖ, ਡਕੈਤੀ, ਚੋਰੀ, ਵਿਹਲੇ ਬੈਠ ਕੇ ਖਾਣ, ਗਰੀਬਾਂ ਦਾ ਸ਼ੋਸ਼ਣ ਕਰਨ, ਪੂਜਾ ਦਾ ਧਨ ਖਾਣ, ਅਤੇ ਹੋਰ

ਘਟੀਆ ਤਰੀਕਿਆਂ ਨਾਲ ਧਨ ਕਮਾਉਣ ਆਦਿ ਵਰਗੀਆਂ ਅਨੈਤਿਕ ਆਦਤਾਂ ਦਾ ਸ਼ਿਕਾਰ ਹੋਵੇ ਉਹ ਨਾ ਤਾਂ ਸਵੈ-ਮਾਨ ਦਾ ਜੀਵਨ ਬਿਤਾ ਸਕਦਾ ਹੈ ਅਤੇ ਨਾ ਹੀ ਉਸ ਕਿਸਮ ਦੀ ਮਾਨਸਿਕਤਾ ਦਾ ਮਾਲਿਕ ਹੋ ਸਕਦਾ ਹੈ ਜੋ ਉਸ ਉਚ ਸਤਰ ਦੀ ਅਧਿਆਤਮਿਕ ਸਥਿਰਤਾ ਅਤੇ ਸਮਾਜਿਕ ਜੀਵਨ ਦੀ ਸੇਧ ਦੇ ਸਕੇ। ਇਕ ਤਾਂ ਉਹ ਆਪ ਹੀ ਇਸ ਤਰ੍ਹਾਂ ਦੇ ਸਾਧਨਾ ਤੋਂ ਕਮਾਏ ਹੋਏ ਧਨ ਨਾਲ ਅਸ਼ਾਂਤ ਰਹਿੰਦਾ ਹੈ ਅਤੇ ਦੂਜਾ ਉਸ ਦੇ ਇਸ ਤਰ੍ਹਾਂ ਦੇ ਕੰਮਾਂ ਨਾਲ ਸਮਾਜ ਵਿਚ ਵੀ ਅਸ਼ਾਂਤੀ ਰਹਿੰਦੀ ਹੈ।

ਵੰਡ ਛਕਣਾ:-

ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕੇਵਲ ਇਹੀ ਸਿੱਖਿਆ ਨਹੀਂ ਦਿੱਤੀ ਕਿ ਉਹ ਹੱਕ ਅਤੇ ਮਿਹਨਤ ਦੀ ਕਮਾਈ ਹੀ ਕਰਨ ਜਿਸ ਨੂੰ ਗੁਰੂ ਸਾਹਿਬ ਨੇ ਦਸਾਂ ਨੌਹਾਂ ਦੀ ਕਮਾਈ ਕਹਿ ਕੇ ਵਡਿਆਇਆ ਹੈ ਬਲਕਿ ਇਹ ਸਿੱਖਿਆ ਵੀ ਦਿੱਤੀ ਕਿ ਜੋ ਕੁਝ ਵੀ ਉਹ ਆਪ ਘਾਲਣਾ ਘਾਲ ਕੇ ਕਮਾਈ ਕਰਨ ਉਸ ਨੂੰ ਉਹ ਇਕੱਲਿਆਂ ਹੀ ਨਾਂ ਛਕਣ ਬਲਕਿ ਦੂਜਿਆਂ ਨਾਲ ਵੰਡ ਕੇ ਛਕਣ। ਇਸ ਦਾ ਭਾਵ ਹੈ; ਉਸ ਕਮਾਈ ਵਿਚੋਂ ਧਰਮ ਅਰਥ ਕੁਝ ਹਿੱਸਾ ਕੱਢਿਆ ਜਾਵੇ ਜ਼ਿਸ ਨਾਲ ਜ਼ਰੂਰਤਮੰਦ ਅਤੇ ਮਜਬੂਰ ਜੋ ਮਿਹਨਤ ਨਹੀਂ ਕਰ ਸਕਦੇ ਉਨ੍ਹਾਂ ਨੂੰ ਭੋਜਨ ਛਕਾਇਆ ਜਾਵੇ, ਜਾਂ ਹੋਰ ਤਰੀਕਿਆਂ ਨਾਲ ਉਨ੍ਹਾਂ ਦੀ ਮਦਦ ਕੀਤੀ ਜਾਵੇ ਤਾਂ ਕਿ ਇਹ ਨਾਂ ਹੋਵੇ ਕਿ ਜੋ ਬਿਮਾਰ, ਬਿਰਧ, ਮਜਬੂਰ ਹੋਣ ਉਹਨ੍ਹਾਂ ਪ੍ਰਤੀ ਮਨੁੱਖ ਆਪਣਾ ਸਮਾਜਕ ਫਰਜ਼ ਭੁਲਾ ਹੀ ਦੇਣ ਅਤੇ ਸਮਾਜ ਵਿਚ ਭੁੱਖ ਅਤੇ ਦੁੱਖ ਬਣਿਆ ਰਹੇ। ਗੁਰੂ ਜੀ ਕਹਿੰਦੇ ਹਨ ਕਿ ਜਿਹੜਾ ਮਿਹਨਤ ਦੀ ਕਮਾਈ ਵਿਚੋਂ ਕੁਝ ਦੂਜੇ ਨੂੰ ਵੀ ਦਿੰਦਾ ਹੈ, ਸਿੱਖੀ ਦੇ ਸਿਧਾਂਤਕ ਅਤੇ ਅਸਲੀ ਰਾਹ ਦੀ ਪਹਿਚਾਣ ਉਸੇ ਨੂੰ ਹੁੰਦੀ ਹੈ। ਉਨ੍ਹਾਂ ਕਿਹਾ ਹੈ ਕਿ;

> ਘਾਲਿ ਖਾਇ ਕਿਛੁ ਹਥਹੁ ਦੇਇ॥
> ਨਾਨਕ ਰਾਹੁ ਪਛਾਣਹਿ ਸੇਇ॥[9]

ਡਾ. ਅਵਤਾਰ ਸਿੰਘ ਲਿਖਦੇ ਹਨ ਕਿ; "ਵਿਕਾਸ ਸਿੱਖ ਧਰਮ ਦਾ ਮੁੱਢਲਾ ਸਿਧਾਂਤ ਹੈ।" ਆਪਣੀ ਮਿਹਨਤ ਦੀ ਕਮਾਈ ਨੂੰ ਦੂਜਿਆਂ ਨਾਲ ਵੰਡ ਕੇ ਛਕਣ ਦੀ ਜ਼ਰੂਰਤ ਇਸ ਕਰਕੇ ਵੀ ਅਹਿਮ ਮੰਨੀ ਗਈ ਹੈ ਕਿਉਂਕਿ ਇਕ ਤਾਂ ਇਸ ਨਾਲ ਸਮਾਜ ਵਿਚ ਵਿਕਾਸ ਹੁੰਦਾ ਹੈ ਦੂਜਾ ਸਮਾਜ ਵਿਚ ਆਰਥਕ ਵਿਵਸਥਾ ਦੇ ਨਾਲ-ਨਾਲ ਨੈਤਿਕ ਵਿਵਸਥਾ ਵੀ ਬਰਕਰਾਰ ਰਹਿੰਦੀ ਹੈ।[10]

ਸਿੱਖ ਧਰਮ ਵਿਚ ਦਸਵੰਧ ਦੇਣ ਦੀ ਪ੍ਰਥਾ ਦਾ ਮੁੱਖ ਕਾਰਨ ਗੁਰੂ ਜੀ ਦੀ ਇਸੇ ਸਿੱਖਿਆ ਦਾ ਹੀ ਅਸਰ ਹੈ। ਗੁਰੂ ਨਾਨਕ ਜਿਨ੍ਹਾਂ ਨੇ ਇਹ ਵਿਚਾਰ ਆਪਣੇ ਸਿੱਖਾਂ ਸਾਹਮਣੇ ਰੱਖਿਆ ਉਨ੍ਹਾਂ ਕੇਵਲ ਇਸ ਨੂੰ ਇਕ ਸਿਧਾਂਤ ਵਜੋਂ ਪਰਚਾਰਿਆ ਹੀ ਨਹੀਂ ਬਲਕਿ ਉਨ੍ਹਾਂ ਇਸ ਨੂੰ ਆਪਣੇ ਜੀਵਨ ਵਿਚ ਢਾਲ ਕੇ ਆਪ ਧਰਮ ਅਤੇ ਮਿਹਨਤ ਦੀ ਕਮਾਈ ਕਰਕੇ

---

9. ਗੁਰੂ ਗ੍ਰੰਥ ਸਾਹਿਬ, ਪੰਨਾ, 1245.
10. ਡਾ. ਅਵਤਾਰ ਸਿੰਘ, ਉਹੀ, ਪੰਨਾ, 26.

ਦੱਸਿਆ। ਆਪਣੇ ਜੀਵਨ ਦੇ ਆਖਰੀ ਸਾਲਾਂ ਵਿਚ ਜਦੋਂ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਚ ਰਹਿਣ ਲੱਗੇ ਸਨ ਤਾਂ ਉਨ੍ਹਾਂ ਆਪ ਆਪਣੇ ਹੱਥੀਂ ਖੇਤੀ ਦਾ ਕੰਮ ਸੰਭਾਲਿਆ ਅਤੇ ਆਪਣੀ ਕਮਾਈ ਨੂੰ ਸੰਗਤ ਦੇ ਲੰਗਰ ਵਾਸਤੇ ਵੀ ਵਰਤਿਆ। ਗੁਰੂ ਜੀ ਨੇ ਕਦੇ ਵੀ ਇਹ ਵਿਚਾਰ ਪ੍ਰਗਟ ਨਹੀਂ ਕੀਤਾ ਕਿ ਜੇ ਕੋਈ ਮਿਹਨਤ ਅਤੇ ਇਮਾਨਦਾਰੀ ਦੀ ਕਮਾਈ ਕਰਨ ਵਾਲਾ ਹੈ ਤਾਂ ਉਹ ਅਜਿਹਾ ਕਰਦੇ ਹੋਏ ਛੋਟਾ ਜਾਂ ਵੱਡਾ ਹੋ ਜਾਂਦਾ ਹੈ। ਇਸੇ ਕਰਕੇ ਸਿੱਖ ਸਿਧਾਂਤ ਵਿਚ ਕੰਮ ਦੇ ਆਧਾਰ ਤੇ ਮਨੁੱਖਾਂ ਵਿਚ ਨਾਂ ਤਾਂ ਕੋਈ ਭੇਦ ਭਾਵ ਹੈ ਅਤੇ ਨਾਂ ਹੀ ਵੰਡ।

ਇਸ ਦਾ ਭਾਵ ਬਿਲਕੁਲ ਇਹ ਨਹੀਂ ਕਿ ਜੋ ਵੀ ਇਹ ਚਾਹੇ ਕਿ ਉਸ ਨੂੰ ਕੰਮ ਨਾਂ ਕਰਨਾ ਪਵੇ ਤਾਂ ਉਹ ਵਿਹਲਾ ਬੈਠ ਕੇ ਖਾਵੇ, ਜਾਂ ਭੀਖ ਮੰਗ ਕੇ ਖਾਵੇ। ਗੁਰੂ ਸਾਹਿਬ ਨੇ ਕਿਹਾ ਕਿ ਭੀਖ ਮੰਗਣਾ ਬਹੁਤ ਹੀ ਨੀਚ ਕੰਮ ਹੈ ਅਤੇ ਉਨ੍ਹਾਂ ਆਪਣੇ ਸਿੱਖਾਂ ਨੂੰ ਇਸ ਕੰਮ ਤੋਂ ਬਹੁਤ ਜ਼ੋਰ ਦੇ ਕੇ ਵਰਜਿਆ। ਉਨ੍ਹਾਂ ਕਿਹਾ ਕਿ ਭੀਖ ਮੰਗਣਾ ਮਰਨ ਦੇ ਬਰਾਬਰ ਹੈ ਕਦੇ ਵੀ ਭੀਖ ਮੰਗਣ ਨਹੀਂ ਜਾਣਾ। ਪਰੰਪਰਾਗਤ ਭਾਰਤੀ ਜੀਵਨ ਸ਼ੈਲੀ ਵਿਚ ਆਮ ਤੌਰ ਤੇ ਭੀਖ ਮੰਗਣ ਦੀ ਰਵਾਇਤ ਸੀ। ਇਹ ਰਵਾਇਤ ਕੇਵਲ ਭੁਖੇ ਜਾਂ ਮਜਬੂਰ ਹੋਣ ਕਰਕੇ ਹੀ ਨਹੀਂ ਸੀ ਬਲਕਿ ਬਹੁਤ ਧਾਰਮਿਕ ਪਹੁੰਚ ਵਾਲੇ ਮਹਾਂਪੁਰਸ਼, ਸੰਤ, ਯੋਗੀ, ਸੰਨਿਆਸੀ, ਬੋਧੀ, ਜੈਨੀ ਆਦਿ ਕਈ ਤਰ੍ਹਾਂ ਦੇ ਧਾਰਮਿਕ ਵਿਅਕਤੀ ਐਸੇ ਸਨ ਜੋ ਕੇਵਲ ਭਿਖਿਆ ਮੰਗ ਕੇ ਹੀ ਆਪਣਾ ਗੁਜ਼ਾਰਾ ਕਰਦੇ ਸਨ। ਇਹ ਸਭ ਉਹ ਲੋਗ ਸਨ ਜੋ ਉਂਜ ਤਾਂ ਗ੍ਰਹਿਸਤੀਆਂ ਨੂੰ ਤੁੱਛ ਸਮਝਦੇ ਪਰ ਆਪਣਾ ਭੋਜਨ ਉਨ੍ਹਾਂ ਤੋਂ ਮੰਗ ਕੇ ਖਾਂਦੇ ਸਨ, ਆਪਣੀ ਉਪਜੀਵਿਕਾ ਲਈ ਉਨ੍ਹਾਂ ਤੇ ਨਿਰਭਰ ਕਰਦੇ ਸਨ, ਉਨ੍ਹਾਂ ਤੇ ਬੋਝ ਬਣਦੇ ਸਨ। ਗੁਰੂ ਸਾਹਿਬ ਨੇ ਇਸ ਦੇ ਉਲਟ ਭਿਖਿਆ ਮੰਗ ਕੇ ਖਾਣ ਨੂੰ ਅਨੈਤਿਕ ਮੰਨਦੇ ਹੋਏ ਉਸ ਮਨੁੱਖ ਨੂੰ ਸਭ ਤੋਂ ਉੱਤਮ ਮੰਨਿਆਂ ਜੋ ਆਪ ਧਰਮ ਦੀ ਕਮਾਈ ਕਰਕੇ ਦੂਜਿਆਂ ਦੀ ਵੀ ਮੱਦਦ ਕਰੇ। ਗੁਰੂ ਸਾਹਿਬ ਨੇ ਕਿਹਾ ਕਿ ਇਕ ਸਿੱਖ ਦੇ ਧਾਰਮਿਕ ਫਰਜ਼ ਦੇ ਨਾਲ-ਨਾਲ ਸਮਾਜਿਕ ਫਰਜ਼ ਵੀ ਹੈ ਕਿ ਉਹ ਆਪਣੀ ਮਿਹਨਤ ਦੀ ਕਮਾਈ ਵਿਚੋਂ ਦਸਵਾਂ ਹਿੱਸਾ ਗੁਰੂ ਦੇ ਨਾਮ ਤੇ ਦੇਵੇ। ਚਾਹੇ ਉਹ ਧਨ ਗੁਰੂ ਦੇ ਘਰ ਵਿਚ ਦਿੱਤਾ ਜਾਵੇ ਜਾਂ ਗੁਰੂ ਦੇ ਨਾਮ ਤੇ ਕਿਸੇ ਗਰੀਬ ਦੀ ਮੱਦਦ ਲਈ ਦਿੱਤਾ ਜਾਵੇ। ਸਿੱਖ ਪਰੰਪਰਾ ਵਿਚ ਗੁਰੂ ਨਾਨਕ ਦੇ ਸਮੇਂ ਤੋਂ ਹੀ ਇਹ ਰਵਾਇਤ ਸ਼ੁਰੂ ਹੋ ਗਈ ਸੀ ਕਿ ਬਹੁਤ ਲੋਗ ਆਪਣੀ ਕਮਾਈ ਦਾ ਦਸਵਾਂ ਹਿੱਸਾ ਗੁਰੂ ਜੀ ਨੂੰ ਭੇਟ ਕਰਿਆ ਕਰਦੇ ਸਨ। ਉਸ ਧਨ ਨੂੰ ਗੁਰੂ ਜੀ ਆਪਣੇ ਨਿਜੀ ਹਿਤਾਂ ਲਈ ਨਹੀਂ ਵਰਤਦੇ ਸਨ ਬਲਕਿ ਉਸ ਨਾਲ ਗੁਰੂ ਘਰ ਵਿਚ ਆਈ ਸੰਗਤ ਨੂੰ ਭੋਜਨ ਛਕਾਇਆ ਜਾਂਦਾ ਸੀ। ਅੱਜ ਵੀ ਜਿਥੇ ਗੁਰਦੁਆਰਾ ਹੈ ਉਥੇ ਹੀ ਲੰਗਰ ਹੈ, ਜਿਸ ਵਿਚ ਬਿਨ੍ਹਾਂ ਭੇਦਭਾਵ ਦੇ ਸਭ ਨੂੰ ਬਰਾਬਰ ਇਕੋ ਤਰ੍ਹਾਂ ਦਾ ਅਤੇ ਇਕੋ ਸਥਾਨ ਤੇ ਬੈਠ ਕੇ ਲੰਗਰ ਛਕਾਇਆ ਜਾਂਦਾ ਹੈ। ਲੰਗਰ ਹੁਣ ਸਿੱਖ ਜੀਵਣ ਸ਼ੈਲੀ ਦਾ ਇੱਕ ਅਟੁਟ ਅੰਗ ਹੈ। ਜਿਥੇ ਵੀ ਸਿੱਖ ਹੈ ਚਾਹੇ ਉਹ ਹੁਣ ਵਿਦੇਸ਼ਾਂ ਵਿਚ ਵੀ ਫੈਲ ਗਏ ਹਨ ਪਰ ਇਹ ਲੰਗਰ ਦੀ ਪਰੰਪਰਾ ਉਨ੍ਹਾਂ ਦੇ ਨਾਲ ਹੈ। ਸਿੱਖਾਂ ਦੀ ਲੰਗਰ ਦੀ ਵਿਧੀ ਅਤੇ ਭਾਵਨਾ ਨੂੰ ਸੰਸਾਰ ਭਰ ਵਿਚ ਸਲਾਹਿਆ ਜਾਂਦਾ ਹੈ। ਹੁਣ ਇਹ ਕੇਵਲ ਇਕ ਧਾਰਮਿਕ ਪਰੰਪਰਾ ਹੀ ਨਹੀਂ ਰਹੀ ਬਲਕਿ ਸਿੱਖ ਸਮਾਜਿਕ ਸਿਧਾਂਤ ਦਾ ਇਕ ਕਿਸਮ ਦਾ ਵਿਸ਼ਵ ਸਿਧਾਂਤ ਉਭਰ

ਕੇ ਸੰਸਾਰ ਦੇ ਸਾਹਮਣੇ ਆਇਆ ਹੈ। ਭਾਈਚਾਰੇ ਅਤੇ ਬਰਾਬਰੀ ਦੀ ਭਾਵਨਾ ਦਾ ਇਹ ਵਿਵਹਾਰਿਕ ਰੂਪ ਸਮਾਜ ਦੀਆਂ ਕਈ ਬੁਰਾਈਆਂ ਨੂੰ ਆਪਣੇ ਆਪ ਨਕਾਰਦਾ ਪ੍ਰਤੀਤ ਹੁੰਦਾ ਹੈ। ਪੁਰਾਤਨ ਭਾਰਤੀ ਸੱਭਿਅਤਾ ਵਿਚ ਜਿਥੇ ਸਮਾਜ ਇੰਨੀ ਬੁਰੀ ਤਰ੍ਹਾਂ ਜਾਤੀ ਪ੍ਰਥਾ ਵਿਚ ਵੰਡਿਆ ਹੋਇਆ ਸੀ ਕਿ ਵੱਖ-ਵੱਖ ਜਾਤੀਆਂ ਦਾ ਇਕ ਥਾਂ ਬੈਠ ਕੇ ਇਕੱਠੇ ਭੋਜਣ ਬਣਾ ਕੇ ਇਕੋ ਜਗ੍ਹਾ ਇਕੱਠੇ ਬੈਠ ਕੇ ਖਾਣਾ ਤਾਂ ਇਕ ਪਾਸੇ ਰਿਹਾ ਉਹ ਇਕ ਦੂਜੇ ਦੇ ਭੋਜਣ ਬਨਾਉਣ ਵਾਲੇ ਸਥਾਨ ਦੇ ਨਜ਼ਦੀਕ ਵੀ ਨਹੀਂ ਜਾ ਸਕਦੇ ਸਨ। ਖਾਸ ਕਰਕੇ ਨੀਵੀਂ ਜਾਤੀ ਦੇ ਲੋਕਾਂ ਲਈ ਤਾਂ ਇਸ ਤਰ੍ਹਾਂ ਦਾ ਬੰਧਨ ਬਹੁਤ ਭਿਆਨਕ ਰੂਪ ਅਖਤਿਆਰ ਕਰ ਚੁੱਕਾ ਸੀ। ਮਨੁੱਖੀ ਭਾਈਚਾਰੇ ਵਿਚ ਭੇਦਭਾਵ ਦਾ ਖ਼ਾਤਮਾ ਕਰਕੇ ਬਰਾਬਰੀ, ਸਹਿਨਸ਼ੀਲਤਾ, ਆਪਸੀ ਪ੍ਰੇਮ ਅਤੇ ਮਨੁੱਖ ਦੇ ਤੱਤ-ਰੂਪ ਦੀ ਪਹਿਚਾਣ ਕਰਨ ਦੀ ਇਸ ਪਰੰਪਰਾ ਨੇ ਸਮੁੱਚੇ ਭਾਰਤੀ ਸਮਾਜ ਨੂੰ ਸਥਾਈ ਸ਼ਾਂਤੀ ਅਤੇ ਸਹਿਜ ਦੀ ਦਿਸ਼ਾ ਵੱਲ ਮੋੜਿਆ।

ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਜਿਵੇ ਲੰਗਰ, ਮੰਜੀ, ਸੰਗਤ, ਦਸਵੰਧ ਆਦਿ ਮਨੁੱਖੀ ਸਮਾਜ ਨੂੰ ਇਕ ਬਰਾਬਰ ਦੇ ਧਰਾਤਲ ਤੇ ਲਿਆ ਕੇ ਖੜ੍ਹਾ ਕਰਦੇ ਹਨ। ਗੁਰੂ ਸਾਹਿਬਾਂ ਵਲੋਂ ਜਾਤੀ ਪ੍ਰਥਾ ਦੀ ਵਿਰੋਧਤਾ, ਬਰਾਬਰੀ ਅਤੇ ਭਾਈਚਾਰਕ ਸਾਂਝ ਨੂੰ ਪਰਫੁੱਲਤ ਕਰਨ ਦਾ ਮਕਸਦ ਇਹੀ ਲੱਗਦਾ ਹੈ ਕਿ ਸਮਾਜਕ ਵਿਵਸਥਾ ਵਿਚ ਸ਼ਾਂਤੀ ਦੀ ਬਹਾਲੀ ਰਹੇ।

ਡਾ. ਅਵਤਾਰ ਸਿੰਘ ਲਿਖਦੇ ਹਨ; "ਕਿ ਜੇ ਸਾਰੀਆਂ ਆਤਮਾਵਾਂ ਇੱਕੋ ਅਧਿਆਤਮਿਕ ਇਕਸਾਰਤਾ ਵਿਚੋਂ ਪੈਦਾ ਹੋਈਆਂ ਹਨ ਤਾਂ ਸਮੁੱਚੇ ਸਮਾਜ ਨੂੰ ਇੱਕ ਅਧਿਆਤਮਕ ਏਕਤਾ ਵਾਂਗ ਸਵੀਕਾਰ ਕਰਨ ਦੀ ਜ਼ਰੂਰਤ ਹੈ ਨਾ ਕਿ ਇਸ ਨੂੰ ਇਕ ਦੂਜੇ ਲਈ ਰੁਕਾਵਟ ਦੇ ਤੌਰ ਤੇ ਮੰਨਣ ਦੀ। ਸਮਾਜਿਕ ਅਤੇ ਮਨੁੱਖੀ ਸੰਬੰਧਾਂ ਨੂੰ ਸਵੀਕਾਰ ਕਰਨਾ ਇੱਕ ਸਾਕਾਰਾਤਮਕ ਰਵਈਆ ਹੈ। ਇਸ ਕਰਕੇ ਸਮਾਜਿਕ ਅਤੇ ਮਨੁੱਖੀ ਵਫਾਦਾਰੀਆਂ ਨੂੰ ਸਵੀਕਾਰ ਕਰਨਾ ਅਤੇ ਸੰਪੂਰਨ ਕਰਨਾ ਇੱਕ ਸਿਹਤਮੰਦ ਰਵਈਏ ਦੀ ਨਿਸ਼ਾਨੀ ਹੈ।"[11]

ਸਮਾਜਕ ਬਰਾਬਰੀ ਅਤੇ ਨੈਤਿਕਤਾ:-

ਭਾਰਤੀ ਸਮਾਜ ਵਿਚ ਜਾਤੀ ਪ੍ਰਥਾ ਇਕ ਐਸੀ ਪ੍ਰਣਾਲੀ ਸਥਾਪਿਤ ਹੋ ਚੁੱਕੀ ਸੀ ਕਿ ਉਸ ਵੇਲੇ ਦੇ ਸਮਾਜ ਦੇ ਕਈ ਸਤਰ ਬਣ ਚੁੱਕੇ ਸਨ। ਸਭ ਤੋਂ ਉਚੇ ਸਥਾਨ ਤੇ ਬ੍ਰਾਹਮਣ ਸਨ ਜਿਸ ਨੂੰ ਦੂਜੇ ਸ਼ਬਦਾਂ ਵਿਚ ਵਿਦਵਾਨ ਵੀ ਕਿਹਾ ਜਾ ਸਕਦਾ ਹੈ। ਦੂਜਾ ਸਥਾਨ ਖੱਤਰੀਆਂ ਦਾ ਸੀ ਜਿਸ ਦਾ ਕੰਮ ਸਮਾਜ ਨੂੰ ਸੁਰੱਖਿਆ ਪ੍ਰਦਾਨ ਕਰਨਾ ਸੀ। ਤੀਜੇ ਸਥਾਨ ਤੇ ਵੈਸ਼ ਸਨ ਜੋ ਵਪਾਰ ਆਦਿ ਦਾ ਕੰਮ ਕਰਦੇ ਸਨ। ਚੌਥਾ ਸਥਾਨ ਸੀ ਸ਼ੂਦਰ ਦਾ, ਜੋ ਸਮਾਜ ਦੀ ਸੇਵਾ ਕਰਨ ਵਾਲੀ ਸ਼੍ਰੇਣੀ ਵਜੋਂ ਜਾਣਿਆ ਜਾਂਦਾ ਸੀ। ਇਸ ਚੌਥੀ ਸ਼੍ਰੇਣੀ ਦਾ ਭਾਰਤੀ ਪ੍ਰੰਪਰਾਗਤ ਜੀਵਨ ਢੰਗ ਵਿਚ ਬਹੁਤ ਹੀ ਬੁਰਾ ਹਾਲ ਸੀ। ਉਸ ਨੂੰ ਅਛੂਤ ਮੰਨਿਆ ਜਾਂਦਾ ਸੀ ਅਤੇ ਸਮਾਜ ਵਿਚ ਉਸ ਨੂੰ ਬਰਾਬਰੀ ਅਤੇ ਇਜ਼ਤ ਵਾਲਾ ਸਥਾਨ ਪ੍ਰਾਪਤ ਨਹੀਂ ਸੀ। ਸਮਾਜ ਦੀ ਵਿਵਸਥਾ ਵਿਚ ਕਿਸੇ ਤਰ੍ਹਾਂ ਦਾ ਨਿਰਣਾ ਲੈਣ ਦਾ ਅਧਿਕਾਰ ਤਾਂ ਬਹੁਤ ਦੂਰ ਦੀ ਗੱਲ ਹੈ, ਉਸ ਨੂੰ ਜਨ-ਸਧਾਰਣ ਨਾਲ ਸੰਬੰਧ ਰੱਖਣ ਦਾ ਵੀ ਹੱਕ ਨਹੀਂ ਸੀ। ਉਪਰੋਕਤ ਮਾਹੌਲ ਦੇ

11. ਉਹੀ

ਉਲੱਟ ਇਹ ਗੁਰੂ ਸਾਹਿਬ ਦਾ ਹੀ ਸਿਧਾਂਤ ਸੀ ਜਿਸ ਨੇ ਵਿਵਹਾਰਕ ਰੂਪ ਵਿਚ ਸ਼ੂਦਰਾਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ। ਗੁਰਦੁਆਰੇ ਵਿਚ ਇਕ ਸ਼ੂਦਰ ਨੂੰ ਸਮਾਜ ਦੇ ਬਾਕੀ ਸਾਰੇ ਵਰਗਾਂ ਦੇ ਬਰਾਬਰ ਬੈਠ ਕੇ ਭੋਜਨ ਕਰਨ ਦਾ ਅਧਿਕਾਰ ਗੁਰੂ ਜੀ ਨੇ ਦਿੱਤਾ। ਇਹ ਸਿਧਾਂਤ ਭਾਰਤੀ ਸਮਾਜ ਵਿਚ ਉਸ ਵੇਲੇ ਬਿਲਕੁਲ ਵੀ ਮੌਜੂਦ ਨਹੀਂ ਸੀ। ਇਸੇ ਕਰਕੇ ਇਕ ਸਿੱਖ ਨੂੰ ਸਖ਼ਤ ਹਦਾਇਤ ਸੀ ਕਿ ਸਮਾਜਿਕ ਰੁਤਬੇ ਦੇ ਅਧਾਰ ਤੇ ਉਹ ਕਿਸੇ ਨਾਲ ਵੀ ਵਿਤਕਰਾ ਨਾ ਕਰੇ।

ਇਹੀ ਕਾਰਨ ਹੈ ਕਿ ਮੁੱਢਲੇ ਭਾਰਤੀ ਸਮਾਜ ਵਿਚ ਕੰਮ ਦੇ ਆਧਾਰ ਤੇ ਜੋ ਮੁੱਢ ਜਾਤੀ ਪ੍ਰਥਾ ਦਾ ਬੱਝਾ ਸੀ, ਉਸੇ ਤਰ੍ਹਾਂ ਦਾ ਮੁੱਢ ਸਿੱਖ ਜੀਵਨ ਢੰਗ ਵਿਚ ਨਹੀਂ ਬੱਝਾ। ਇਸ ਦਾ ਮੁੱਖ ਕਾਰਨ ਸ਼ਾਇਦ ਇਹੀ ਹੈ ਕਿ ਇਕ ਤਾਂ ਕੋਈ ਇਕ ਵਿਸ਼ੇਸ਼ ਕੰਮ ਪੱਕੇ ਤੌਰ ਤੇ ਕਿਸੇ ਵਿਅਕਤੀ ਵਿਸ਼ੇਸ਼ ਦੇ ਹਿੱਸੇ ਨਹੀਂ ਆਇਆ। ਕਿਉਂਕਿ ਕੋਈ ਵੀ, ਕਿਸੇ ਵੀ ਕੰਮ ਨੂੰ ਆਪਣੀ ਧਰਮ ਦੀ ਕਿਰਤ ਕਰਨ ਦਾ ਆਧਾਰ ਬਣਾ ਸਕਦਾ ਹੈ। ਦੂਜੇ ਕਿਸੇ ਵੀ ਕੰਮ ਨੂੰ ਤੁੱਛ ਜਾਂ ਛੋਟਾ ਕੰਮ ਸਮਝ ਕੇ ਛੁਟਿਆਇਆ ਨਹੀਂ ਗਿਆ। ਗੁਰੂ ਸਾਹਿਬ ਲਈ ਕੇਵਲ ਉਹੀ ਕੰਮ ਛੋਟਾ ਅਤੇ ਘਟੀਆ ਹੈ ਜਿਸ ਨਾਲ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੇ ਹੱਕ ਮਾਰੇ ਜਾਂਦੇ ਹੋਣ। ਇਕ ਸਿੱਖ ਨੇ ਕਦਾਚਿਤ ਵੀ ਉਹ ਕਾਰੋਬਾਰ ਜਾਂ ਵਾਪਾਰ ਆਦਿ ਨਹੀਂ ਕਰਨਾ ਹੁੰਦਾ ਜਿਸ ਨਾਲ ਕਿਸੇ ਨੂੰ ਦੁੱਖ ਪਹੁੰਚਦਾ ਹੋਵੇ ਜਾਂ ਕਿਸੇ ਦਾ ਕਿਸੇ ਕਿਸਮ ਨਾਲ ਵੀ ਹੱਕ ਮਾਰਿਆ ਜਾਂਦਾ ਹੋਵੇ।

ਇਸ ਤੱਥ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਬਰਾਬਰੀ ਦਾ ਭਾਵ ਜੋ ਗੁਰੂ ਜੀ ਨੇ ਦਿੱਤਾ ਉਹ ਇਹੀ ਨਹੀਂ ਸੀ ਕਿ ਕਿਸੇ ਖਾਸ ਵਰਗ ਦੇ ਹਿਤਾਂ ਨੂੰ ਧਿਆਨ ਵਿਚ ਰੱਖਿਆ ਜਾਵੇ ਬਲਕਿ ਗੁਰੂ ਜੀ ਨੇ ਤਾਂ ਸਰਬੱਤ ਦੇ ਭਲੇ ਦਾ ਖਿਆਲ ਰੱਖਿਆ ਹੈ।

ਸਮਾਜਿਕ ਜਿੰਮੇਵਾਰੀਆਂ ਪ੍ਰਤੀ ਜਾਗਰੂਕਤਾ:-

ਇਕ ਸਿੱਖ ਦੀ ਸਮਾਜਿਕ ਜਿੰਮੇਵਾਰੀ ਕਿਰਤ ਕਰਕੇ, ਸੇਵਾ ਕਰਕੇ ਅਤੇ ਕੇਵਲ ਦਸਵੰਧ ਦੇ ਕੇ ਹੀ ਪੂਰੀ ਨਹੀਂ ਹੋ ਜਾਂਦੀ ਬਲਕਿ ਉਸ ਨੇ ਤਨ ਤੇ ਮਨ ਨਾਲ ਵੀ ਆਪਣਾ ਸਮਾਜ ਪ੍ਰਤੀ ਫਰਜ਼ ਪੂਰਾ ਕਰਨਾ ਹੁੰਦਾ ਹੈ। ਸਮਾਜ ਵਿਚ ਫੈਲੀਆਂ ਬੁਰਾਈਆਂ ਵਿਰੁੱਧ ਆਵਾਜ਼ ਉਠਾਉਣੀ, ਕਿਸੇ ਤੇ ਜ਼ੁਲਮ ਨਹੀਂ ਹੋਣ ਦੇਣਾ, ਕਿਸੇ ਤੇ ਹੋ ਰਹੇ ਜ਼ੁਲਮ ਦਾ ਟਾਕਰਾ ਕਰਨਾ ਅਤੇ ਬੁਰਾਈ ਨੂੰ ਖ਼ਤਮ ਕਰਨ ਲਈ ਹਮੇਸ਼ਾਂ ਤਿਆਰ ਬਰ ਤਿਆਰ ਰਹਿਣਾ ਵੀ ਸਿੱਖ ਨੈਤਿਕ ਨਿਯਮਾਵਲੀ ਦਾ ਅਟੁੱਟ ਹਿੱਸਾ ਹੈ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਦੀ ਸਾਜਨਾ ਕਰਨਾ ਅਤੇ ਉਸ ਸੰਸਥਾ ਨੂੰ ਸਿਧਾਂਤਕ ਅਤੇ ਸੰਗਠਿਤ ਰੂਪ ਦੇਣਾ ਇਸੇ ਸਿਧਾਂਤ ਦਾ ਵਿਵਹਾਰਿਕ ਰੂਪ ਹੈ। ਇਕ ਖਾਲਸਾ ਕੇਵਲ ਇੱਕ ਵਿਸ਼ੇਸ਼ ਧਾਰਮਿਕ ਸਮੁਦਾਇ ਦਾ ਵਿਅਕਤੀ ਨਹੀਂ ਹੈ ਬਲਕਿ ਉਹ ਅਕਾਲ-ਪੁਰਖ ਦੀ ਫੌਜ ਦਾ ਸਿਪਾਹੀ ਹੈ ਜੋ ਜ਼ੁਲਮ ਅਤੇ ਸਮਾਜਿਕ ਬੁਰਾਈਆਂ ਦੇ ਖਿਲਾਫ ਯੁੱਧ ਕਰਨ ਲਈ ਹਮੇਸ਼ਾਂ ਤਿਆਰ ਰਹਿੰਦਾ ਹੈ। ਉਸ ਦੀ ਤਿਆਰੀ ਦਾ ਪ੍ਰਤੱਖ ਪਰਮਾਣ ਹੈ ਉਸ ਦਾ ਹਮੇਸ਼ਾ ਸ਼ਸਤਰਧਾਰੀ ਹੋ ਕੇ ਰਹਿਣਾ। ਉਸ ਲਈ ਸ਼ਸਤਰਧਾਰੀ ਹੋ ਕੇ ਰਹਿਣਾ ਉਸ ਲਈ ਨਿਰਧਾਰਤ ਨੈਤਿਕ ਨਿਯਮ ਦਾ ਪ੍ਰਮੁੱਖ

ਹਿੱਸਾ ਹੈ।

ਡਾ. ਅਵਤਾਰ ਸਿੰਘ ਲਿਖਦੇ ਹਨ ਕਿ "ਸਿੱਖ ਸਮਾਜਿਕ ਨੈਤਿਕਤਾ ਦੇ ਚਾਰ ਮੁਢਲੇ ਸਿਧਾਂਤ ਹਨ ਜਿਵੇਂ ਸਮਾਜਿਕ ਬਰਾਬਰੀ, ਵਿਸ਼ਵ ਭਾਈਚਾਰਾ, ਸਰਬੱਤ ਦਾ ਭਲਾ ਅਤੇ ਸਮਾਜਿਕ ਸੇਵਾ। ਇਹ ਸਾਰੇ ਸਿਧਾਂਤ ਆਪਸ ਵਿਚ ਜੁੜੇ ਹੋਏ ਹਨ ਅਤੇ ਸਮਾਜਿਕ ਸੰਬੰਧਾਂ ਲਈ ਇਹ ਸਿੱਖ ਨੈਤਿਕਤਾ ਦਾ ਮੁਖ ਅਧਾਰ ਹਨ"[12] ਇਸੇ ਸਿਧਾਂਤ ਦੀ ਪ੍ਰੋੜ੍ਹਤਾ ਡਾ. ਜਗਬੀਰ ਸਿੰਘ ਕਰਦੇ ਹੋਏ ਜਪੁਜੀ ਸਾਹਿਬ ਵਿਚਲੇ ਧਰਮ-ਖੰਡ ਦਾ ਹਵਾਲਾ ਇਸ ਤਰ੍ਹਾਂ ਦਿੰਦੇ ਹਨ; ਕਿ ਧਰਮ ਖੰਡ ਮਨੁੱਖ ਦੇ ਨੈਤਿਕ ਫਰਜ਼ ਦਾ ਖੰਡ ਹੈ। ਅਧਿਆਤਮਿਕ ਪ੍ਰਾਪਤੀ ਦੀ ਪਹਿਲੀ ਪਉੜੀ ਮੰਨ ਕੇ ਗੁਰੂ ਨਾਨਕ ਨੇ ਧਾਰਮਕ ਜੀਵਨ ਲਈ ਸਦਾਚਾਰ ਦੇ ਬੁਨਿਆਦੀ ਮਹੱਤਵ ਨੂੰ ਦ੍ਰਿੜ ਕਰਾਇਆ ਹੈ। ਨੈਤਿਕਤਾ ਮਨੁੱਖ-ਮਨੁੱਖ ਵਿਚਕਾਰ ਰਿਸ਼ਤੇ ਨੂੰ ਇਕਸੁਰਤਾ ਪ੍ਰਦਾਨ ਕਰਦੀ ਹੈ। ਸਮਾਜਿਕ ਜੀਵਨ ਵਿਚ ਨੈਤਿਕਤਾ ਨੂੰ ਧਾਰਨ ਕਰਨਾ ਵਿਅਕਤੀਗਤ ਸ਼ਾਂਤੀ ਅਤੇ ਸਾਮੂਹਿਕ ਅਮਨ ਦੀ ਲਾਜ਼ਮੀ ਸ਼ਰਤ ਹੈ।[13] ਇਸ ਕਰਕੇ ਮਨੁੱਖੀ ਦੁੱਖਾਂ ਪ੍ਰਤੀ ਇਕ ਸਿੱਖ ਨੇ ਉਪਰਾਮ ਨਹੀਂ ਹੋਣਾ ਹੁੰਦਾ। ਸਮਾਜ ਦੇ ਇਕ ਅਹਿਮ ਹਿੱਸੇ ਵਜੋਂ ਵਿਚਰਨ ਅਤੇ ਦੂਜਿਆਂ ਦੇ ਦੁੱਖ ਦੂਰ ਕਰਨ ਲਈ ਆਪਣੀ ਬਣਦੀ ਭੂਮਿਕਾ ਵੀ ਨਿਭਾਉਣਾ ਉਸ ਦਾ ਨੈਤਿਕ ਫਰਜ਼ ਹੈ। ਗੁਰੂ ਨਾਨਕ ਨੇ ਇਸ ਨੈਤਿਕ ਨਿਯਮ ਦੀ ਨੀਂਹ ਆਪਣੇ ਜੀਵਨ-ਕਾਲ ਵਿਚ ਹੀ ਰੱਖ ਦਿੱਤੀ ਸੀ। ਜਦੋਂ ਬਾਬਰ ਨੇ ਹਿੰਦੋਸਤਾਨ ਤੇ ਹਮਲਾ ਕਰਕੇ ਬਹੁਤ ਜ਼ੁਲਮ ਕੀਤਾ ਤਾਂ ਉਸ ਵੇਲੇ ਦੀ ਕਹਿਰ ਦੀ ਦਸ਼ਾ ਦੇਖ ਕੇ ਗੁਰੂ ਜੀ ਚੁੱਪ ਨਹੀਂ ਬੈਠੇ। ਉਨ੍ਹਾਂ ਨੇ ਸਿਰਫ ਹਾਅ ਦਾ ਨਾਹਰਾ ਹੀ ਨਹੀਂ ਮਾਰਿਆ ਸਗੋਂ ਅਕਾਲ ਪੁਰਖ ਤੱਕ ਨੂੰ ਇਹ ਸਭ ਵਾਪਰ ਰਹੇ ਵਰਤਾਰੇ ਲਈ ਉਲਾਂਭਾ ਵੀ ਦਿੱਤਾ। ਉਨ੍ਹਾਂ ਦੀ ਇਕ ਮਸ਼ਹੂਰ ਬਾਣੀ ਜਿਸ ਦਾ ਨਾਮ ਹੀ ਬਾਬਰ ਬਾਣੀ ਹੈ ਉਹ ਇਸੇ ਵਿਚਾਰ ਨੂੰ ਪ੍ਰਗਟ ਕਰਦੀ ਹੈ ਕਿ ਅਕਾਲ ਪੁਰਖ ਕਿਉਂਕਿ ਇਸ ਸੰਸਾਰ ਦਾ ਮਾਲਿਕ ਹੈ ਤਾਂ ਉਸ ਨੇ ਇਹ ਜ਼ੁਲਮ ਵਾਪਰਨ ਕਿਉਂ ਦਿੱਤਾ? ਗੁਰੂ ਸਾਹਿਬ ਨੇ ਇਸ ਬਾਣੀ ਰਾਹੀਂ ਦੱਸਿਆ ਕਿ ਜੇ ਸ਼ਕਤੀਸ਼ਾਲੀ ਕਿਸੇ ਸ਼ਕਤੀਸ਼ਾਲੀ ਨੂੰ ਮਾਰੇ ਤਾਂ ਕੋਈ ਰੋਸ ਨਹੀਂ ਪਰ ਜੇ ਸ਼ਕਤੀਸ਼ਾਲੀ ਕਮਜ਼ੋਰ ਨੂੰ ਮਾਰੇ ਤਾਂ ਕਮਜ਼ੋਰ ਦਾ ਮਾਲਿਕ ਜੁਆਬਦੇਹ ਹੁੰਦਾ ਹੈ। ਇਸ ਰਾਹੀਂ ਗੁਰੂ ਜੀ ਕੁਲੀਨ ਵਰਗ ਜਾਂ ਰਾਜਾਸ਼ਾਹੀ ਲਈ ਵੀ ਸਮਾਜਿਕ ਨਿਯਮ ਨਿਰਧਾਰਤ ਕਰਦੇ ਹਨ। ਜ਼ੁਲਮ ਦੇ ਵਾਪਰਨ ਨਾਲ ਗੁਰੂ ਜੀ ਨੇ ਜਿੰਨਾਂ ਰੋਸ ਜ਼ਾਹਿਰ ਕੀਤਾ ਹੈ ਉਨਾਂ ਹੀ ਜ਼ੋਰ ਉਨ੍ਹਾਂ ਇਸ ਤੱਥ ਤੇ ਵੀ ਲਾਇਆ ਕਿ ਜ਼ੁਲਮ ਨੂੰ ਵਾਪਰਨ ਤੋਂ ਕਿਵੇਂ ਰੋਕਿਆ ਜਾਵੇ? ਇਥੋਂ ਤੱਕ ਕਿ ਬਾਅਦ ਵਿਚ ਸਿੱਖ ਇਤਿਹਾਸ ਵਿਚ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ ਜਿਨ੍ਹਾਂ ਅਨੁਸਾਰ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜ਼ੁਲਮ ਨੂੰ ਵਾਪਰਨ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ ਅਤੇ ਵਾਪਰ ਰਹੇ ਜ਼ੁਲਮ ਦਾ ਵਿਰੋਧ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ? ਕਿਸੇ ਵੀ ਸਮਾਜ ਵਿਚ ਜੇ ਇਸ ਤਰ੍ਹਾਂ ਦੀ ਭਾਵਨਾ ਪੈਦਾ ਹੋ ਸਕੇ ਤਾਂ ਉਸ ਸਮਾਜ ਵਿਚ ਸ਼ਾਂਤੀ, ਸੁੱਖ ਅਤੇ ਸਮ੍ਰਿੱਧੀ ਦੀ ਸਥਾਪਨਾ ਆਪਣੇ ਆਪ ਹੀ ਹੋ ਸਕਦੀ ਹੈ। ਸਿੱਖ ਸਿਧਾਂਤ ਦਾ ਸਮਾਜਿਕ ਸੰਦਰਭ ਉਘੜ ਕੇ ਸਾਹਮਣੇ

12. ਉਹੀ, ਪੰਨਾ, 148.
13. ਡਾ. ਜਗਬੀਰ ਸਿੰਘ, ਬਾਣੀ ਸੰਚਾਰ, ਸਿੰਘ ਬ੍ਰਦਰਜ਼, ਹਾਲ ਬਜ਼ਾਰ ਅੰਮ੍ਰਿਤਸਰ, 1992, ਪੰਨਾ 98.

ਆਪਣੇ ਆਪ ਆ ਜਾਂਦਾ ਹੈ ਜਦੋਂ ਗੁਰੂ ਸਾਹਿਬ ਇਕੋ ਵਿਚਾਰ ਤੇ ਗੱਲ ਮੁਕਾ ਦਿੰਦੇ ਹਨ ਕਿ ਬੁਰਾਈ ਦਾ ਖ਼ਾਤਮਾ ਹਰ ਹਾਲਤ ਹੋਣਾ ਚਾਹੀਦਾ ਹੈ। ਬੁਰਾਈ ਖ਼ਤਮ ਹੋਣ ਨਾਲ ਸਚਾਈ ਆਪਣੇ ਆਪ ਹੀ ਸਥਾਪਤ ਹੋ ਜਾਵੇਗੀ।

ਔਰਤ ਦੀ ਦਸ਼ਾ ਬਾਰੇ ਸਰੋਕਾਰ:-

ਉਸ ਸਮੇਂ ਦੇ ਭਾਰਤੀ ਸਮਾਜ ਵਿਚ ਔਰਤ ਦੀ ਦਸ਼ਾ ਵੀ ਬਹੁਤੀ ਚੰਗੀ ਨਹੀਂ ਸੀ। ਜਦੋਂ ਗੁਰੂ ਸਾਹਿਬ ਨੇ ਆਪਣੀਆਂ ਸਿੱਖਿਆਵਾਂ ਫੈਲਾਉਣ ਦਾ ਕਾਰਜ ਆਰੰਭਿਆ ਤਾਂ ਉਹਨਾਂ ਨੇ ਸਮਾਜ ਵਿਚ ਹੈਰਾਨੀਜਨਕ ਸੁਧਾਰ ਕੀਤੇ। ਆਮ ਤੌਰ ਤੇ ਔਰਤ ਨੂੰ ਇਕ ਨੌਕਰ ਤੋਂ ਵੱਧ ਕੁਝ ਨਹੀਂ ਸੀ ਸਮਝਿਆ ਜਾਂਦਾ। ਉਸ ਨੂੰ ਅਧਿਆਤਮਿਕ ਸਿੱਧੀ ਪ੍ਰਾਪਤ ਕਰਨ ਲਈ ਯੋਗ ਨਹੀਂ ਮੰਨਿਆ ਜਾਂਦਾ ਸੀ, ਬਲਕਿ ਉਸ ਬਾਰੇ ਇਹ ਵੀ ਮੰਨਿਆਂ ਜਾਂਦਾ ਸੀ ਕਿ ਉਹ ਆਪਣੇ ਜੀਵਨ ਸਾਥੀ ਲਈ, ਉਸ ਦੇ ਧਾਰਮਿਕ ਰਾਹ ਦੀ ਸਭ ਤੋਂ ਵੱਡੀ ਰੁਕਾਵਟ ਹੈ। ਪਰ ਗੁਰੂ ਸਾਹਿਬ ਨੇ ਉਸ ਨੂੰ ਬਰਾਬਰ ਦਾ ਸਮਾਜਿਕ ਸਤਿਕਾਰ ਦਿਵਾਉਣ ਦੀ ਸਿੱਖਿਆ ਦਿੱਤੀ ਅਤੇ ਇਸ ਦੇ ਨਾਲ ਹੀ ਉਸ ਨੂੰ ਅਧਿਆਤਮਿਕ ਪਰਪੱਕਤਾ ਪ੍ਰਾਪਤ ਕਰਨ ਦਾ ਅਧਿਕਾਰ ਦਿੱਤਾ। ਸਿੱਖ ਸਮਾਜ ਵਿਚ ਉਹ ਇਕ ਬਰਾਬਰ ਦੀ ਸਤਿਕਾਰ ਯੋਗ ਵਿਅਕਤੀ ਸੀ। ਇਥੋਂ ਤੱਕ ਕਿ ਗੁਰੂ ਅਮਰਦਾਸ ਦੇ ਸਮੇਂ ਇਕ ਔਰਤ ਜਿਸ ਦਾ ਨਾਂ ਬੀਬੀ ਵੀਰੋ ਸੀ ਉਸ ਨੂੰ ਇਕ ਧਰਮ-ਪ੍ਰਚਾਰ ਦੇ ਕੇਂਦਰ ਦੇ ਮੁਖੀ ਵਜੋਂ ਨਿਯੁਕਤ ਕੀਤਾ ਗਿਆ। ਇਹ ਕੇਂਦਰ ਗੁਰੂ ਨਾਨਕ ਦੀਆਂ ਸਿੱਖਿਆਵਾਂ ਨੂੰ ਫੈਲਾਉਣ ਲਈ ਬਣੇ ਬਾਈ ਕੇਂਦਰਾਂ ਵਿਚੋਂ ਇੱਕ ਸੀ। ਗੁਰੂ ਗੋਬਿੰਦ ਸਿੰਘ ਦੇ ਸਮੇਂ ਵਿਚ ਵੀ ਮਾਈ ਭਾਗੋ ਇਕ ਔਰਤ; ਗੁਰੂ ਜੀ ਦੀ ਇਕ ਫੌਜੀ ਟੁਕੜੀ ਦੀ ਜਰਨੈਲ ਸੀ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਦੀ ਵਿਸ਼ੇਸ਼ ਸੁਰੱਖਿਆ ਟੁਕੜੀ ਦੀ ਇੰਚਾਰਜ ਵਜੋਂ ਵੀ ਮਾਈ ਭਾਗੋ ਨੇ ਆਪਣਾ ਫਰਜ਼ ਨਿਭਾਇਆ।

ਗੁਰੂ ਸਾਹਿਬ ਦੇ ਸਮੇਂ ਦੌਰਾਨ ਇਕ ਬੜੀ ਅਜੀਬ ਰਸਮ ਹਿੰਦੁਸਤਾਨ ਵਿਚ ਪ੍ਰਚਲਿਤ ਸੀ ਉਹ ਸੀ ਸਤੀ ਦੀ ਰਸਮ, ਜਿਸ ਅਨੁਸਾਰ ਆਪਣੇ ਪਤੀ ਦੀ ਮੌਤ ਤੋਂ ਬਾਅਦ ਔਰਤ ਆਪਣੇ ਆਪ ਨੂੰ ਪਤੀ ਦੀ ਚਿਤਾ ਦੇ ਨਾਲ ਹੀ ਜ਼ਿੰਦਾ ਜਲਾ ਲੈਂਦੀ ਸੀ। ਪਰ ਗੁਰੂ ਸਾਹਿਬ ਨੇ ਉਸ ਰਸਮ ਦਾ ਪੁਰਜ਼ੋਰ ਵਿਰੋਧ ਕੀਤਾ।

ਗੁਰੂ ਦੇ ਸਚੇ ਸਿੱਖ ਨੂੰ ਕਿਸੇ ਤਰ੍ਹਾਂ ਦਾ ਵੀ ਵਿਤਕਰਾ ਕਰਨ ਦਾ ਅਧਿਕਾਰ ਨਹੀਂ ਹੈ। ਚਾਹੇ ਉਹ ਔਰਤ ਨਾਲ ਹੋਵੇ, ਛੋਟੀ ਜਾਤੀ ਨਾਲ ਹੋਵੇ, ਬਿਰਧ ਲੋਕਾਂ ਨਾਲ ਹੋਵੇ, ਬੀਮਾਰ ਜਾਂ ਯਤੀਮ ਬੱਚਿਆਂ ਨਾਲ ਹੋਵੇ। ਸਾਰਿਆਂ ਦੇ ਅਧਿਕਾਰ ਰਾਖਵੇਂ ਹਨ। ਕਿਸੇ ਨਾਲ ਵੀ ਕਿਸੇ ਤਰ੍ਹਾਂ ਦਾ ਵੀ ਵਿਤਕਰਾ ਕਰਨਾ ਅਨੈਤਿਕ ਹੈ। ਹੋਰ ਤਾਂ ਹੋਰ ਕਿਸੇ ਨਾਲ ਵਿਤਕਰਾ ਹੁੰਦਾ ਦੇਖ ਕੇ ਚੁੱਪ ਰਹਿਣਾ ਵੀ ਅਨੈਤਿਕ ਹੈ। ਇਸੇ ਕਰਕੇ ਇਕ ਸਿੱਖ ਲਈ ਇਹ ਜ਼ਰੂਰੀ ਹੈ ਕਿ ਉਹ ਆਮ ਜਨ ਸਧਾਰਨ ਦੀਆਂ ਸਮੱਸਿਆਵਾਂ ਪ੍ਰਤੀ ਉਪਰਾਮ ਨਾ ਰਹੇ। ਸਿੱਖ ਸਮਾਜ ਵਿਚ ਲੜਕੀ ਅਤੇ ਲੜਕੇ ਵਿਚ ਭੇਦ ਰੱਖ ਕੇ ਵਿਵਹਾਰ ਕਰਨਾ ਸਿਧਾਂਤਕ ਗੁਨਾਹ ਹੈ।

ਗੁਰੂ ਸਾਹਿਬ ਨੇ ਜੰਮਦੀ ਬੱਚੀ ਨੂੰ ਜਨਮ ਲੈਂਦੇ ਸਮੇਂ ਹੀ ਮਾਰਨ ਦੇ ਵਿਵਹਾਰ ਦਾ ਸਖ਼ਤ ਵਿਰੋਧ ਕੀਤਾ। ਦਸਵੇਂ ਗੁਰੂ ਸਾਹਿਬ ਨੇ ਇਥੋਂ ਤੱਕ ਕਹਿ ਦਿੱਤਾ ਕਿ ਕੁੜੀ ਮਾਰ ਨਾਲ

ਉਹਨਾਂ ਦਾ ਕੋਈ ਸਿੱਖ ਕਿਸੇ ਕਿਸਮ ਦਾ ਰਿਸ਼ਤਾ ਨਾ ਰੱਖੇ। ਔਰਤਾਂ ਨੂੰ ਉਸ ਸਮੇਂ ਆਮ ਤੌਰ ਤੇ ਪਰਦੇ ਵਿਚ ਰਹਿਣਾ ਪੈਂਦਾ ਸੀ। ਗੁਰੂ ਸਾਹਿਬ ਨੇ ਨਾ ਕੇਵਲ ਪਰਦੇ ਦਾ ਹੀ ਵਿਰੋਧ ਕੀਤਾ ਬਲਕਿ ਆਪਣੇ ਸਿੱਖਾਂ ਨੂੰ ਖਾਸ ਹਦਾਇਤ ਕੀਤੀ ਕਿ ਉਹਨਾਂ ਦੀਆਂ ਔਰਤਾਂ ਨੂੰ ਪਰਦੇ ਦੀ ਬੰਦਿਸ਼ ਵਿਚ ਨਾ ਰੱਖਿਆ ਜਾਵੇ। ਇਥੋਂ ਤੱਕ ਕਿ ਸਿੱਖ ਔਰਤਾਂ ਨੂੰ ਸਮਾਜ ਦੇ ਹਰ ਤਰ੍ਹਾਂ ਦੇ ਕਾਰਜਾਂ ਵਿਚ ਸ਼ਾਮਿਲ ਹੋਣ ਲਈ ਬਰਾਬਰ ਦਾ ਅਧਿਕਾਰ ਸੀ। ਉਹ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਫੌਜੀ ਅਦਾਰਿਆਂ ਵਿਚ ਬਰਾਬਰ ਦੀ ਭੂਮਿਕਾ ਨਿਭਾਅ ਸਕਦੀਆਂ ਸਨ। ਉਹਨਾਂ ਨੂੰ ਹਥਿਆਰ ਰੱਖਣ ਦੀ ਖੁੱਲ੍ਹ ਵੀ ਸੀ ਅਤੇ ਜ਼ਰੂਰਤ ਪੈਣ ਤੇ ਯੁੱਧ ਵਿਚ ਹਿੱਸਾ ਲੈਣ ਦਾ ਵੀ ਅਧਿਕਾਰ ਦਿੱਤਾ ਗਿਆ ਸੀ। ਸਿੱਖ ਇਤਿਹਾਸ ਵਿਚ ਔਰਤਾਂ ਨੇ ਇਕ ਖਾਸ ਰੋਲ ਅਦਾ ਕੀਤਾ। ਮਾਤਾ ਗੁਜਰੀ ਨੇ ਗੁਰੂ ਦਰਬਾਰ ਦੇ ਕਾਰਜਾਂ ਨੂੰ ਉਸ ਵੇਲੇ ਸੰਭਾਲਿਆ ਜਦੋਂ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਹੋ ਗਈ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਹਾਲੇ ਬੱਚੇ ਸਨ। ਬਾਅਦ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਮਾਤਾ ਸੁੰਦਰੀ ਜੀ ਅਤੇ ਮਾਭਾ ਸਾਹਿਬ ਕੌਰ ਨੇ ਸਿੱਖ ਪੰਥ ਦੀ ਅਗਵਾਈ ਕੀਤੀ। ਧਰਮ ਦੇ ਇਤਿਹਾਸ ਵਿਚ ਇਹ ਪਹਿਲ ਕੇਵਲ ਸਿੱਖ ਜੀਵਨ ਜਾਚ ਦੇ ਹਿੱਸੇ ਆਈ ਹੈ।

ਸਿੱਖ ਸਮਾਜ ਦੀ ਕੀਮਤ ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਈਆਂ ਦੋ ਤਰ੍ਹਾਂ ਦੀਆਂ ਰਹੀਆਂ ਹਨ। ਇਕ ਤਾਂ ਐਸੇ ਸਮਾਜ ਦੀ ਸਿਰਜਨਾ ਕਰਨਾ ਜਿਸ ਵਿਚ ਉੱਚੇ ਅਤੇ ਨੀਵੇਂ, ਅਮੀਰ ਅਤੇ ਗਰੀਬ ਨੂੰ ਬਰਾਬਰ ਸਥਾਨ ਮੁਹੱਈਆ ਹੋ ਸਕੇ, ਦੂਸਰਾ ਜਨ-ਸਧਾਰਨ ਨੂੰ ਬੁਰਾਈ, ਡਰ, ਧੋਖਾ, ਜ਼ਬਰਦਸਤੀ ਅਤੇ ਅਨਿਆਂ ਦੇ ਵਿਰੁੱਧ ਖੜ੍ਹੇ ਹੋਣ ਅਤੇ ਲੜਨ ਦੀ ਪ੍ਰੇਰਨਾ ਦਿੱਤੀ ਜਾ ਸਕੇ। ਇਸ ਨਾਲ ਭਾਰਤੀ ਸਮਾਜ ਵਿਚ ਆਮ ਤੌਰ ਤੇ ਮਨੁੱਖੀ ਵਿਕਾਰ ਅਤੇ ਸਮਾਜਿਕ ਅਨਿਆਂ ਨੂੰ ਰੋਕਣ ਦੀ ਤਾਕਤ ਮਿਲੀ। ਇਸ ਨਾਲ ਇਕ ਐਸੇ ਸਮਾਜ ਦੀ ਸਿਰਜਣਾ ਦੀ ਨੀਂਹ ਰੱਖੀ ਗਈ ਜਿਸ ਵਿਚ ਵਿਅਕਤੀਗਤ ਮਨ, ਸਰੀਰ ਅਤੇ ਆਤਮਾ ਦੇ ਨਾਲ-ਨਾਲ ਸਰਬੱਤ ਦੇ ਸੁੱਖ ਅਰਾਮ ਉਤੇ ਅਧਾਰਿਤ ਸ਼ਾਂਤ ਅਤੇ ਸੁਖੀ ਸਮਾਜ ਪੈਦਾ ਹੋ ਸਕੇ।

ਅਧਿਆਇ ਛੇਵਾਂ

ਖਾਲਸਾ : ਇਕ ਸੰਪੂਰਨ ਵਿਅਕਤੀਤਵ

ਖਾਲਸੇ ਦੀ ਪਰਿਭਾਸ਼ਾ ਗੁਰੂ ਗੋਬਿੰਦ ਸਿੰਘ ਜੀ ਦੀਆਂ ਹੇਠ ਲਿਖੀਆਂ ਸਤਰਾਂ ਤੋਂ ਵਧੀਆ ਹੋਰ ਕਿਤੇ ਨਹੀਂ ਮਿਲ ਸਕਦੀ। ਜਿਵੇਂ ਉਨ੍ਹਾਂ ਕਿਹਾ ਕਿ;

ਜਾਗਤ ਜੋਤਿ ਜਪੈ ਨਿਸਬਾਸਰ
ਏਕ ਬਿਨਾਂ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜ੍ਹੀ ਮਠ ਭੂਲ ਨਾ ਮਾਨੈ।
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾਂ ਨਹਿ ਏਕ ਪਛਾਨੈ।
ਪੂਰਨ ਜੋਤ ਜਗੈ ਘਟ ਮੈਂ
ਤਬ ਖਾਲਸ ਮਹਿ ਨਖਾਲਸ ਮਾਨੈ॥[1]

ਗੁਰਸੋਭਾ ਵਿਚ ਖਾਲਸੇ ਦਾ ਅਰਥ ਦਸਦਾ ਇਕ ਹੋਰ ਸੰਕੇਤ ਇਸੇ ਤਰ੍ਹਾਂ ਦੇ ਭਾਵ ਨੂੰ ਦਰਸਾਉਂਦਾ ਹੈ। ਇਉਂ ਲਿਖਿਆ ਹੈ ਕਿ;

ਵਾਕ ਕੀਓ ਕਰਤਾਰ ਸੰਤਨ ਲੀਓ ਬਿਚਾਰ
ਸੁਪਨੈ ਸੰਸਾਰ ਤਾਂ ਕਿ ਕਾਹਿ ਲਪਟਾਈਏ
ਬਿਖਿਨ ਕੋ ਤਜੋ ਨੇਹ ਸਤਿਗੁਰੂ ਕੀ ਸਿੱਖ ਲੇਹ
ਨਾਸੈ ਛਿਨ ਮਾਹਿ ਦੇਹ ਸਸਪੁਰੀ ਜਾਈਏ।
ਸੀਸ ਨੇ ਮੁੰਡਾਉ ਸੰਤ ਹੁੱਕਾ ਤਜ ਭਲੀ ਰੀਤਿ
ਪ੍ਰੇਮ ਪ੍ਰੀਤਿ ਮਨ ਕਰ ਸ਼ਬਦ ਕਮਾਈਏ,
ਜੀਵਨ ਹੈ ਦਿਨ ਚਾਰ ਦੇਖ ਬੂਝ ਕੈ ਬਿਚਾਰ
ਵਾਹਿਗੁਰੂ ਗੁਰੂ ਜੀ ਦਾ ਖਾਲਸਾ ਕਹਾਈਏ।[2]

ਗੁਰੂ ਗੋਬਿੰਦ ਸਿੰਘ ਜੀ ਤੋਂ ਤਕਰੀਬਨ 300 ਸਾਲ ਪਹਿਲਾਂ ਭਗਤ ਕਬੀਰ ਨੇ ਕਿਹਾ ਸੀ;

---

1. ਤੇਤੀ ਸਵੱਈਏ, ਦਸਮ ਗ੍ਰੰਥ
2. ਗੰਡਾ ਸਿੰਘ (ਸੰਪਾ.), ਕਵੀ ਸੈਨਾਪਤੀ ਰਚਿਤ ਸ੍ਰੀ ਗੁਰ ਸੋਭਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ। 1967, ਪੰਨਾ 32.

ਕਹੁ ਕਬੀਰ ਜਨ ਭਏ ਖਾਲਸੇ
ਪ੍ਰੇਮ ਭਗਤਿ ਜਿਹ ਜਾਨੀ।।[3]

ਗੁਰੂ ਹਰਿਗੋਬਿੰਦ ਜੀ ਨੇ ਵੀ ਆਪਣੇ ਇਕ ਹੁਕਮਨਾਮੇ ਵਿਚ ਇਸ ਸ਼ਬਦ (ਖਾਲਸਾ) ਦੀ ਵਰਤੋਂ ਕੀਤੀ ਹੈ। ਜਦੋਂ ਗੁਰੂ ਹਰਿਗੋਬਿੰਦ ਜੀ ਨੇ ਪੂਰਬ ਦੀਆਂ ਸੰਗਤਾਂ ਨੂੰ ਆਪਣਾ ਇਕ ਹੁਕਮਨਾਮਾ ਭੇਜਿਆ ਤਾਂ ਸਿੱਖ ਪਰੰਪਰਾ ਵਿਚ ਪਹਿਲੀ ਵਾਰ ਇਹ ਸ਼ਬਦ ਵਰਤੋਂ ਵਿਚ ਲਿਆਂਦਾ ਗਿਆ। ਪਟਨੇ ਦੀ ਸਿੱਖ ਸੰਗਤ ਵਾਸਤੇ ਵੀ ਤਕਰੀਬਨ ਇਸੇ ਤਰ੍ਹਾਂ ਦੇ ਅਰਥਾਂ ਨਾਲ ਇਹ ਸ਼ਬਦ ਗੁਰੂ ਤੇਗ ਬਹਾਦਰ ਜੀ ਨੇ ਵੀ ਵਰਤਿਆ ਸੀ। ਇਹ ਸਾਰੇ ਹਵਾਲੇ ਕੋਈ ਭੇਦ ਨਹੀਂ ਰਹਿਣ ਦਿੰਦੇ ਕਿ ਖਾਲਸਾ ਉਹ ਹੈ ਜੋ ਸਿੱਧਾ ਗੁਰੂ ਨਾਲ ਜੁੜਿਆ ਹੋਇਆ ਹੈ ਅਤੇ ਗੁਰੂ ਰਾਹੀਂ ਸਿੱਧਾ ਪਰਮਾਤਮਾ ਦੀ ਪ੍ਰੇਮਾ-ਭਗਤੀ ਅਤੇ ਸੱਚੇ-ਸੁੱਚੇ ਜੀਵਨ ਨਾਲ ਜੁੜਿਆ ਹੋਇਆ ਹੈ। ਸਾਧਾਰਣ ਤੌਰ ਤੇ ਅੰਮ੍ਰਿਤਪਾਨ ਕੀਤੇ ਹੋਏ ਸਿੱਖ ਨੂੰ ਖਾਲਸਾ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਦੇ ਅੰਮ੍ਰਿਤ ਛਕਾ ਕੇ ਖਾਲਸਾ ਸਾਜਣ ਤੋਂ ਪਹਿਲਾਂ ਵੀ ਸਿੱਖ ਪ੍ਰੰਪਰਾ ਵਿਚ ਅੰਮ੍ਰਿਤ ਛਕਾਉਣ ਦਾ ਵਿਧਾਨ ਸੀ ਪਰ ਅੰਮ੍ਰਿਤ ਛਕੇ ਹੋਏ ਸਿੱਖ ਨੂੰ ਖਾਲਸਾ ਨਹੀਂ ਕਿਹਾ ਜਾਂਦਾ ਸੀ। ਸ਼ੁਰੂ ਵਿਚ ਚਰਨ ਪਾਹੁਲ ਦੇ ਜ਼ਰੀਏ ਅੰਮ੍ਰਿਤ ਛਕਾਇਆ ਜਾਂਦਾ ਸੀ। ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਉਣ ਦੀ ਵਿਧੀ ਨੂੰ ਇੱਕ ਨਵਾਂ ਮੋੜ ਦਿੱਤਾ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਦੂਹਰੀ ਧਾਰ ਵਾਲੇ ਖੰਡੇ ਤੋਂ ਤਿਆਰ ਕੀਤੇ ਹੋਏ ਅੰਮ੍ਰਿਤ ਨੂੰ ਛਕਾ ਕੇ ਉਨ੍ਹਾਂ ਨੂੰ ਸਿੱਖੀ ਜੀਵਨ ਪ੍ਰਦਾਨ ਕੀਤਾ ਅਤੇ ਨਾਲ ਹੀ ਕਿਸੇ ਵੀ ਤਰ੍ਹਾਂ ਦੇ ਬੰਧਨ ਤੋਂ ਮੁਕਤ ਕਰ ਕੇ ਉਨ੍ਹਾਂ ਨੂੰ ਖਾਲਸਾ ਬਣਾ ਦਿੱਤਾ।

30 ਮਾਰਚ 1699 ਨੂੰ ਆਨੰਦਪੁਰ ਵਿਖੇ ਇਕ ਖਾਸ ਘਟਨਾ ਘਟੀ। ਨਾ ਕੇਵਲ ਸਿੱਖ ਧਰਮ ਵਿਚ ਬਲਕਿ ਸੰਸਾਰ ਦੇ ਸਮੁੱਚੇ ਧਾਰਮਿਕ ਮਾਹੌਲ ਵਿਚ ਇਹ ਆਪਣੇ ਆਪ ਵਿਚ ਪਹਿਲੀ ਅਤੇ ਅਲੱਗ ਕਿਸਮ ਦੀ ਘਟਨਾ ਸੀ। ਅੰਮ੍ਰਿਤ ਛਕਾਏ ਜਾਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖਾਂ ਨੂੰ ਖਾਲਸਾ ਨਾਂ ਦਾ ਇਕ ਖਾਸ ਰੁਤਬਾ ਦਿੱਤਾ ਗਿਆ। ਇਸ ਨਾਮ ਨੇ ਗੁਰੂ ਅਤੇ ਸਿੱਖ ਵਿਚਕਾਰ ਇਕ ਖਾਸ ਕਿਸਮ ਦਾ ਰਿਸ਼ਤਾ ਕਾਇਮ ਕੀਤਾ। ਇਸ ਤੋਂ ਬਾਅਦ ਸਿੱਖ ਗੁਰੂ ਨਾਲ ਅਤੇ ਗੁਰੂ ਸਿੱਖ ਨਾਲ ਸਿੱਧੇ ਤੌਰ ਤੇ ਜੁੜ ਗਏ, ਬਿਨਾਂ ਕਿਸੇ ਵਿਚੋਲੇ ਦੇ। ਉਸ ਦਿਨ ਤੋਂ ਬਾਅਦ ਸਿੱਖਾਂ ਨੇ ਉਹ ਸ਼ਕਲ ਅਖਤਿਆਰ ਕੀਤੀ ਜੋ ਗੁਰੂ ਨੇ ਹੁਕਮ ਕੀਤਾ ਜਿਸ ਹੁਕਮ ਦੇ ਤਹਿਤ ਉਨਾਂ ਨੇ ਪੰਜ ਕਕਾਰ ਧਾਰਨ ਕੀਤੇ। ਭਾਵ; ਆਪਣੇ ਸਰੀਰ ਤੇ 'ਕ' ਸ਼ਬਦ ਨਾਲ ਸ਼ੁਰੂ ਹੋਣ ਵਾਲੇ ਪੰਜ ਨਿਸ਼ਾਨ ਜਿਵੇਂ; ਕੇਸ, ਕੰਘਾ, ਕੜਾ, ਕਿਰਪਾਨ, ਅਤੇ ਕਛਹਿਰਾ। ਇਸ ਦੇ ਇਲਾਵਾ ਆਪਣਾ ਨਾਮ ਸਿੰਘ ਭਾਵ ਸ਼ੇਰ ਰੱਖਿਆ। ਇਹ ਨਾਮ ਉਨ੍ਹਾਂ ਲਈ ਬਹਾਦਰੀ ਅਤੇ ਨਿਡਰਤਾ ਦਾ ਨਿਸ਼ਾਨ ਸੀ।

ਜਿਵੇਂ ਕਿ ਸਿੱਖ ਪ੍ਰੰਪਰਾ ਵਿਚ ਆਮ ਤੌਰ ਤੇ ਹੋਇਆ ਕਰਦਾ ਸੀ ਕਿ ਸਿੱਖ ਛੇ ਮਹੀਨੇ ਵਿਚ ਘੱਟੋ-ਘੱਟ ਇਕ ਵਾਰੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਜ਼ਰੂਰ ਜਾਇਆ ਕਰਦੇ ਸਨ। ਆਮ ਵਾਂਗ 30 ਮਾਰਚ 1699 ਨੂੰ ਵੀ ਸਿੱਖ ਦੂਰੋਂ-ਦੂਰੋਂ ਚੱਲ ਕੇ ਗੁਰੂ ਸਾਹਿਬ

3. ਗੁਰੂ ਗ੍ਰੰਥ ਸਾਹਿਬ, ਪੰਨਾ 654.

ਨੂੰ ਮਿਲਣ ਆਏ ਜੋ ਉਸ ਵੇਲੇ ਆਨੰਦਪੁਰ ਸਾਹਿਬ ਵਿਖੇ ਰਹਿ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਖਾਸ ਸੰਦੇਸ਼ ਦੇ ਅਸਰ ਨਾਲ ਸਿੱਖ ਸੰਗਤ ਭਾਰੀ ਗਿਣਤੀ ਵਿਚ ਉਥੇ ਪਹੁੰਚੀ। ਜਦੋਂ ਸਾਰੀ ਸੰਗਤ ਦਿਵਾਨ ਵਿਚ ਸਜੀ ਹੋਈ ਸੀ ਤਾਂ ਸੰਗਤ ਦੇਖ ਕੇ ਹੈਰਾਨ ਰਹਿ ਗਈ ਕਿ ਗੁਰੂ ਜੀ ਨੇ ਬੜੇ ਰੋਹ ਭਰੇ ਲਹਿਜ਼ੇ ਨਾਲ ਆਪਣੀ ਤਲਵਾਰ ਮਿਆਨ ਵਿਚੋਂ ਕੱਢੀ ਅਤੇ ਲਲਕਾਰਿਆ, 'ਕੋਈ ਹੈ ਜੋ ਧਰਮ ਹੇਤ ਆਪਣਾ ਸੀਸ ਭੇਟ ਕਰੇ'। ਇਹ ਦੇਖ ਕੇ ਸਾਰੀ ਸੰਗਤ ਵਿਚ ਸਹਿਮ ਛਾ ਗਿਆ। ਪਰ ਗੁਰੂ ਜੀ ਆਪਣੀ ਮੰਗ ਦੁਹਰਾਉਂਦੇ ਰਹੇ। ਤੀਜੀ ਪੁਕਾਰ ਤੇ ਦਯਾ ਰਾਮ ਜੋ ਲਾਹੌਰ ਦਾ ਖੱਤਰੀ ਸੀ, ਉਹ ਉਠ ਕੇ ਖੜ੍ਹਾ ਹੋ ਗਿਆ ਅਤੇ ਆਪਣੇ ਆਪ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਗੁਰੂ ਜੀ ਉਸ ਨੂੰ ਨਾਲ ਲੱਗੀ ਕਨਾਤ ਵਿਚ ਲੈ ਆਏ। ਉਨ੍ਹਾਂ ਆਪਣੀ ਮੰਗ ਨੂੰ ਫਿਰ ਦੁਹਰਾਉਂਦਿਆਂ ਕਿਹਾ, ਕੀ ਕੋਈ ਹੋਰ ਸਿੱਖ ਹੈ ਜੋ ਧਰਮ ਦੀ ਖਾਤਰ ਆਪਣਾ ਸੀਸ ਭੇਟ ਕਰੇ? ਇਸ ਤੇ ਧਰਮ ਦਾਸ ਜੋ ਰੋਹਤਕ ਦਾ ਇਕ ਜੱਟ ਸੀ, ਅੱਗੇ ਆਇਆ। ਗੁਰੂ ਜੀ ਉਸ ਨੂੰ ਵੀ ਲੈ ਕੇ ਅੰਦਰ ਗਏ ਅਤੇ ਫਿਰ ਬਾਹਰ ਆ ਕੇ ਆਪਣੀ ਪਹਿਲਾਂ ਵਾਲੀ ਮੰਗ ਨੂੰ ਦੁਹਰਾਇਆ। ਇਸ ਤਰ੍ਹਾਂ ਕਰਦੇ-ਕਰਦੇ ਤਿੰਨ ਹੋਰ ਸਿੱਖ ਇਕ-ਇਕ ਕਰਕੇ ਖੜੇ ਹੋਏ ਅਤੇ ਆਪਣੇ ਆਪ ਨੂੰ ਭੇਂਟ ਕੀਤਾ। ਉਨ੍ਹਾਂ ਵਿਚੋਂ ਮੋਹਕਮ ਚੰਦ ਸੀ ਜੋ ਦਵਾਰਕਾਪੁਰੀ ਦਾ ਧੋਬੀ ਸੀ। ਦੂਜਾ ਹਿੰਮਤ ਸੀ ਜੋ ਜਗਨਨਾਥਪੁਰੀ ਉੜੀਸਾ ਦਾ ਛੀਂਬਾ ਸੀ। ਤੀਜਾ ਸਾਹਿਬ ਚੰਦ ਸੀ ਜੋ ਬਿਦਰ ਦਾ ਨਾਈ ਸੀ। ਬਾਅਦ ਵਿਚ ਗੁਰੂ ਜੀ ਇਹਨਾਂ ਸਾਰਿਆਂ ਨੂੰ ਇਕੱਠੇ ਹੀ ਨਵੀਆਂ ਪੋਸ਼ਾਕਾਂ ਸਹਿਤ ਤੰਬੂ ਵਿਚੋਂ ਬਾਹਰ ਲੈ ਕੇ ਆਏ।[4]

ਕਿਰਪਾਲ ਸਿੰਘ ਨਾਰੰਗ ਲਿਖਦੇ ਹਨ ਕਿ ਜਿਸ ਨੇ ਵੀ ਖਾਲਸਾ ਅਨੁਸ਼ਾਸਨ ਵਿਚ ਪ੍ਰਵੇਸ਼ ਕਰਨਾ ਹੁੰਦਾ ਸੀ ਉਸ ਲਈ ਕੇਵਲ ਇਕੋ ਹੀ ਰਸਤਾ ਸੀ ਤੇ ਉਹ ਸੀ ਖੰਡੇ ਦੀ ਪਹੁਲ ਵਾਲਾ ਅੰਮ੍ਰਿਤ ਛਕੇ। ਖੰਡੇ ਦੀ ਪਹੁਲ ਵਾਲੇ ਅੰਮ੍ਰਿਤ ਛਕਾਉਣ ਦਾ ਗੁਰੂ ਜੀ ਦਾ ਭਾਵ ਸੀ, ਆਪਣੇ ਸਿੱਖਾਂ ਨੂੰ ਸ਼ਸਤਰਧਾਰੀ ਕਰਨਾ ਅਤੇ ਉਨ੍ਹਾਂ ਵਿਚ ਫੌਜੀ ਚੇਤਨਾ ਪੈਦਾ ਕਰਨਾ। ਪਰ ਇਸਦੇ ਨਾਲ-ਨਾਲ ਗੁਰੂ ਜੀ ਨੇ ਉਨ੍ਹਾਂ ਦੀ ਸਮੁੱਚੀ ਮਾਨਸਿਕਤਾ, ਉਨ੍ਹਾਂ ਦੇ ਜ਼ਿੰਦਗੀ ਬਾਰੇ ਰਵਈਏ ਅਤੇ ਉਨ੍ਹਾਂ ਦੇ ਆਪਣੇ ਸਾਥੀਆਂ ਪ੍ਰਤੀ ਵਿਵਹਾਰ ਨੂੰ ਵੀ ਪੂਰੀ ਤਰ੍ਹਾਂ ਬਦਲਣਾ ਸੀ। ਉਹਨਾਂ ਨੂੰ ਅਕਾਲ ਪੁਰਖ ਦੇ ਤਿਆਰ-ਬਰ-ਤਿਆਰ ਸੇਵਕ ਬਣਾਉਣਾ ਸੀ, ਜੋ ਕਿਤੇ ਵੀ ਅਤੇ ਕਦੇ ਵੀ ਜ਼ੁਲਮ ਦੇ ਖਿਲਾਫ ਲੜ ਸਕਦੇ ਹੋਣ। ਉਨ੍ਹਾਂ ਨੇ ਕੌਮ ਦੀ ਇਕੱਤਰਤਾ ਨੂੰ ਵੀ ਕਾਇਮ ਰੱਖਣਾ ਸੀ। ਸਭ ਤੋਂ ਉੱਚਾ ਆਦਰਸ਼ ਜੋ ਗੁਰੂ ਜੀ ਨੇ ਉਨ੍ਹਾਂ ਅੱਗੇ ਰੱਖਿਆ, ਉਹ ਇਹ ਸੀ ਕਿ ਉਹ ਆਪਣੇ ਆਪ ਨੂੰ ਆਪਣੀ ਬੀਤੀ ਜ਼ਿੰਦਗੀ ਦੇ ਸੰਬੰਧਾਂ ਨਾਲੋਂ ਤੋੜ ਕੇ ਕੇਵਲ ਗੁਰੂ ਨਾਲ ਹੀ ਜੋੜ ਦੇਣ। ਗੁਰੂ ਜੀ ਅਕਸਰ ਕਿਹਾ ਕਰਦੇ ਸਨ ਕਿ ਮੇਰੇ ਖਜ਼ਾਨੇ ਵਿਚ ਕੇਵਲ ਵਰਤਮਾਨ ਹੈ, ਨਾ ਭਵਿੱਖ ਹੈ ਨਾ ਭੂਤਕਾਲ। ਖਾਲਸਾ ਸਜਣ ਤੋਂ ਪਹਿਲਾਂ ਉਨ੍ਹਾਂ ਦੇ ਸ਼ਰਧਾਲੂਆਂ ਨੂੰ ਚਾਰ ਖਾਸ ਪ੍ਰਣ ਲੈਣੇ ਪੈਂਦੇ ਸਨ।

1. ਕ੍ਰਿਤਨਾਸ਼, ਭਾਵ ਆਪਣੇ ਕਿੱਤੇ ਜਾ ਅਹੁਦੇ ਦੇ ਮਾਣ ਤੋਂ ਆਪਣੇ ਆਪ ਨੂੰ ਮੁਕਤ ਕਰਨਾ।

---

4. ਕਪੂਰ ਸਿੰਘ, ਪਰਾਸ਼ਰਪ੍ਰਸ਼ਨ, ਹਿੰਦ ਪਬਲਿਸ਼ਰਜ਼ ਲਿਮਿਟਿਡ, ਜਲੰਧਰ, 1959, ਪੰਨਾ 1-2.

2. ਕੁਲਨਾਸ਼, ਭਾਵ ਆਪਣੇ ਉੱਚੇ ਜਨਮ ਦੇ ਮਾਣ ਤੋਂ ਆਪਣੇ ਆਪ ਨੂੰ ਮੁਕਤ ਕਰਨਾ।
3. ਰੀਤੀਨਾਸ਼-ਧਰਮਨਾਸ਼, ਭਾਵ ਪੁਰਾਣੀਆਂ ਧਾਰਮਿਕ ਰਹੁਰੀਤਾਂ, ਕਰਮਕਾਂਡਾ ਅਤੇ ਧਾਰਮਿਕ ਵਿਸ਼ਵਾਸਾਂ ਦਾ ਨਿਸ਼ੇਧ।
4. ਕਰਮਨਾਸ਼, ਭਾਵ ਆਪਣੀ ਮਾਨਸਿਕਤਾ ਨੂੰ ਭੂਤ ਕਾਲ ਦੇ ਕਰਮਾਂ ਦੇ ਬੰਧਨ ਤੋਂ ਅਜ਼ਾਦ ਕਰਨਾ।[5]

ਗੁਰ ਸੋਭਾ ਅਤੇ ਪੰਥ ਪ੍ਰਕਾਸ਼ ਦੇ ਲੇਖਕਾਂ ਨੇ ਮੰਨਿਆਂ ਹੈ ਕਿ ਖਾਲਸਾ ਸਾਜਣ ਤੋਂ ਇਕ ਦਮ ਬਾਅਦ ਜੋ ਪਹਿਲਾ ਹੁਕਮ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤਾਂ ਨੂੰ ਦਿੱਤਾ, ਉਹ ਸੀ ਅਸਾਮ, ਸ੍ਰੀਲੰਕਾ, ਗਜ਼ਨੀ ਅਤੇ ਕਾਬੁਲ ਦੇ ਸਿੱਖਾਂ ਸਮੇਤ ਸਾਰੇ ਸਿੱਖ ਜਦੋਂ ਵੀ ਗੁਰੂ ਜੀ ਦੀ ਹਜ਼ੂਰੀ ਵਿਚ ਆਉਣ ਤਾਂ ਕੇਸਾਂ ਸਮੇਤ ਆਉਣ। ਅੰਮ੍ਰਿਤ ਛਕਣ ਤੋਂ ਬਾਅਦ ਕੋਈ ਕੇਸਾਂ ਨੂੰ ਨਹੀਂ ਕੱਟੇਗਾ। ਸਿੱਖ ਤੰਬਾਕੂ ਜਾਂ ਹੋਰ ਨਸ਼ੀਲੀਆਂ ਵਸਤਾਂ ਦੀ ਵਰਤੋਂ ਨਹੀਂ ਕਰਨਗੇ। ਸਾਰੇ ਸਿੱਖ ਧਰਮ ਧਾਰਨ ਕਰਨ ਲਈ ਖੰਡੇ ਬਾਟੇ ਦਾ ਅੰਮ੍ਰਿਤ ਛਕਣਗੇ। ਸਿੱਖ ਭਾਈਚਾਰੇ ਨੂੰ ਹੁਣ ਤੋਂ ਬਾਅਦ ਖਾਲਸਾ ਪੰਥ ਕਿਹਾ ਜਾਵੇਗਾ। ਜਿਵੇਂ ਕਿ ਦਸਮ ਗੁਰੂ ਦਾ ਹੁਕਮ ਸੀ, ਖਾਲਸਾ ਅੱਗੇ ਤੋਂ ਸ਼ਸਤਰਧਾਰੀ ਰਹੇਗਾ।

ਖਾਲਸੇ ਦੀ ਸਾਜਨਾ ਇਕ ਸ਼ਸਤਰਧਾਰੀ ਸਿੱਖ ਵਜੋਂ ਕਰਨ ਦੇ ਕਈ ਕਾਰਨ ਸਨ। ਖਾਲਸਾ ਸਾਜਣ ਦਾ ਸਭ ਤੋਂ ਪਹਿਲਾ ਕਾਰਨ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਮਕਸਦ ਦੀ ਪੂਰਤੀ ਕਰਨਾ ਸੀ। ਭਾਵੇਂ ਖਾਲਸਾ ਨੇ ਸਰੀਰਕ ਅਤੇ ਇਤਿਹਾਸਿਕ ਰੂਪ 30 ਮਾਰਚ 1699 ਨੂੰ ਅਖਤਿਆਰ ਕੀਤਾ ਪਰ ਉਸ ਦਾ ਮੁੱਢ ਕਈ ਸਦੀਆਂ ਪਹਿਲਾਂ ਬੱਝ ਚੁੱਕਾ ਸੀ। ਸ਼ੁੱਧ ਖਾਲਸਾ ਚੇਤਨਾ ਪਹਿਲੇ ਗੁਰੂ, ਗੁਰੂ ਨਾਨਕ ਦੇਵ ਨਾਲ ਹੀ ਸ਼ੁਰੂ ਹੋ ਗਈ ਸੀ। ਇਹ ਗੁਰੂ ਨਾਨਕ ਹੀ ਸਨ ਜਿਨ੍ਹਾਂ ਨੇ ਕਿਹਾ ਸੀ ਕਿ,

ਜਉ ਤਉ ਪ੍ਰੇਮ ਖੇਲਣ ਦਾ ਚਾਉ
ਸਿਰ ਧਰ ਤਲੀ ਗਲੀ ਮੇਰੀ ਆਉ॥
ਇਤ ਮਾਰਗ ਪੈਰ ਧਰੀਜੈ-
ਸਿਰ ਦੀਜੈ ਕਾਣ ਨਾ ਕੀਜੈ॥[6]

ਗੁਰੂ ਨਾਨਕ ਨੇ ਮਨੁੱਖੀ ਮਨ ਨੂੰ ਪਰਮਾਤਮਾ ਨਾਲ ਸਿੱਧੇ ਤੌਰ ਤੇ ਜੋੜ ਦਿੱਤਾ ਸੀ। ਗੁਰੂ ਨਾਨਕ ਲਈ ਧਾਰਮਿਕ ਰਸਤੇ ਤੋਂ ਭਾਵ ਸੀ ਮਨੁੱਖੀ ਮਨ ਦਾ ਪ੍ਰਭੂ ਪ੍ਰਤੀ ਸ਼ੁੱਧ ਪ੍ਰੇਮ ਭਾਵਨਾ ਦਾ ਰਸਤਾ। ਉਨ੍ਹਾਂ ਨੇ ਧਰਮ ਦੇ ਨਾਮ ਤੇ ਉਹਨਾਂ ਸਾਰੇ ਕਰਮ ਕਾਡਾਂ ਦਾ ਵਿਰੋਧ ਕੀਤਾ ਜਿਨਾਂ ਦਾ ਸਿੱਧੇ ਤੌਰ ਤੇ ਪ੍ਰਭੂ ਪ੍ਰਤੀ ਭਾਵਨਾਤਮਿਕ ਅਤੇ ਪ੍ਰੇਮ ਵਾਲਾ ਕੋਈ ਸਬੰਧ ਨਹੀਂ ਸੀ। ਗੁਰੂ ਨਾਨਕ ਦਾ ਰਸਤਾ ਮਨੁੱਖ ਅਤੇ ਪ੍ਰਭੂ ਵਿਚਕਾਰ ਸਿੱਧਾ ਪ੍ਰੇਮ ਸਬੰਧ ਦਾ ਰਿਸ਼ਤਾ ਸੀ। ਸਿੱਖ ਧਰਮ ਦਾ ਮੁੱਢ ਹੀ ਖਾਲਸਾ ਪੰਥ ਦਾ ਮੁਢ ਸੀ, ਭਾਵ; ਉਹ ਰਸਤਾ ਜਿਥੇ ਸਿੱਖਾਂ ਨੂੰ ਜਿੰਦਗੀ ਦੇ ਸਹੀ ਮਕਸਦ ਨਾਲ ਸਿੱਧੇ ਤੌਰ ਤੇ ਜੋੜਿਆ ਗਿਆ ਸੀ। ਜਿਥੇ ਗੁਰੂ

5. ਕਿਰਪਾਲ ਸਿੰਘ ਨਾਰੰਗ, "ਗੁਰੂ ਗੋਬਿੰਦ ਸਿੰਘ ਬਰੌਟ ਰਿਲੀਜਨ ਟੂ ਲਾਈਫ," ਦ ਟੈਂਥ ਮਾਸਟਰ, ਦ ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ, ਚੰਡੀਗੜ੍ਹ, 1967, ਪੰਨਾ 31.
6. ਗੁਰੂ ਗ੍ਰੰਥ ਸਾਹਿਬ, ਪੰਨਾ 1412.

ਨਾਨਕ ਨੇ ਮਨੁੱਖੀ ਮਨ ਨੂੰ ਸਿੱਧੇ ਤੌਰ ਤੇ ਪ੍ਰਭੂ ਭਗਤੀ ਨਾਲ ਜੋੜਿਆ, ਦੂਜੇ ਪਾਸੇ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਉਹ ਰਾਹ ਪ੍ਰਦਾਨ ਕੀਤਾ ਜਿਹੜਾ ਸਮਾਜਿਕ ਅਤੇ ਪਦਾਰਥਕ ਸਚਾਈਆਂ ਨਾਲ ਵੀ ਸਿੱਧਾ ਜੁੜਿਆ ਹੋਇਆ ਸੀ। ਸਮੁੱਚੀ ਜੀਵਨ ਧਾਰਾ ਨੂੰ ਪਰਮਾਤਮਾ ਦੀ ਹੋਂਦ ਦਾ ਪਾਸਾਰ ਮੰਨਦੇ ਹੋਏ ਉਸ ਨੂੰ ਇਕੋ ਹੀ ਮੰਨਿਆ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਦਾ ਧਾਰਮਿਕ ਰਾਹ ਅਧਿਆਤਮਿਕਤਾ, ਸਮਾਜਿਕ ਅਤੇ ਆਰਥਿਕ ਜ਼ਿੰਮੇਵਾਰੀਆਂ ਦਾ ਰਾਹ ਸੀ। ਗੁਰੂ ਜੀ ਨੇ ਇਕਤਰਫਾ ਜੀਣ ਢੰਗ ਨੂੰ ਮਾਨਤਾ ਨਹੀਂ ਦਿੱਤੀ।

ਇਸ ਇਕਤਰਫਾ ਜੀਣ-ਢੰਗ ਦੇ ਅੰਤਰਗਤ ਜਾਂ ਤਾਂ ਕੋਈ ਸ਼ੁੱਧ ਰੂਪ ਵਿਚ ਸੰਸਾਰਕ ਜ਼ਿੰਮੇਵਾਰੀਆਂ ਨਾਲ ਕੋਈ ਵੀ ਸੰਬੰਧ ਰੱਖੇ ਬਗੈਰ ਧਾਰਮਿਕ ਰਹਿ ਸਕਦਾ ਸੀ ਜਾਂ ਬਿਨਾਂ ਕੋਈ ਧਾਰਮਿਕ ਉਦੇਸ਼ ਰੱਖੇ ਸੰਸਾਰੀ ਹੋ ਸਕਦਾ ਸੀ। ਪਰ ਗੁਰੂ ਜੀ ਦਾ ਨਾਅਰਾ 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ, ਇਕ ਸਾਂਝੇ ਜੀਵਨ ਢੰਗ ਦਾ ਨਮੂਨਾ ਸੀ। ਇਸ ਤਰ੍ਹਾਂ ਦੇ ਜੀਵਨ ਢੰਗ ਦਾ ਨਮੂਨਾ ਉਸ ਵੇਲੇ ਦੇ ਜੀਵਨ ਢੰਗ ਅਤੇ ਖਾਸ ਤੌਰ ਤੇ ਭਾਰਤੀ ਜੀਵਨ ਢੰਗ ਨੂੰ ਇਸ ਤਰ੍ਹਾਂ ਪ੍ਰਣਾਲੀਬੱਧ ਕੀਤਾ ਗਿਆ ਸੀ ਕਿ ਜ਼ਿੰਦਗੀ ਚਾਰ ਹਿੱਸਿਆ ਵਿਚ ਵੰਡੀ ਗਈ ਸੀ। ਜਿਸ ਨੂੰ ਵਰਣ ਆਸ਼ਰਮ ਧਰਮ ਕਿਹਾ ਗਿਆ। ਇਹ ਜ਼ਾਹਿਰ ਹੈ ਕਿ ਰਿਗਵੇਦ ਕਾਲ ਦੇ ਅੰਤ ਤੱਕ ਭਾਰਤੀ ਸਮਾਜ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਜਿਸ ਵਿਚ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਸਨ। ਇਸ ਵੰਡ ਨੂੰ ਦੈਵੀ ਹੁਕਮਾਂ ਤੇ ਆਧਾਰਿਤ ਵੀ ਮੰਨਿਆ ਜਾਣ ਲੱਗ ਪਿਆ ਸੀ ਅਤੇ ਰਿਗਵੇਦ ਦੇ ਪੁਰਸ਼-ਸ਼ੁਕਤ ਵਿਚ ਇਸ ਚਾਰ ਕਿਸਮ ਦੀ ਵੰਡ ਨੂੰ ਬ੍ਰਹਮਾ ਦੇ ਸਰੀਰ ਤੋਂ ਪੈਦਾ ਹੋਏ ਮੰਨਿਆ ਗਿਆ ਹੈ। ਇਸ ਕਰਕੇ ਜ਼ਿੰਦਗੀ ਦੇ ਸਾਰੇ ਪੱਖਾਂ ਭਾਵ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਕਰਤੱਵਾਂ ਨੂੰ ਪੁਰਸ਼-ਸ਼ੁਕਤ ਦੇ ਆਧਾਰ ਤੇ ਹੀ ਨਿਰਧਾਰਤ ਕੀਤਾ ਜਾਂਦਾ ਸੀ।

ਗੁਰੂ ਸਾਹਿਬਾਨ ਅਤੇ ਖਾਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਵਰਣਾਸ਼ਰਮ ਧਰਮ ਦੀ ਸੰਸਥਾ ਦੇ ਮੁਢਲੇ ਅਤੇ ਦੈਵੀ ਆਰੰਭ ਨੂੰ ਮੰਨਣ ਤੋਂ ਇਨਕਾਰ ਹੀ ਨਹੀਂ ਕੀਤਾ ਸਗੋਂ ਇਸ ਪ੍ਰਣਾਲੀ ਦੀ ਨੈਤਿਕ ਅਤੇ ਸਮਾਜਿਕ ਸਾਰਥਕਤਾ ਨੂੰ ਵੀ ਨਕਾਰਿਆ।[7]

ਉਸ ਸਮੇਂ ਤੱਕ ਕੰਮ ਦੀ ਵੰਡ ਦੇ ਆਧਾਰ ਤੇ ਸਮਾਜਿਕ ਜੀਵਨ ਦੀ ਵੰਡ ਜਾਤੀ-ਪ੍ਰਥਾ ਵਰਗੀ ਇਕ ਬੁਰਾਈ ਜਿਹੀ ਬਣ ਕੇ ਰਹਿ ਗਈ ਸੀ। ਜਾਤੀ ਪ੍ਰਥਾ ਦਾ ਸਭ ਤੋਂ ਘਿਨਾਉਣਾ ਰੂਪ ਜੋ ਗੁਰੂ ਸਾਹਿਬ ਦੇ ਸਮੇਂ ਤੇ ਪ੍ਰਚਲਤ ਸੀ ਉਹ ਸੀ, ਕਿ ਬ੍ਰਾਹਮਣ ਨੇ ਆਪਣੇ ਆਪ ਨੂੰ ਸਮਾਜ ਵਿਚ ਸਭ ਤੋਂ ਉੱਤਮ ਦਰਜਾ ਦੇ ਰੱਖਿਆ ਸੀ। ਇਹ ਬ੍ਰਾਹਮਣ ਹੀ ਹੋਇਆ ਕਰਦਾ ਸੀ ਜੋ ਪੂਜਾ ਕਰਨ ਵਾਲਿਆਂ ਲਈ ਧਾਰਮਿਕ ਰਸਮਾਂ ਨਿਭਾਇਆ ਕਰਦਾ ਸੀ। ਪਰਮਾਤਮਾ ਨਾਲ ਪੂਜਾ ਕਰਨ ਵਾਲਿਆਂ ਦਾ ਸਿੱਧਾ ਸੰਬੰਧ ਨਹੀਂ ਸੀ। ਦੂਜੇ ਪਾਸੇ ਬ੍ਰਾਹਮਣ; ਕਿਉਂਕਿ ਉਹ ਧਾਰਮਿਕ ਕਰਮ-ਕਾਂਡ ਕਰਨ ਦੇ ਬਦਲੇ ਅੱਛੀ-ਖਾਸੀ ਦਕਸ਼ਿਨਾ ਲਿਆ ਕਰਦਾ ਸੀ ਇਸ ਕਰਕੇ ਉਹ ਇੰਨਾ ਆਦੀ ਹੋ ਚੁਕਾ ਸੀ ਕਿ ਉਹ ਕਦੇ ਨਹੀਂ ਸੀ ਚਾਹੁੰਦਾ ਕਿ ਆਮ ਜਨਤਾ ਆਪਣੇ ਧਾਰਮਿਕ ਕਰਮ-ਕਾਂਡ ਖੁਦ ਕਰੇ। ਦੂਜੇ ਪਾਸੇ ਬ੍ਰਾਹਮਣ ਨੇ ਕੇਵਲ ਆਪਣੇ

---

7. ਕਪੂਰ ਸਿੰਘ ਉਹੀ ਪੰਨਾ 6-7.

ਆਪ ਨੂੰ ਹੀ ਧਾਰਮਿਕ ਗ੍ਰੰਥਾਂ ਦੇ ਗਿਆਤਾ ਹੋਣ ਦਾ ਹੱਕ ਦੇ ਰੱਖਿਆ ਸੀ। ਇਸ ਤਰਾਂ ਆਮ ਜਨਤਾ ਨੂੰ ਧਰਮ ਦੇ ਰਾਹ ਤੇ ਗੁਮਰਾਹ ਕੀਤਾ ਜਾ ਰਿਹਾ ਸੀ, ਜਿਸ ਦਾ ਨਾਂ ਤਾਂ ਉਨਾਂ ਨੂੰ ਅਧਿਆਤਮਕ ਤੌਰ ਤੇ ਕੋਈ ਲਾਭ ਸੀ ਅਤੇ ਨਾਂ ਹੀ ਸਮਾਜਿਕ ਤੌਰ ਤੇ।

ਗੁਰੂ ਨੇ ਆਪਣੇ ਇਸ ਨਵੇਂ ਧਰਮ ਵਿਚ ਨਾਂ ਕੇਵਲ ਹਰ ਆਦਮੀ ਨੂੰ ਪਰਮਾਤਮਾ ਬਾਰੇ ਪੂਰੀ ਤਰ੍ਹਾਂ ਜਾਨਣ ਦਾ ਹੱਕ ਦਿਤਾ ਬਲਕਿ ਉਨਾਂ ਨੂੰ ਸਿੱਧੇ ਤੌਰ ਤੇ ਉਸ ਦੇ ਰਾਹ ਤੇ ਜੋੜਨ ਦੀ ਕੋਸ਼ਿਸ਼ ਕੀਤੀ। ਪਰਮਾਤਮਾ ਅਤੇ ਇਨਸਾਨ ਦੇ ਵਿਚਕਾਰ ਆਉਣ ਵਾਲੇ ਕਿਸੇ ਵੀ ਮੱਧਵਰਤੀ ਦੀ ਹੋਂਦ ਨੂੰ ਖਤਮ ਕਰ ਦਿੱਤਾ। ਭਾਵੇਂ ਖੱਤਰੀਆਂ ਅਤੇ ਵੈਸ਼ਾਂ ਦੀ ਹਾਲਤ ਠੀਕਠਾਕ ਸੀ, ਪਰ ਸ਼ੂਦਰਾਂ ਦੀ ਹਾਲਤ ਬਹੁਤ ਤਰਸਯੋਗ ਸੀ। ਸ਼ੂਦਰ ਸਾਰੇ ਸਮਾਜ ਦੇ ਕੰਮ ਦੇ ਬੋਝ ਹੇਠ ਦਬਿਆ ਹੋਇਆ ਸੀ, ਦੂਜੇ ਪਾਸੇ ਉਸ ਨੂੰ ਇਜ਼ਤਦਾਰ ਜਿੰਦਗੀ ਜੀਣ ਦਾ ਅਧਿਕਾਰ ਨਹੀਂ ਦਿੱਤਾ ਜਾਂਦਾ ਸੀ। ਖੱਤਰੀ ਸਮਾਜ ਦੀ ਸੁਰੱਖਿਆ ਲਈ ਲੜਦਾ ਸੀ। ਵੈਸ਼ ਵਪਾਰ ਕਰਦਾ ਸੀ ਅਤੇ ਸ਼ੂਦਰ ਸਾਰੇ ਸਮਾਜ ਦੀ ਸੇਵਾ ਕਰਦਾ ਸੀ। ਇਸ ਤਰਾਂ ਸਮਾਜ ਦਾ ਕੇਵਲ ਇਕ ਚੌਥਾਈ ਭਾਗ ਭਾਵ; ਸ਼ੂਦਰ ਹੀ ਸਾਰੇ ਸਮਾਜ ਦੀ ਸੇਵਾ ਦਾ ਕੰਮ ਇਕੱਲਾ ਕਰਦਾ ਸੀ। ਗੁਰੂ ਨਾਨਕ ਨੇ ਕੇਵਲ ਇਸੇ ਕਰਕੇ ਹੀ ਜਾਤੀ ਪ੍ਰਥਾ ਨੂੰ ਮੰਨਣ ਤੋਂ ਇਨਕਾਰ ਨਹੀਂ ਕੀਤਾ ਕਿ ਇਸ ਅਨੁਸਾਰ ਇਨਸਾਨ ਅਤੇ ਇਨਸਾਨ ਵਿਚ ਵੰਡ ਕੀਤੀ ਜਾਂਦੀ ਸੀ ਬਲਕਿ ਇਸ ਕਰਕੇ ਵੀ ਕਿ ਜਿਥੋਂ ਤੱਕ ਕੰਮ ਦੀ ਵੰਡ ਦਾ ਸੁਆਲ ਸੀ ਇਹ ਬੜੀ ਜ਼ਾਲਮ ਕਿਸਮ ਦਾ ਬੰਦੋਬਸਤ ਸੀ। ਦੂਜਾ ਉਸ ਵੇਲੇ ਦੇ ਭਾਰਤੀ ਸਮਾਜ ਦਾ ਕੇਵਲ ਇਕ ਚੌਥਾਈ ਹਿੱਸਾ ਹੀ ਸਮੁੱਚੇ ਸਮਾਜ ਦੀ ਜੀਵਿਕਾ ਲਈ ਕੰਮ ਕਰ ਰਿਹਾ ਸੀ। ਬਾਕੀ ਦਾ ਤਿੰਨ ਚੌਥਾਈ ਭਾਗ ਉਸ ਇਕ ਚੌਥਾਈ ਭਾਗ ਉਤੇ ਨਿਰਭਰ ਕਰਦਾ ਸੀ। ਇਸ ਤਰਾਂ ਭਾਰਤ ਸੰਸਾਰ ਵਿਚ ਇਕ ਇੱਜ਼ਤਦਾਰ ਆਤਮ ਨਿਰਭਰ ਦੇਸ਼ ਦੇ ਤੌਰ ਤੇ ਕਿਵੇਂ ਉੱਨਤੀ ਕਰ ਸਕਦਾ ਸੀ? ਜਦੋਂ ਗੁਰੂ ਜੀ ਨੇ ਕਿਹਾ ਕਿ ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦਾ ਸਵੈ-ਪ੍ਰਗਟਾਵਾ ਹੈ ਤਾਂ ਭਾਰਤੀ ਜਾਤੀ ਪ੍ਰਥਾ ਨੂੰ ਆਪਣੇ ਆਪ ਇਕ ਧੱਕਾ ਲੱਗਿਆ। ਗੁਰੂ ਸਾਹਿਬ ਜੀ ਦੇ ਵਿਧਾਨ ਵਿਚ ਹਰ ਆਦਮੀ ਦੇ ਹੱਕ ਰਾਖਵੇਂ ਸਨ। ਜਦੋਂ ਗੁਰੂ ਜੀ ਨੇ ਕਿਹਾ ਕਿ ਸਮਾਜ ਵਿਚ ਆਪਣੀ ਆਪਣੀ ਜੀਵਿਕਾ ਕਮਾਣ ਲਈ ਹਰ ਆਦਮੀ ਨੂੰ ਕਿਰਤ ਕਰਨੀ ਚਾਹੀਦੀ ਹੈ ਤਾਂ ਭਾਰਤੀ ਸਮਾਜ ਵਿਚ ਹੀਣੇ ਗਿਣੇ ਜਾਂਦੇ ਵਿਅਕਤੀ ਨੇ ਵੀ ਸੁਖ ਦਾ ਸਾਹ ਲਿਆ। ਸਿਰਫ਼ ਉਸ ਦਾ ਕੰਮ ਹੀ ਉਸਦੇ ਸਾਥੀਆਂ ਦੁਆਰਾ ਵੰਡਿਆ ਨਹੀਂ ਗਿਆ ਬਲਕਿ ਉਸ ਨੂੰ ਇੱਜ਼ਤ ਵਾਲੀ ਜਿੰਦਗੀ ਜੀਣ ਦਾ ਅਧਿਕਾਰ ਵੀ ਦਿੱਤਾ ਜਾ ਰਿਹਾ ਸੀ। ਉਸ ਨੂੰ ਧਾਰਮਿਕ ਜੀਵਨ ਜੀਣ ਦਾ ਅਤੇ ਧਾਰਮਿਕ ਰਹੁ-ਰੀਤਾਂ ਕਰਨ ਦਾ ਅਧਿਕਾਰ ਵੀ ਮਿਲ ਗਿਆ। ਜੋ ਸਦੀਆਂ ਤੱਕ ਉਸ ਦੀ ਪਹੁੰਚ ਵਿਚ ਨਹੀਂ ਸੀ।

ਸਿੱਖ ਧਰਮ ਅਸਲ ਵਿਚ ਧਾਰਮਿਕ ਅਤੇ ਸਮਾਜਿਕ ਕਦਰਾਂ-ਕੀਮਤਾਂ ਦੇ ਇਤਿਹਾਸ ਵਿਚ ਇਕ ਨਵੇਂ ਯੁਗ ਦਾ ਆਰੰਭ ਸੀ। ਇਕ ਪਾਸੇ ਗੁਰੂ ਜੀ ਨੇ ਮਨੁੱਖੀ ਚੇਤਨਾ ਨੂੰ ਧਰਮ ਦੇ ਅਸਲੀ ਮਕਸਦ ਨਾਲ ਸਿੱਧੇ ਤੌਰ ਤੇ ਜੋੜਿਆ ਅਤੇ ਦੂਜਾ ਸਮਾਜ ਦੇ ਸਾਰੇ ਵਰਗਾਂ ਨੂੰ ਇਕ ਭਾਈਚਾਰਕ ਸੰਗਠਨ ਵਿਚ ਜੋੜਿਆ। ਗੁਰੂ ਜੀ ਤੋਂ ਪਹਿਲਾਂ ਆਮ ਤੌਰ ਤੇ ਧਾਰਮਿਕ ਕਾਰ-ਵਿਹਾਰ ਅਤੇ ਖਾਸ ਕਰਕੇ ਭਗਤੀ ਕੇਵਲ ਬ੍ਰਾਹਮਣਾਂ ਦਾ ਹੀ ਕੰਮ ਸੀ। ਇਸ ਦੇ ਬਦਲੇ

ਬ੍ਰਾਹਮਣ ਭਾਰੀ ਦਕਸ਼ਣਾ ਲਿਆ ਕਰਦਾ ਸੀ। ਸ਼ਾਇਦ ਇਸੇ ਕਰਕੇ ਬ੍ਰਾਹਮਣ ਨੇ ਕਦੇ ਵੀ ਦੂਜੇ ਲੋਕਾਂ ਨੂੰ ਧਰਮ ਗ੍ਰੰਥਾਂ ਨੂੰ ਪੜ੍ਹਨ ਅਤੇ ਉਸ ਦੇ ਅਸਲੀ ਭਾਵ ਨੂੰ ਸਮਝਣ ਦਾ ਹੱਕ ਨਹੀਂ ਦਿੱਤਾ। ਪਰ ਇਸ ਦੇ ਉਲਟ ਗੁਰੂ ਜੀ ਨੇ ਆਮ ਜਨਤਾ ਨੂੰ ਨਾਂ ਕੇਵਲ ਧਰਮ ਦੇ ਅਸਲੀ ਭਾਵ ਨਾਲ ਹੀ ਜੋੜਿਆ ਬਲਕਿ ਉਨਾਂ ਨੂੰ ਪਰਮਾਤਮਾ ਨਾਲ ਸਿੱਧਾ ਸੰਬੰਧ ਕਾਇਮ ਕਰਨ ਦਾ ਰਸਤਾ ਵੀ ਦਿੱਤਾ। ਇਹ ਰਸਤਾ ਸੀ ਕੇਵਲ ਪ੍ਰਭੂ ਨਾਮ ਨੂੰ ਆਪਣੇ ਹਿਰਦੇ ਵਿਚ ਜਪਣਾ। ਇਹ ਬ੍ਰਾਹਮਣਾਂ ਦੁਆਰਾ ਸੁਝਾਏ ਗਏ ਜਟਿਲ ਕਰਮ ਕਾਂਡਾ ਤੋਂ ਬਿਲਕੁਲ ਭਿੰਨ ਸੀ। ਗੁਰੂ ਜੀ ਨੇ ਸਾਰੇ ਕਿਸਮ ਦੇ ਸਮਾਜਿਕ ਅਤੇ ਧਾਰਮਿਕ ਸੰਪਰਕ ਸਾਰੇ ਲੋਕਾਂ ਲਈ ਇਕੋ ਜਿਹੇ ਨਿਰਧਾਰਤ ਕੀਤੇ। ਜਾਤੀ ਪ੍ਰਥਾ ਦੇ ਝੂਠੇ ਸਿਧਾਂਤ ਤੇ ਅਧਾਰਤ ਜਾਤੀ-ਪ੍ਰਥਾ ਦੇ ਰੁਤਬੇ ਨੂੰ ਉਨਾਂ ਨੇ ਬਿਲਕੁਲ ਅਣਗੌਲਿਆ ਕਰ ਦਿਤਾ। ਹਰ ਕਿਸੇ ਨੂੰ ਭਗਤੀ ਕਰਨ ਦਾ ਅਧਿਕਾਰ ਦਿੱਤਾ। ਗੁਰੂ ਦੁਆਰਾ ਦਰਸਾਏ ਗਏ ਪ੍ਰਭੂ-ਨਾਮ ਸਿਮਰਨ ਲਈ ਕਿਸੇ ਵਿਚੋਲੇ ਦੀ ਜਰੂਰਤ ਨਹੀਂ ਸੀ। ਇਹ ਮਨੁੱਖੀ ਹਿਰਦੇ ਅਤੇ ਪ੍ਰਭੂ ਵਿਚਕਾਰ ਸਿੱਧਾ ਸੰਬੰਧ ਸੀ। ਆਸ਼ਰਮ ਧਰਮ ਦੇ ਅਧਾਰ ਤੇ ਸਮਾਜਕ ਵੰਡ ਸਿਧਾਂਤ ਨੂੰ ਵੀ ਗੁਰੂ ਜੀ ਨੇ ਮਨਜ਼ੂਰ ਨਹੀਂ ਕੀਤਾ। ਇਸ ਸਿਧਾਂਤ ਅਨੁਸਾਰ ਮਨੁੱਖੀ ਜੀਵਨ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਸੀ। ਜਿਵੇਂ; ਕਿ ਬ੍ਰਹਮਚਾਰੀ ਆਸ਼ਰਮ, ਗ੍ਰਹਿਸਤ ਆਸ਼ਰਮ, ਬਾਨਪ੍ਰਸਤ ਆਸ਼ਰਮ ਅਤੇ ਸੰਨਿਆਸ ਆਸ਼ਰਮ। ਬ੍ਰਹਮਚਾਰੀ ਆਸ਼ਰਮ ਅਨੁਸਾਰ ਇਨਸਾਨ ਨੇ ਵਿਦਿਆ ਹਾਸਿਲ ਕਰਨੀ ਹੁੰਦੀ ਸੀ। ਗ੍ਰਹਿਸਤ ਆਸ਼ਰਮ ਵਿਚ ਸ਼ਾਦੀ ਕਰਵਾ ਕੇ ਸਮਾਜਿਕ ਜੀਵਨ ਦਾ ਵਿਧਾਨ ਸੀ। ਵਾਨਪ੍ਰਸਤ ਆਸ਼ਰਮ ਜੰਗਲਾਂ ਵਿਚ ਰਹਿ ਕੇ ਸੰਨਿਆਸ ਦੀ ਤਿਆਰੀ ਕਰਨਾ ਸੀ ਅਤੇ ਸੰਨਿਆਸ ਆਸ਼ਰਮ ਹੀ ਜੀਵਨ ਦਾ ਉਹ ਹਿੱਸਾ ਸੀ ਜਿਸ ਵਿਚ ਮਨੁੱਖ ਨੇ ਪੂਰੀ ਤਰਾਂ ਸੰਸਾਰ ਅਤੇ ਇਸ ਤੇ ਸੁੱਖਾਂ ਦਾ ਤਿਆਗ ਕਰਕੇ ਪ੍ਰਭੂ ਭਗਤੀ ਵਿਚ ਲੀਨ ਹੋਣਾ ਹੁੰਦਾ ਸ਼ੀ। ਜਿੰਦਗੀ ਦਾ ਇਹੀ ਹਿੱਸਾ ਆਤਮ-ਸਿੱਧੀ ਲਈ ਨਿਸ਼ਚਿਤ ਸੀ। ਇਥੇ ਵੀ ਜੀਵਨ ਨੂੰ ਦੋਨੋਂ ਤਰਾਂ ਨਾਲ ਵੰਡਿਆ ਹੋਇਆ ਸੀ। ਇੱਕ ਪਾਸੇ ਧਾਰਮਿਕ ਜੀਵਨ ਦੇ ਅਧਿਕਾਰਾਂ ਦੇ ਆਧਾਰ ਤੇ ਅਤੇ ਦੂਜੇ ਪਾਸੇ ਸਮਾਜਿਕ ਕਰਤੱਵਾਂ ਦੇ ਆਧਾਰ ਤੇ। ਇਸ ਸਿਧਾਂਤ ਦੇ ਤਹਿਤ ਵੀ ਸਮਾਜ ਦਾ ਕੇਵਲ ਇਕ ਚੌਥਾਈ ਹਿੱਸਾ ਹੀ ਸਾਰੇ ਸਮਾਜ ਦੀ ਉਪਜੀਵਕਾ ਲਈ ਕੰਮ ਕਰ ਰਿਹਾ ਸੀ। ਸਮਾਜ ਦਾ ਸਾਰਾ ਬੋਝ ਗ੍ਰਹਿਸਤੀ ਉੱਪਰ ਸੀ। ਪਰ ਗੁਰੂ ਜੀ ਨੇ ਇਸ ਵੰਡ ਨੂੰ ਖਤਮ ਕਰਨ ਦੇ ਉਪਰਾਲੇ ਕੀਤੇ। ਗੁਰੂ ਜੀ ਦੀ ਵਿਚਾਰ ਪ੍ਰਣਾਲੀ ਵਿਚ ਭਗਤੀ ਅਤੇ ਸਮਾਜਕ ਕਰਤੱਵਾਂ ਨੇ ਇਕੱਠੇ ਮਿਲਕੇ ਚਲਣਾ ਸੀ। ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ, ਬਿਨਾਂ ਉਮਰ ਜਾਂ ਜਾਤੀ ਦੇ ਰੁਤਬੇ ਦੇ ਲਿਹਾਜ ਤੋਂ ਸਭ ਲਈ ਜਰੂਰੀ ਸੀ। ਗੁਰੂ ਦਾ ਸਿੱਖ ਕੇਵਲ ਪ੍ਰਮਾਤਮਾ ਨਾਲ ਹੀ ਸਿੱਧਾ ਜੁੜਿਆ ਹੋਇਆ ਨਹੀਂ ਸੀ ਬਲਕਿ ਉਹ ਆਪਣੀਆਂ ਸਮਾਜਕ ਜਿੰਮੇਵਾਰੀਆਂ ਪ੍ਰਤੀ ਵੀ ਸਿੱਧੇ ਤੌਰ ਤੇ ਚੇਤੰਨ ਅਤੇ ਕ੍ਰਿਆਸ਼ੀਲ ਸੀ। ਸਾਰੇ ਸਿੱਖ ਗੁਰੂਆਂ ਨੇ ਸਮਾਜ ਤੋਂ ਬਾਹਰ ਹੋ ਕੇ ਭਗਤੀ ਕਰਨ ਨੂੰ ਯੋਗ ਨਹੀਂ ਠਹਿਰਾਇਆ। ਅਸਲ ਵਿਚ ਉਨਾਂ ਆਪਣੇ ਸਿੱਖਾਂ ਨੂੰ ਇਹੀ ਹੁਕਮ ਦਿੱਤੇ ਕਿ ਉਹ ਸੰਸਾਰ ਦੀਆਂ ਅਸ਼ੁੱਧੀਆਂ ਜਾਂ ਬੁਰਾਈਆਂ ਵਿਚ ਰਹਿੰਦੇ ਹੋਏ ਆਪਣਾ ਸ਼ੁੱਧ ਸਿੱਖੀ ਜੀਵਨ ਬਤੀਤ ਕਰਨ। ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਹਿਮਾਲਿਆ ਪਰਬਤ ਤੇ ਗਏ ਤਾਂ ਉਨਾਂ ਨੇ ਦੇਖਿਆ ਕਿ ਨਾਥ ਯੋਗੀ

ਲੋਗ ਬਹੁਤ ਸਾਰੀਆਂ ਯੋਗ-ਸਾਧਨਾਵਾਂ ਵਿਚ ਲੱਗੇ ਹੋਏ ਸਨ। ਉਹ ਸੰਸਾਰ ਤੋਂ ਪਾਸੇ ਹੋ ਕੇ ਮੁਕਤੀ ਹਾਸਿਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਇਕ ਬੜੇ ਰੌਚਿਕ ਸੰਵਾਦ ਰਾਹੀਂ ਜੋ ਗੁਰੂ ਗ੍ਰੰਥ ਸਾਹਿਬ ਵਿਚ ਵੀ ਦਰਜ਼ ਹੈ, ਗੁਰੂ ਜੀ ਨੇ ਉਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨੂੰ ਮਨੁੱਖ ਵਿਚ ਰੱਬ ਦੇਖਣਾ ਚਾਹੀਦਾ ਹੈ, ਪਹਾੜਾਂ ਦੀ ਇਕੱਲਤਾ ਨੂੰ ਤਿਆਗ ਕੇ ਲੋਕਾਂ ਦੇ ਵਿਚਕਾਰ ਰਹਿ ਕੇ ਉਨਾਂ ਦੇ ਦੁੱਖਾਂ ਦਰਦਾਂ ਨੂੰ ਵੰਡਣਾ ਚਾਹੀਦਾ ਹੈ। ਇਹੀ ਤਰੀਕਾ ਹੈ ਕਿ ਉਨਾਂ ਨੂੰ ਮੁਕਤੀ ਹਾਸਿਲ ਹੋ ਸਕਦੀ ਹੈ।[8]

ਸਿੱਖ ਜੀਵਨ ਢੰਗ ਸ਼ੁਰੂ ਤੋਂ ਹੀ ਇਕ ਸੰਪੂਰਨ ਜੀਵਨ ਢੰਗ ਸੀ। ਇਸ ਵਿਚ ਮਨੁੱਖੀ ਹੋਂਦ ਦੇ ਉਦੇਸ਼ ਅਤੇ ਵਿਵਹਾਰ ਦੇ ਸਾਰੇ ਪੱਖ ਮੌਜੂਦ ਸਨ। ਇਕ ਸਿੱਖ ਇਕੋ ਸਮੇਂ ਤੇ ਪ੍ਰਭੂ-ਭਗਤ ਵੀ ਸੀ ਅਤੇ ਦੁਨਿਆਵੀ ਮਨੁੱਖ ਵੀ ਸੀ। ਇਕੋ ਸਮੇਂ ਉਹ ਗ੍ਰਹਿਸਤੀ ਅਤੇ ਸੰਨਿਆਸੀ ਦੋਨੋਂ ਹੀ ਸੀ। ਉਸ ਤੋਂ ਆਸ ਕੀਤੀ ਜਾਂਦੀ ਸੀ ਕਿ ਇਕੋ ਸਮੇਂ ਉਹ ਜੀਵਨ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪ੍ਰਬੰਧ ਵਿਚ ਆਪਣਾ ਯੋਗਦਾਨ ਪਾਏ। ਗੁਰੂ ਦੇ ਰਸਤੇ ਨੇ ਮਨੁੱਖ ਨੂੰ ਕੇਵਲ ਪਰਮ ਸੱਤ ਨਾਲ ਹੀ ਜੋੜਨ ਲਈ ਪ੍ਰੇਰਿਤ ਨਹੀਂ ਕੀਤਾ ਬਲਕਿ ਸੰਪੂਰਨ ਸਮਾਜਿਕ ਪ੍ਰਣਾਲੀ ਅਤੇ ਆਰਥਿਕ ਬੰਦੋਬਸਤ ਨਾਲ ਵੀ ਜੋੜਿਆ। ਇਨਸਾਨ ਅਤੇ ਇਨਸਾਨ ਵਿਚ ਅਤੇ ਇਨਸਾਨ ਅਤੇ ਪਰਮਾਤਮਾ ਵਿਚਕਾਰ ਰਿਸ਼ਤਾ ਸਥਾਪਤ ਕਰਨ ਦਾ ਇਹ ਇਕ ਸੰਪੂਰਨ ਰਾਹ ਸੀ। ਇਸ ਦੇ ਨਾਲ-ਨਾਲ ਗੁਰੂ ਜੀ ਨੇ ਆਪਣੇ ਸਿੱਖਾਂ ਵਿਚ ਰਾਜਨੀਤਿਕ ਸੰਬੰਧਾਂ ਬਾਰੇ ਚੇਤਨਤਾ ਵੀ ਪੈਦਾ ਕੀਤੀ। ਗੁਰੂ ਨਾਨਕ ਦੇਵ ਜੀ ਦੁਆਰਾ ਲਿਖੀ ਬਾਬਰ ਦੇ ਹਮਲੇ ਸਮੇਂ ਦੀ ਬਾਣੀ ਦਾ ਹਿੱਸਾ ਇਸ ਵਿਚਾਰ ਦਾ ਬਹੁਤ ਅਸਰਦਾਰ ਪ੍ਰਭਾਵ ਪੇਸ਼ ਕਰਦਾ ਹੈ। ਉਨ੍ਹਾਂ ਆਪਣੇ ਸਿੱਖਾਂ ਨੂੰ ਕਿਸੇ ਵੀ ਜ਼ੁਲਮ ਦਾ ਕੇਵਲ ਮੂਕ ਦਰਸ਼ਕ ਬਣਕੇ ਰਹਿਣਾ ਨਹੀਂ ਸਿਖਾਇਆ।

ਗੁਰੂ ਦੇ ਵਿਧਾਨ ਵਿਚ ਨਾ ਕੇਵਲ ਵਿਅਕਤੀਗਤ ਜੀਵਨ ਨੂੰ ਹੀ ਬਦਲਣ ਦੇ ਸੁਝਾਅ ਦਿੱਤੇ ਗਏ ਬਲਕਿ ਸਮੁੱਚੀ ਸਮਾਜਕ ਜੀਵਨ ਪ੍ਰਣਾਲੀ ਨੂੰ ਵੀ ਬਦਲਣ ਦੀ ਕੋਸ਼ਿਸ਼ ਕੀਤੀ ਗਈ। ਇਥੋਂ ਤੱਕ ਕਿ ਇਸ ਮਕਸਦ ਲਈ ਕੇਵਲ ਭਾਰਤੀ ਸਮਾਜਿਕ ਜੀਵਨ ਪ੍ਰਣਾਲੀ ਨੂੰ ਹੀ ਬਦਲਣਾ ਉਹਨਾਂ ਦਾ ਉਦੇਸ਼ ਨਹੀਂ ਸੀ, ਬਲਕਿ ਉਨਾਂ ਦਾ ਸੰਬੰਧ ਸਾਰੇ ਸੰਸਾਰ ਦੀਆਂ ਬੁਰਾਈਆਂ ਨੂੰ ਖ਼ਤਮ ਕਰਕੇ ਇਕ ਪਰਮਾਤਮਾ ਨਾਲ ਜੋੜਨਾ ਸੀ। ਗੁਰੂ ਸਾਹਿਬ ਦੀ ਸਮੁੱਚੀ ਸੋਚ ਦਾ ਸਰੋਕਾਰ ਕੇਵਲ ਭਾਰਤੀ ਧਾਰਮਿਕ ਅਤੇ ਰਾਜਨੀਤਿਕ ਸਮੱਸਿਆਵਾਂ ਨਾਲ ਹੀ ਨਹੀਂ ਸੀ ਬਲਕਿ ਸਮੁੱਚੇ ਵਿਸ਼ਵ ਨਾਲ ਸੀ। ਇਹੀ ਕਾਰਨ ਸੀ ਕਿ ਗੁਰੂ ਜੀ ਨੇ ਉਸ ਵੇਲੇ ਜਾਣੇ ਜਾਂਦੇ ਸਾਰੇ ਸੰਸਾਰ ਦਾ ਦੌਰਾ ਕੀਤਾ ਅਤੇ ਆਮ ਲੋਕਾਂ ਨੂੰ ਪਰਮਾਤਮਾ ਦੇ ਸਹੀ ਰਸਤੇ ਅਤੇ ਜੀਵਨ ਦੇ ਸਹੀ ਰਸਤੇ ਤੋਂ ਜਾਣੂ ਕਰਵਾਇਆ।

ਅੱਗੇ ਚਲ ਕੇ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰਾਂ ਨੇ ਇਸੇ ਪ੍ਰਥਾ ਨੂੰ ਅਪਣਾਇਆ ਅਤੇ ਇਸ ਨੂੰ ਬਹੁਤ ਸੰਗਠਿਤ ਸੰਸਥਾਵਾਂ ਦੇ ਰੂਪ ਵਿਚ ਅੱਗੇ ਵਧਾਇਆ। ਸੰਗਤ ਅਤੇ ਪੰਗਤ ਦੀਆਂ ਸੰਸਥਾਵਾਂ ਆਪਸ ਵਿਚ ਇੰਨੀਆਂ ਜੁੜੀਆਂ ਹੋਈਆਂ ਸਨ ਕਿ ਗੁਰੂ ਜੀ ਦਾ

---

8. ਕਿਰਪਾਲ ਸਿੰਘ ਨਾਰੰਗ, ਉਹੀ, ਪੰਨਾ 29.

ਹੁਕਮ ਸੀ ਕਿ ਕੋਈ ਵੀ ਸ਼ਰਧਾਲੂ ਜੋ ਉਨਾਂ ਦੇ ਦਰਸ਼ਨਾਂ ਨੂੰ ਆਉਂਦਾ ਸੀ ਉਹ ਪਹਿਲਾਂ ਲੰਗਰ ਵਿਚ ਬੈਠ ਕੇ ਭੋਜਨ ਛਕਦਾ ਅਤੇ ਬਾਅਦ ਵਿਚ ਸੰਗਤ ਵਿਚ ਬੈਠ ਕੇ ਪ੍ਰਭੂ ਭਜਨ ਕਰਦਾ। ਇਹ ਸਭ ਕੁਝ ਬਿਨਾਂ ਕਿਸੇ ਕਿਸਮ ਦੇ ਊਚ ਨੀਚ ਦੀ ਭਾਵਨਾ ਰੱਖੇ ਬਗੈਰ ਕੀਤਾ ਜਾਂਦਾ ਸੀ। ਇਸ ਸਭ ਕੁਝ ਦਾ ਮਕਸਦ ਸੀ ਹਜ਼ਾਰਾਂ ਸਾਲਾਂ ਪੁਰਾਣੀ ਜਾਤੀ ਪ੍ਰਥਾ ਦੀ ਜਟਿਲਤਾ ਨੂੰ ਖਤਮ ਕਰਨਾ। ਜਦੋਂ ਵੀ ਗੁਰੂ ਨਾਨਕ ਦੇਵ ਜੀ ਦੇ ਅਸਲੀ ਰਾਹ ਵਿਚ ਕੋਈ ਅੜਚਨ ਆਈ ਉਸ ਵੇਲੇ ਦੇ ਗੁਰੂ ਸਾਹਿਬ ਨੇ ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਤਰਾਂ ਹਰ ਗੁਰੂ ਨੇ ਸਿੱਖ ਪੰਥ ਨੂੰ ਸਿੱਧੀ ਸੇਧ ਪ੍ਰਦਾਨ ਕਰਨ ਲਈ ਆਪਣਾ-ਆਪਣਾ ਯੋਗਦਾਨ ਪਾਇਆ। ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਸਿੱਖ ਧਰਮ ਬੜੀ ਸ਼ਾਂਤੀ ਨਾਲ ਅੱਗੇ ਵਧਿਆ। ਗੁਰੂ ਅਰਜਨ ਦੇਵ ਜੀ ਨੇ ਖੁਦ ਬੜੇ ਜ਼ੋਰ-ਸ਼ੋਰ ਨਾਲ ਸ਼ਾਂਤੀ ਲਈ ਪ੍ਰੇਰਿਆ।

ਮੁਗਲ ਬਾਦਸ਼ਾਹ ਜਹਾਂਗੀਰ ਦੇ ਹੱਥੋਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸ਼ਾਂਤੀ ਪਸੰਦ ਸਿੱਖਾਂ ਦੇ ਇਤਿਹਾਸ ਵਿਚ ਇਕ ਨਵਾਂ ਮੋੜ ਆ ਗਿਆ ਸੀ। ਮੁਗਲ ਬਾਦਸ਼ਾਹਾਂ ਦੇ ਵੱਧ ਰਹੇ ਜ਼ੁਲਮ ਨੂੰ ਰੋਕਣ ਲਈ ਛੇਵੇਂ ਗੁਰੂ ਹਰਿਗੋਬਿੰਦ ਜੀ ਨੇ ਸਖਤ ਕਦਮ ਚੁੱਕਣ ਦਾ ਫੈਸਲਾ ਲਿਆ। ਉਨ੍ਹਾਂ ਨੇ ਇਕ ਸਿਪਾਹੀ ਵਾਂਗ ਯੁੱਧ ਦਾ ਰਵੱਈਆ ਅਖਤਿਆਰ ਕੀਤਾ। ਇਸ ਬਾਰੇ ਪੰਜਵੇਂ ਗੁਰੂ ਜੋ ਉਨ੍ਹਾਂ (ਗੁਰੂ ਹਰਿਗੋਬਿੰਦ) ਦੇ ਪਿਤਾ ਵੀ ਸਨ ਉਨ੍ਹਾਂ ਦੀ ਇਜਾਜ਼ਤ ਤਾਂ ਉਨ੍ਹਾਂ ਨੂੰ ਪਹਿਲਾਂ ਹੀ ਹਾਸਿਲ ਸੀ ਜਿਨ੍ਹਾਂ ਕਿਹਾ ਸੀ ਕਿ ਉਹ ਹੁਣ ਪੂਰੀ ਤਰ੍ਹਾਂ ਸ਼ਸ਼ਤਰਧਾਰੀ ਹੋ ਕੇ ਗੁਰਗੱਦੀ ਤੇ ਬੈਠਣ। ਇਸੇ ਕਰਕੇ ਸਮੇਂ ਦੇ ਸਭ ਤੋਂ ਸੁਘੜ ਅਤੇ ਸ਼ਸਤਰ ਵਿਦਿਆ ਦੇ ਮਾਹਿਰ ਬਾਬਾ ਬੁੱਢਾ ਜੀ ਤੋਂ ਉਨ੍ਹਾਂ ਨੇ ਸ਼ਸਤਰ ਵਿਦਿਆ ਹਾਸਿਲ ਕੀਤੀ। ਗੁਰੂ ਹਰਿਗੋਬਿੰਦ ਨੇ ਸਿੱਖ ਕੌਮ ਦੇ ਰਾਹ ਨੂੰ ਇਕ ਫੌਜੀ ਮੋੜ ਦਿੱਤਾ। ਦੂਜੇ ਪਾਸੇ ਭਾਰਤ ਦੇ ਸਮਾਜਿਕ ਅਤੇ ਰਾਜਨੀਤਿਕ ਹਾਲਾਤ ਹੋਰ ਵਿਗੜਦੇ ਗਏ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਮੁਗਲ ਬਾਦਸ਼ਾਹ ਔਰੰਗਜ਼ੇਬ ਆਪਣਾ ਧਰਮ; ਇਸਲਾਮ ਫੈਲਾਉਣ ਲਈ ਯਤਨਸ਼ੀਲ ਸੀ। ਉਹ ਗੈਰ ਮੁਸਲਮਾਨ ਭਾਰਤੀਆ ਨੂੰ ਇਸਲਾਮ ਧਾਰਨ ਨਾ ਕਰਨ ਲਈ ਬੁਰੀ ਤਰ੍ਹਾਂ ਮਾਰ ਰਿਹਾ ਸੀ। ਉਨ੍ਹਾਂ ਨੂੰ ਜਬਰਦਸਤੀ ਮੁਸਲਮਾਨ ਬਣਾਇਆ ਜਾ ਰਿਹਾ ਸੀ। ਜੋ ਲੋਕ ਮੁਸਲਮਾਨ ਬਣਨ ਤੋਂ ਇਨਕਾਰ ਕਰਦੇ ਸਨ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਰਹੀ ਸੀ। ਔਰੰਗਜ਼ੇਬ ਦੀ ਧਾਰਮਿਕ ਨੀਤੀ ਨੇ ਹਿੰਦੂਆਂ ਵਿਚ ਬਹੁਤ ਹਲਚਲ ਪੈਦਾ ਕੀਤੀ ਸੀ। ਔਰੰਗਜ਼ੇਬ ਨੂੰ ਰੋਜ਼ਾਨਾ ਉਨ੍ਹਾਂ ਹਿੰਦੂਆਂ ਦੇ ਕੱਟੇ ਹੋਏ ਸਿਰ ਗਿਣਨ ਦੀ ਆਦਤ ਹੀ ਪੈ ਗਈ ਸੀ, ਜੋ ਇਸਲਾਮ ਧਾਰਨ ਕਰਨ ਤੋਂ ਮਨ੍ਹਾਂ ਕਰਦੇ ਸਨ। ਇਕ ਦਿਨ ਨੌਵੇਂ ਗੁਰੂ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਕੋਲ ਕਸ਼ਮੀਰ ਦੇ ਕੁਝ ਪੰਡਤ ਆਏ। ਗੁਰੂ ਗੋਬਿੰਦ ਸਿੰਘ ਜੀ ਉਸ ਵੇਲੇ ਕੇਵਲ ਨੌਂ ਸਾਲਾਂ ਦੇ ਸਨ। ਉਹ ਆਪਣੇ ਪਿਤਾ ਜੀ ਅਤੇ ਕਸ਼ਮੀਰੀ ਪੰਡਿਤਾਂ ਦੀ ਗੱਲਬਾਤ ਸੁਣ ਰਹੇ ਸਨ। ਜਦੋਂ ਪੰਡਿਤ ਆਪਣੇ ਦੁੱਖਾਂ ਦੀਆਂ ਕਹਾਣੀਆਂ ਗੁਰੂ ਜੀ ਨੂੰ ਦੱਸ ਰਹੇ ਸਨ ਤਾਂ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਕਿ ਹੁਣ ਕਿਸੇ ਮਹਾਂਪੁਰਸ਼ ਦੇ ਬਲੀਦਾਨ ਦੀ ਜ਼ਰੂਰਤ ਹੈ ਜੋ ਇਸ ਦੇਸ਼ ਨੂੰ ਇਸ ਕਹਿਰ ਵਾਲੀ ਸਥਿਤੀ ਚੋਂ ਬਾਹਰ ਕੱਢ ਸਕੇ। ਇਹ ਸੁਣ ਕੇ ਬੱਚੇ ਗੋਬਿੰਦ ਸਿੰਘ ਨੇ ਕਿਹਾ ਸੀ, ਪਿਤਾ ਜੀ! ਇਸ ਵਕਤ

ਧਰਮ ਦੀ ਖਾਤਰ ਆਪਣੀ ਜਾਨ ਦਾ ਬਲੀਦਾਨ ਦੇਣ ਵਾਲਾ ਤੁਹਾਡੇ ਤੋਂ ਮਹਾਨ ਹੋਰ ਕੌਣ ਹੋ ਸਕਦਾ ਹੈ? ਨੌਂ ਸਾਲ ਦੇ ਬੱਚੇ ਦਾ ਇਹ ਜੁਆਬ ਸੁਣ ਕੇ ਸਾਰੇ ਹੈਰਾਨ ਰਹਿ ਗਏ। ਗੁਰੂ ਤੇਗ ਬਹਾਦਰ ਜੀ ਨੇ ਪੰਡਿਤਾਂ ਨੂੰ ਕਿਹਾ ਕਿ ਉਹ ਜਾ ਕੇ ਮੁਗਲ ਬਾਦਸ਼ਾਹ ਨੂੰ ਕਹਿਣ ਕਿ ਜੇ ਉਨ੍ਹਾਂ ਦਾ ਗੁਰੂ ਇਸਲਾਮ ਧਾਰਨ ਕਰ ਲਏਗਾ ਤਾਂ ਉਹ ਇਸਲਾਮ ਧਾਰਨ ਕਰਨਗੇ। ਇਸ ਦਾ ਨਤੀਜਾ ਇਹ ਹੋਇਆ ਕਿ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਨੂੰ ਕੈਦ ਕਰ ਲਿਆ। ਗੁਰੂ ਜੀ ਨੂੰ ਬਹੁਤ ਜ਼ਾਲਿਮ ਤਰੀਕੇ ਨਾਲ ਸ਼ਹੀਦ ਕੀਤਾ ਗਿਆ। ਪਰ ਭਾਰਤੀ ਲੋਕ ਉਸ ਵੇਲੇ ਔਰੰਗਜ਼ੇਬ ਦੇ ਜ਼ੁਲਮ ਤੋਂ ਇੰਨੇ ਡਰੇ ਹੋਏ ਸਨ ਕਿ ਦਿਨ ਦਿਹਾੜੇ ਗੁਰੂ ਜੀ ਦੇ ਕਤਲ ਤੋਂ ਬਾਅਦ ਕੋਈ ਵੀ ਉਨ੍ਹਾਂ ਦਾ ਅੰਤਿਮ ਸੰਸਕਾਰ ਕਰਨ ਲਈ ਅੱਗੇ ਨਹੀਂ ਆਇਆ। ਬਖਸ਼ੀਸ਼ ਸਿੰਘ ਨੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਪਿਤਾ ਜੀ ਦੀ ਸ਼ਹਾਦਤ ਦਾ ਇੰਨਾ ਦੁੱਖ ਨਹੀਂ ਲੱਗਾ ਹੋਣਾ, ਕਿਉਂਕਿ ਉਨ੍ਹਾਂ ਨੇ ਖੁਦ ਹੀ ਉਨ੍ਹਾਂ ਨੂੰ ਇਹ ਸ਼ਹਾਦਤ ਦੇਣ ਲਈ ਪ੍ਰੇਰਿਆ ਸੀ, ਪਰ ਇਸ ਦਾ ਉਨ੍ਹਾਂ ਨੂੰ ਜ਼ਰੂਰ ਦੁੱਖ ਹੋਇਆ ਕਿ ਉਨ੍ਹਾਂ ਦੇ ਸਿੱਖਾਂ ਨੇ ਡਰਪੋਕਤਾ ਦਿਖਾਈ ਕਿ ਔਰੰਗਜ਼ੇਬ ਦੇ ਕਹਿਰ ਤੋਂ ਡਰ ਕੇ ਕੋਈ ਵੀ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਉਠਾਉਣ ਲਈ ਨਹੀਂ ਆਇਆ। ਇਸ ਤਰ੍ਹਾਂ ਦੇ ਅਪਮਾਨ ਨੇ ਗੁਰੂ ਜੀ ਅੰਦਰ ਬਾਦਸ਼ਾਹਾਂ ਦੇ ਜ਼ੁਲਮ ਦੇ ਖਿਲਾਫ ਯੁੱਧ ਛੇੜਨ ਅਤੇ ਆਪਣੇ ਸਿੱਖਾਂ ਨੂੰ ਨਿਰਭੈ ਅਤੇ ਨਿਧੱੜਕ ਕੌਮ ਬਣਾਉਣ ਦਾ ਪੱਕਾ ਨਿਸ਼ਚਾ ਪੈਦਾ ਕਰ ਦਿੱਤਾ। ਕਿਉਂਕਿ ਹੁਣ ਉਨ੍ਹਾਂ ਨੇ ਜਾਣ ਲਿਆ ਸੀ ਕਿ ਕੇਵਲ ਚੁੱਪ-ਚਾਪ ਹੀ ਮੁਗਲਾਂ ਦੀਆਂ ਨੀਤੀਆਂ ਦਾ ਵਿਰੋਧ ਕਰਨ ਨਾਲ ਕੁਝ ਨਹੀਂ ਬਣੇਗਾ। ਇਸ ਕਰਕੇ ਉਨ੍ਹਾਂ ਨੇ ਸਮੇਂ ਦੇ ਜ਼ਾਲਿਮ ਹਾਕਮਾਂ ਦੇ ਖਿਲਾਫ ਇਕ ਚੁਣੌਤੀ ਵਜੋਂ ਸੰਤ ਸਿਪਾਹੀਆਂ ਦਾ ਇਕ ਜ਼ਬਰਦਸਤ ਸੰਗਠਨ ਤਿਆਰ ਕਰਨ ਦਾ ਫ਼ੈਸਲਾ ਕੀਤਾ।[9]

ਖਾਲਸਾ ਸਾਜਣ ਲਈ ਤੀਜਾ ਅਤੇ ਤਤਕਾਲ ਕਾਰਨ ਸੀ ਮਸੰਦਾਂ ਦਾ ਆਪਹੁਦਰਾਪਣ। ਸ਼ੁਰੂ ਵਿਚ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ ਸਿੱਖਿਆ ਵਾਸਤੇ ਸੰਗਤਾਂ ਸਥਾਪਤ ਕੀਤੀਆਂ। ਇਸ ਪ੍ਰਣਾਲੀ ਨੂੰ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੇ ਅੱਗੇ ਵਧਾਇਆ। ਉਨ੍ਹਾਂ ਨੇ ਇਸ ਨੂੰ ਸੰਸਥਾ ਦਾ ਰੂਪ ਦਿੱਤਾ। ਉਸ ਵੇਲੇ ਇਸ ਨੂੰ ਮੰਜੀ ਪ੍ਰਣਾਲੀ ਜਾਂ ਅਧਿਆਤਮਿਕ ਸਿੱਖਿਆ ਦਾ ਕੇਂਦਰ ਕਿਹਾ ਜਾਂਦਾ ਸੀ। ਇਸ ਮਕਸਦ ਲਈ ਬਵੰਜਾ ਵੱਡੇ ਕੇਂਦਰ ਸਨ ਅਤੇ ਬਾਈ ਛੋਟੇ ਕੇਂਦਰ। ਇਹ ਕੇਂਦਰ ਸਾਰੇ ਭਾਰਤ ਵਿਚ ਅਤੇ ਸ੍ਰੀਲੰਕਾ, ਗਜ਼ਨੀ ਅਤੇ ਅਫਗਾਨਿਸਤਾਨ ਤੱਕ ਫੈਲੇ ਹੋਏ ਸਨ। ਉਸ ਕੇਂਦਰ ਦੇ ਮੁਖੀ ਨੂੰ ਮਸੰਦ ਕਿਹਾ ਜਾਂਦਾ ਸੀ। ਉਹ ਮਸੰਦ ਸੰਗਤ ਨੂੰ ਗੁਰੂ ਜੀ ਦੇ ਡਿਪਟੀ ਵਜੋਂ ਧਾਰਮਿਕ ਸਿੱਖਿਆ ਪ੍ਰਦਾਨ ਕਰਿਆ ਕਰਦਾ ਸੀ। ਪਰ ਸਮਾਂ ਪਾ ਕੇ ਗੁਰੂ ਜੀ ਦੇ ਧਾਰਮਿਕ ਮਿਸ਼ਨ ਨੂੰ ਫੈਲਾਉਣ ਦੇ ਨਾਲ-ਨਾਲ ਸੰਗਤਾਂ ਤੋਂ ਗੁਰੂ ਘਰ ਲਈ ਇਕੱਠੀ ਹੋਈ ਭੇਟਾ ਨੂੰ ਉਨ੍ਹਾਂ ਨੇ ਆਪਣੇ ਨਿੱਜੀ ਹਿੱਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ। ਸਿਰਫ ਇਹੀ ਨਹੀਂ ਉਨ੍ਹਾਂ ਨੇ ਆਪਣੀ ਪੂਜਾ ਵੀ ਕਰਵਾਉਣੀ ਸ਼ੁਰੂ ਕਰ ਦਿੱਤੀ। ਸਗੋਂ ਉਨ੍ਹਾਂ ਨੇ ਇਥੋਂ ਤੱਕ ਕਹਿ ਦਿੱਤਾ ਕਿ ਹੁਣ ਉਹੀ (ਮਸੰਦ) ਅਸਲੀ ਗੁਰੂ ਹਨ, ਇਸ ਕਰਕੇ ਲੋਕਾਂ ਨੂੰ ਗੁਰੂ ਜੀ ਵਿਚ ਵਿਸ਼ਵਾਸ ਰੱਖਣ ਦੀ ਜ਼ਰੂਰਤ ਨਹੀਂ। ਜਦੋਂ

---

9. ਬਖਸ਼ੀਸ਼ ਸਿੰਘ, "ਗੁਰੂ ਗੋਬਿੰਦ ਸਿੰਘ, ਦ ਸੰਤ-ਪੋਇਟ-ਵਾਰੀਅਰ", ਦ ਟੈਂਥ ਮਾਸਟਰ, ਦ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1967, ਪੰਨਾ 170.

ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਬਾਰੇ ਪਤਾ ਲੱਗਾ ਤਾਂ ਸਿੱਖ ਧਰਮ ਦੀ ਇਸ ਨਿੱਘਰ ਰਹੀ ਹਾਲਤ ਤੋਂ ਉਹ ਚੇਤੰਨ ਹੋ ਗਏ। ਮਸੰਦਾਂ ਦੀਆਂ ਗਲਤ ਹਰਕਤਾਂ ਕਰਕੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਮਸੰਦ ਪ੍ਰਣਾਲੀ ਖਤਮ ਕਰ ਦਿੱਤੀ ਅਤੇ ਉਨ੍ਹਾਂ ਜ਼ਿੰਮੇਵਾਰ ਮਸੰਦਾਂ ਨੂੰ ਸਜ਼ਾ ਵੀ ਦਿੱਤੀ। ਹੁਣ ਗੁਰੂ ਜੀ ਸਿੱਖ ਵਿਵਹਾਰਿਕਤਾ ਨੂੰ ਸੇਧ ਦੇਣਾ ਚਾਹੁੰਦੇ ਸਨ ਜੋ ਮਸੰਦਾਂ ਦੀ ਮਤਲਬਪ੍ਰਸਤੀ ਕਰਕੇ ਆਪਣੇ ਉਦੇਸ਼ ਤੋਂ ਭਟਕ ਗਈ ਸੀ। ਮਸੰਦ ਬਿਲਕੁਲ ਉਸੇ ਤਰੀਕੇ ਨਾਲ ਵਿਵਹਾਰ ਕਰਨ ਲੱਗ ਪਏ ਸਨ, ਜਿਵੇਂ ਗੁਰੂ ਨਾਨਕ ਦੇ ਸਮੇਂ ਬ੍ਰਾਹਮਣ ਕਰ ਰਹੇ ਸਨ। ਮਸੰਦਾਂ ਦਾ ਵਿਚੋਲਾਪਨ ਉਸੇ ਤਰ੍ਹਾਂ ਖਤਮ ਕੀਤਾ ਗਿਆ ਜਿਵੇਂ ਭਾਰਤੀਆਂ ਦੀ ਧਾਰਮਿਕ ਜੀਵਨ ਸ਼ੈਲੀ ਵਿਚੋਂ ਬ੍ਰਾਹਮਣਾਂ ਦਾ ਵਿਚੋਲਾਪਨ ਖ਼ਤਮ ਕੀਤਾ ਗਿਆ ਸੀ।

ਦਸਵੇਂ ਗੁਰੂ, ਗੁਰੂ ਨਾਨਕ ਦੇ ਦੱਸੇ ਹੋਏ ਅਸਲੀ ਰਾਹ ਤੋਂ ਪਰ੍ਹੇ ਨਹੀਂ ਗਏ। ਧਰਮ ਦਾ ਅਸਲੀ ਉਦੇਸ਼ ਉਨ੍ਹਾਂ ਲਈ ਵੀ ਪ੍ਰਭੂ ਦਾ ਸੱਚਾ ਸੁੱਚਾ ਪਿਆਰ ਹੀ ਸੀ। ਧਰਮ ਦੇ ਨਾਂ ਤੇ ਫੋਕੇ ਰਸਮ-ਰਿਵਾਜਾਂ ਨੂੰ ਉਨ੍ਹਾਂ ਨੇ ਵੀ ਨਹੀਂ ਮੰਨਿਆ। ਉਨ੍ਹਾਂ ਇਹ ਵੀ ਮੰਨਿਆ ਕਿ ਪ੍ਰਭੂ ਲਈ ਸੱਚੇ-ਸੁੱਚੇ ਪ੍ਰੇਮ ਤੋਂ ਬਿਨਾਂ ਆਤਮ-ਨਿਰਵਾਣ ਲਈ ਹੋਰ ਕੋਈ ਰਸਤਾ ਨਹੀਂ ਹੈ। ਉਨ੍ਹਾਂ ਕਿਹਾ ਕਿ; ਉਹ ਜੋ ਫੋਕੇ ਕਰਮ-ਕਾਂਡਾਂ ਦਾ ਤਿਆਗ ਕਰਕੇ ਉਸ ਦਇਆਵਾਨ ਪ੍ਰਭੂ ਦੇ ਸੱਚੇ ਨਾਮ ਨਾਲ ਆਪਣਾ ਮਨ ਇਕਾਗਰ ਕਰਦੇ ਹਨ ਉਹ ਇਸ ਭਵ-ਸਾਗਰ ਨੂੰ ਪਾਰ ਕਰ ਲੈਂਦੇ ਹਨ ਅਤੇ ਦੁਬਾਰਾ ਜਨਮ-ਮਰਨ ਦੇ ਚੱਕਰ ਵਿਚ ਨਹੀਂ ਪੈਂਦੇ। ਗੁਰੂ ਨਾਨਕ ਦੁਆਰਾ ਦੱਸੇ ਗਏ ਧਾਰਮਿਕ ਰਸਤੇ ਦੇ ਨਾਲ-ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਵਿਚ ਸਮਾਜਿਕ ਅਤੇ ਰਾਜਨੀਤਿਕ ਸੰਦਰਭਾਂ ਬਾਰੇ ਵੀ ਚੇਤਨਤਾ ਪੈਦਾ ਕੀਤੀ। ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਉਸ ਸਮੇਂ ਦੀਆ ਸਮਾਜਿਕ ਅਤੇ ਰਾਜਨੀਤਿਕ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਉਨ੍ਹਾਂ ਸਮੱਸਿਆਵਾਂ ਦੇ ਖਿਲਾਫ ਲੜਨਾ ਵੀ ਸਿਖਾਇਆ। ਗੁਰੂ ਨਾਨਕ ਨੇ ਸਮੇਂ ਦੇ ਜ਼ੁਲਮ ਦੇ ਖਿਲਾਫ ਆਵਾਜ਼ ਉਠਾਈ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੇ ਖਿਲਾਫ ਯੁੱਧ ਲੜਨਾ ਸਿਖਾਇਆ। ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਆਪਣੇ ਆਪ ਪੂਰਾ ਹੋ ਜਾਂਦਾ ਹੈ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੇ ਦੱਸੇ ਹੋਏ ਸਿਧਾਂਤਾਂ ਤੇ ਆਪਣੇ ਸਿੱਖਾਂ ਨੂੰ ਲੜਨਾ ਸਿਖਾਇਆ। ਗੁਰੂ ਨਾਨਕ ਦੁਆਰਾ ਪ੍ਰਚਾਰ ਕੀਤੇ ਜਾਂਦੇ ਧਰਮ ਦਾ ਉਦੇਸ਼ ਸੀ; ਇਕ ਸੰਪੂਰਨ ਮਨੁੱਖੀ ਵਿਅਕਤੀਤਵ ਦੀ ਸਾਜਨਾ ਕਰਨਾ ਜੋ ਇਕ ਪਰਮਾਤਮਾ ਦੀ ਭਗਤੀ ਕਰੇ, ਕਿਰਤ ਕਰੇ ਅਤੇ ਨੈਤਿਕ ਸਮਾਜਿਕ ਜੀਵਨ ਬਿਤਾਏ। ਗੁਰੂ ਗੋਬਿੰਦ ਸਿੰਘ ਜੀ ਨੇ ਅੰਤ ਵਿਚ ਇਕ ਐਸੇ ਵਿਅਕਤੀਤਵ ਦੀ ਸਾਜਨਾ ਕੀਤੀ ਜੋ ਇਕ ਰੱਬ ਦੀ ਪੱਕੀ ਇਬਾਦਤ ਕਰਨ ਵਾਲਾ ਅਤੇ ਆਪਣੀਆਂ ਸਾਰੀਆਂ ਸਮਾਜਿਕ ਜ਼ਿੰਮੇਵਾਰੀਆਂ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਸੀ। ਇਹ ਆਦਰਸ਼ ਖਾਲਸੇ ਦੇ ਰੂਪ ਵਿਚ ਪੂਰਾ ਹੋਇਆ ਜੋ ਪ੍ਰਭੂ ਭਗਤੀ ਦੇ ਇਕ ਬੇਹੱਦ ਸੂਖਮ ਵਿਅਕਤੀਤਵ ਦਾ ਮਾਲਕ ਸੀ। ਜਿਥੋਂ ਤੱਕ ਸਮਾਜਿਕ ਜ਼ਿੰਮੇਵਾਰੀਆਂ ਦਾ ਸਵਾਲ ਸੀ, ਉਹ ਇਕ ਬੇਹੱਦ ਸਥੂਲ ਵਿਅਕਤੀਤਵ ਸੀ। ਕਿਸੇ ਵੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਉਹ ਵਿਅਕਤੀ ਨਹੀਂ ਸੀ ਜਿਸ ਨੇ ਸਿਰਫ ਅੰਮ੍ਰਿਤ ਛਕ ਲਿਆ, ਸਿੰਘ ਸਜ ਗਿਆ ਪਰ ਸਮਾਜ ਵਲੋਂ ਅਵੇਸਲਾ ਹੋ ਗਿਆ ਬਲਕਿ ਗੁਰੂ ਗੋਬਿੰਦ ਸਿੰਘ ਦੁਆਰਾ ਸਾਜਿਆ ਗਿਆ ਖਾਲਸਾ ਇਕ ਆਦਰਸ਼ ਵਿਅਕਤੀਤਵ ਸੀ ਜਿਸ ਦਾ ਤਸੱਵਰ

ਗੁਰੂ ਜੀ ਦੇ ਮਨ ਵਿਚ ਪਹਿਲਾਂ ਤੋਂ ਹੀ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਸ਼ੁੱਧ ਰੂਪ ਵਿਚ ਆਤਮਿਕ ਵਿਅਕਤੀ ਸੀ ਜੋ ਸਰੀਰਕ ਅਤੇ ਪਦਾਰਥਕ ਭੇਦਭਾਵਾਂ ਤੋਂ ਉਪਰ ਸੀ। ਉਹ ਮਨੁੱਖੀ ਵਿਅਕਤੀਤਵ ਦੀ ਸੰਪੂਰਨਤਾ ਸੀ ਜਿਸ ਵਿਚ ਜ਼ਿੰਦਗੀ ਦੇ ਸਾਰੇ ਪੱਖ ਸ਼ਾਮਿਲ ਸਨ। ਗੁਰੂ ਜੀ ਦੁਆਰਾ ਸਾਜਿਆ ਗਿਆ ਖਾਲਸਾ ਕੇਵਲ ਇਕ ਖਾਸ ਕਿਸਮ ਦੇ ਲਿਬਾਸ ਨੂੰ ਹੀ ਧਾਰਨ ਕਰਨ ਵਾਲਾ ਵਿਅਕਤੀ ਨਹੀਂ ਸੀ ਬਲਕਿ ਉਹ ਆਪ ਹੀ ਕਹਿੰਦੇ ਹਨ ਕਿ ਉਨ੍ਹਾਂ ਦਾ ਸ਼ੁੱਧ-ਸਾਧਕ ਉਹ ਹੈ ਜੋ ਮਨ ਵਿਚ ਵੀ ਪਰਮੇਸ਼ਰ ਦੇ ਪਿਆਰ ਨੂੰ ਧਾਰਨ ਕਰਦਾ ਹੈ। ਬਚਿੱਤਰ ਨਾਟਕ ਵਿਚ ਉਨ੍ਹਾਂ ਲਿਖਿਆ ਹੈ;

ਸੁਆਂਗਨ ਮੈ ਪਰਮੇਸ਼ਰ ਨਾਹੀ।।
ਖੋਜਿ ਫਿਰੈ ਸਭ ਹੀ ਕੋ ਨਾਹੀ।।
ਅਪਨੋ ਮਨੁ ਕਰ ਮੋ ਜਿਹ ਆਨਾ।।
ਪਾਰਬ੍ਰਹਮ ਕੋ ਤਿਨੀ ਪਛਾਨਾ।।[10]

"ਦਸਵੇਂ ਗੁਰੂ ਕਿਸੇ ਵੀ ਵਿਅਕਤੀਗਤ ਫਾਇਦੇ ਦੀ ਭਾਵਨਾ ਤੋਂ ਮੁਕਤ ਸਨ। ਕੋਈ ਇਲਾਕਾ ਜਾਂ ਸ਼ਕਤੀ ਹਾਸਿਲ ਕਰਨ ਦੀ ਉਨ੍ਹਾਂ ਨੂੰ ਕੋਈ ਇੱਛਾ ਨਹੀਂ ਸੀ। ਉਨ੍ਹਾਂ ਨੇ ਤਾਂ ਧਰਤੀ ਉਤੇ ਰੱਬੀ ਰਾਜ ਸਥਾਪਤ ਕਰਨ ਲਈ ਹੀ ਜਨਮ ਲਿਆ ਸੀ, ਜਿਸ ਵਿਚ ਸਾਰੇ ਇਨਸਾਨਾਂ ਨੂੰ ਬਰਾਬਰੀ ਨਾਲ ਜਿਊਣ ਦਾ ਹੱਕ ਸੀ। ਜ਼ੁਲਮ ਅਤੇ ਹੁਕਮਰਾਨਾਂ ਦੀ ਧੱਕੇਸ਼ਾਹੀ ਨੇ ਉਨ੍ਹਾਂ ਨੂੰ ਤਲਵਾਰ ਉਠਾਉਣ ਲਈ ਮਜ਼ਬੂਰ ਕੀਤਾ। ਉਨ੍ਹਾਂ ਉਤੇ ਹਮਲਾ ਹੋਇਆ ਤਾਂ ਉਨ੍ਹਾਂ ਨੇ ਯੁੱਧ ਕੀਤਾ। ਉਨ੍ਹਾਂ ਨੇ ਆਪਣੇ ਬਚਪਨ ਵਿਚ ਹੀ ਇਹ ਸਮਝ ਲਿਆ ਸੀ ਕਿ ਜੇ ਧਰਮ ਅਤੇ ਅਜ਼ਾਦੀ ਦੀ ਰੱਖਿਆ ਕਰਨੀ ਹੈ ਤਾਂ ਉਨ੍ਹਾਂ ਨੂੰ ਆਪਣੇ ਸਿੱਖਾਂ ਵਿਚ ਬਹਾਦਰੀ ਦੀ ਨਵੀਂ ਰੂਹ ਭਰਨੀ ਪਵੇਗੀ ਅਤੇ ਸੰਤ ਸਿਪਾਹੀਆਂ ਦੀ ਇਕ ਫੌਜ ਤਿਆਰ ਕਰਨੀ ਪਵੇਗੀ ਜੋ ਧਰਮ ਖਾਤਿਰ ਆਪਣੀ ਜਾਨ ਤੱਕ ਵਾਰਨ ਲਈ ਹਮੇਸ਼ਾਂ ਤਿਆਰ ਰਹੇ। ਇਹੀ ਕਾਰਨ ਸੀ ਕਿ ਉਨ੍ਹਾਂ ਨੇ ਖਾਲਸਾ ਪੰਥ ਦੀ ਨੀਂਹ ਰੱਖੀ। ਜੋ ਇਕ ਐਸੀ ਕੌਮ ਸੀ ਜੋ ਜ਼ੁਲਮ ਦੇ ਖਿਲਾਫ ਡਟ ਕੇ ਲੜ ਸਕੇ। ਉਸ ਵੇਲੇ ਹਾਲਾਤ ਹੋਰ ਅਸਹਿ ਹੋ ਗਏ ਸਨ ਕਿਉਂਕਿ ਇਸਲਾਮ ਤੋਂ ਬਿਨਾਂ ਬਾਕੀ ਸਾਰੇ ਧਰਮਾਂ ਨੂੰ ਭਾਰਤ ਦੀ ਧਰਤੀ ਤੋਂ ਤਕਰੀਬਨ ਖਤਮ ਹੀ ਕੀਤਾ ਜਾ ਰਿਹਾ ਸੀ।"[11] ਖਾਲਸਾ ਦੀ ਸਾਜਨਾ ਨਾਲ ਸਿੱਖ ਧਰਮ ਦੇ ਮੁਢਲੇ ਵਿਚਾਰਾਂ ਤੇ ਕੋਈ ਅਸਰ ਨਹੀਂ ਹੋਇਆ। ਉਹ ਉਹੀ ਰਹੇ ਜੋ ਗੁਰੂ ਨਾਨਕ ਦੁਆਰਾ ਦਰਸਾਏ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇ ਫਲਸਫੇ ਨੂੰ ਹੋਰ ਪੱਕਾ ਕਰਨ ਦੇ ਨਾਲ ਉਸ ਸਮੇਂ ਦੀਆਂ ਜ਼ਰੂਰਤਾਂ ਮੁਤਾਬਕ ਕੁਝ ਵਾਧੇ ਵੀ ਕੀਤੇ। ਉਨ੍ਹਾਂ ਨੇ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਪੰਜ ਸੰਕੇਤ ਚਿੰਨ੍ਹਾਂ ਦੇ ਨਾਲ-ਨਾਲ ਤਲਵਾਰ ਦੇ ਮਾਰਗ ਨਾਲ ਵੀ ਜੋੜਿਆ। ਗੁਰੂ ਨਾਨਕ ਵਾਂਗ ਹੀ ਉਨ੍ਹਾਂ ਨੇ ਜੰਗਲਾਂ ਵਿਚ ਜਾਂ ਇਕੱਲਤਾ ਵਿਚ ਧਾਰਮਿਕ ਜੀਵਨ ਜੀਣ ਦਾ ਵਿਰੋਧ ਕੀਤਾ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਕਿਹਾ ਕਿ ਉਹ ਪਰਮਾਤਮਾ ਨੂੰ ਪਿਆਰ ਕਰਨ ਅਤੇ ਉਸ ਪਿਆਰ ਨੂੰ ਸਾਰੀ ਮਨੁੱਖਤਾ ਤੱਕ ਵਿਸ਼ਾਲ ਕਰਨ। ਉਨ੍ਹਾਂ ਲਈ ਧਰਮ ਦਾ ਅਸਲੀ

10. *ਬਚਿੱਤਰ ਨਾਟਕ*, 55.
11. ਧਰਮਵੀਰ, "ਜੀਨੀਅਸ ਆਫ਼ ਗੁਰੂ ਗੋਬਿੰਦ ਸਿੰਘ," ਦ ਟੈਂਥ ਮਾਸਟਰ, ਉਹੀ, ਪੰਨਾ 27.

ਮਕਸਦ ਸੀ ਪ੍ਰਭੂ ਲਈ ਪਿਆਰ, ਮਨੁੱਖਤਾ ਦੀ ਸੇਵਾ ਅਤੇ ਧਰਮ ਦੀ ਰੱਖਿਆ ਲਈ ਬਲੀਦਾਨ ਦੇਣਾ। ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ (ਗੁਰੂ ਗੋਬਿੰਦ ਸਿੰਘ) ਨੇ ਗੁਰੂ ਨਾਨਕ ਦੀ ਭਾਸ਼ਾ ਨੂੰ ਸਮੇਂ ਦੀ ਜ਼ਰੂਰਤ ਅਨੁਸਾਰ ਹੋਰ ਜ਼ੋਰਦਾਰ ਅਤੇ ਪ੍ਰਭਾਵਸ਼ਾਲੀ ਬਣਾ ਕੇ ਲੋਕਾਂ ਸਾਹਮਣੇ ਪੇਸ਼ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਉਦੇਸ਼ਾਂ ਵਿਚ ਖਾਸ ਸਥਿਤੀਆਂ ਅਨੁਸਾਰ ਕੁਝ ਵਾਧਾ ਹੀ ਕੀਤਾ ਸੀ। ਭਾਵੇਂ ਉਨ੍ਹਾਂ ਨੇ ਪਿਆਰ, ਬਰਾਬਰਤਾ ਅਤੇ ਨੈਤਿਕ ਸਿਧਾਂਤਾ ਦੀ ਸਿੱਖਿਆ ਦਿੱਤੀ ਸੀ ਪਰ ਨਾਲ ਹੀ ਉਨ੍ਹਾਂ ਨੇ ਮੂਰਤੀ ਪੂਜਾ ਅਤੇ ਫਜ਼ੂਲ ਕਰਮ-ਕਾਂਡਾਂ ਦਾ ਵਿਰੋਧ ਕਰਕੇ ਇਕ ਰੱਬ ਨੂੰ ਪੂਜਨ ਤੇ ਵੀ ਜ਼ੋਰ ਦਿੱਤਾ। ਤਲਵਾਰ ਦੀ ਜਿੱਤ ਜਿਸ ਦਾ ਨਾਮ ਉਨ੍ਹਾਂ ਨੇ ਭਗਾਉਤੀ ਰੱਖਿਆ ਉਹ ਪਰਮਾਤਮਾ ਦੇ ਨਿਆਂ ਦੀ ਪੂਰਤੀ ਦਾ ਸਾਧਨ ਸੀ। ਤਲਵਾਰ ਦਾ ਭਾਵ ਕਦੇ ਵੀ ਦੂਜੇ ਨੂੰ ਦਬਾਉਣ ਦੇ ਸੰਕੇਤ ਵਜੋਂ ਨਹੀਂ ਲਿਆ ਗਿਆ, ਅਤੇ ਨਾ ਹੀ ਇਸ ਨੂੰ ਵਿਅਕਤੀਗਤ ਵਿਰੋਧਤਾਵਾਂ ਨੂੰ ਮਿਟਾਉਣ ਲਈ ਵਰਤਿਆ ਗਿਆ। ਇਹ ਵਿਅਕਤੀਗਤ ਸ਼ਕਤੀ ਦਾ ਚਿੰਨ੍ਹ ਆਤਮ-ਵਿਸ਼ਵਾਸ ਅਤੇ ਆਤਮ-ਨਿਰਭਰਤਾ ਦੀ ਨਿਸ਼ਾਨੀ ਸੀ ਜਿਸ ਨੂੰ ਸਿਰਫ ਸਵੈ-ਰੱਖਿਆ ਲਈ ਹੀ ਇਕ ਆਖਰੀ ਹਥਿਆਰ ਵਜੋਂ ਵਰਤਿਆ ਜਾਂਦਾ ਸੀ। ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਫਾਰਸੀ ਵਿਚ ਲਿਖਿਆ ਹੈ,

> ਚੂੰ ਕਾਰ ਅਜ਼ ਹਮ ਹੀਲਤੇ ਦਰ ਗੁਜ਼ਸ਼ਤ
> ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥[12]

ਜਿਸ ਦਾ ਭਾਵ ਹੈ ਜਦੋਂ ਹੋਰ ਸਾਰੇ ਰਾਹ ਬੰਦ ਹੋ ਜਾਣ ਤਾਂ ਤਲਵਾਰ ਉਠਾਉਣਾ ਜਾਇਜ਼ ਹੈ।

ਆਈ. ਸੀ. ਪੁਰੀ ਨੇ ਕਿਹਾ ਹੈ ਕਿ ਖ਼ਾਲਸਾ ਲਈ ਗੁਰੂ ਜੀ ਦਾ ਬੁਲਾਵਾ ਇੱਕ ਸਮੁੱਚੇ ਸੰਸਾਰ ਦੇ ਵਿਅਕਤੀ ਲਈ ਬੁਲਾਵਾ ਸੀ। ਖਾਲਸਾ ਉਹ ਸੀ ਜਿਸ ਨੂੰ ਚਰਿੱਤਰ ਦੀ ਪਵਿੱਤਰਤਾ ਅਤੇ ਅਧਿਆਤਮਿਕ ਨਜ਼ਰੀਏ ਦੇ ਆਧਾਰ ਤੇ ਚੁਣਿਆ ਗਿਆ ਸੀ। ਅਧਿਆਤਮਿਕ ਤੌਰ ਤੇ ਖਾਲਸਾ ਪਿਆਰ, ਸ਼ਰਧਾ ਅਤੇ ਨਿਮਰਤਾ ਦੀ ਉਦਾਹਰਣ ਸੀ। ਸੰਸਾਰੀ ਮਨੁੱਖ ਦੇ ਤੌਰ ਤੇ ਉਹ ਯੋਧਾ ਸੀ, ਨਾਇਕ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਬੁਲਾਵਾ ਇੱਕ ਸੰਪੂਰਨ ਵਿਅਕਤੀ ਲਈ ਬੁਲਾਵਾ ਸੀ ਜੋ ਬੇਹਤਰੀਨ ਅਧਿਆਤਮਿਕ ਪਰੰਪਰਾ ਦੇ ਨਾਲ ਬੇਹਤਰੀਨ ਫੌਜੀ ਸਰੋਕਾਰਾਂ ਨੂੰ ਜੋੜ ਕੇ ਚੱਲ ਸਕਦਾ ਹੋਵੇ।'[13] ਖਾਲਸਾ; ਜਿਵੇਂ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਆ ਗਿਆ ਸੀ ਉਹ ਇਕ ਸੰਪੂਰਨ ਵਿਅਕਤੀ ਸੀ। ਜਿਥੋਂ ਤੱਕ ਉਸਦੀ ਅੰਦਰੂਨੀ ਆਤਮਿਕ ਸ਼ੁੱਧੀ ਦਾ ਸੰਬੰਧ ਸੀ ਅਧਿਆਤਮਿਕ ਸਤਰ ਤੇ ਉਹ ਬੇਹੱਦ ਸੂਖਮ ਵਿਅਕਤੀਤਵ ਦਾ ਮਾਲਕ ਸੀ ਪਰ ਜਿਥੋਂ ਤੱਕ ਉਸ ਤੇ ਜ਼ੁਲਮ ਜ਼ਬਰ ਦੇ ਖਿਲਾਫ ਯੁੱਧ ਕਰਨ ਦਾ ਸੰਬੰਧ ਸੀ ਉਹ ਬੇਹੱਦ ਸਥੂਲ ਵਿਅਕਤੀਤਵ ਦਾ ਮਾਲਕ ਸੀ। ਮਨੁੱਖੀ ਧਾਰਮਿਕ ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਹੈ ਕਿ ਮਨੁੱਖੀ ਵਤੀਰੇ ਦੇ

---

12. ਹਰਬੰਸ ਸਿੰਘ, ਇਨਸਾਈਕਲੋਪੀਡੀਆ ਆਫ਼ ਸਿਖਿਜ਼ਮ, ਵਾਲਿਊਮ ਦੂਜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 88-89
13. ਆਈ. ਸੀ. ਪੁਰੀ, "ਖਾਲਸਾ ਦ ਇਨਟੈਗਰੇਟਿਡ ਮੈਨ, "ਉਹੀ, ਪੰਨਾ 189.

ਦੋ ਵਿਰੋਧੀ ਪੱਖ ਇਕੱਠੇ ਇੱਕਮੁਠਤਾ ਵਿਚ ਕੰਮ ਕਰਦੇ ਦੇਖੇ ਗਏ ਹੋਣ। ਇਹੀ ਕਾਰਨ ਹੈ ਕਿ ਸਿੱਖੀ ਜੀਵਨ ਵਿਚ ਸਿਮਰਨ ਅਤੇ ਸੇਵਾ ਇਕੱਠੇ ਚੱਲਦੇ ਹਨ।

ਆਤਮ ਸਿੱਧੀ ਅਸਲ ਵਿਚ ਮਨੁੱਖੀ ਮਨ ਦਾ ਅੰਤਿਮ ਮਨ ਭਾਵ ਪ੍ਰਭੂ ਵੱਲ ਨੂੰ ਸਫਰ ਹੈ। ਇਹ ਸੁਭਾਅ ਵਿਚ ਬੇਹੱਦ ਸੂਖਮ ਹੈ। ਕੇਵਲ ਸਰੀਰਕ ਕਰਮ ਅਤੇ ਸ਼ਰੀਰਕ ਦਿਖਾਵਾ ਨਾਲ ਇਸ ਦਾ ਕੋਈ ਸੰਬੰਧ ਨਹੀਂ, ਇਸੇ ਆਧਾਰ ਤੇ ਗੁਰੂ ਜੀ ਨੇ ਪਰੰਪਰਾਗਤ ਧਾਰਮਿਕ ਜੀਵਨ ਦੇ ਬਹੁਤ ਸਾਰੇ ਰਾਹਵਾਂ ਦਾ ਖੰਡਨ ਕੀਤਾ। ਪਰ ਗੁਰੂ ਜੀ ਨੇ ਉਨਾਂ ਧਰਮਾਂ ਦੇ ਜਰੂਰੀ ਅਧਿਆਤਮਕ ਤੱਤਾਂ ਦਾ ਵਿਰੋਧ ਨਹੀਂ ਕੀਤਾ। ਗੁਰੂ ਦੀ ਵਿਚਾਰਧਾਰਾ ਦਾ ਮੁੱਖ ਉਦੇਸ਼ ਸੀ ਪਿਆਰ ਭਰੇ ਹਿਰਦੇ ਨਾਲ ਪ੍ਰਭੂ ਸਿਮਰਨ ਉੱਤੇ ਧਿਆਨ ਕੇਂਦਰਿਤ ਕਰਨਾ। ਇਸ ਤੋਂ ਬਿਨਾਂ ਉਨਾਂ ਨੇ ਕਿਹਾ ਕਿ "ਪਰਮਾਤਮਾ ਅੱਡ-ਅੱਡ ਸਰੀਰਕ ਦਿਖਾਵਿਆਂ ਵਿਚ ਨਹੀਂ ਰਹਿੰਦਾ, ਉਸਦੀ ਭਾਲ ਵਿਚ ਇਸ ਤਰਾਂ ਕਿਉਂ ਫਿਰਿਆ ਜਾਵੇ। ਜਿਸ ਨੇ ਆਪਣੇ ਦਿਲ ਵਿਚ ਵਸਾਇਆ ਉਸੇ ਨੇ ਹੀ ਉਸ ਨੂੰ ਪ੍ਰਾਪਤ ਕਰ ਲਿਆ।[14] ਦੂਜੇ ਸ਼ਬਦਾਂ ਵਿਚ ਆਤਮ-ਸਿੱਧੀ ਵਿਅਕਤੀਗਤ ਚੇਤਨਾ ਦਾ ਇੱਕ ਪੜਾਅ ਹੈ, ਜਿਸ ਨੂੰ ਅੰਮ੍ਰਿਤ ਦੀ ਅਵਸਥਾ ਕਿਹਾ ਜਾਂਦਾ ਹੈ। ਇਹ ਅੰਦਰੂਨੀ ਸੂਖਮ ਚੇਤਨਾ ਦੀ ਅਵਸਥਾ ਹੈ ਮੌਤ ਦੇ ਭੈਅ ਦੋਂ ਪਰੇ ਹੈ ਅਤੇ ਸਮੇਂ-ਸਥਾਨ ਦਾ ਹਾਲਾਤਾਂ ਦੇ ਬੰਧਨ ਤੋਂ ਮੁਕਤ ਹੈ। ਖਾਲਸਾ ਜਥੇਬੰਦੀ ਵਿਚ ਦਾਖਲ ਹੋਣ ਦੀ ਰਸਮ ਨੂੰ ਇਸੇ ਉਦੇਸ਼ ਨਾਲ ਅੰਮ੍ਰਿਤ ਦਾ ਨਾਮ ਦਿੱਤਾ ਗਿਆ ਹੈ। ਜਨਮ-ਮਰਨ ਦੇ ਚੱਕਰਾਂ ਤੋਂ ਮੁਕਤੀ, ਮੌਤ ਦੇ ਭੈਅ ਤੋਂ ਮੁਕਤੀ ਅਤੇ ਪ੍ਰਭੂ ਨਾਲ ਪੁਨਰ-ਮਿਲਨ ਹੀ ਖਾਲਸਾ ਦਾ ਅੰਤਿਮ ਅਧਿਆਤਮਿਕ ਮੰਜ਼ਿਲ ਹੈ।

ਭਾਵੇਂ ਇਸ ਅੰਤਿਮ ਮੰਜ਼ਿਲ ਤੇ ਪਹੁੰਚਣਾ ਖਾਲਸੇ ਦੀ ਵਿਅਕਤੀਗਤ ਅਤੇ ਅੰਦਰੂਨੀ ਸੂਖਮ ਕੋਸ਼ਿਸ਼ ਹੈ। ਪਰ ਸੱਚੇ ਗੁਰੂ ਦੀ ਅਗਵਾਈ ਤੋਂ ਬਿਨਾਂ ਇਹ ਸਭ ਸੰਭਵ ਨਹੀਂ ਹੋ ਸਕਦਾ। ਸਿੱਖ ਧਰਮ ਵਿਚ ਪ੍ਰਭੂ ਦੀ ਪੂਜਾ ਜਾਂ ਭਗਤੀ ਉਸ ਦੇ ਨਾਮ ਸਿਮਰਨ ਨਾਲ ਕੀਤੀ ਜਾਂਦੀ ਹੈ। ਸਿੱਖ ਧਰਮ ਵਿਚ ਸ਼ਰਧਾ ਭਰਪੂਰ ਇਕਾਗਰ ਚਿੱਤ ਨੂੰ ਸਿੱਧੇ ਪ੍ਰਭੂ ਦੇ ਨਾਮ-ਸਿਮਰਨ ਵਿਚ ਕੇਂਦਰਿਤ ਕਰਨ ਨੂੰ ਸਿੱਖ ਧਰਮ ਵਿਚ ਸ਼ਬਦ ਅਤੇ ਸੁਰਤਿ ਦਾ ਸੁਮੇਲ ਕਿਹਾ ਜਾਂਦਾ ਹੈ। ਜਿਸ ਦਾ ਸਿੱਧਾ ਭਾਵ ਹੈ ਇਕਾਗਰਤਾ ਅਤੇ ਪ੍ਰਭੂ ਦਾ ਨਾਮ। ਇਹ ਬੇਹੱਦ ਸੂਖਮ ਅਤੇ ਪੂਰੀ ਤਰਾਂ ਅੰਤਰਮੁਖੀ ਵਿਧੀ ਹੈ। ਸਾਡੀ ਹੋਂਦ ਦੇ ਅੰਤਿਮ ਉਦੇਸ਼ ਨੂੰ ਪ੍ਰਾਪਤ ਕਰਨ ਦਾ ਇਹ ਇਕ ਮਾਤਰ ਰਸਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿਚ ਲਿਖਿਆ ਹੈ ਕਿ;

ਕਿਉ ਨ ਜਪੋ ਤਾ ਕੋ ਤੁਮ ਭਾਈ॥
ਅੰਤਿ ਕਾਲ ਜੋ ਹੋਇ ਸਹਾਈ॥
ਫੋਕਟ ਧਰਮ ਲਖੋ ਕਰ ਭਰਮਾ॥
ਇਨ ਤੇ ਸਰਤ ਨ ਕੋਈ ਕਰਮਾ॥[15]

ਆਵਾਗਮਨ ਤੋਂ ਛੁਟਕਾਰਾ ਅਤੇ ਪ੍ਰਭੂ ਨਾਲ ਮੇਲ ਕੇਵਲ ਇਸ ਬੇਹੱਦ ਸੂਖਮ ਅਤੇ ਅੰਤਰਮੁਖੀ ਵਿਅਕਤੀਗਤ ਉਨਤੀ ਨਾਲ ਹੀ ਸੰਭਵ ਹੈ। ਇਹ ਵਿਧੀ ਅੰਦਰ ਤੋਂ ਅੰਦਰ

14. ਬਚਿੱਤਰ ਨਾਟਕ
15. ਉਹੀ, 49.

ਤੱਕ ਹੀ ਚਲਦੀ ਹੈ। ਆਪਣੇ ਅੰਤਿਮ ਪੜਾਅ ਤੇ ਇਹ ਪ੍ਰਾਪਤੀ ਮਨੁੱਖੀ ਆਤਮਾ ਨੂੰ ਪਰਮ ਆਤਮਾ ਨਾਲ ਅਭੇਦ ਕਰ ਦਿੰਦੀ ਹੈ। ਦੋਹਾਂ ਵਿਚਕਾਰ ਭੇਦ ਦਾ ਪਰਦਾ ਖਤਮ ਹੋ ਜਾਂਦਾ ਹੈ ਅਤੇ ਉਹ ਵੀ ਅੰਦਰੋ-ਅੰਦਰੀ। ਸਥੂਲ ਸੰਸਾਰ ਵਿਚ ਰਹਿੰਦੇ ਹੋਏ ਅਤੇ ਰੋਜ਼ਾਨਾ ਜਿੰਦਗੀ ਵਿਚ ਸਥੂਲ ਸੰਸਾਰ ਦੀਆਂ ਸਚਾਈਆਂ ਨਾਲ ਜੀਂਦੇ ਹੋਏ ਇਹ ਬੇਅੰਤ ਸੂਖਮ ਪ੍ਰਾਪਤੀ ਹੁੰਦੀ ਹੈ। ਖਾਲਸਾ ਦੇ ਜੀਵਨ ਦਾ ਅਸਲੀ ਲਕਸ਼ ਤਾਂ ਬਾਹਰੀ ਸਥੂਲ ਸਚਾਈਆਂ ਤੋਂ ਪ੍ਰੇ ਸੰਸਾਰ ਦੀ ਅੰਦਰੂਨੀ ਸੂਖਮ ਸਚਾਈ ਨੂੰ ਪ੍ਰਾਪਤ ਕਰਨਾ ਹੈ। ਪਰ ਫਿਰ ਵੀ ਖਾਲਸਾ ਦਾ ਅੰਤਿਮ ਉਦੇਸ਼ ਕੇਵਲ ਅੰਮ੍ਰਿਤ ਦੀ ਅਵਸਥਾ ਤੇ ਜਾਂ ਆਤਮ-ਨਿਰਵਾਦ ਤੇ ਹੀ ਖਤਮ ਨਹੀਂ ਹੋ ਜਾਂਦਾ। ਬਲਕਿ ਇਹ ਇਕ ਮੀਲ ਪੱਥਰ ਹੁੰਦਾ ਹੈ ਜਿਥੋਂ ਆਤਮ-ਸਿੱਧੀ ਪ੍ਰਾਪਤ ਕਰ ਚੁੱਕਾ ਵਿਅਕਤੀ ਸਥੂਲ ਸੰਸਾਰ ਪ੍ਰਤੀ ਆਪਣੇ ਧਾਰਮਿਕ ਫਰਜ਼ਾਂ ਨੂੰ ਗੁਰੂ ਧਾਰਨ ਕਰਦਾ ਹੈ। ਅਸਲ ਵਿਚ ਅੰਮ੍ਰਿਤ ਮਨੁੱਖੀ ਚੇਤਨਾ ਦੀ ਅਵਸਥਾ ਹੈ ਜਿਸ ਦੇ ਦੋ ਵੱਖ-ਵੱਖ ਪਹਿਲੂ ਹੇਠ, ਸਕਰਮਕ ਅਤੇ ਅਕਰਮਕ। ਅਕਰਕਮ ਖਾਲਸਾ ਦੀ ਅਧਿਆਤਮਕ ਅਵੱਸਥਾ ਦਾ ਬੇਹੱਦ ਸੂਖਮ ਅਤੇ ਅੰਦਰੂਨੀ ਚੇਤਨਤਾ ਹੈ। ਇਹ ਉਹ ਅਵੱਸਥਾ ਹੈ ਜਿਥੇ ਖਾਲਸਾ ਅੰਤਮ ਚੇਤਨਤਾ ਨਾਲ ਜੁੜਿਆ ਹੁੰਦਾ ਹੈ। ਸਕਰਮਕ ਉਹ ਅਵੱਸਥਾ ਹੈ ਜਿਥੇ ਖਾਲਸਾ ਸਥੂਲ ਸੰਸਾਰ ਵਿਚ ਆਪਣੇ ਧਾਰਮਿਕ ਅਤੇ ਸਮਾਜਿਕ ਫਰਜਾਂ ਨੂੰ ਨਿਭਾਉਣ ਲਈ ਵਚਨਬੱਧ ਹੁੰਦਾ ਹੈ। ਇਹ ਫ਼ਰਜ ਪਦਾਰਥਕ ਖਿੱਤਿਆਂ ਵੱਲ ਹੁੰਦੇ ਹਨ ਜਿਨਾਂ ਨੂੰ ਪਦਾਰਥਕ ਜਾਂ ਸਥੂਲ ਤਰੀਕਿਆਂ ਨਾਲ ਹੀ ਨਜਿਠਣਾ ਹੁੰਦਾ ਹੈ। ਮਨੁੱਖੀ ਧਾਰਮਿਕ ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਹੈ ਕਿ ਮਨੁੱਖੀ ਵਤੀਰੇ ਦੇ ਦੋ ਵਿਰੋਧੀ ਪੱਖ ਇਕੱਠੇ ਇੱਕਮੁਠਤਾ ਵਿਚ ਕੰਮ ਕਰਦੇ ਦੇਖੇ ਗਏ ਹਨ। ਇਹੀ ਕਾਰਨ ਹੈ ਕਿ ਸਿੱਖੀ ਜੀਵਨ ਵਿਚ ਸਿਮਰਨ ਅਤੇ ਸੇਵਾ ਇਕੱਠੇ ਚਲਦੇ ਹਨ। ਸਿੱਖ ਧਰਮ ਦਾ ਮੁਢਲਾ ਅਸੂਲ ਹੈ ਕਿ ਸਾਰੀ ਦ੍ਰਿਸ਼ਟਮਾਨ ਹੋਂਦ ਦੀ ਅੰਦਰੂਨੀ ਸੱਚਾਈ ਇਕੋ ਹੀ ਹੈ ਅਤੇ ਉਹ ਹੈ ਪਰਮਾਤਮਾ ਆਪ। ਇਸੇ ਕਰਕੇ ਭਗਤੀ ਉਸੇ ਨੂੰ ਹੀ ਸਮਰਪਿਤ ਹੁੰਦੀ ਹੈ। ਜੋ ਸੰਸਾਰ ਦਾ ਮਾਲਕ ਹੈ ਅਤੇ ਸੇਵਾ ਉਸ ਦੁਆਰਾ ਰਚੇ ਹੋਏ ਸੰਸਾਰ ਨੂੰ ਅਰਪਿਤ ਹੁੰਦੀ ਹੈ ਜੋ ਉਸ ਨੇ ਆਪਣੇ ਪਾਸਾਰ ਵਜੋਂ ਰਚਿਆ।

ਖਾਲਸਾ ਦੇ ਫਰਜ਼ ਕਦੇ ਖ਼ਤਮ ਨਹੀਂ ਹੁੰਦੇ। ਜਿੰਨੀ ਦੇਰ ਤੱਕ ਖਾਲਸਾ ਮੌਤ ਤੋਂ ਬਾਅਦ ਇਸ ਸੰਸਾਰ ਨੂੰ ਛੱਡ ਕੇ ਨਹੀਂ ਜਾਂਦਾ ਉਨੀ ਦੇਰ ਤੱਕ ਖਾਲਸਾ ਸੰਸਾਰ ਦੀ ਸੇਵਾ ਕਰਦਾ ਹੈ। ਉਹ ਸੇਵਾ ਹਮੇਸ਼ਾਂ ਲਗਾਤਾਰ ਅਤੇ ਬਿਨਾਂ ਕਿਸੇ ਭੇਦਭਾਵ ਦੇ ਹੁੰਦੀ ਹੈ। ਉਸ ਦੀ ਸੇਵਾ ਵਿਚ ਜਿੰਦਗੀ ਦੇ ਸਾਰੇ ਪੱਖ ਸ਼ਾਮਿਲ ਹੁੰਦੇ ਹਨ। ਅਧਿਆਤਮਿਕ ਸੇਵਾ ਤੋਂ ਸੁਰੂ ਹੋ ਕੇ ਇਹ ਸੇਵਾ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਪੱਖਾਂ ਤੱਕ ਜਾਂਦੀ ਹੈ। ਜਿਥੇ ਕਿਤੇ ਵੀ ਖਾਲਸਾ ਦੀ ਸੇਵਾ ਦੀ ਜ਼ਰੂਰਤ ਪੈਂਦੀ ਹੈ, ਖਾਲਸਾ ਉਥੇ ਹੀ ਖੜਾ ਦਿਖਾਈ ਦਿੰਦਾ ਹੈ। ਆਪਣੀ ਸਿੱਧੀ ਪ੍ਰਾਪਤ ਅਵਸਥਾ ਵਿਚ ਖਾਲਸਾ ਵਿਅਕਤੀਗਤ ਤੋਂ ਅਵਿਅਕਤੀਗਤ ਸਥਿਤੀ ਅਤੇ ਆਪੇ ਤੋਂ ਸਮੂਹ ਵਿਚ ਫੈਲਦਾ ਹੈ ਅਤੇ ਬਿਨਾਂ ਮਨ ਵਿਚ ਕੋਈ ਹੰਕਾਰ ਰੱਖੇ ਸਰਬਤ ਦੇ ਭਲੇ ਲਈ ਕੰਮ ਕਰਦਾ ਹੈ। ਉਸ ਦਾ ਪਿਆਰ ਕਿਸੇ ਭੇਦਭਾਵ ਅਤੇ ਨਿਜੀ ਸਵਾਰਥ ਤੋਂ ਉਪਰ ਹੁੰਦਾ ਹੈ। ਅਧਿਆਤਮਕ ਸਤੱਰ ਤੇ ਖਾਲਸਾ ਆਪ 'ਆਪ ਤਰੈ ਅਵਰਾ ਨਿਸਤਾਰੈ' ਦੇ ਸਿਧਾਂਤ ਨੂੰ ਅਖਤਿਆਰ ਕਰਦਾ ਹੈ। ਉਹ ਪਰਮਾਤਮਾ ਨੂੰ ਪਿਆਰ ਦੇ ਰਸਤੇ

ਰਾਹੀਂ ਪ੍ਰਾਪਤ ਕਰਦਾ ਹੈ ਅਤੇ ਦੂਜਿਆਂ ਨੂੰ ਪ੍ਰਭੂ ਪਿਆਰ ਦਾ ਰਾਹ ਦਿਖਾਉਂਦਾ ਹੈ। ਆਰਥਿਕ ਸਤੱਰ ਤੇ ਖਾਲਸਾ ਦਸਾਂ ਨਹੁੰਆਂ ਦੀ ਕਿਰਤ ਕਰਦਾ ਹੈ। ਆਪਣੀ ਕਿਰਤ ਦਾ ਨਿਰਧਾਰਤ ਦਸਵਾਂ ਹਿੱਸਾ ਉਹ ਗੁਰੂ ਦੁਆਰਾ ਦੱਸੇ ਹੋਏ ਸਾਂਝੇ ਖਾਤੇ ਵਿਚ ਪਾਉਂਦਾ ਹੈ ਤਾਂ ਕਿ ਉਸ ਨੂੰ ਸਮਾਜ ਦੀ ਭਲਾਈ ਲਈ ਵਰਤਿਆ ਜਾ ਸਕੇ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨੂੰ ਇਕ ਸੰਪੂਰਨ ਵਿਅਕਤੀਤਵ ਵਜੋਂ ਬਣਾਈ ਰੱਖਣ ਲਈ ਉਸ ਨੂੰ ਕਈ ਬੁਰੀਆਂ ਆਦਤਾਂ ਤੋਂ ਵੀ ਪਰ੍ਹੇ ਰੱਖਿਆ। ਇਥੋਂ ਤੱਕ ਕਿ ਗੁਰੂ ਜੀ ਨੇ ਉਸ ਨੂੰ ਉਨ੍ਹਾਂ ਵਿਅਕਤੀਆਂ ਨਾਲ ਮੇਲ ਮਿਲਾਪ ਕਰਨ ਤੋਂ ਵੀ ਪਰਹੇਜ਼ ਰੱਖਣ ਲਈ ਵੀ ਕਿਹਾ ਜੋ ਬੁਰੀਆਂ ਆਦਤਾਂ ਦੇ ਸ਼ਿਕਾਰ ਸਨ। ਗੁਰੂ ਜੀ ਨੇ ਆਪਣੇ ਖਾਲਸਾ ਨੂੰ ਬੇਟੀ ਮਾਰ, ਤੰਬਾਕੂ ਪੀਣ ਵਾਲੇ, ਜੁਆਰੀ ਅਤੇ ਹੋਰ ਇਸ ਤਰ੍ਹਾਂ ਦੇ ਸਮਾਜ-ਵਿਰੋਧੀ ਤੱਤਾਂ ਨਾਲ ਕਿਸੇ ਕਿਸਮ ਦਾ ਵੀ ਸਮਾਜਿਕ ਸੰਬੰਧ ਰੱਖਣ ਤੋਂ ਮਨ੍ਹਾਂ ਕੀਤਾ ਹੈ। ਕਿਉਂਕਿ ਖਾਲਸਾ ਧਰਤੀ ਉਤੇ ਦੈਵੀ ਕਾਨੂੰਨ ਸਥਾਪਤ ਕਰਨ ਲਈ ਪੈਦਾ ਹੋਇਆ ਹੈ। ਇਸੇ ਕਰਕੇ ਉਹ ਸੰਸਾਰ ਨੂੰ ਪ੍ਰਭੂ ਭਗਤੀ ਵੱਲ ਪ੍ਰੇਰਿਤ ਕਰਨ ਅਤੇ ਇਸ ਸੰਸਾਰ ਨੂੰ ਸ਼ਾਂਤਮਈ ਅਤੇ ਨਿਆਂ ਵਾਲਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਸਰਬੱਤ ਦੇ ਭਲੇ ਲਈ ਕਾਰਜਸ਼ੀਲ ਰਹਿਣਾ ਖਾਲਸਾ ਦੀ ਵਿਸ਼ਵਵਿਆਪੀ ਵਿਸ਼ਾਲਤਾ ਦੀ ਨਿਸ਼ਾਨੀ ਹੈ। ਧਰਮ ਦੀ ਰੱਖਿਆ ਲਈ ਯੁੱਧ ਕਰਨਾ ਵੀ ਖਾਲਸਾ ਦੇ ਇਸੇ ਸਿਧਾਂਤ ਨੂੰ ਅਮਲੀ ਰੂਪ ਦਿੰਦਾ ਹੈ। ਧਰਮ ਯੁੱਧ ਦੇ ਸੰਬੰਧ ਵਿਚ ਖਾਲਸਾ ਕਿਸੇ ਖਾਸ ਕਿਸਮ ਦੀ ਕੌਮ ਜਾਂ ਦੇਸ਼ ਦੇ ਹਿਤ ਦੀ ਰੱਖਿਆ ਲਈ ਨਹੀਂ ਲੜਦਾ ਬਲਕਿ ਉਹ ਜ਼ੁਲਮ ਦੀ ਮਾਰ ਹੇਠ ਆਏ ਮਜ਼ਲੂਮਾਂ ਦੀ ਸਹਾਇਤਾ ਲਈ ਲੜਦਾ ਹੈ। ਖਾਲਸਾ ਪੰਥ ਦਾ ਅਠਾਰ੍ਹਵੀਂ ਸਦੀ ਦਾ ਇਤਿਹਾਸ ਇਸੇ ਕਿਸਮ ਦੀਆਂ ਕਈ ਘਟਨਾਵਾਂ ਨਾਲ ਭਰਪੂਰ ਹੈ। ਖਾਲਸਾ ਲਈ ਸਾਰਾ ਵਿਸ਼ਵ ਇਕ ਇਕਾਈ ਹੈ। ਇਸ ਕਰਕੇ ਸਾਰਾ ਵਿਸ਼ਵ ਖਾਲਸਾ ਦੀ ਕਰਮਭੂਮੀ ਹੈ। ਜੋ ਉਸਦੇ ਪਿਆਰੇ (ਪ੍ਰਭੂ) ਦਾ ਵਿਅਕਤ ਰੂਪ ਹੈ।

ਗੁਰੂ ਜੀ ਨੇ ਖੁਦ ਕਿਹਾ ਹੈ,

ਜਬ ਉਦਕਰਖ ਕਰਾ ਕਰਤਾਰਾ॥
ਪਰਜਾ ਧਰਤ ਤਬ ਦੇਹ ਆਪਾਰਾ॥
ਜਬ ਆਕਰਖ ਕਰਤ ਹੋ ਕਬਹੂੰ॥
ਤੁਮ ਮਹਿ ਮਿਲਤ ਦੇਹ ਧਰ ਸਭਹੂੰ॥[16]

ਖਾਲਸਾ ਇਕ ਦੈਵੀ ਤੌਰ ਤੇ ਸਾਜਿਆ ਹੋਇਆ ਵਿਅਕਤੀਤਵ ਸੀ । ਜਿਸ ਦਾ ਉਦੇਸ਼ ਸੀ ਮਨੁੱਖੀ ਇਤਿਹਾਸ ਵਿਚ ਦੈਵੀ ਉਦੇਸ਼ ਦੀ ਪੂਰਤੀ ਕਰਨਾ। ਇਸ ਮਕਸਦ ਲਈ ਉਸ ਨੂੰ ਅਕਾਲ ਪੁਰਖ ਵੱਲੋਂ ਵਿਸ਼ੇਸ਼ ਤੌਰ ਤੇ ਨਿਯੁਕਤ ਕੀਤਾ ਗਿਆ ਸੀ। ਬਚਿੱਤਰ ਨਾਟਕ ਵਿਚ ਗੁਰੂ ਜੀ ਲਿਖਦੇ ਹਨ,

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥

---

16. ਚਰਿੱਤਰੋਪਾਖਯਾਨ, 389.

ਜਹਾਂ ਤਹਾਂ ਤੁਮ ਧਰਮ ਬਿਥਾਰੋ।।
ਦੁਸਟ ਦੋਖੀਅਨਿ ਪਕਰਿ ਪਛਾਰੋ।।
ਯਾਹੀ ਕਾਜ ਧਰਾ ਹਮ ਜਨਮੰ।।
ਸਮਝ ਲੇਹੁ ਸਾਧੂ ਸਭ ਮਨਮੰ।।
ਧਰਮ ਚਲਾਵਨ ਸੰਤ ਉਬਾਰਨ।।
ਦੁਸਟ ਸਭਨ ਕੋ ਮੂਲ ਉਪਾਰਨ।।[17]

ਕਿਉਂਕਿ ਜੋ ਮੁੱਖ ਮੁੱਦਾ ਗੁਰੂ ਜੀ ਨੇ ਉਠਾਇਆ ਉਹ ਇਸ ਕਰਕੇ ਸੀ ਕਿ ਜਿੰਨੇ ਵੀ ਅਵਤਾਰ ਜਾਂ ਸਿੱਧ ਪੁਰਸ਼ ਉਨ੍ਹਾਂ ਤੋਂ ਪਹਿਲਾਂ ਹੋਏ ਉਨ੍ਹਾਂ ਨੇ ਇਕ ਤਾਂ ਥੋੜੀ ਜਿੰਨੀ ਸਿੱਧੀ ਜਾਂ ਅਧਿਆਤਮਿਕ ਤਾਕਤ ਪ੍ਰਾਪਤ ਕਰ ਕੇ ਆਪਣੇ ਆਪ ਦੀ ਹੀ ਭਗਤੀ ਕਰਵਾਉਣੀ ਸ਼ੁਰੂ ਕਰ ਦਿੱਤੀ ਅਤੇ ਦੂਜਾ ਬਹੁਤ ਵੱਡਾ ਮੁੱਦਾ ਜੋ ਗੁਰੂ ਸਾਹਿਬ ਨੇ ਉਠਾਇਆ ਕਿ ਕਿਸੇ ਨੇ ਵੀ ਪ੍ਰਭੂ ਦੇ ਦੋਖੀਆਂ ਨੂੰ ਪਛਾੜਨ ਲਈ ਯੁੱਧ ਨਹੀਂ ਕੀਤਾ। ਜਿਵੇਂ ਉਹ ਲਿਖਦੇ ਹਨ;

ਜੇ ਜੇ ਭਏ ਪਹਿਲ ਅਵਤਾਰਾ।।
ਆਪੁ ਆਪੁ ਤਿਨ ਜਾਪੁ ਉਚਾਰਾ।।
ਪ੍ਰਭ ਦੋਖੀ ਕੋਈ ਨ ਬਿਦਾਰਾ।।
ਧਰਮ ਕਰਨ ਕੋ ਰਾਹੁ ਨ ਡਾਰਾ।।[18]

---

17. ਬਚਿੱਤਰ ਨਾਟਕ, 42-43.
18. ਉਹੀ, 44.